ਕੌਮਾਂਤਰੀ www.amritsartimes.live
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 22 | Issue 167| 19 March to 25 March, 2025 | Ph.: (510) 240-5949 | Email: asrtimes@gmail.com

# ਪੰਜਾਬ ਸਰਕਾਰ ਉਲਝੀ ਜਾਇਜ਼-ਨਾਜਾਇਜ਼ ਵਿੱਚ

## ਕੀ ਬੁਲਡੋਜ਼ਰ ਰੋਕ ਸਕਣਗੇ ਕਿਸਾਨੀ ਰੋਸ ਨੂੰ?



**ਬਲਰਾਜ ਪੰਨੂੰ**

ਬੀਤੇ ਕੱਲ੍ਹ ਕੇਂਦਰ ਦੇ ਤਿੰਨ ਮੰਤਰੀਆਂ ਦੇ ਨਾਲ ਕਿਸਾਨਾਂ ਨੇ ਸੱਤਵੇਂ ਦੌਰ ਦੀ ਮੀਟਿੰਗ ਕੀਤੀ। ਇਸ ਮੀਟਿੰਗ ਤੋਂ ਪਹਿਲਾਂ ਹੀ ਕਈ ਜ਼ਿਲ੍ਹਿਆਂ ਦੀ ਫ਼ੋਰਸ ਇਕੱਠੀ ਕੀਤੀ ਗਈ। ਸੰਭਾਵਨਾਵਾਂ ਸਾਫ਼ ਸਨ ਕਿ ਧਰਨੇ ਚੁੱਕਵਾ ਦਿੱਤੇ ਜਾਣਗੇ। ਸਭ ਤੋਂ ਪਹਿਲਾਂ ਐਸ.ਕੇ.ਐਮ. ਦਾ ਮਾਰਚ ਰੋਕਿਆ, ਫੇਰ ਮਾਲ ਅਫ਼ਸਰਾਂ ਦੀ ਹੜਤਾਲ ਸਮਾਪਤ ਕੀਤੀ ਤੇ ਫੇਰ ਮੀਟਿੰਗ ਤੋਂ ਬਾਅਦ ਕਿਸਾਨ ਆਗੂਆਂ ਦੀ ਫ਼ੜੋ-ਫ਼ੜਾਈ ਸ਼ੁਰੂ ਹੋ ਗਈ ਤੇ ਬੀਜੇਪੀ ਕਹਿਣ ਲੱਗ ਪਈ ਕਿ ਅਸੀਂ ਤਾਂ ਕਿਸਾਨਾਂ ਦੇ ਨਾਲ ਮੀਟਿੰਗ ਦੇ ਵਿੱਚ ਪਿਆਰ ਨਾਲ ਗੱਲ ਕਰ ਰਹੇ ਹਾਂ, ਇਹ ਜੋ ਕੁਝ ਕਰ ਰਹੀ ਹੈ ਪੰਜਾਬ ਸਰਕਾਰ ਕਰ ਰਹੀ ਹੈ ਤੇ ਫੇਰ ਇੰਟਰਨੈਟ ਬੰਦ ਹੋ ਗਿਆ ਤੇ ਦੋਵਾਂ ਬਾਰਡਰਾਂ ਦੇ ਉੱਤੇ ਨਰਮਾਈ ਪਰ ਤਿੱਖੇ ਤਨਜ਼ ਦੇ ਨਾਲ ਪੁਲਿਸ ਅਫ਼ਸਰਾਂ ਦੇ ਵੱਲੋਂ ਬਾਰਡਰ ਖਾਲੀ ਕਰਨ ਦੀਆਂ ਹਦਾਇਤਾਂ ਦਿੱਤੀਆਂ ਗਈਆਂ। ਕਿਸਾਨਾਂ ਦੇ ਰੈਣ ਬਸੇਰੇ ਤੋੜੇ ਗਏ, ਸਟੇਜਾਂ ਤਹਿਸ ਨਹਿਸ ਕੀਤੀਆਂ ਗਈਆਂ, ਕਿਸਾਨ ਟਰਾਲੀਆਂ ਲਾਵਾਰਸ ਸਮਝ ਕੇ ਖੁੱਡਾਂ ਖੂੰਜਿਆਂ ਦੇ ਵਿੱਚ ਰੋੜ੍ਹ ਦਿੱਤੀਆਂ ਗਈਆਂ। ਮੇਰਾ ਖਿਆਲ ਹੈ ਕਿ ਜਿਨ੍ਹਾਂ ਨੇ ਟਰਾਲੀਆਂ ਨੂੰ ਧੱਕ ਧੱਕ ਕੇ ਸੁੱਟਿਆ, ਉਨ੍ਹਾਂ ਨੂੰ ਇਹ ਵੀ ਖ਼ਿਆਲ ਨਹੀਂ ਹੋਣਾ ਕਿ ਇਹਨਾਂ ਦੀ ਕੀਮਤ ਕਿੰਨੀ ਹੈ। ਜਾਂ ਇਹ ਭਰਪਾਈ ਕੌਣ ਕਰੇਗਾ ? ਦੁੱਖ ਇਸ ਗੱਲ ਦਾ ਵੀ ਲੱਗਿਆ ਕਿ ਕਦੇ ਇਹਨਾਂ ਬਾਰਡਰਾਂ ਦੇ ਉੱਤੇ ਬੈਠੇ ਧਰਨਿਆਂ ਦੇ ਵਿੱਚ ਕਦੇ ਚਿੜੀ ਵੀ ਚੂਕਦੀ ਸੀ ਤਾਂ ਨਾਲ ਦੇ ਪਿੰਡ ਵਹੀਰਾਂ ਘੱਤ ਕੇ ਧਰਨੇ ਵਾਲੇ ਥਾਂ ਪਹੁੰਚ ਜਾਂਦੇ ਸੀ ਪਰ ਰਾਤ ਐਨਾ ਕੁੱਝ ਹੁੰਦਾ ਰਿਹਾ ਪਰ ਉਨ੍ਹਾਂ ਨੇ ਕੰਬਲ ਦੀ ਕੰਨੀ ਦੱਬੀ ਰੱਖੀ। ਪੰਜਾਬ ਦੀ ਕਿਸਾਨ ਲੀਡਰਸ਼ਿਪ ਨੂੰ ਕੇਂਦਰ ਸਰਕਾਰ ਹਮੇਸ਼ਾ ਹੀ ਖੱਖੜੀਆਂ ਕਰੇਲੇ ਕਰਨਾ ਚਾਹੁੰਦੀ ਸੀ ਤੇ ਉਹ ਉਸ ਵਿੱਚ ਕਾਮਯਾਬ ਵੀ ਹੋ ਗਈ ਹੈ। ਸਰਕਾਰ ਵਿਉਂਤਬੰਦੀ ਨਾਲ ਚੱਲ ਰਹੀ ਹੈ, ਗੰਭੀਰ ਸਾਜ਼ਿਸ਼ ਹੈ। ਜੋ ਦਿਖਾਇਆ ਜਾ ਰਿਹਾ ਹੈ, ਉਹ ਅਸਲ ਵਿੱਚ ਹੈ ਨਹੀਂ।

ਆਮ ਲੋਕ ਕਹਿ ਰਹੇ ਹਨ ਕਿ ਪੰਜਾਬ ਸਰਕਾਰ ਤੋਂ ਇਹ ਉਮੀਦ ਨਹੀਂ ਸੀ ਪਰ ਸਾਡਾ ਸਵਾਲ ਇਹ ਹੈ ਕਿ ਕਿਉਂ ਉਮੀਦ ਨਹੀਂ ਸੀ ? ਸਾਲ 2014 ਦੇ ਵਿੱਚ ਜਦੋਂ ਭਗਵੰਤ ਮਾਨ ਪਾਰਲੀਮੈਂਟ ਮੈਂਬਰ ਬਣੇ ਸੀ ਤਾਂ ਉਹਨਾਂ ਨੇ ਨੀਂਹ ਪੱਥਰਾਂ ਦੀ ਨੁਹਾਰ ਬਦਲੀ ਸੀ। ਨੀਂਹ ਪੱਥਰਾਂ 'ਤੇ ਆਪਣੇ ਨਾਂਅ ਦੀ ਬਜਾਏ ਮਿਸਤਰੀਆਂ ਤੇ ਮਜ਼ਦੂਰਾਂ ਦੇ ਨਾਂਅ ਲਿਖੇ ਸੀ ਪਰ ਹੁਣ ਅਰਵਿੰਦ ਕੇਜਰੀਵਾਲ ਤੋਂ ਬਿਨਾਂ ਉਨ੍ਹਾਂ ਦਾ ਨਾਂਅ ਸੁੰਨਾ ਲੱਗਦਾ ਹੈ। ਜੇ ਏਨਾ ਕੁੱਝ ਬਦਲ ਸਕਦਾ ਹੈ ਤਾਂ ਉਮੀਦ ਦਾ ਕੀ ਹੈ ਕਰੀ ਜਾਓ। ਕਦੇ ਇਹੀ ਸਰਕਾਰ ਆਪ ਕਿਸਾਨੀ ਧਰਨਿਆਂ ਦੇ ਵਿੱਚ ਜਾ ਕੇ ਬੈਠਦੀ ਸੀ ਤੇ ਇਹਨਾਂ ਧਰਨਿਆਂ ਨੂੰ ਜਾਇਜ਼ ਵੀ ਠਹਿਰਾਉਂਦੀ ਸੀ ਪਰ ਸੱਤਾ ਦੇ ਵਿੱਚ ਆਉਣ ਦੇ ਨਾਲ ਹੀ ਇਹ ਧਰਨੇ ਗਲਤ ਸਾਬਤ ਕਰਨ ਲੱਗ ਪਈ। ਪਹਿਲਾਂ ਧਰਨਿਆਂ ਨੂੰ ਗ਼ੈਰ ਕਾਨੂੰਨੀ ਐਲਾਨਿਆਂ। ਇਸ ਵਿੱਚ ਕੋਈ



ਸ਼ੱਕ ਨਹੀਂ ਕਿ ਦੋਵਾਂ ਬਾਰਡਰਾਂ 'ਤੇ ਪੰਜ ਸੋ ਦੇ ਕਰੀਬ ਹੀ ਕਿਸਾਨ ਸਨ। ਸੋ ਗ਼ੈਰ ਕਾਨੂੰਨੀ ਦੀ ਪੁੱਠ ਚਾੜ ਕੇ ਕੱਲ੍ਹ ਦੋਵੇਂ ਬਾਰਡਰ ਖਾਲੀ ਕਰਵਾ ਦਿੱਤੇ ਗਏ।

ਕਿਸਾਨਾਂ ਦੀ ਹਾਰ ਕਦੇ ਨਾ ਹੁੰਦੀ ਜੇ ਇਹਨਾਂ ਦੇ ਵਿੱਚ ਲੀਡਰਸ਼ਿਪ ਵਾਲੀ ਲਾਲਸਾ ਨਾ ਹੁੰਦੀ, ਇਹ ਦੋ ਧੜਿਆਂ ਦੇ ਵਿੱਚ ਵੰਡੇ ਨਾ ਹੁੰਦੇ। ਜੇ ਇਹਨਾਂ ਵਿੱਚ ਏਕਤਾ ਹੁੰਦੀ ਤਾਂ ਜਿਹੜੇ ਕਿਸਾਨਾਂ ਦੇ ਧਰਨੇ ਨੂੰ ਚੁਕਵਾਉਣ ਦੇ ਲਈ ਕੇਂਦਰ ਸਰਕਾਰ ਪੂਰਾ ਇੱਕ ਸਾਲ ਪੱਬਾਂ ਭਾਰ ਹੁੰਦੀ ਰਹੀ।



ਉਹਨਾਂ ਕਿਸਾਨਾਂ ਨੂੰ ਦੋ ਘੰਟੇ ਦੇ ਵਿੱਚ ਟਿਕਾਣੇ ਲਗਾ ਦਿੱਤਾ ਜਾਵੇ ਤਾਂ ਕਿੰਨੀ ਹੈਰਾਨੀ ਵਾਲੀ ਗੱਲ ਹੈ। ਕਦੀ ਸਮਾਂ ਸੀ ਚਾਰ ਕੁ ਸਾਲ ਪਹਿਲਾਂ ਦਾ। ਜਦੋਂ ਲੀਡਰਸ਼ਿਪ ਇਕੱਠੀ ਸੀ ਤਾਂ ਮੋਰਚਾ ਵੀ ਫ਼ਤਹਿ ਹੋਇਆ, ਚੰਗੀ ਪੈਂਠ ਬਣ ਗਈ। ਇੱਥੋਂ ਤਕ ਕਿ ਲੋਕਾਂ ਨੇ ਸਿਆਸੀ ਲੀਡਰਾਂ ਨੂੰ ਖੂੰਜੇ ਲਗਾ ਦਿੱਤਾ ਤੇ ਲੋਕ ਕਿਸਾਨ ਲੀਡਰਾਂ ਦੇ ਕੋਲ ਆਪਣੀਆਂ ਦਿੱਕਤਾਂ ਲੈ ਕੇ ਜਾਣ ਲੱਗ ਪਏ, ਫੇਰ ਰਾਜਨੀਤੀ ਦੇ ਵਿੱਚ ਵੀ ਕਿਸਾਨ ਆਗੂਆਂ ਨੇ ਹੱਥ ਅਜ਼ਮਾਉਣ ਦੀ ਕੋਸ਼ਿਸ਼ ਕੀਤੀ ਪਰ ਰਾਜਨੀਤੀ ਰਾਸ ਨਹੀਂ ਆਈ। ਲੋਕਾਂ ਦੀ ਹਮਦਰਦੀ ਰਾਜਨੀਤਿਕ ਪੱਖ ਤੋਂ ਨਹੀਂ ਮਿਲੀ। ਹੁਣ ਵੀ ਸੱਚਾਈ ਇਹ ਹੈ ਕਿ ਕਿਸਾਨੀ ਧਰਨਿਆਂ ਦਾ ਸਰਕਾਰਾਂ ਨੇ ਭਾਰ ਤੋਲ ਲਿਆ ਹੈ। ਸਰਕਾਰ ਹਰ ਇੱਕ ਧਰਨੇ ਮੁਜ਼ਾਹਰੇ ਦੀ ਜਲਦੀ ਹੀ ਸੰਘੀ ਘੁੱਟ ਦਿੰਦੀ ਹੈ ਜਦੋਂ ਉਹ ਰਮਜ਼ ਪਛਾਣ ਲੈਂਦੀ ਹੈ ਕਿ ਇਸ ਨੂੰ ਜਨਤਾ ਦੀ ਹਮਾਇਤ ਨਹੀਂ। ਕੀ ਸੈਂਟਰ ਸਰਕਾਰ ਦੀ ਸਲਾਹ ਤੋਂ ਬਿਨਾਂ ਇਕੱਲੀ ਪੰਜਾਬ ਸਰਕਾਰ ਇਹ ਕਦਮ ਪੁੱਟ ਸਕਦੀ ਹੈ ? ਪੰਜਾਬ ਦੇ ਵਿੱਤ ਮੰਤਰੀ ਦਾ ਬਿਆਨ ਸੀ ਕਿ ਤੰਗੀ ਪੰਜਾਬੀਆਂ ਨੂੰ ਹੁੰਦੀ ਹੈ, ਵਪਾਰੀਆਂ ਨੂੰ ਹੋ ਰਹੀ ਹੈ। ਅਸੀਂ ਇਸ ਗੱਲ ਦੇ ਨਾਲ ਸਹਿਮਤ ਵੀ ਹਾਂ ਪਰ ਜੇ ਵਾਜਬ ਮੰਗਾਂ ਕਿਸਾਨਾਂ ਦੀਆਂ ਨਹੀਂ ਮੰਗੀਆਂ ਜਾਂਦੀਆਂ ਤਾਂ ਕਿਸਾਨ ਕੀ ਕਰੇ ? ਕੀ ਸਰਕਾਰ ਕੋਈ ਇਸ ਦਾ ਹੱਲ ਦੱਸਦੀ ਹੈ ? ਕਿਸਾਨ ਵੀ ਸੋਚਦੇ ਨੇ ਕਿ ਨਾ ਕੇਂਦਰ ਬਾਂਹ ਫੜਦਾ ਹੈ, ਕੁਦਰਤੀ ਸਰੋਤ ਸਾਡੇ ਖਤਮ ਹੋ ਗਏ ਨੇ, ਮੰਡੀ ਸਿਸਟਮ ਸਾਡਾ ਬਰਬਾਦ ਹੋ ਰਿਹਾ ਹੈ, ਫਸਲੀ ਚੱਕਰ ਦੇ ਵਿੱਚ ਅਸੀਂ ਫਸ ਗਏ, ਉਹ ਜਾਣ ਤਾਂ ਕਿੱਧਰ ਜਾਣ ? ਕੀ ਅਸੀਂ ਸਿਰਫ਼ ਲੜਨ ਜੋਗੇ ਹੀ ਰਹਿ ਗਏ ? ਵੱਡਾ ਸਵਾਲ ਤਾਂ ਕਿਸਾਨਾਂ ਨੂੰ ਇਹ ਹੈ ਕਿ ਤੁਸੀਂ ਸਰਕਾਰਾਂ ਨੂੰ ਮਿਲਦੇ ਹੋ, ਕਦੇ ਸਾਰੀਆਂ ਜਥੇਬੰਦੀਆਂ ਆਪ ਵੀ ਮਿਲੋ ਗੀਆਂ ? ਕੀ ਕਦੇ ਸਾਰੇ ਸਿਰ ਜੋੜ ਕੇ ਬੈਠੋਗੇ ? ਚਾਰ ਸਾਲ ਪਹਿਲਾਂ ਹੋਂਦ ਦੀ ਲੜਾਈ ਸੀ ਪਰ ਹੁਣ ਤੁਹਾਡੀ ਚੌਧਰ ਦੀ ਲੜਾਈ ਸੀ। ਸੋ ਕਿਸਾਨ ਜਥੇਬੰਦੀਆਂ ਇੱਕਮੁੱਠ ਹੋ ਕੇ ਹੀ ਸਰਕਾਰ ਨਾਲ ਮੱਥਾ ਡਾਹ ਸਕਦੀਆਂ ਨੇ। ਤੁਸੀਂ ਤਾਂ ਝਾੜੂ ਵਾਲਿਆਂ ਦਾ ਤੀਲਾ ਤੀਲਾ ਕਰਦੇ ਕਰਦੇ ਆਪਣਾ ਹੀ ਆਸ਼ਿਆਨਾ ਤੀਲਾ ਤੀਲਾ ਕਰਵਾ ਲਿਆ ਹੈ।

ਦੂਜੇ ਪਾਸੇ ਕੇਂਦਰ ਸਰਕਾਰ ਨੂੰ ਵੀ ਬਲਦੀ 'ਤੇ ਤੇਲ ਨਹੀਂ ਪਾਉਣਾ ਚਾਹੀਦਾ। ਪੰਜਾਬ ਦੀਆਂ ਲੋੜਾਂ ਵੱਲ ਝਾਤੀ ਜ਼ਰੂਰ ਮਾਰਨੀ ਚਾਹੀਦੀ ਹੈ ਤੇ ਸਮਝ ਲੈਣਾ ਚਾਹੀਦਾ ਹੈ ਕਿ ਪੰਜਾਬ ਮੁਸੀਬਤ ਦੇ ਉਪਰੋਂ ਵੱਡੀ ਸਾਰੀ ਪੁਲਾਂਘ ਪੁੱਟ ਕੇ ਭਾਵੇਂ ਅੱਗੇ ਨਿਕਲ ਜਾਂਦਾ ਹੈ ਪਰ ਭੁੱਲਦਾ ਕਦੇ ਨਹੀਂ।

# 9 ਮਹੀਨੇ ਪੁਲਾੜ ਵਿੱਚ ਰਹਿਣ ਮਗਰੋਂ ਧਰਤੀ ’ਤੇ ਪਰਤੇ ਪੁਲਾੜ ਯਾਤਰੀ ਸੁਨੀਤਾ ਵਿਲੀਅਮਸ ਤੇ ਬੁਚ ਵਿਲਮੋਰ

## ਭਾਰਤ ਸਮੇਤ ਦੁਨੀਆਂ ਭਰ ਦੇ ਕਰੋੜਾਂ ਲੋਕਾਂ ਨੇ ਆਪਣੇ ਗੈਜੇਟਸ ’ਤੇ ਨਾਸਾ ਦੇ ਲਾਈਵ ਟੈਲੀਕਾਸਟ ਨੂੰ ਵੇਖਿਆ

ਕੇਪ ਕੈਨਵਰਲ/ਏ.ਟੀ.ਨਿਊਜ਼: ਨਾਸਾ ਦੇ ਪੁਲਾੜ ਯਾਤਰੀ ਭਾਰਤੀ ਮੂਲ ਦੀ ਸੁਨੀਤਾ ਵਿਲੀਅਮਸ ਤੇ ਬੁਚ ਵਿਲਮੋਰ ਨੌਂ ਮਹੀਨੇ ਪੁਲਾੜ ਵਿੱਚ ਰਹਿਣ ਮਗਰੋਂ ਧਰਤੀ ’ਤੇ ਪਰਤ ਆਏ ਹਨ। ਪੁਲਾੜ ਯਾਤਰੀਆਂ ਨੂੰ ਲੈ ਕੇ ਆਏ ‘ਸਪੇਸਐਕਸ’ ਦੇ ਕੈਪਸੂਲ ਨੂੰ ਕੌਮਾਂਤਰੀ ਪੁਲਾੜ ਸਟੇਸ਼ਨ ਤੋਂ ਰਵਾਨਗੀ ਪਾਉਣ ਤੋਂ ਕੁਝ ਹੀ ਘੰਟਿਆਂ ਬਾਅਦ ਫ਼ਲੋਰੀਡਾ ਪੈਨਹੈਂਡਲ ਦੇ ਤੇਲਾਹਾਸੇ ਜਲ ਖੇਤਰ ਵਿਚ ਉਤਾਰਿਆ ਗਿਆ। ਇੱਕ ਘੰਟੇ ਅੰਦਰ ਪੁਲਾੜ ਯਾਤਰੀ ਕੈਪਸੂਲ ’ਚੋਂ ਬਾਹਰ ਆ ਗਏ। ਉਨ੍ਹਾਂ ਕੈਮਰਿਆਂ ਵੱਲ ਹੱਥ ਹਿਲਾਏ ਤੇ ਮੁਸਕਰਾਏ। ਉਨ੍ਹਾਂ ਨੂੰ ਡਾਕਟਰੀ ਜਾਂਚ ਲਈ ਸਟਰੈਚਰ ’ਤੇ ਲਿਜਾਇਆ ਗਿਆ। ਵਿਲਮੋਰ ਤੇ ਵਿਲੀਅਮਸ ਪੁਲਾੜ ਵਿੱਚ 286 ਦਿਨ ਰਹੇ। ਉਨ੍ਹਾਂ ਧਰਤੀ ਦੀ 4,576 ਵਾਰ ਪਰਿਕਰਮਾ ਕੀਤੀ ਤੇ ਸਪਲੈਸ਼ਡਾਊਨ ਦੇ ਸਮੇਂ ਤੱਕ 12 ਕਰੋੜ 10 ਲੱਖ ਮੀਲ ਦਾ ਸਫ਼ਰ ਕੀਤਾ।

ਕੈਪਸੂਲ ਅਮਰੀਕਾ ਦੇ ਪੂਰਬੀ ਸਾਹਿਲੀ ਸਮੇਂ ਮੁਤਾਬਕ ਸੋਮਵਾਰ-ਮੰਗਲਵਾਰ ਦੀ ਦਰਮਿਆਨੀ ਰਾਤ ਨੂੰ ਇਕ ਵਜੇ (ਭਾਰਤੀ ਸਮੇਂ ਮੁਤਾਬਕ ਸਵੇਰੇ 10:30 ਵਜੇ) ਦੇ ਕਰੀਬ ਕੌਮਾਂਤਰੀ ਪੁਲਾੜ ਸਟੇਸ਼ਨ ਤੋਂ ਵੱਖ ਹੋਇਆ। ਕੈਪਸੂਲ ਮੌਸਮ ਮੁਆਫ਼ਕ ਹੋਣ ਮਗਰੋਂ ਪੂਰਬੀ ਸਾਹਿਲੀ ਸਮੇਂ ਅਨੁਸਾਰ 5:57 (ਭਾਰਤੀ ਸਮੇਂ ਮੁਤਾਬਕ ਮੰਗਲਵਾਰ ਬੁੱਧਵਾਰ ਦੀ ਦਰਮਿਆਨੀ ਰਾਤ ਨੂੰ 3:27 ਵਜੇ) ਫ਼ਲੋਰੀਡਾ ਦੇ ਸਾਹਿਲ ’ਤੇ ਉਤਰਿਆ।

ਜਦੋਂ ਉਨ੍ਹਾਂ ਨੂੰ ਲੈ ਕੇ ਕੈਪਸੂਲ ਡ੍ਰੈਗਨ ਫ਼ਲੋਰੀਡਾ ਦੇ ਨੇੜੇ ਸਮੁੰਦਰ ਵਿੱਚ ਉਤਰਿਆ ਤਾਂ ਇਹ ਪਲ ਮਨੁੱਖ ਦੀ ਵਿਗਿਆਨ ਯਾਤਰਾ ਵਿੱਚ ਇੱਕ ਅਦੁੱਤੀ ਮੀਲ ਪੱਥਰ ਸੀ। ਭਾਰਤ ਸਮੇਤ ਦੁਨੀਆਂ ਭਰ ਦੇ ਕਰੋੜਾਂ ਲੋਕ ਆਪਣੇ ਗੈਜੇਟਸ ’ਤੇ ਨਾਸਾ ਦੇ ਲਾਈਵ ਟੈਲੀਕਾਸਟ ਨੂੰ ਦੇਖ ਰਹੇ ਸਨ। ਜਿਵੇਂ ਹੀ ਡ੍ਰੈਗਨ ਕੈਪਸੂਲ ਜ਼ੋਰਦਾਰ ਝਟਕੇ ਨਾਲ ਸਮੁੰਦਰ ਵਿੱਚ ਡਿੱਗਿਆ ਤਾਂ ਉੱਥੇ ਇੱਕ ਅਦਭੁਤ ਨਜ਼ਾਰਾ ਦੇਖਣ ਨੂੰ ਮਿਲਿਆ। ਸੁਨੀਤਾ ਦੀ ਕਿਸ਼ਤੀ ਨੂੰ ਸਮੁੰਦਰ ਵਿੱਚ ਡੌਲਫ਼ਿਨਾਂ ਨੇ ਘੇਰ ਲਿਆ ਅਤੇ ਉਹ ਸਮੁੰਦਰ ਵਿੱਚ ਛਾਲ ਮਾਰਨ ਲੱਗ ਪਈਆਂ। ਇੰਝ ਲੱਗ ਰਿਹਾ ਸੀ ਜਿਵੇਂ ਇਹ ਮੱਛੀਆਂ 9 ਮਹੀਨਿਆਂ ਬਾਅਦ ਧਰਤੀ ’ਤੇ ਵਾਪਸ ਆਈ ਸੁਨੀਤਾ ਦਾ ਸਵਾਗਤ ਕਰ ਰਹੀਆਂ ਹੋਣ। ਇਹ ਬਹੁਤ ਖ਼ੂਬਸੂਰਤ ਨਜ਼ਾਰਾ ਸੀ।

ਸੁਨੀਤਾ ਨੂੰ ਧਰਤੀ ’ਤੇ ਲਿਆਉਣ ’ਚ ਅਹਿਮ ਭੂਮਿਕਾ ਨਿਭਾਉਣ ਵਾਲੇ ਉਦਯੋਗਪਤੀ ਐਲੋਨ ਮਸਕ ਨੇ ਇਸ ਵੀਡੀਓ ਨੂੰ ਐਕਸ ’ਤੇ ਦੁਬਾਰਾ ਪੋਸਟ ਕੀਤਾ ਹੈ। ਇਸ ਵੀਡੀਓ ਨੂੰ ਲੱਖਾਂ ਲੋਕ ਦੇਖ ਚੁੱਕੇ ਹਨ। ਜ਼ਿਕਰਯੋਗ ਹੈ ਕਿ ਇਸ ਮਿਸ਼ਨ ਦੀ ਸਫ਼ਲਤਾ ਨਾਲ 9 ਮਹੀਨਿਆਂ ਤੋਂ ਪੁਲਾੜ ’ਚ ਫ਼ਸੀ ਸੁਨੀਤਾ ਵਿਲੀਅਮਸ ਆਪਣੇ ਇੱਕ ਹੋਰ ਸਾਥੀ ਬੁਚ ਵਿਲਮੋਰ ਨਾਲ ਧਰਤੀ ’ਤੇ ਪਹੁੰਚ ਗਈ ਹੈ। ਇਸ ਮਿਸ਼ਨ ਵਿੱਚ ਦੋ ਹੋਰ ਪੁਲਾੜ ਯਾਤਰੀ ਨਿਕ ਹੇਗ ਅਤੇ ਰੂਸੀ ਪੁਲਾੜ ਯਾਤਰੀ ਅਲੈਗਜ਼ੈਂਡਰ ਗੋਰਬੁਨੋਵ ਵੀ ਪੁਲਾੜ ਤੋਂ ਆਏ ਹਨ।

ਭਾਰਤੀ ਸਮੇਂ ਮੁਤਾਬਕ ਅੱਜ ਤੜਕੇ 3:58 ਵਜੇ ਡਰੈਗਨ ਕੈਪਸੂਲ ਫ਼ਲੋਰੀਡਾ ਦੇ ਸਮੁੰਦਰ ਵਿੱਚ ਡਿੱਗਿਆ। ਇਸ ਦੀ ਸਪੀਡ ਨੂੰ ਕੰਟਰੋਲ ਕਰਨ ਲਈ ਇਸ ਦੇ ਨਾਲ ਚਾਰ ਪੈਰਾਸ਼ੂਟ ਜੁੜੇ ਹੋਏ ਸਨ। ਜਿਵੇਂ ਹੀ ਡਰੈਗਨ ਕੈਪਸੂਲ ਨੇ ਸਮੁੰਦਰ ਦੀ ਸਤ੍ਹਾ ਨੂੰ ਛੂਹਿਆ। ਚਾਰੇ ਪੈਰਾਸ਼ੂਟ ਹੌਲੀ-ਹੌਲੀ ਡਿੱਗ ਪਏ। ਇਸ ਤੋਂ ਬਾਅਦ ਨਾਸਾ ਨੇ ਆਪਣੀ ਕੁਮੈਂਟਰੀ ’ਚ ਕਿਹਾ- ...ਕਰੂ-9 ਧਰਤੀ ’ਤੇ ਆ ਗਿਆ ਹੈ। ਸਾਹ ਰੋਕ ਕੇ ਬੈਠੇ ਹਜ਼ਾਰਾਂ ਲੋਕਾਂ ਨੇ ਮੁਸਕਰਾਹਟ ਅਤੇ ਤਾੜੀਆਂ ਨਾਲ ਇਸ ਪਲ ਦਾ ਸਵਾਗਤ ਕੀਤਾ। ਕੰਟਰੋਲ ਸੈਂਟਰ ਨੇ ਫ਼ਿਰ ਇਹਨਾਂ ਮਹਿਮਾਨਾਂ ਦਾ ਸਵਾਗਤ ਕਰਦੇ ਹੋਏ ਕਿਹਾ, ‘ਨਿਕ, ਐਲੇਕ, ਬੁਚ, ਸੁਨੀ...ਸਪੇਸਐਕਸ ਤੋਂ ਘਰ ਵਾਪਸੀ ਦਾ ਸਵਾਗਤ ਹੈ।’ ਇਸ ਤੋਂ ਬਾਅਦ ਉਤਸੁਕ ਡੌਲਫ਼ਿਨਾਂ ਦੇ ਇੱਕ ਸਮੂਹ ਨੇ ਡਰੈਗਨ ਕੈਪਸੂਲ ਨੂੰ ਘੇਰ ਲਿਆ ਅਤੇ ਇਸਦੇ ਚੱਕਰ ਲਗਾਉਣੇ ਸ਼ੁਰੂ ਕਰ ਦਿੱਤੇ। ਇਹ ਬਹੁਤ ਖ਼ੂਬਸੂਰਤ ਤਸਵੀਰ ਸੀ। ਇਸ ਪੋਸਟ ਨੂੰ ਐਲੋਨ ਮਸਕ ਨੇ ਸ਼ੇਅਰ ਕੀਤਾ ਹੈ।

ਜ਼ਿਕਰਯੋਗ ਹੈ ਕਿ ਜੂਨ 2024 ’ਚ ਸੁਨੀਤਾ ਵਿਲੀਅਮਸ ਸਿਰਫ਼ 8 ਦਿਨਾਂ ਲਈ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ ਗਈ ਸੀ। ਇਸ ਮਿਸ਼ਨ ’ਤੇ ਬੁਚ ਵਿਲਮੋਰ ਵੀ ਉਸ ਦੇ ਨਾਲ ਸੀ। ਸਮੱਸਿਆ ਉਦੋਂ ਪੈਦਾ ਹੋ ਗਈ ਜਦੋਂ ਬੋਇੰਗ ਦਾ ਸਟਾਰਲਾਈਨਰ ਪੁਲਾੜ ਯਾਨ, ਜਿਸ ਨੇ ਉਨ੍ਹਾਂ ਨੂੰ ਧਰਤੀ ’ਤੇ ਵਾਪਸ ਲਿਆਉਣਾ ਸੀ, ਟੁੱਟ ਗਿਆ। ਇਸ ਤੋਂ ਬਾਅਦ ਲੰਬਾ ਸਮਾਂ ਉਡੀਕ ਕਰਨੀ ਪਈ।

### ਜਦੋਂ ਸੁਨੀਤਾ ਵਿਲੀਅਮਸ ਨੇ ਤਬਾਹੀ ਨੂੰ ਮੌਕੇ ਵਿੱਚ ਬਦਲਿਆ

ਜਿਸ ਤਰ੍ਹਾਂ ਸੁਨੀਤਾ ਵਿਲੀਅਮਸ ਨੇ ਤਬਾਹੀ ਨੂੰ ਮੌਕੇ ਵਿੱਚ ਬਦਲਿਆ ਉਹ ਵੀ ਪ੍ਰੇਰਨਾਦਾਇਕ ਹੈ। ਵਿਲੀਅਮਸ, ਜੋ ਕਿ ਇੱਕ ਛੋਟੇ ਮਿਸ਼ਨ ਦੇ ਹਿੱਸੇ ਵਜੋਂ ਸਿਰਫ਼ 8 ਦਿਨਾਂ ਲਈ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ ਗਈ ਸੀ, ਨੂੰ ਤਕਨੀਕੀ ਖਰਾਬੀ ਕਾਰਨ ਲਗਭਗ 9 ਮਹੀਨੇ ਉਥੇ ਰਹਿਣਾ ਪਿਆ।ਇਸ ਔਖੇ ਸਮੇਂ ਦੌਰਾਨ ਵੀ ਉਹ ਘਬਰਾਈ ਨਹੀਂ, ਸਗੋਂ ਇਸ ਸਮੇਂ ਦੌਰਾਨ ਉਸ ਨੇ ਕਈ ਨਵੇਂ ਰਿਕਾਰਡ ਕਾਇਮ ਕੀਤੇ, ਜਿਨ੍ਹਾਂ ਵਿੱਚ ਮਹਿਲਾ ਪੁਲਾੜ ਯਾਤਰੀਆਂ ਵੱਲੋਂ ਸਭ ਤੋਂ ਵੱਧ ਸਪੇਸਵਾਕ ਕਰਨ ਦਾ ਰਿਕਾਰਡ ਵੀ ਸ਼ਾਮਲ ਹੈ। ਉਨ੍ਹਾਂ ਦੀ ਇਹ ਪ੍ਰਾਪਤੀ ਨਾ ਸਿਰਫ਼ ਪੁਲਾੜ ਵਿਗਿਆਨ ਦੀ ਦੁਨੀਆਂ ਵਿੱਚ ਸਗੋਂ ਭਾਰਤ ਸਮੇਤ ਪੂਰੀ ਦੁਨੀਆਂ ਲਈ ਮਾਣ ਦਾ ਵਿਸ਼ਾ ਬਣੀ ਹੋਈ ਹੈ।

### 8 ਦਿਨ ਕਿਵੇਂ ਬਣ ਗਏ 9 ਮਹੀਨੇ ?

ਸੁਨੀਤਾ ਵਿਲੀਅਮਸ ਨੇ ਆਪਣੀ ਪੁਲਾੜ ਯਾਤਰਾ 5 ਜੂਨ, 2024 ਨੂੰ ਬੋਇੰਗ ਸਟਾਰਲਾਈਨਰ ਰਾਹੀਂ ਨਾਸਾ ਦੇ ਪੁਲਾੜ ਯਾਤਰੀ ਬੁਚ ਵਿਲਮੋਰ ਨਾਲ ਸ਼ੁਰੂ ਕੀਤੀ। ਉਨ੍ਹਾਂ ਦਾ ਮਿਸ਼ਨ ਸਿਰਫ਼ ਅੱਠ ਦਿਨ ਚੱਲਣਾ ਸੀ, ਪਰ ਤਕਨੀਕੀ ਖਰਾਬੀ ਕਾਰਨ ਸਟਾਰਲਾਈਨਰ ਨੂੰ ਧਰਤੀ ’ਤੇ ਵਾਪਸੀ ਕਰਨ ਦਾ ਫ਼ੈਸਲਾ ਬਦਲਣਾ ਪਿਆ ਅਤੇ ਵਿਲੀਅਮਸ ਨੂੰ ਆਈ.ਐਸ.ਐਸ. ’ਤੇ ਰਹਿਣਾ ਪਿਆ।

ਇਸ ਸਮੇਂ ਦੌਰਾਨ, ਉਹ ਐਕਸਪੀਡੀਸ਼ਨ 71/72 ਮੁਹਿੰਮ ਦਾ ਹਿੱਸਾ ਬਣ ਗਈ ਅਤੇ ਵਿਗਿਆਨਕ ਖੋਜ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ। ਨਾਸਾ ਦੇ ਅਨੁਸਾਰ, ਉਨ੍ਹਾਂ ਨੇ 4500 ਤੋਂ ਵੱਧ ਚੱਕਰ ਪੂਰੇ ਕੀਤੇ ਅਤੇ ਪੁਲਾੜ ਵਿੱਚ 121 ਮਿਲੀਅਨ ਮੀਲ ਤੋਂ ਵੱਧ ਦੀ ਯਾਤਰਾ ਕੀਤੀ। ਵਿਲੀਅਮਜ਼ ਨੇ ਪੁਲਾੜ ਵਿੱਚ ਆਪਣੇ ਠਹਿਰਾਅ ਦੌਰਾਨ ਕਈ ਹੋਰ ਮਹੱਤਵਪੂਰਨ ਕੰਮ ਵੀ ਕੀਤੇ।

### ਸਪੇਸਵਾਕ ਕਰਕੇ ਰਿਕਾਰਡ ਬਣਾਇਆ

ਉਨ੍ਹਾਂ ਨੇ ਕੁੱਲ 50 ਘੰਟੇ 40 ਮਿੰਟ ਸਪੇਸਵਾਕ ਕੀਤੀ, ਜੋ ਕਿ ਮਹਿਲਾ ਪੁਲਾੜ ਯਾਤਰੀਆਂ ਲਈ ਇੱਕ ਨਵਾਂ ਰਿਕਾਰਡ ਸੀ। ਇਸ ਤੋਂ ਇਲਾਵਾ, ਉਨ੍ਹਾਂ ਨੇ ਬਾਇਓਮੈਡੀਕਲ ਖੋਜ, ਵਾਤਾਵਰਣ ਅਧਿਐਨ ਅਤੇ ਤਕਨੀਕੀ ਟੈਸਟਿੰਗ ਸਮੇਤ ਬਹੁਤ ਸਾਰੇ ਵਿਗਿਆਨਕ ਪ੍ਰਯੋਗਾਂ ਵਿੱਚ ਹਿੱਸਾ ਲਿਆ। ਉਨ੍ਹਾਂ ਦੇ ਯੋਗਦਾਨ ਨੂੰ ਦੇਖਦੇ ਹੋਏ ਪੁਲਾੜ ਖੋਜ ਦੇ ਖੇਤਰ ’ਚ ਇੱਕ ਵਾਰ ਫ਼ਿਰ ਉਨ੍ਹਾਂ ਦੀ ਸ਼ਲਾਘਾ ਹੋ ਰਹੀ ਹੈ।

### 2006 ਵਿੱਚ ਵੀ ਬਣਾਇਆ ਰਿਕਾਰਡ

ਸੁਨੀਤਾ ਵਿਲੀਅਮਸ ਇਸ ਤੋਂ ਪਹਿਲਾਂ ਵੀ ਕਈ ਅਹਿਮ ਮਿਸ਼ਨਾਂ ਦਾ ਹਿੱਸਾ ਰਹਿ ਚੁੱਕੀ ਹਨ। 2006 ਵਿੱਚ, ਉਹ ਐਸ.ਟੀ.ਐਸ.-116 ਮਿਸ਼ਨ ਦੇ ਤਹਿਤ ਆਈ.ਐਸ.ਐਸ. ਪਹੁੰਚੀ ਅਤੇ ਚਾਰ ਸਪੇਸਵਾਕ ਕਰਕੇ 29 ਘੰਟੇ 17 ਮਿੰਟ ਦਾ ਰਿਕਾਰਡ ਬਣਾਇਆ। ਇਸ ਤੋਂ ਇਲਾਵਾ, 2012 ਵਿੱਚ ਵੀ ਉਹ ਇੱਕ ਮਿਸ਼ਨ ਦੇ ਹਿੱਸੇ ਵਜੋਂ 127 ਦਿਨ ਆਈ.ਐਸ.ਐਸ. ’ਤੇ ਰਹੀ, ਜਿੱਥੇ ਉਨ੍ਹਾਂ ਨੇ ਮਹੱਤਵਪੂਰਨ ਤਕਨੀਕੀ ਮੁਰੰਮਤ ਦਾ ਕੰਮ ਕੀਤਾ। ਇਸ ਵਾਰ, 2024 ਵਿੱਚ, ਉਹ ਆਪਣੇ ਤੀਜੇ ਵੱਡੇ ਮਿਸ਼ਨ ’ਤੇ ਗਈ ਅਤੇ ਨਾਸਾ ਦੇ ਇਤਿਹਾਸ ਵਿੱਚ ਇੱਕ ਹੋਰ ਸੁਨਹਿਰੀ ਅਧਿਆਏ ਜੋੜਿਆ।



## ਜੋ ਵਾਅਦਾ ਕੀਤਾ, ਉਹ ਪੂਰਾ ਕੀਤਾ: ਟਰੰਪ



ਰਾਸ਼ਟਰਪਤੀ ਟਰੰਪ ਨੇ ਅਮਰੀਕੀ ਮੀਡੀਆ ਨੂੰ ਕਿਹਾ ਕਿ ਜਦੋਂ ਰਾਸ਼ਟਰਪਤੀ ਬਣਨ ਤੋਂ ਬਾਅਦ ਮੈਂ ਅਹੁਦਾ ਸੰਭਾਲਿਆ ਤਾਂ ਮੈਂ ਐਲੋਨ ਮਸਕ ਨੂੰ ਕਿਹਾ ਕਿ ਸਾਨੂੰ ਸੁਨੀਤਾ ਅਤੇ ਬੁੱਚ ਵਿਲਮੋਰ ਨੂੰ ਵਾਪਸ ਲਿਆਉਣਾ ਪਵੇਗਾ। ਸਾਬਕਾ ਰਾਸ਼ਟਰਪਤੀ ਬਾਈਡੇਨ ਨੇ ਉਨ੍ਹਾਂ ਨੂੰ ਛੱਡ ਦਿੱਤਾ ਹੈ। ਉਸਨੇ ਉਨ੍ਹਾਂ ਨੂੰ ਛੱਡ ਦਿੱਤਾ। ਹੁਣ ਉਹ ਵਾਪਸ ਆ ਗਏ ਹਨ। ਉਨ੍ਹਾਂ ਨੂੰ ਬਿਹਤਰ ਹੋਣਾ ਪਵੇਗਾ ਅਤੇ ਜਦੋਂ ਉਹ ਠੀਕ ਹੋ ਜਾਣਗੇ ਤਾਂ ਉਹ ਓਵਲ ਆਫ਼ਿਸ (ਰਾਸ਼ਟਰਪਤੀ ਦਫ਼ਤਰ) ਆਉਣਗੇ।

ਇਸ ਤੋਂ ਪਹਿਲਾਂ ਵਾਈਸ ਹਾਊਸ ਨੇ ਐਕਸ ’ਤੇ ਲਿਖਿਆ ਸੀ, ‘ਜੋ ਵੀ ਵਾਅਦਾ ਕੀਤਾ ਗਿਆ ਸੀ, ਉਹ ਪੂਰਾ ਕੀਤਾ ਗਿਆ ਹੈ।’ ਰਾਸ਼ਟਰਪਤੀ ਟਰੰਪ ਨੇ 9 ਮਹੀਨਿਆਂ ਤੋਂ ਪੁਲਾੜ ਵਿੱਚ ਫ਼ਸੇ ਪੁਲਾੜ ਯਾਤਰੀਆਂ ਨੂੰ ਬਚਾਉਣ ਦਾ ਵਾਅਦਾ ਕੀਤਾ ਸੀ। ਅੱਜ ਉਹ ਸੁਰੱਖਿਅਤ ਉਤਰ ਗਿਆ ਹੈ। ਐਲੋਨ ਮਸਕ, ਸਪੇਸਐਕਸ ਅਤੇ ਨਾਸਾ ਦਾ ਧੰਨਵਾਦ।

## ਵਿਲੀਅਮਸ ਨੂੰ ਆਪਣੇ ਪੈਰਾਂ ’ਤੇ ਚੱਲਣ ਲਈ 45 ਦਿਨ ਲੱਗ ਸਕਦੇ ਹਨ

ਲਗਭਗ 9 ਮਹੀਨਿਆਂ ਤੱਕ ਪੁਲਾੜ ਵਿੱਚ ਰਹਿਣ ਤੋਂ ਬਾਅਦ, ਸੁਨੀਤਾ ਵਿਲੀਅਮਜ਼ ਅਤੇ ਉਸਦੇ ਸਾਥੀ ਬੁਚ ਬਿਲਮੋਰ ਨੂੰ ਆਪਣੇ ਪੈਰਾਂ ’ਤੇ ਚੱਲਣ ਲਈ 45 ਦਿਨ ਲੱਗ ਸਕਦੇ ਹਨ। ਇਸ ਦੇ ਲਈ ਉਸ ਨੂੰ ਲੰਬੀ ਮੈਡੀਕਲ ਅਤੇ ਕਸਰਤ ਪ੍ਰਕਿਰਿਆ ’ਚੋਂ ਲੰਘਣਾ ਪਵੇਗਾ।

## ਐਲੋਨ ਮਸਕ ਨੇ ਨਿਭਾਈ ਅਹਿਮ ਭੂਮਿਕਾ



ਸੁਨੀਤਾ ਅਤੇ ਹੋਰ ਪੁਲਾੜ ਯਾਤਰੀਆਂ ਨੂੰ ਧਰਤੀ ’ਤੇ ਵਾਪਸ ਲਿਆਉਣ ’ਚ ਐਲੋਨ ਮਸਕ ਨੇ ਅਹਿਮ ਭੂਮਿਕਾ ਨਿਭਾਈ। ਐਲਨ ਦੀ ਸਪੇਸ ਰਿਸਰਚ ਕੰਪਨੀ ਸਪੇਸਐਕਸ ਦੇ ਸਿਰਫ ਡ੍ਰੈਗਨ ਕੈਪਸੂਲ ਨੇ ਸੁਨੀਤਾ ਸਮੇਤ ਚਾਰ ਪੁਲਾੜ ਯਾਤਰੀਆਂ ਨੂੰ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ ਤੋਂ ਸੁਰੱਖਿਅਤ ਢੰਗ ਨਾਲ ਧਰਤੀ ’ਤੇ ਵਾਪਸ ਲਿਆਂਦਾ।

## ਸੁਨੀਤਾ ਦੇ ਚਿਹਰੇ ’ਤੇ ਮੁਸਕਰਾਹਟ



ਸੁਨੀਤਾ ਅਮਰੀਕੀ ਪੁਲਾੜ ਏਜੰਸੀ ਨਾਸਾ ਦੀ ਇੱਕ ਪੁਲਾੜ ਯਾਤਰੀ ਹੈ। ਜਦੋਂ ਸੁਨੀਤਾ ਡਰੈਗਨ ਕੈਪਸੂਲ ਵਿੱਚੋਂ ਬਾਹਰ ਆਈ ਤਾਂ ਉਸਦੇ ਚਿਹਰੇ ’ਤੇ ਮੁਸਕਰਾਹਟ ਸੀ। ਉਸਨੇ ਲੋਕਾਂ ਦਾ ਸਵਾਗਤ ਕੀਤਾ। ਪਹਿਲਾਂ ਤੋਂ ਯੋਜਨਾਬੱਧ ਸ਼ਡਿਊਲ ਅਨੁਸਾਰ ਸੁਨੀਤਾ ਦਾ ਪੁਲਾੜ ਯਾਨ ਸਵੇਰੇ 3.27 ਵਜੇ ਫ਼ਲੋਰੀਡਾ ਤੱਟ ’ਤੇ ਉਤਰਿਆ। ਸੁਨੀਤਾ ਦੀ ਵਾਪਸੀ ਤੋਂ ਬਾਅਦ ਭਾਰਤ ਵਿੱਚ ਅੱਧੀ ਰਾਤ ਨੂੰ ਹੀ ਜਸ਼ਨ ਸ਼ੁਰੂ ਹੋ ਗਏ। ਸਭ ਤੋਂ ਵੱਧ ਖੁਸ਼ੀ ਸੁਨੀਤਾ ਦੇ ਜੱਦੀ ਪਿੰਡ ਮਹਿਸਾਣਾ ਵਿੱਚ ਪ੍ਰਗਟ ਕੀਤੀ ਗਈ। ਲੋਕ ਗਰਬਾ ਡਾਂਸ ਕਰਨ ਲੱਗ ਪਏ। ਪਿੰਡ ਵਿੱਚ ਦਿਵਾਲੀ ਵਰਗਾ ਮਾਹੌਲ ਸੀ।

ਸਮੁੰਦਰ ਕੰਢੇ ਉਤਰਨ ਤੋਂ ਬਾਅਦ ਡਰੈਗਨ ਸਪੇਸਕ੍ਰਾਫ਼ਟ ਦਾ ਸਫ਼ਰ ਵੀ ਬਹੁਤ ਰੋਮਾਂਚਕ ਸੀ। ਡਰੈਗਨ ਕੈਪਸੂਲ ਨੂੰ ਇੱਕ ਜਹਾਜ਼ ’ਤੇ ਰੱਖਿਆ ਗਿਆ ਸੀ। ਸਾਰਿਆਂ ਦੀਆਂ ਨਜ਼ਰਾਂ ਇਸ ਗੱਲ ’ਤੇ ਸਨ ਕਿ 17 ਘੰਟਿਆਂ ਬਾਅਦ ਕੈਪਸੂਲ ਵਿੱਚੋਂ ਬਾਹਰ ਆਉਣ ਵਾਲੇ ਚਾਰ ਪੁਲਾੜ ਯਾਤਰੀਆਂ ਦੀ ਹਾਲਤ ਕੀ ਹੋਵੇਗੀ, ਪਰ ਜਦੋਂ ਚਾਰੇ ਪੁਲਾੜ ਯਾਤਰੀ ਇੱਕ-ਇੱਕ ਕਰਕੇ ਬਾਹਰ ਆਏ ਤਾਂ ਉਨ੍ਹਾਂ ਦੇ ਚਿਹਰਿਆਂ ’ਤੇ ਉਤਸ਼ਾਹ ਅਤੇ ਜਨੂੰਨ ਸੀ। ਦਰਅਸਲ 8 ਜੂਨ, 2024 ਨੂੰ ਸੁਨੀਤਾ ਅਤੇ ਵਿਲਮੋਰ ਬੋਇੰਗ ਦੇ ਸਟਾਰਲਾਈਨਰ ਪੁਲਾੜ ਯਾਨ ਵਿੱਚ ਸਵਾਰ ਹੋ ਕੇ ਪੁਲਾੜ ਵਿੱਚ ਗਏ ਸਨ ਅਤੇ ਉਸ ਤੋਂ ਬਾਅਦ ਉਹ ਵਾਪਸ ਨਹੀਂ ਆ ਸਕੇ। ਇਸਨੂੰ 10 ਦਿਨਾਂ ਦਾ ਮਿਸ਼ਨ ਮੰਨਿਆ ਜਾਂਦਾ ਸੀ। ਪਰ ਸਿਸਟਮ ਵਿੱਚ ਸਮੱਸਿਆ ਕਾਰਨ ਦੋਵੇਂ ਵਾਪਸ ਨਹੀਂ ਆ ਸਕੇ। ਤੁਹਾਨੂੰ ਦੱਸ ਦੇਈਏ ਕਿ ਸੁਨੀਤਾ ਵਿਲੀਅਮਜ਼ ਨੌਂ ਮਹੀਨੇ ਅਤੇ 14 ਦਿਨ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ ’ਤੇ ਰਹੀ। ਅੰਤਰਰਾਸ਼ਟਰੀ ਪੁਲਾੜ ਸਟੇਸ਼ਨ ਤੋਂ ਧਰਤੀ ’ਤੇ ਵਾਪਸ ਆਉਣ ਲਈ 17 ਘੰਟੇ ਲੱਗੇ। ਜਦੋਂ ਪੁਲਾੜ ਯਾਨ ਧਰਤੀ ਦੇ ਵਾਯੂਮੰਡਲ ਵਿੱਚ ਦਾਖਲ ਹੋਇਆ, ਤਾਂ ਇਸਦਾ ਤਾਪਮਾਨ 1650 ਡਿਗਰੀ ਸੈਲਸੀਅਸ ਤੋਂ ਵੱਧ ਪਹੁੰਚ ਗਿਆ।

ਪੁਲਾੜ ਯਾਤਰੀਆਂ ਨੂੰ ਲੈ ਕੇ ਜਾਣ ਵਾਲਾ ਡ੍ਰੈਗਨ ਕੈਪਸੂਲ ਪੈਰਾਸ਼ੂਟ ਨਾਲ ਸਮੁੰਦਰ ਵਿੱਚ ਉਤਰਿਆ। ਕੈਪਸੂਲ ਦੇ ਪਾਣੀ ਵਿੱਚ ਉਤਰਨ ਤੋਂ ਲਗਭਗ 10 ਮਿੰਟ ਬਾਅਦ ਸੁਰੱਖਿਆ ਜਾਂਚਾਂ ਪੂਰੀਆਂ ਕੀਤੀਆਂ ਗਈਆਂ। ਇਸ ਤੋਂ ਬਾਅਦ ਕੈਪਸੂਲ ਖੋਲ੍ਹਿਆ ਗਿਆ। ਜਿਸਦੇ ਅੰਦਰੋਂ ਸੁਨੀਤਾ ਵਿਲੀਅਮਜ਼ ਅਤੇ ਤਿੰਨ ਹੋਰ ਯਾਤਰੀਆਂ ਨੂੰ ਸਟਰੈਚਰ ਦੀ ਮਦਦ ਨਾਲ ਬਾਹਰ ਕੱਢਿਆ ਗਿਆ। ਇਸ ਵੇਲੇ ਉਹ ਡਾਕਟਰਾਂ ਅਤੇ ਮਾਹਿਰਾਂ ਦੀ ਨਿਗਰਾਨੀ ਹੇਠ ਹੈ।

### ਕਿੱਥੇ ਰਹੇਗੀ ਸੁਨੀਤਾ ਵਿਲੀਅਮਸ ?

ਹੁਣ ਜਦੋਂ ਸੁਨੀਤਾ ਵਿਲੀਅਮਸ ਧਰਤੀ ’ਤੇ ਵਾਪਸ ਆਈ ਹੈ ਤਾਂ ਨਾਸਾ ਨੇ ਉਨ੍ਹਾਂ ਲਈ 45 ਦਿਨਾਂ ਦਾ ਪੋਸਟ-ਮਿਸ਼ਨ ਰੀਹੈਬਲੀਟੇਸ਼ਨ ਪ੍ਰੋਗਰਾਮ ਤਿਆਰ ਕੀਤਾ ਹੈ। ਇਸ ਸਮੇਂ ਦੌਰਾਨ ਉਨ੍ਹਾਂ ਦਾ ਸਰੀਰ ਹੌਲੀ-ਹੌਲੀ ਧਰਤੀ ਦੀ ਗੰਭੀਰਤਾ ਦੇ ਅਨੁਕੂਲ ਹੋ ਜਾਵੇਗਾ। ਵਿਗਿਆਨੀਆਂ ਦੇ ਅਨੁਸਾਰ, ਲੰਬੇ ਸਮੇਂ ਤੱਕ ਪੁਲਾੜ ਵਿੱਚ ਰਹਿਣ ਨਾਲ ਹੱਡੀਆਂ ਅਤੇ ਮਾਸਪੇਸ਼ੀਆਂ ਦੀ ਮਜ਼ਬੂਤੀ ’ਤੇ ਅਸਰ ਪੈਂਦਾ ਹੈ, ਇਸ ਲਈ ਉਨ੍ਹਾਂ ਦੀ ਰਿਕਵਰੀ ਪ੍ਰਕਿਰਿਆ ’ਤੇ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ। ਹਾਲਾਂਕਿ, ਇਹ ਤੈਅ ਹੈ ਕਿ ਉਨ੍ਹਾਂ ਦੀ ਪ੍ਰਾਪਤੀ ਭਵਿੱਖ ਦੇ ਪੁਲਾੜ ਮਿਸ਼ਨਾਂ ਲਈ ਪ੍ਰੇਰਨਾ ਸਰੋਤ ਬਣੇਗੀ।

## ਵਿਲੀਅਮਸ ਦੇ ਜੱਦੀ ਪਿੰਡ ਵਿੱਚ ਖ਼ੁਸ਼ੀ ਦੀ ਲੈਅ



ਸਪੇਸਐਕਸ ਕ੍ਰੂ ਡਰੈਗਨ ਕੈਪਸੂਲ ਦੀ ਸੁਰੱਖਿਅਤ ਲੈਂਡਿੰਗ ਤੋਂ ਬਾਅਦ ਗੁਜਰਾਤ ਸਥਿਤ ਸੁਨੀਤਾ ਵਿਲੀਅਮਜ਼ ਦੇ ਜੱਦੀ ਪਿੰਡ ਵਿਚ ਖੁਸ਼ੀ ਦੀ ਲੈਅ ਦੌੜ ਪਈ। ਸੁਨੀਤਾ ਦੀ ਸਫਲ ਲੈਂਡਿੰਗ ਤੋਂ ਬਾਅਦ ਉਸ ਦੀ ਚਚੇਰੀ ਭੈਣ ਫਾਲਗੁਨੀ ਪੰਡਿਆ ਨੇ ਮੰਦਰ ਜਾ ਕੇ ਪੂਜਾ ਕੀਤੀ। ਉਸਨੇ ਕਿਹਾ ਕਿ ਇਹ ਇਕ ‘ਅਵਿਸਮਰਨੀਯ ਪਲ’ ਸੀ। ਫਾਲਗੁਨੀ ਪੰਡਿਆ ਨੇ ਕਿਹਾ, ‘ਮੈਂ ਭਗਵਾਨ ਦੀ ਬਹੁਤ ਧੰਨਵਾਦੀ ਹਾਂ ਅਤੇ ਸੁਨੀਤਾ ਦੇ ਘਰ ਵਾਪਸ ਆਉਣ ’ਤੇ ਬਹੁਤ ਖੁਸ਼ ਹਾਂ। ਇਹ ਇਕ ਲੰਮਾ ਇੰਤਜ਼ਾਰ ਸੀ। ਕੋਈ ਘਬਰਾਹਟ ਨਹੀਂ ਸੀ। ਮੈਂ ਪ੍ਰਾਰਥਨਾ ਕੀਤੀ ਅਤੇ ਪ੍ਰਤਿਗਿਆ ਕੀਤੀ ਕਿ ਸਭ ਕੁਝ ਠੀਕ ਹੋਣ ਤੋਂ ਬਾਅਦ ਮੈਂ ਮੰਦਰ ਆਵਾਂਗੀ ਅਤੇ ਮੈਂ ਇੱਥੇ ਹਾਂ।’

# ਬਦਲੇ-ਬਦਲੇ ਸੇ 'ਸਰਦਾਰ' ਨਜ਼ਰ ਆਤੇ ਹੈਂ...

## 'ਆਪ' ਸਰਕਾਰ ਦੀ ਕਾਰਜ-ਸ਼ੈਲੀ 'ਚ ਆਇਆ ਵੱਡਾ ਬਦਲਾਓ



### ਪੰਜਾਬ 'ਚ ਨਵਾਂ ਇਨਕਲਾਬ ਲਿਆਉਣ ਦਾ ਵਾਅਦਾ ਕਰਕੇ ਸੱਤਾ ਵਿੱਚ ਆਈ ਆਮ ਆਦਮੀ ਪਾਰਟੀ ਨਾ ਲਿਆ ਸਕੀ ਕੋਈ ਕ੍ਰਾਂਤੀ

### ਦਿੱਲੀ 'ਚ ਹਾਰ ਤੋਂ ਬਾਅਦ ਪੰਜਾਬ ਵਿੱਚ ਬਹੁਤ ਸੰਭਲ-ਸੰਭਲ ਕੇ ਚੱਲ ਰਹੀ ਹੈ ਆਮ ਆਦਮੀ ਪਾਰਟੀ

**ਅੰਮ੍ਰਿਤਸਰ ਟਾਈਮਜ਼**

ਮੁੱਖ ਮੰਤਰੀ ਨੂੰ 'ਸੱਤਾ ਦਾ ਸਰਦਾਰ' ਕਿਹਾ ਜਾਂਦਾ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ (ਸਰਦਾਰ ਸਾਹਿਬ) ਅਤੇ 'ਆਪ' ਸਰਕਾਰ ਦੀ ਕਾਰਜ-ਸ਼ੈਲੀ ਵਿੱਚ ਪਿਛਲੇ ਦਿਨਾਂ ਦੌਰਾਨ ਵੱਡਾ ਬਦਲਾਓ ਵੇਖਿਆ ਜਾ ਰਿਹਾ ਹੈ। ਅਸਲ ਵਿੱਚ ਇਹ ਬਦਲਾਓ ਦਿੱਲੀ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੀ ਹਾਰ ਅਤੇ ਭਾਜਪਾ ਦੀ ਜਿੱਤ ਤੋਂ ਬਾਅਦ ਦਿਖਾਈ ਦੇਣ ਲੱਗਿਆ ਹੈ ਅਤੇ ਇਸ ਬਦਲਾਓ ਦੀ ਹੁਣ ਪੰਜਾਬ ਦੇ ਉੱਚ ਸਿਆਸੀ ਗਲਿਆਰਿਆਂ ਤੋਂ ਲੈ ਕੇ ਪਿੰਡਾਂ ਦੀਆਂ ਸੱਥਾਂ ਵਿੱਚ ਚਰਚਾ ਹੋਣ ਲੱਗ ਪਈ ਹੈ। ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਤੇ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਪੰਜਾਬ ਦੌਰੇ ਦੌਰਾਨ ਦਾਅਵਾ ਕੀਤਾ ਹੈ ਕਿ ਪੰਜਾਬ ਵਿੱਚ 'ਆਪ' ਸਰਕਾਰ ਦੇ ਰਹਿੰਦੇ ਕਾਰਜਕਾਲ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਹੀ ਰਹਿਣਗੇ ਯਾਨੀ ਕਿ ਪੰਜਾਬ ਵਿੱਚ 'ਸੱਤਾ ਦੇ ਸਰਦਾਰ' ਭਗਵੰਤ ਮਾਨ ਹੀ ਰਹਿਣਗੇ ਅਤੇ ਉਹਨਾਂ ਦੀ ਕੁਰਸੀ ਨੂੰ ਕੋਈ ਖ਼ਤਰਾ ਨਹੀਂ ਹੈ। ਕੇਜਰੀਵਾਲ ਦੇ ਇਸ ਬਿਆਨ ਤੋਂ ਬਾਅਦ 'ਸਰਦਾਰ ਸਾਹਿਬ' ਹੋਰ ਵੀ ਉਤਸ਼ਾਹਿਤ ਤੇ ਸਰਗਰਮ ਹੋ ਗਏ ਹਨ। ਕੁਝ ਦਿਨ ਪਹਿਲਾਂ ਆਪਣੇ ਚੁਟਕਲਿਆਂ ਨਾਲ ਲੋਕਾਂ ਨੂੰ ਹਸਾਉਣ ਵਾਲੇ ਭਗਵੰਤ ਮਾਨ ਹੁਣ ਉੱਤਰ ਪ੍ਰਦੇਸ਼ ਦੇ ਯੋਗੀ ਦੇ ਅੰਦਾਜ਼ ਵਿੱਚ ਦਿਖਾਈ ਦੇ ਰਹੇ ਹਨ। ਨਸ਼ਾ ਤਸਕਰਾਂ ਦੇ ਘਰਾਂ 'ਤੇ ਬੁਲਡੋਜ਼ਰ ਚਲਾਏ ਜਾ ਰਹੇ ਹਨ, ਦਿਨ ਵੇਲੇ ਹੜਤਾਲ਼ੀ ਮਾਲ ਅਧਿਕਾਰੀਆਂ ਨੂੰ ਸਿੱਧੇ ਤੌਰ 'ਤੇ 'ਹੈਪੀ ਹੋਲੀਡੇਜ਼' ਦੀ ਧਮਕੀ ਦਿੱਤੀ ਜਾਂਦੀ ਹੈ ਅਤੇ ਸ਼ਾਮ ਤੱਕ ਉਹ ਉਨ੍ਹਾਂ ਨੂੰ ਮੁਅੱਤਲ ਕਰ ਦਿੰਦੇ ਹਨ। ਇਸ ਤੋਂ ਇਲਾਵਾ, ਉਨ੍ਹਾਂ ਨੇ ਕਿਸਾਨ ਆਗੂਆਂ ਨੂੰ ਇਹ ਵੀ ਕਹਿਣਾ ਸ਼ੁਰੂ ਕਰ ਦਿੱਤਾ ਹੈ ਕਿ 'ਬਸ ਬਹੁਤ ਹੋ ਗਿਆ, ਤੁਹਾਡੀ ਬਲੈਕਮੇਲਿੰਗ ਹੋਰ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਤੁਸੀਂ ਲੋਕਾਂ ਨੇ ਪੰਜਾਬ ਨੂੰ ਧਰਨੇ ਵਾਲਾ ਸੂਬਾ ਬਣਾ ਦਿੱਤਾ ਹੈ।' ਸਰਦਾਰ ਸਾਹਿਬ (ਮੁੱਖ ਮੰਤਰੀ ਮਾਨ) ਦੇ ਅਜਿਹੇ ਤੇਵਰ ਪਹਿਲਾਂ ਕਦੇ ਨਹੀਂ ਸੀ ਵੇਖੇ ਗਏ ਸਗੋਂ ਪਿਛਲੇ ਕਿਸਾਨ ਅੰਦੋਲਨ ਦੌਰਾਨ ਤਾਂ ਆਮ ਆਦਮੀ ਪਾਰਟੀ ਵੱਲੋਂ ਕਿਸਾਨ -ਮਜ਼ਦੂਰ ਜਥੇਬੰਦੀਆਂ ਦਾ ਸਮਰਥਨ ਕੀਤਾ ਗਿਆ ਸੀ। ਹੁਣ ਉਹੀ ਕਿਸਾਨ ਸੰਗਠਨ ਪੰਜਾਬ ਸਰਕਾਰ ਨੂੰ



ਸਿਰਦਰਦੀ ਅਤੇ ਧਰਨੇ ਲਗਾਉਣ ਵਾਲੇ ਜਾਪ ਰਹੇ ਹਨ। ਸਰਦਾਰ ਸਾਹਿਬ ਪਿਛਲੇ ਦਿਨੀਂ ਅੱਖਾਂ 'ਤੇ ਕਾਲਾ ਚਸ਼ਮਾ ਲਗਾ ਕੇ ਵਿਚਰਦੇ ਰਹੇ, ਜਿਸ ਕਾਰਨ ਉਹਨਾਂ ਦੀ ਦਿੱਖ ਵੀ ਬਦਲੀ-ਬਦਲੀ ਦਿਖਾਈ ਦਿੱਤੀ। ਉਹਨਾਂ ਦੀ ਪੱਗ ਵੀ ਪਹਿਲਾਂ ਨਾਲੋਂ ਜ਼ਿਆਦਾ ਪੋਚਮੀਂ ਹੋ ਗਈ ਹੈ। ਅੱਜਕੱਲ੍ਹ ਉਨ੍ਹਾਂ ਦੇ ਭਾਸ਼ਣਾਂ ਦੀ ਸੁਰ ਵਿੱਚ ਵੀ ਬਦਲਾਓ ਵੇਖਿਆ ਜਾ ਰਿਹਾ ਹੈ। ਪਹਿਲਾਂ ਉਹ ਚੁਟਕਲਿਆਂ ਨੂੰ ਮੁੱਖ ਰੱਖਦੇ ਸਨ ਪਰ ਹੁਣ ਉਹ ਸੰਜੀਦਾ ਗੱਲਬਾਤ ਨੂੰ ਪਹਿਲ ਦਿੰਦੇ ਹਨ।

ਪਿਛਲੇ ਤਿੰਨ ਸਾਲਾਂ ਦੌਰਾਨ ਪੰਜਾਬ ਦੀ 'ਆਪ' ਸਰਕਾਰ ਵੱਲੋਂ ਪੰਜਾਬ ਵਿੱਚ ਦਿੱਲੀ ਮਾਡਲ ਲਾਗੂ ਕਰਨ ਦੇ ਦਾਅਵੇ ਕੀਤੇ ਗਏ ਪਰ ਹੁਣ ਦਿੱਲੀ ਵਿੱਚ ਆਮ ਆਦਮੀ ਪਾਰਟੀ ਦਾ ਵਿਕਾਸ ਮਾਡਲ ਫ਼ੇਲ੍ਹ ਹੋਣ ਤੋਂ ਬਾਅਦ ਆਮ ਆਦਮੀ ਪਾਰਟੀ ਦੀ ਪੰਜਾਬ ਲੀਡਰਸ਼ਿਪ ਵੀ ਹੈਰਾਨ ਹੈ। ਪੰਜਾਬ ਵਿਚ ਨਵਾਂ ਇਨਕਲਾਬ ਅਤੇ ਵੱਡਾ ਬਦਲਾਓ ਲਿਆਉਣ ਦਾ ਦਾਅਵਾ ਕਰਕੇ ਸੱਤਾ ਵਿੱਚ ਆਈ ਆਮ ਆਦਮੀ ਪਾਰਟੀ ਦੀ ਸਰਕਾਰ ਆਪਣੇ ਹੁਣ ਤੱਕ ਦੇ ਕਾਰਜਕਾਲ ਦੌਰਾਨ ਪੰਜਾਬ ਵਿੱਚ ਨਾ ਤਾਂ ਕੋਈ ਇਨਕਲਾਬ ਜਾਂ ਕ੍ਰਾਂਤੀ ਲਿਆ ਸਕੀ ਹੈ ਤੇ ਨਾ ਹੀ ਇਹ ਸਰਕਾਰ ਪੰਜਾਬ ਵਿੱਚ ਕੋਈ ਬਦਲਾਓ ਲਿਆ ਸਕੀ ਹੈ। ਪੰਜਾਬ ਵਿੱਚ ਇਸ ਸਮੇਂ ਚਿੱਟਾ ਆਟੇ ਵਾਂਗ ਹੀ ਵਿਕ ਰਿਹਾ ਹੈ। ਹਰ ਦਿਨ ਨਸ਼ੇ ਦੀ ਓਵਰਡੋਜ਼ ਕਾਰਨ ਨੌਜਵਾਨਾਂ ਦੀਆਂ ਮੌਤਾਂ ਹੋਣ ਦੀਆਂ ਖ਼ਬਰਾਂ ਆ ਰਹੀਆਂ ਹਨ। ਪੰਜਾਬ ਵਿਚ ਹੁਣ ਤੱਕ ਅਨੇਕਾਂ ਗ੍ਰਨੇਡ ਹਮਲੇ ਹੋ ਚੁੱਕੇ ਹਨ। ਅਮਨ ਕਾਨੂੰਨ ਦੀ ਸਥਿਤੀ ਦਿਨੋਂ ਦਿਨ ਗੰਭੀਰ ਹੁੰਦੀ ਜਾ ਰਹੀ ਹੈ। ਜਿੱਥੇ ਸੂਬੇ ਦਾ ਸਰਕਾਰੀ ਕਰਜ਼ਾ ਲਗਾਤਾਰ ਵਧ ਰਿਹਾ ਹੈ, ਉੱਥੇ ਵਿਰੋਧੀ ਪਾਰਟੀਆਂ ਔਰਤਾਂ ਨੂੰ ਹਰ ਮਹੀਨੇ 1,000 ਰੁਪਏ ਦੇਣ ਦੇ ਚੋਣ ਵਾਅਦੇ ਨੂੰ ਭੁੱਲਣ ਨਹੀਂ ਦੇ ਰਹੀਆਂ ਹਨ। ਇਸ ਤੋਂ ਇਲਾਵਾ ਪੰਜਾਬ ਦੇ ਕੁੱਝ ਹਿੱਸਿਆਂ ਵਿੱਚ ਪਾਣੀ ਪਲੀਤ ਹੋ ਚੁੱਕਿਆ ਹੈ। ਬੇਰੁਜ਼ਗਾਰੀ ਦਾ ਦੈਂਤ ਸਿਰ ਚੁੱਕੀ ਖੜ੍ਹਾ ਹੈ। ਵਿਦੇਸ਼ਾਂ ਨੂੰ ਪਰਵਾਸ ਲਗਾਤਾਰ ਹੋ ਰਿਹਾ ਹੈ। ਦਰਿਆਈ ਪਾਣੀਆਂ ਦਾ ਰੇੜਕਾ ਅਤੇ ਚੰਡੀਗੜ੍ਹ ਸਮੇਤ ਹੋਰ ਵੀ ਕਈ ਮਸਲੇ ਹਨ, ਜਿਨ੍ਹਾਂ ਨੂੰ ਹੱਲ ਕਰਨ ਵਿੱਚ ਪੰਜਾਬ ਦੀ ਮੌਜੂਦਾ ਸਰਕਾਰ ਹੁਣ ਤੱਕ ਨਾਕਾਮਯਾਬ ਰਹੀ ਹੈ। ਸ਼ਾਇਦ ਇਸੇ ਕਾਰਨ ਹੀ ਹੁਣ 'ਸਰਦਾਰ ਸਾਹਿਬ' ਯਾਨੀ ਪੰਜਾਬ ਦੇ ਮੁੱਖ ਮੰਤਰੀ ਮਾਨ ਦੀ ਕਾਰਜ-ਸ਼ੈਲੀ ਵਿੱਚ ਬਦਲਾਓ ਵੇਖਣ ਨੂੰ ਆ ਰਿਹਾ ਹੈ ਤਾਂ ਕਿ ਪੰਜਾਬ ਦੀ 'ਆਪ' ਸਰਕਾਰ ਤੋਂ ਲੋਕਾਂ ਦਾ ਮੋਹ ਭੰਗ ਨਾ ਹੋ ਜਾਵੇ, ਜਿਵੇਂ ਕਿ ਦਿੱਲੀ ਵਿੱਚ ਹੋ ਚੁੱਕਿਆ ਹੈ।

ਕੁਝ ਵਿਸ਼ਲੇਸ਼ਕ ਕਹਿੰਦੇ ਹਨ ਕਿ 'ਸਰਦਾਰ ਜੀ' ਦੇ ਬਦਲਾਅ ਦਾ ਕਾਰਨ ਪਾਰਟੀ ਦੀ ਅੰਦਰੂਨੀ ਰਾਜਨੀਤੀ ਵੀ ਹੋ ਸਕਦੀ ਹੈ। ਸੱਤਾ ਦੇ ਗਲਿਆਰਿਆਂ ਵਿੱਚ ਇਹ ਵੀ ਚਰਚਾ ਹੋ ਰਹੀ ਹੈ ਕਿ ਦਿੱਲੀ ਵਿੱਚ ਮਿਲੀ ਹਾਰ ਤੋਂ ਬਾਅਦ ਰਾਜਨੀਤਿਕ ਤੌਰ 'ਤੇ ਬੇਰੁਜ਼ਗਾਰ ਹੋ ਗਏ ਅਰਵਿੰਦ ਕੇਜਰੀਵਾਲ ਹੁਣ ਪੰਜਾਬ ਵਿੱਚ ਆਪਣੀਆਂ ਸੰਭਾਵਨਾਵਾਂ ਤਲਾਸ਼ ਰਹੇ ਹਨ। ਕੇਜਰੀਵਾਲ ਦੇ ਪੰਜਾਬ ਦੌਰੇ ਤੋਂ ਬਾਅਦ ਵਿਦਵਾਨਾਂ ਅਤੇ ਵਿਸ਼ਲੇਸ਼ਕਾਂ ਦੀ ਇਸ ਗੱਲ ਨੂੰ ਹੋਰ ਹੁੰਗਾਰਾ ਮਿਲਿਆ ਹੈ। ਪੰਜਾਬ ਸਰਕਾਰ ਵੱਲੋਂ 'ਜੰਗ ਨਸ਼ੇ ਵਿਰੁੱਧ' ਮੁਹਿੰਮ ਸ਼ੁਰੂ ਕੀਤੀ ਗਈ ਹੈ। 'ਆਪ' ਸਰਕਾਰ ਹਰ ਹੀਲੇ ਪੰਜਾਬ ਨੂੰ ਨਸ਼ਾ ਮੁਕਤ ਕਰਨਾ ਚਾਹੁੰਦੀ ਹੈ ਪਰ ਮੌਜੂਦਾ ਸਰਕਾਰ ਇਸ ਮੁਹਿੰਮ ਵਿੱਚ ਕਿੰਨੀ ਕੁ ਸਫ਼ਲ ਹੁੰਦੀ ਹੈ, ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ? ਹਾਂ! ਇਸ ਸਮੇਂ ਸੱਤਾ ਦੇ ਉੱਚ ਗਲਿਆਰਿਆਂ ਤੋਂ ਲੈ ਕੇ ਪੰਜਾਬ ਦੇ ਹਰ ਸ਼ਹਿਰ/ ਪਿੰਡ ਦੀ ਗਲੀ ਗਲੀ ਵਿੱਚ 'ਸਰਦਾਰ ਸਾਹਿਬ' ਦੀ ਕਾਰਜ-ਸ਼ੈਲੀ ਵਿੱਚ ਆਏ ਬਦਲਾਓ ਦੀ ਚਰਚਾ ਜ਼ਰੂਰ ਹੋ ਰਹੀ ਹੈ। ਮੁੱਖ ਮੰਤਰੀ ਮਾਨ ਦੇ ਕਾਮੇਡੀਅਨ ਤੋਂ ਕਰਮਯੋਗੀ ਬਣਨ ਦੇ ਯਤਨ ਕਿੰਨੇ ਕੁ ਸਫ਼ਲ ਹੁੰਦੇ ਹਨ?, ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ।

## ਪੰਜਾਬ ਪੁਲਿਸ ਨੂੰ ਮਿਲੀਆਂ ਉੱਚ ਤਾਕਤਾਂ ਨੇ ਯਾਦ ਕਰਵਾਏ 80-90 ਦੇ ਦਹਾਕੇ

ਪੰਜਾਬ ਦੀ 'ਆਪ' ਸਰਕਾਰ ਵੱਲੋਂ ਪੰਜਾਬ ਨੂੰ ਨਸ਼ਾ ਮੁਕਤ ਕਰਨ ਅਤੇ ਅਮਨ -ਕਾਨੂੰਨ ਕਾਇਮ ਰੱਖਣ ਲਈ ਪੰਜਾਬ ਪੁਲਿਸ ਨੂੰ ਉੱਚ ਤਾਕਤਾਂ ਦੇ ਦਿੱਤੀਆਂ ਗਈਆਂ ਹਨ, ਜਿਸ ਕਾਰਨ ਵਿਰੋਧੀ ਪਾਰਟੀਆਂ ਦੇ ਆਗੂ ਅਤੇ ਸਿੱਖ ਆਗੂ ਕਈ ਸਵਾਲ ਵੀ ਖੜ੍ਹੇ ਕਰ ਰਹੇ ਹਨ। ਅਨੇਕਾਂ ਸਿੱਖ ਆਗੂ ਕਹਿ ਰਹੇ ਹਨ ਕਿ ਸਰਕਾਰ ਵੱਲੋਂ ਪੰਜਾਬ ਪੁਲਿਸ ਨੂੰ ਦਿੱਤੀਆਂ ਉੱਚ ਤਾਕਤਾਂ ਕਾਰਨ ਪੰਜਾਬੀਆਂ ਨੂੰ 80 ਅਤੇ 90 ਦੇ ਦਹਾਕੇ ਖਾਸ ਤੌਰ 'ਤੇ ਸਾਲ 1982 ਤੋਂ ਸਾਲ 1995 ਤੱਕ ਦਾ ਸਮਾਂ ਯਾਦ ਆ ਗਿਆ ਹੈ। ਉਸ ਸਮੇਂ ਪੰਜਾਬ ਪੁਲਿਸ ਦੀਆਂ ਗੱਡੀਆਂ ਪੰਜਾਬ ਦੇ ਪਿੰਡਾਂ ਵਿੱਚ ਘੁੰਮਦੀਆਂ ਸਨ ਅਤੇ ਪਿੰਡਾਂ ਦੇ ਬੇਕਸੂਰ ਸਿੱਖ ਨੌਜਵਾਨਾਂ ਨੂੰ ਪੁਲਿਸ ਦੀਆਂ ਗੱਡੀਆਂ ਵਿੱਚ ਚਾੜ੍ਹ ਲਿਆ ਜਾਂਦਾ ਸੀ, ਜੋ ਕਿ ਪੁਲਿਸ ਦੀਆਂ ਗੱਡੀਆਂ ਵਿਚੋਂ



ਉੱਤਰਦੇ ਕਿਸੇ ਨੇ ਨਹੀਂ ਸੀ ਵੇਖੇ। ਉਹਨਾਂ ਦੀ ਤਾਂ ਫ਼ੇਰ ਕਿਸੇ ਮੁਕਾਬਲੇ ਵਿੱਚ ਮਾਰੇ ਜਾਣ ਦੀ ਖ਼ਬਰ ਹੀ ਆਉਂਦੀ ਸੀ। ਜੇ ਕਿਸੇ ਪੰਚਾਇਤ ਅਤੇ ਮੋਹਤਬਰ ਆਗੂਆਂ ਦਾ ਜੋਰ ਪੈ ਜਾਂਦਾ ਤਾਂ ਕੁਝ ਨੌਜਵਾਨ ਪੁਲਿਸ ਦੇ ਸ਼ਿਕੰਜੇ ਵਿਚੋਂ ਬਚ ਵੀ ਨਿਕਲਦੇ ਸਨ। ਸਿੱਖ ਆਗੂਆਂ ਅਨੁਸਾਰ ਹੁਣ ਵੀ ਪੰਜਾਬ ਪੁਲਿਸ ਲਗਾਤਾਰ ਐਨਕਾਊਂਟਰ ਕਰ ਰਹੀ ਹੈ। ਪਟਿਆਲਾ ਵਿੱਚ ਇੱਕ ਫ਼ੌਜੀ ਕਰਨਲ ਅਤੇ ਉਸ ਦੇ ਪੁੱਤਰ ਦੀ ਪੁਲਿਸ ਮੁਲਾਜ਼ਮਾਂ ਵੱਲੋਂ ਕੁੱਟਮਾਰ ਦਾ ਮਾਮਲਾ ਵੀ ਸੁਰਖ਼ੀਆਂ ਵਿੱਚ ਹੈ, ਜਿਸ ਕਾਰਨ ਪੰਜਾਬ ਪੁਲਿਸ ਦੀ ਕਾਰਗੁਜ਼ਾਰੀ 'ਤੇ ਸਵਾਲ ਉੱਠਣੇ ਸ਼ੁਰੂ ਹੋ ਗਏ ਹਨ।

**ਪਾਠਕਾਂ ਲਈ ਵਿਸ਼ੇਸ਼ ਸੂਚਨਾ**

ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਵੱਲੋਂ ਪਾਠਕਾਂ ਦੀ ਜਾਣਕਾਰੀ ਵਿੱਚ ਵਾਧਾ ਕਰਨ ਲਈ ਨਵੀਂ ਵੈਬਸਾਈਟ

**www.amritsartimes.live**

ਸ਼ੁਰੂ ਕੀਤੀ ਗਈ ਹੈ। ਜਿਸ ਵਿੱਚ ਦੇਸ਼ ਵਿਦੇਸ਼ ਵਿੱਚ ਹਰ ਦਿਨ ਵਾਪਰਦੀਆਂ ਘਟਨਾਵਾਂ ਦਾ ਵੇਰਵਾ, ਪੰਥਕ ਖ਼ਬਰਾਂ ਵੱਖ-ਵੱਖ ਵਿਸ਼ਿਆਂ ਨਾਲ ਸੰਬੰਧਿਤ ਮਾਹਿਰ ਵਿਦਵਾਨਾਂ ਦੇ ਲੇਖ, ਵਿਸ਼ੇਸ਼ ਟਿੱਪਣੀਆਂ, ਕਵਰ ਸਟੋਰੀਆਂ, ਕਹਾਣੀਆਂ ਅਤੇ ਹੋਰ ਬਹੁਤ ਕੁਝ ਜਾਣਕਾਰੀ ਭਰਪੂਰ ਦੇਣ ਦਾ ਯਤਨ ਕੀਤਾ ਗਿਆ ਹੈ। ਇਕ ਵਾਰ ਜ਼ਰੂਰ ਵਿਜ਼ਟ ਕਰੋ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
LIKE & SHARE
www.amritsartimes.live
Please like and share

# 43 ਮੁਲਕਾਂ ਦੇ ਨਾਗਰਿਕਾਂ ’ਤੇ ਪਾਬੰਦੀਆਂ ਲਗਾਉਣ ਬਾਰੇ ਵਿਚਾਰ ਕਰ ਰਿਹੈ ਟਰੰਪ ਪ੍ਰਸ਼ਾਸਨ

## 11 ਮੁਲਕਾਂ ਦੇ ਨਾਗਰਿਕਾਂ ਦੇ ਅਮਰੀਕਾ ’ਚ ਦਾਖ਼ਲੇ ’ਤੇ ਪੂਰੀ ਤਰ੍ਹਾਂ ਹੋਵੇਗੀ ਰੋਕ

ਨਵੀਂ ਦਿੱਲੀ/ਏ.ਟੀ.ਨਿਊਜ਼: ਟਰੰਪ ਪ੍ਰਸ਼ਾਸਨ ਅਮਰੀਕਾ ਆਉਣ ਵਾਲੇ 43 ਮੁਲਕਾਂ ਦੇ ਨਾਗਰਿਕਾਂ ’ਤੇ ਪਾਬੰਦੀਆਂ ਲਗਾਉਣ ਬਾਰੇ ਵਿਚਾਰ ਕਰ ਰਿਹਾ ਹੈ। ਅਮਰੀਕੀ ਅਖ਼ਬਾਰ ‘ਨਿਊਯਾਰਕ ਟਾਈਮਜ਼’ ਦੀ ਰਿਪੋਰਟ ਮੁਤਾਬਕ ਟਰੰਪ ਪ੍ਰਸ਼ਾਸਨ ਦਾ ਇਨ੍ਹਾਂ ਮੁਲਕਾਂ ਨੂੰ ਤਿੰਨ ਵਰਗਾਂ ’ਚ ਵੰਡਣ ਦਾ ਇਰਾਦਾ ਹੈ। ਪਾਕਿਸਤਾਨ, ਅਫ਼ਗਾਨਿਸਤਾਨ, ਭੂਟਾਨ ਅਤੇ ਇਰਾਨ ਦਾ ਜ਼ਿਕਰ ਉਨ੍ਹਾਂ ਮੁਲਕਾਂ ਵਜੋਂ ਕੀਤਾ ਗਿਆ ਹੈ, ਜੋ ਪਾਬੰਦੀਆਂ ਦਾ ਹਿੱਸਾ ਹੋਣਗੇ। ਡਿਪਲੋਮੈਟਿਕ ਅਤੇ ਸੁਰੱਖਿਆ ਅਧਿਕਾਰੀਆਂ ਵੱਲੋਂ ਤਿਆਰ ਸਿਫ਼ਾਰਸ਼ਾਂ ਦੀ ਖਰੜਾ ਸੂਚੀ ਮੁਤਾਬਕ 11 ਮੁਲਕਾਂ ਦੇ ਨਾਗਰਿਕਾਂ ਨੂੰ ‘ਲਾਲ’ ਸੂਚੀ ’ਚ ਰੱਖਿਆ ਗਿਆ ਹੈ, ਜਿਨ੍ਹਾਂ ਦੇ ਅਮਰੀਕਾ ’ਚ ਦਾਖ਼ਲੇ ’ਤੇ ਪੂਰੀ ਤਰ੍ਹਾਂ ਰੋਕ ਹੋਵੇਗੀ। ‘ਨਿਊਯਾਰਕ ਟਾਈਮਜ਼’ ਅਨੁਸਾਰ ਇਨ੍ਹਾਂ ਮੁਲਕਾਂ ’ਚ ਅਫ਼ਗਾਨਿਸਤਾਨ, ਭੂਟਾਨ, ਕਿਊਬਾ, ਇਰਾਨ, ਲਿਬੀਆ, ਉੱਤਰੀ ਕੋਰੀਆ, ਸੋਮਾਲੀਆ, ਸੂਡਾਨ, ਸੀਰੀਆ, ਵੈਨੇਜ਼ੁਏਲਾ ਅਤੇ ਯਮਨ ਸ਼ਾਮਲ ਹਨ।




ਦੂਜੀ ‘ਔਰੇਂਜ ਸੂਚੀ’ ਹੈ, ਜਿਸ ਦਾ ਮਤਲਬ ਹੈ ਕਿ ਵੀਜ਼ਿਆਂ ’ਤੇ ਸਖ਼ਤ ਪਾਬੰਦੀਆਂ ਲਾਈਆਂ ਜਾਣਗੀਆਂ। ‘ਔਰੇਂਜ’ ਸੂਚੀ ’ਚ 10 ਮੁਲਕ ਸ਼ਾਮਲ ਹਨ ਜਿਨ੍ਹਾਂ ਦੇ ਨਾਗਰਿਕਾਂ ਦੀ ਯਾਤਰਾ ’ਤੇ ਸਖ਼ਤ ਪਾਬੰਦੀ ਹੋਵੇਗੀ। ਉਂਝ ਇਨ੍ਹਾਂ ਮੁਲਕਾਂ ਦੇ ਨਾਗਰਿਕ ਕਾਰੋਬਾਰ ਸਮੇਤ ਕੁਝ ਹੋਰ ਵਿਸ਼ੇਸ਼ ਵੀਜ਼ੇ ਹਾਸਲ ਕਰਨ ਦੇ ਯੋਗ ਹੋਣਗੇ ਪਰ ਉਨ੍ਹਾਂ ਨੂੰ ਵਿਅਕਤੀਗਤ ਤੌਰ ’ਤੇ ਇੰਟਰਵਿਊ ’ਚ ਪੇਸ਼ ਹੋਣਾ ਹੋਵੇਗਾ। ਇਸ ਸੂਚੀ ’ਚ ਬੇਲਾਰੂਸ, ਐਰੀਟ੍ਰਿਆ, ਹੈਤੀ, ਲਾਓਸ, ਮਿਆਂਮਾਰ, ਪਾਕਿਸਤਾਨ, ਰੂਸ, ਸਿਏਰਾ ਲਿਓਨ, ਦੱਖਣੀ ਸੂਡਾਨ ਅਤੇ ਤੁਰਕਮੇਨਿਸਤਾਨ ਸ਼ਾਮਲ ਹਨ।

ਤੀਜੀ ਸ਼੍ਰੇਣੀ ‘ਯੈਲੋ’ ਹੈ ਅਤੇ ਇਸ ’ਚ 22 ਮੁਲਕ ਸ਼ਾਮਲ ਹਨ ਜਿਨ੍ਹਾਂ ਨੂੰ ਸੁਰੱਖਿਆ ਅਤੇ ਜਾਣਕਾਰੀ ਨਾਲ ਸਬੰਧਤ ਖ਼ਦਸ਼ਿਆਂ ਜਾਂ ਜੋਖਮਾਂ ਨੂੰ ਦਰੁੱਸਤ ਕਰਨ ਲਈ 60 ਦਿਨਾਂ ਦਾ ਸਮਾਂ ਦਿੱਤਾ ਜਾਵੇਗਾ। ਇਨ੍ਹਾਂ ਮੁਲਕਾਂ ’ਚ ਅੰਗੋਲਾ, ਐਂਟੀਗੁਆ ਤੇ ਬਾਰਬੂਡਾ, ਬੇਨਿਨ, ਬੁਰਕੀਨਾ ਫਾਸੋ, ਕੰਬੋਡੀਆ, ਕੈਮਰੂਨ, ਕੇਪ ਵੇਰਡੇ, ਚਾਡ, ਰਿਪਬਲਿਕ ਆਫ਼ ਕਾਂਗੋ, ਡੈਮੋਕਰੈਟਿਕ ਰਿਪਬਲਿਕ ਆਫ਼ ਕਾਂਗੋ, ਡੋਮੀਨਿਕਾ, ਇਕੁਆਟੋਰੀਅਲ ਗਿਨੀ, ਗਾਂਬੀਆ, ਲਾਈਬੇਰੀਆ, ਮਾਲਾਵੀ, ਮਾਲੀ, ਮੌਰੀਟਾਨੀਆ, ਸੇਂਟ ਕਿਟਜ਼ ਐਂਡ ਨੇਵਿਸ, ਸੇਂਟ ਲੂਸੀਆ, ਸਾਓ ਟੋਮ ਤੇ ਪ੍ਰਿੰਸੀਪੇ, ਵਾਨੂਆਤੂ ਅਤੇ ਜ਼ਿੰਬਾਬਵੇ ਸ਼ਾਮਲ ਹਨ। ਵਿਦੇਸ਼ ਵਿਭਾਗ ਦੇ ਅਧਿਕਾਰੀ, ਸੁਰੱਖਿਆ ਮਾਹਿਰ ਅਤੇ ਖ਼ੁਫ਼ੀਆ ਏਜੰਸੀਆਂ ਖਰੜਾ ਸੂਚੀ ਦੀ ਨਜ਼ਰਸਾਨੀ ਕਰ ਰਹੇ ਹਨ। ਉਨ੍ਹਾਂ ਵੱਲੋਂ ਸੂਚੀਆਂ ’ਚ ਖਾਮੀਆਂ ਦੇ ਮੁਲਾਂਕਣ ਤੋਂ ਇਲਾਵਾ ਕੁਝ ਖਾਸ ਮੁਲਕਾਂ ਨਾਲ ਰਿਸ਼ਤਿਆਂ ’ਤੇ ਪੈਣ ਵਾਲੇ ਅਸਰ ਬਾਰੇ ਵੀ ਵਿਚਾਰ ਕੀਤਾ ਜਾ ਰਿਹਾ ਹੈ। ਅਮਰੀਕੀ ਮੀਡੀਆ ਮੁਤਾਬਕ ਕੌਮਾਂਤਰੀ ਸਹਿਯੋਗ ਸਬੰਧੀ ਤਰਜੀਹਾਂ ਖਾਤਰ ਤਜਵੀਜ਼ ’ਚ ਸੋਧ ਕੀਤੀ ਜਾ ਸਕਦੀ ਹੈ।

### ਟਰੰਪ ਨੇ ਪਹਿਲੇ ਕਾਰਜਕਾਲ ਦੌਰਾਨ ਵੀ ਲਾਈਆਂ ਸਨ ਪਾਬੰਦੀਆਂ

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪਹਿਲੇ ਕਾਰਜਕਾਲ ਦੌਰਾਨ ਅਦਾਲਤਾਂ ਨੇ ਯਾਤਰਾ ਪਾਬੰਦੀਆਂ ਨਾਲ ਸਬੰਧਤ ਹੁਕਮਾਂ ’ਤੇ ਰੋਕ ਲਗਾ ਦਿੱਤੀ ਸੀ ਪਰ ਬਾਅਦ ’ਚ ਸੁਪਰੀਮ ਕੋਰਟ ਨੇ ਅੱਠ ਮੁਲਕਾਂ ਨੂੰ ਪ੍ਰਭਾਵਿਤ ਕਰਨ ਵਾਲੇ ਸੋਧੇ ਫ਼ੈਸਲਿਆਂ ਨੂੰ ਬਹਾਲ ਰੱਖਿਆ ਸੀ। ਫਿਰ ਜੋਅ ਬਾਇਡੇਨ ਨੇ ਆਪਣੇ ਕਾਰਜਕਾਲ ਦੌਰਾਨ ਟਰੰਪ ਦੀਆਂ ਯਾਤਰਾ ਪਾਬੰਦੀਆਂ ਨੂੰ ਰੱਦ ਕਰ ਦਿੱਤਾ ਸੀ।

# ਨਿਊਯਾਰਕ : ਭਾਰਤੀ ਮੂਲ ਦੀਆਂ ਚਾਰ ਉੱਘੀਆਂ ਮਹਿਲਾਵਾਂ ਸਨਮਾਨਿਤ



ਨਿਊਯਾਰਕ/ਏ.ਟੀ.ਨਿਊਜ਼: ਨਿਊਯਾਰਕ ਵਿੱਚ ਭਾਰਤ ਦੇ ਕੌਂਸੁਲੇਟ ਜਨਰਲ ਤੇ ਫੈਡਰੇਸ਼ਨ ਆਫ਼ ਇੰਡੀਅਨ ਐਸੋਸੀਏਸ਼ਨ ਨੇ ਭਾਰਤੀ ਮੂਲ ਦੀਆਂ ਚਾਰ ਉੱਘੀਆਂ ਮਹਿਲਾਵਾਂ ਨੂੰ ਵੱਖ- ਵੱਖ ਖੇਤਰਾਂ ਵਿੱਚ ਪਾਏ ਉਨ੍ਹਾਂ ਦੇ ਯੋਗਦਾਨ ਲਈ ਸਨਮਾਨਿਤ ਕੀਤਾ।

ਇਨ੍ਹਾਂ ਵਿੱਚ ‘ਜੇ.ਪੀ. ਮੌਰਗਨ’ ਵਿੱਚ ਸਲਾਹਕਾਰ ਅਤੇ ਰਲੇਵਾਂ ਤੇ ਅਧਿਗ੍ਰਹਿਣ ਦੀ ਆਲਮੀ ਪ੍ਰਮੁੱਖ ਅਨੂ ਆਇੰਗਰ ‘ਏ ਸੀਰੀਜ਼ ਮੈਨੇਜਮੈਂਟ ਐਂਡ ਇਨਵੈਸਟਮੈਂਟਸ’ ਦੀ ਸੀ.ਈ.ਓ. ਤੇ ਬਾਨੀ ਅੰਜੁਲਾ ਅਚਾਰੀਆ ‘ਐੱਲਡੀਪੀ ਵੈਂਚਰਜ਼ ਦੀ ਸੀ.ਈ.ਓ. ਤੇ ਬਾਨੀ ਅਤੇ ‘ਵਿਮੈਨਸ ਐਂਟਰਪ੍ਰਿਨਿਓਰਸ਼ਿਪ ਡੇਅ ਆਰਗੇਨਾਈਜ਼ੇਸ਼ਨ ਦੀ ਬਾਨੀ ਵੈਂਡੀ ਡਾਇਮੰਡ ਤੇ ਸੀ.ਐੱਨ.ਬੀ.ਸੀ. ਦੀ ਪੱਤਰਕਾਰ ਤੇ ਮੇਜ਼ਬਾਨ ਸੀਮਾ ਮੋਦੀ ਸ਼ਾਮਲ ਹਨ।

ਨਿਊਯਾਰਕ ਵਿੱਚ ਪਿਛਲੇ ਹਫ਼ਤੇ ਸੱਤਵੇਂ ਸਾਲਾਨਾ ਕੌਮਾਂਤਰੀ ਮਹਿਲਾ ਦਿਵਸ ਮੌਕੇ ਭਾਰਤੀ ਕੌਂਸੁਲੇਟ ਜਨਰਲ ਵੱਲੋਂ ਇਨ੍ਹਾਂ ਨੂੰ ਸਨਮਾਨਿਤ ਕੀਤਾ ਗਿਆ। ਐੱਫ.ਆਈ.ਏ. ਵੱਲੋਂ ਜਾਰੀ ਪ੍ਰੈੱਸ ਰਿਲੀਜ਼ ਵਿੱਚ ਕਿਹਾ ਗਿਆ ਕਿ ਕੇਂਦਰੀ ਮਹਿਲਾ ਤੇ ਬਾਲ ਵਿਕਾਸ ਮੰਤਰੀ ਅੰਨਪੂਰਨਾ ਦੇਵੀ ਇਸ ਪ੍ਰੋਗਰਾਮ ਵਿੱਚ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਈ ਤੇ ਇਸ ਪ੍ਰੋਗਰਾਮ ਵਿੱਚ ‘ਵੱਖ ਵੱਖ ਖੇਤਰਾਂ ਵਿੱਚ ਪਾਏ ਅਹਿਮ ਯੋਗਦਾਨ’ ਲਈ ਇਨ੍ਹਾਂ ਮਹਿਲਾਵਾਂ ਨੂੰ ਸਨਮਾਨਿਤ ਕੀਤਾ ਗਿਆ।

# ਅਮਰੀਕਾ ਵੱਲੋਂ ਵਿਦੇਸ਼ੀਆਂ ’ਤੇ ਨਵਾਂ ਨਿਯਮ ਲਾਗੂ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਹਾਲ ਹੀ ਵਿੱਚ ਵਿਦੇਸ਼ੀਆਂ ’ਤੇ ਇੱਕ ਨਵਾਂ ਨਿਯਮ ਲਾਗੂ ਕੀਤਾ ਹੈ। ਪਹਿਲਾਂ ਤੋਂ ਹੀ ਹਜ਼ਾਰਾਂ ਗੈਰਕਾਨੂੰਨੀ ਪ੍ਰਵਾਸੀਆਂ ਨੂੰ ਡਿਪੋਰਟ ਕਰਨ ਦਾ ਸਿਲਸਿਲਾ ਜਾਰੀ ਹੈ। ਨਵੇਂ ਨਿਯਮ ਵਿੱਚ ਕੈਨੇਡੀਅਨ ਵਿਜ਼ਟਰਜ਼ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਅਮਰੀਕਾ ਦੇ ਇਮੀਗ੍ਰੇਸ਼ਨ ਵਿਭਾਗ ਵੱਲੋਂ ਜਾਰੀ ਨਵੀਆਂ ਹਦਾਇਤਾਂ ਮੁਤਾਬਕ 30 ਦਿਨ ਤੋਂ ਵੱਧ ਸਮਾਂ ਅਮਰੀਕਾ ਰਹਿਣ ਦੇ ਇੱਛੁਕ ਕੈਨੇਡੀਅਨਜ਼ ਨੂੰ ਆਪਣੀਆਂ ਉਂਗਲਾਂ ਦੇ ਨਿਸ਼ਾਨ ਦਿੰਦਿਆਂ ਰਜਿਸਟ੍ਰੇਸ਼ਨ ਕਰਵਾਉਣੀ ਹੋਵੇਗੀ। ਨਵੇਂ ਨਿਯਮ 11 ਅਪ੍ਰੈਲ ਤੋਂ ਲਾਗੂ ਹੋਣਗੇ ਅਤੇ 9 ਲੱਖ ਤੋਂ ਵੱਧ ਕੈਨੇਡੀਅਨਜ਼ ਪ੍ਰਭਾਵਿਤ ਹੋ ਸਕਦੇ ਹਨ, ਜਿਨ੍ਹਾਂ ਵਿਚੋਂ ਜ਼ਿਆਦਾਤਰ ਸਰਦੀਆਂ ਦਾ ਸਮਾਂ ਲੰਘਾਉਣ ਅਮਰੀਕਾ ਦੇ ਫ਼ਲੋਰੀਡਾ, ਟੈਕਸਸ ਅਤੇ ਸਾਊਥ ਕੈਰੋਲਾਈਨਾ ਰਾਜਾਂ ਵੱਲ ਜਾਂਦੇ ਹਨ।



### 22 ਲੱਖ ਤੋਂ 32 ਲੱਖ ਵਿਦੇਸ਼ੀ ਨਾਗਰਿਕ ਹੋਣਗੇ ਪ੍ਰਭਾਵਿਤ

ਡਿਪਾਰਟਮੈਂਟ ਆਫ਼ ਹੋਮਲੈਂਡ ਸਕਿਉਰਿਟੀ ਦਾ ਮੰਨਣਾ ਹੈ ਕਿ ਵਿਜ਼ਟਰਜ਼ ਲਈ ਨਵੇਂ ਰਜਿਸਟ੍ਰੇਸ਼ਨ ਰੂਲਜ਼ ਨਾਲ 22 ਲੱਖ ਤੋਂ 32 ਲੱਖ ਵਿਦੇਸ਼ੀ ਨਾਗਰਿਕ ਪ੍ਰਭਾਵਤ ਹੋਣਗੇ। ਇੱਥੇ ਦੱਸਣਾ ਬਣਦਾ ਹੈ ਕਿ ਇਸ ਤੋਂ ਪਹਿਲਾਂ ਪਹਿਲਾਂ ਗ਼ੈਰਕਾਨੂੰਨੀ ਪ੍ਰਵਾਸੀਆਂ ਲਈ ਵੀ ਉਂਗਲਾਂ ਦੇ ਨਿਸ਼ਾਨ ਦਰਜ ਕਰਵਾਉਣਾ ਲਾਜ਼ਮੀ ਕੀਤਾ ਜਾ ਚੁੱਕਾ ਹੈ ਅਤੇ ਅਜਿਹਾ ਨਾ ਕਰਨ ਵਾਲਿਆਂ ਨੂੰ ਜੇਲ੍ਹ ਭੇਜਣ ਦੀ ਧਮਕੀ ਦਿੱਤੀ ਗਈ ਹੈ। ਦਰਅਸਲ ਰਾਸ਼ਟਰਪਤੀ ਡੋਨਾਲਡ ਟਰੰਪ ਲੱਖਾਂ ਦੀ ਗਿਣਤੀ ਵਿੱਚ ਗ਼ੈਰਕਾਨੂੰਨੀ ਪ੍ਰਵਾਸੀਆਂ ਨੂੰ ਡਿਪੋਰਟ ਕਰਨਾ ਚਾਹੁੰਦੇ ਹਨ ਪਰ ਆਈ.ਸੀ.ਈ. ਦੇ ਛਾਪਿਆਂ ਨਾਲ ਐਨਾ ਵੱਡਾ ਅੰਕੜਾ ਹਾਸਲ ਕਰਨਾ ਬੇਹੱਦ ਮੁਸ਼ਕਿਲ ਮਹਿਸੂਸ ਹੋ ਰਿਹਾ ਹੈ। ਟਰੰਪ ਸਰਕਾਰ ਵੱਲੋਂ ਹੁਣ ਤੱਕ ਡਿਪੋਰਟ ਕੀਤੇ ਜ਼ਿਆਦਾਤਰ ਪ੍ਰਵਾਸੀ ਉਹ ਰਹੇ ਹਨ, ਜਿਨ੍ਹਾਂ ਨੂੰ ਬਾਰਡਰ ਪਾਰ ਕਰਦਿਆਂ ਕਾਬੂ ਕਰ ਕੇ ਇਮੀਗ੍ਰੇਸ਼ਨ ਡਿਟੈਨਸ਼ਨ ਸੈਂਟਰ ਲਿਜਾਇਆ ਗਿਆ। ਅਮਰੀਕਾ ਦੇ ਅੰਦਰੂਨੀ ਇਲਾਕਿਆਂ ਵਿਚੋਂ ਵੀ ਪ੍ਰਵਾਸੀ ਕਾਬੂ ਕੀਤੇ ਗਏ ਪਰ ਇਹ ਗਿਣਤੀ ਟਰੰਪ ਦੀ ਸੋਚ ਤੋਂ ਕਿਤੇ ਘੱਟ ਸਾਬਤ ਹੋਈ। ਟਰੰਪ ਸਰਕਾਰ ਦਾ ਕਹਿਣਾ ਹੈ ਕਿ ਗ਼ੈਰਕਾਨੂੰਨੀ ਪ੍ਰਵਾਸੀਆਂ ਨਾਲ ਸਬੰਧਤ ਰਜਿਸਟਰੀ ਵਿੱਚ ਆਨਲਾਈਨ ਜਾਣਕਾਰੀ ਦਰਜ ਕੀਤੀ ਜਾ (ਬਾਕੀ ਸਫ਼ਾ 30 ’ਤੇ)

## ਮਾਮਲਾ ਟਰੰਪ ਵੱਲੋਂ ਦੇਸ਼ ਨਿਕਾਲੇ ਸਬੰਧੀ ਕਾਨੂੰਨ ਦਾ

# ਸੰਘੀ ਅਦਾਲਤ ਦੇ ਜੱਜ ਨੇ ਅਮਰੀਕੀ ਪ੍ਰਸ਼ਾਸਨ ਨੂੰ ਕਾਨੂੰਨ ਲਾਗੂ ਕਰਨ ਤੋਂ ਰੋਕਿਆ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਦੇਸ਼ ਨਿਕਾਲੇ ਨੂੰ ਤੇਜ਼ ਕਰਨ ਲਈ 18ਵੀਂ ਸਦੀ ਦੇ ਕਾਨੂੰਨ ਦੀ ਵਰਤੋਂ ਦਾ ਐਲਾਨ ਕੀਤਾ ਸੀ, ਪਰ ਕੁਝ ਘੰਟਿਆਂ ਬਾਅਦ ਹੀ ਇੱਕ ਸੰਘੀ ਅਦਾਲਤ ਦੇ ਜੱਜ ਨੇ ਟਰੰਪ ਪ੍ਰਸ਼ਾਸਨ ਨੂੰ ਇਸਨੂੰ ਲਾਗੂ ਕਰਨ ਤੋਂ ਰੋਕ ਦਿੱਤਾ। ਟਰੰਪ ਪ੍ਰਸ਼ਾਸਨ ਨੇ ਇਸ ਕਾਨੂੰਨ ਦੀ ਵਰਤੋਂ ਇਹ ਕਹਿੰਦੇ ਹੋਏ ਕੀਤੀ ਕਿ ਵੈਨੇਜ਼ੁਏਲਾ ਦਾ ਇੱਕ ਗਿਰੋਹ ਅਮਰੀਕਾ ’ਤੇ ਹਮਲਾ ਕਰ ਰਿਹਾ ਹੈ ਅਤੇ ਪ੍ਰਸ਼ਾਸਨ ਕੋਲ ਆਪਣੇ ਮੈਂਬਰਾਂ ਨੂੰ ਦੇਸ਼ ਤੋਂ ਬਾਹਰ ਕੱਢਣ ਦੀਆਂ ਨਵੀਆਂ ਸ਼ਕਤੀਆਂ ਹਨ। ਕੋਲੰਬੀਆ ਜ਼ਿਲ੍ਹੇ ਲਈ ਅਮਰੀਕੀ ਜ਼ਿਲ੍ਹਾ ਅਦਾਲਤ ਦੇ ਮੁੱਖ ਜੱਜ ਜੇਮਜ਼ ਈ. ਬੋਅਸਬਰਗ ਨੇ ਕਿਹਾ ਕਿ ਉਨ੍ਹਾਂ ਨੂੰ ਆਪਣਾ ਹੁਕਮ ਤੁਰੰਤ ਜਾਰੀ ਕਰਨ ਦੀ ਲੋੜ ਹੈ ਕਿਉਂਕਿ ਸਰਕਾਰ ਪਹਿਲਾਂ ਹੀ ਪ੍ਰਵਾਸੀਆਂ ਨੂੰ ਅਲ ਸਲਵਾਡੋਰ ਅਤੇ ਹੋਂਡੁਰਾਸ ਭੇਜ ਰਹੀ ਸੀ।

ਅਮਰੀਕੀ ਪ੍ਰਸ਼ਾਸਨ ਦਾ ਦਾਅਵਾ ਹੈ ਕਿ ਟਰੰਪ ਦੇ ਐਲਾਨ ਤਹਿਤ ਇਨ੍ਹਾਂ ਪ੍ਰਵਾਸੀਆਂ ਨੂੰ ਨਵੇਂ ਸਿਰੇ ਤੋਂ ਦੇਸ਼ ਨਿਕਾਲਾ ਦਿੱਤਾ ਜਾ ਸਕਦਾ ਹੈ ਅਤੇ ਉਨ੍ਹਾਂ ਨੂੰ ਅਲ ਸਲਵਾਡੋਰ ਅਤੇ ਹੋਂਡੁਰਾਸ ਵਿੱਚ ਕੈਦ ਕੀਤਾ ਜਾਵੇਗਾ। ਐਲ ਸਲਵਾਡੋਰ ਇਸ ਹਫ਼ਤੇ 300 ਪ੍ਰਵਾਸੀਆਂ ਨੂੰ ਸਵੀਕਾਰ ਕਰਨ ਲਈ ਸਹਿਮਤ ਹੋਇਆ ਜਿਨ੍ਹਾਂ ਨੂੰ ਟਰੰਪ ਪ੍ਰਸ਼ਾਸਨ ਨੇ ਗੈਂਗ ਮੈਂਬਰ ਵਜੋਂ ਨਾਮਜ਼ਦ ਕੀਤਾ ਹੈ। (ਬਾਕੀ ਸਫ਼ਾ 30 ’ਤੇ)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

# ਹਿੰਦ-ਪ੍ਰਸ਼ਾਂਤ ਖੇਤਰ ਵਿੱਚ ਅਹਿਮ ਭੂਮਿਕਾ ਨਿਭਾਵੇ ਭਾਰਤ : ਲਕਸਨ

## ਨਿਊਜ਼ੀਲੈਂਡ ਦੇ ਪ੍ਰਧਾਨ ਮੰਤਰੀ ਕ੍ਰਿਸਟੋਫਰ ਲਕਸਨ ਨੇ ਗੁਰਦੁਆਰਾ ਰਕਾਬ ਗੰਜ ਸਾਹਿਬ ਵਿਖੇ ਮੱਥਾ ਟੇਕਿਆ

ਨਵੀਂ ਦਿੱਲੀ/ਏ.ਟੀ.ਨਿਊਜ਼: ਨਿਊਜ਼ੀਲੈਂਡ ਦੇ ਪ੍ਰਧਾਨ ਮੰਤਰੀ ਕ੍ਰਿਸਟਫਰ ਲਕਸਨ ਨੇ ਕਿਹਾ ਕਿ ਭਾਰਤ ਨੂੰ ਹਿੰਦ-ਪ੍ਰਸ਼ਾਂਤ ਖੇਤਰ ਵਿੱਚ ਅਹਿਮ ਭੂਮਿਕਾ ਨਿਭਾਉਣੀ ਹੈ ਕਿਉਂਕਿ ਇਸ ਦਾ ਆਕਾਰ ਅਤੇ ਭੂ-ਰਣਨੀਤਕ ਤਾਕਤ ਤੇਜ਼ੀ ਨਾਲ ਬਹੁਧਰੁਵੀ ਹੁੰਦੀ ਜਾ ਰਹੀ ਦੁਨੀਆ ਵਿੱਚ ਅਹਿਮ ਹੈ। ਉਨ੍ਹਾਂ ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ ਦਾ ਸਥਾਈ ਮੈਂਬਰ ਬਣਨ ਸਬੰਧੀ ਨਵੀਂ ਦਿੱਲੀ ਦੀਆਂ ਕੋਸ਼ਿਸ਼ਾਂ ਦਾ ਸਮਰਥਨ ਕੀਤਾ ਰਾਇਸੀਨਾ ਡਾਇਲਾਗ ਵਿੱਚ ਆਪਣੇ ਸੰਬੋਧਨ ਦੌਰਾਨ ਲਕਸਨ ਨੇ ਹਿੰਦ-ਪ੍ਰਸ਼ਾਂਤ ਖੇਤਰ ਵਿੱਚ ਨਿਯਮ ਆਧਾਰਿਤ ਵਿਵਸਥਾ ਯਕੀਨੀ ਬਣਾਉਣ ਦੀ ਲੋੜ 'ਤੇ ਜ਼ੋਰ ਦਿੱਤਾ ਅਤੇ ਕਿਹਾ ਕਿ 'ਜਿਸ ਦੀ ਲਾਠੀ ਉਸੇ ਦੀ ਮੱਝ' ਵਾਲਾ ਦ੍ਰਿਸ਼ਟੀਕੋਣ ਨਾਮਨਜ਼ੂਰ ਹੈ। ਇਹ ਟਿੱਪਣੀ ਖੇਤਰ ਵਿੱਚ ਚੀਨ ਦੀ ਵਧਦੀ ਤਾਕਤ ਦਰਮਿਆਨ ਆਈ ਹੈ।



ਨਿਊਜ਼ੀਲੈਂਡ ਦੇ ਪ੍ਰਧਾਨ ਮੰਤਰੀ ਨੇ ਕਿਹਾ ਕਿ ਭਾਰਤ ਵਰਗੇ ਦੇਸ਼ ਆਲਮੀ ਪੱਧਰ 'ਤੇ ਅਜਿਹੀ ਕੇਂਦਰੀ ਭੂਮਿਕਾ ਨਿਭਾਉਂਦੇ ਹਨ ਅਤੇ ਨਿਊਜ਼ੀਲੈਂਡ, ਨਵੀਂ ਦਿੱਲੀ ਨੂੰ ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ ਵਿੱਚ ਸਥਾਈ ਸੀਟ ਦਿੱਤੇ ਜਾਣ ਦਾ ਸਮਰਥਨ ਕਰਦਾ ਹੈ। ਆਪਣੇ ਸੰਬੋਧਨ ਵਿੱਚ ਨਿਊਜ਼ੀਲੈਂਡ ਦੇ ਪ੍ਰਧਾਨ ਮੰਤਰੀ ਨੇ ਮੁੱਖ ਤੌਰ 'ਤੇ ਹਿੰਦ-ਪ੍ਰਸ਼ਾਂਤ ਖੇਤਰ ਦੇ ਆਰਥਿਕ ਤੇ ਸਿਆਸੀ ਪਹਿਲੂਆਂ ਬਾਰੇ ਚਰਚਾ ਕੀਤੀ ਅਤੇ ਖ਼ਿੱਤੇ ਵਿੱਚ ਵਧਦੀ ਸ਼ਕਤੀ ਸਮਰੱਥਾ ਦਾ ਵਿਸ਼ਲੇਸ਼ਣ ਕੀਤਾ। ਲਕਸਨ ਨੇ ਇਹ ਟਿੱਪਣੀਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਾਲ ਰਾਇਸੀਨਾ ਗੱਲਬਾਤ ਦਾ ਉਦਘਾਟਨ ਕਰਨ ਤੋਂ ਬਾਅਦ ਕੀਤੀਆਂ। ਲਕਸਰ ਨੇ ਕਿਹਾ ਕਿ ਉਨ੍ਹਾਂ ਦਾ ਦੇਸ਼ ਭਾਰਤ ਵਰਗੇ ਹਮਖਿਆਲੀ ਦੇਸ਼ਾਂ ਨਾਲ ਰੱਖਿਆ ਸਹਿਯੋਗ ਵਧਾਏਗਾ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਨਿਊਜ਼ੀਲੈਂਡ ਦੇ ਉਨ੍ਹਾਂ ਦੇ ਹਮਰੁਤਬਾ ਕ੍ਰਿਸਟੋਫਰ ਲਕਸਨ ਨੇ ਕੌਮੀ ਰਾਜਧਾਨੀ ਵਿੱਚ ਸਥਿਤ ਗੁਰਦੁਆਰਾ ਰਕਾਬ ਗੰਜ ਸਾਹਿਬ ਵਿਖੇ ਮੱਥਾ ਟੇਕਿਆ। ਮੋਦੀ ਤੇ ਲਕਸਨ ਦੋਹਾਂ ਆਗੂਆਂ ਨੇ ਸਿਰ 'ਤੇ ਪੀਲੇ ਪਟਕੇ ਪਹਿਨੇ ਹੋਏ ਸਨ। ਦੋਵੇਂ ਆਗੂ ਗੁਰੂ ਗ੍ਰੰਥ ਸਾਹਿਬ ਅੱਗੇ ਨਤਮਸਤਕ ਹੋਏ।

# ਦਲਾਈ ਲਾਮਾ ਨੂੰ 'ਗੋਲਡ ਮਰਕਰੀ ਐਵਾਰਡ' ਦੇਣ ਦਾ ਐਲਾਨ

ਲੰਡਨ/ਏ.ਟੀ.ਨਿਊਜ਼: ਗੋਲਡ ਮਰਕਰੀ ਇੰਟਰਨੈਸ਼ਨਲ ਨੇ ਆਪਣਾ ਸਾਲ 2025 ਦਾ 'ਗੋਲਡ ਮਰਕਰੀ ਐਵਾਰਡ' 14ਵੇਂ ਦਲਾਈ ਲਾਮਾ ਨੂੰ ਦੇਣ ਦਾ ਐਲਾਨ ਕੀਤਾ ਹੈ। ਦਲਾਈ ਲਾਮਾ ਨੂੰ ਇਹ ਐਵਾਰਡ ਲੋਕਾਂ ਵਿਚਾਲੇ ਅਮਨ, ਦਯਾ ਤੇ ਭਲਾਈ ਦੇ ਸੁਨੇਹੇ ਨੂੰ ਫੈਲਾਉਣ 'ਚ ਨਿਭਾਈ ਭੂਮਿਕਾ ਲਈ ਦਿੱਤਾ ਗਿਆ ਹੈ।



ਇਸ ਸਨਮਾਨ ਤੋਂ ਬਾਅਦ ਦਲਾਈ ਲਾਮਾ ਨੇ ਆਲਮੀ ਆਗੂਆਂ ਨੂੰ ਦੁਨੀਆਂ 'ਚ ਜਾਰੀ ਤਣਾਅ, ਸੰਘਰਸ਼ ਤੇ ਵਾਤਾਵਰਣ ਚੁਣੌਤੀਆਂ ਦਰਮਿਆਨ ਚੰਗੇਰੇ ਭਵਿੱਖ ਲਈ ਕੰਮ ਕਰਨ ਦਾ ਸੱਦਾ ਦਿੱਤਾ ਹੈ। ਉਨ੍ਹਾਂ ਕਿਹਾ, 'ਸ਼ਾਂਤੀ, ਅਹਿੰਸਾ ਤੇ ਵਾਤਾਵਰਣ ਸੰਭਾਲ ਦਾ ਸੁਨੇਹਾ ਫੈਲਾਉਣ ਲਈ ਗੋਲਡ ਮਰਕਰੀ ਪੁਰਸਕਾਰ ਹਾਸਲ ਕਰਕੇ ਮੈਂ ਬਹੁਤ ਸਨਮਾਨਿਤ ਮਹਿਸੂਸ ਕਰ ਰਿਹਾ ਹਾਂ। ਇਹ ਸਨਮਾਨ ਸਾਨੂੰ ਸਮਝ, ਗਿਆਨ ਤੇ ਵਾਤਾਵਰਣ ਪ੍ਰਤੀ ਹਮਦਰਦੀ ਨੂੰ ਉਤਸ਼ਾਹਿਤ ਕਰਨ ਦੀ ਸਾਡੀ ਸਮੂਹਿਕ ਜ਼ਿੰਮੇਵਾਰੀ ਦੀ ਯਾਦ ਦਿਵਾਉਂਦਾ ਹੈ।'

# ਕਿਸੇ ਵੀ ਦੇਸ਼ ਦੇ ਹਿੱਤ ਵਿੱਚ ਨਹੀਂ ਹੈ ਵਪਾਰਕ ਜੰਗ : ਗੁਟੇਰੇਜ਼

## ਸਾਰੇ ਦੇਸ਼ਾਂ ਲਈ ਫ਼ਾਇਦੇਮੰਦ ਹੋਵੇਗੀ ਮੁਕਤ ਵਪਾਰ ਦੀ ਸਥਿਤੀ

ਸੰਯੁਕਤ ਰਾਸ਼ਟਰ/ਏ.ਟੀ.ਨਿਊਜ਼: ਟਰੰਪ ਪ੍ਰਸ਼ਾਸਨ ਵੱਲੋਂ ਸ਼ੁਰੂ ਕੀਤੀਆਂ ਗਈਆਂ ਟੈਰਿਫ਼ ਜੰਗਾਂ ਦੇ ਪਿਛੋਕੜ ਵਿੱਚ ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਅੰਤੋਨੀਓ ਗੁਟੇਰੇਜ਼ ਨੇ ਚਿਤਾਵਨੀ ਦਿੱਤੀ ਹੈ ਕਿ ਜਦੋਂ ਦੇਸ਼ ਵਪਾਰਕ ਜੰਗ ਵਿੱਚ ਕੁੱਦਣਗੇ ਤਾਂ ਸਭ ਕੁਝ ਗੁਆ ਦੇਣਗੇ। ਗੁਟੇਰੇਜ਼ ਨੇ ਇੱਥੇ ਕਿਹਾ, "ਮੈਨੂੰ ਲੱਗਦਾ ਹੈ ਕਿ ਅਸੀਂ ਇੱਕ ਆਲਮੀ ਅਰਥਚਾਰੇ ਵਿੱਚ ਰਹਿੰਦੇ ਹਾਂ। ਸਭ ਕੁਝ ਆਪਸ ਵਿੱਚ ਜੁੜਿਆ ਹੋਇਆ ਹੈ ਅਤੇ ਜ਼ਾਹਿਰ ਹੈ ਕਿ ਮੁਕਤ ਵਪਾਰ ਦੀ ਸਥਿਤੀ ਸਾਰੇ ਦੇਸ਼ਾਂ ਲਈ ਫ਼ਾਇਦੇਮੰਦ ਹੋਵੇਗੀ, ਜਦੋਂ ਅਸੀਂ ਵਪਾਰਕ ਜੰਗ ਵਿੱਚ ਕੁੱਦਾਂਗੇ ਤਾਂ ਮੇਰਾ ਮੰਨਣਾ ਹੈ ਕਿ ਸਭ ਕੁਝ ਗੁਆ ਦੇਵਾਂਗੇ।" ਉਹ ਵਧਦੀ ਆਲਮੀ ਵਪਾਰਕ ਜੰਗ ਬਾਰੇ ਇੱਕ ਸਵਾਲ ਦਾ ਜਵਾਬ ਦੇ ਰਹੇ ਸਨ।



ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵ੍ਹਾਈਟ ਹਾਊਸ ਵਿੱਚ ਆਪਣੇ ਦੂਜੇ ਕਾਰਜਕਾਲ ਦੌਰਾਨ ਕਿਹਾ ਹੈ ਕਿ ਅਮਰੀਕਾ ਉਨ੍ਹਾਂ ਦੇਸ਼ਾਂ 'ਤੇ ਮੋੜਵੇਂ ਟੈਕਸ ਲਗਾਏਗਾ ਜਿਹੜੇ ਅਮਰੀਕੀ ਵਸਤਾਂ 'ਤੇ ਮੋਟੇ ਟੈਕਸ ਲਗਾਉਂਦੇ ਹਨ। ਟਰੰਪ ਦਾ ਕਹਿਣਾ ਹੈ, "ਅਮਰੀਕਾ ਸੈਂਕੜੇ ਅਰਬ ਡਾਲਰ ਦਾ ਟੈਕਸ ਲੈਣ ਜਾ ਰਿਹਾ ਹੈ ਅਤੇ ਅਸੀਂ ਐਨੇ ਅਮੀਰ ਹੋ ਜਾਵਾਂਗੇ ਕਿ ਤੁਹਾਨੂੰ ਪਤਾ ਹੀ ਨਹੀਂ ਲੱਗੇਗਾ ਕਿ ਐਨਾ ਸਾਰਾ ਪੈਸਾ ਕਿੱਥੇ ਖਰਚ ਕਰਨਾ ਹੈ।"

# ਗਾਜ਼ਾ ਪੱਟੀ : ਇਜ਼ਰਾਇਲੀ ਹਮਲੇ 'ਚ ਬੱਚਿਆਂ ਤੇ ਮਹਿਲਾਵਾਂ ਸਮੇਤ 413 ਵਿਅਕਤੀਆਂ ਦੀ ਮੌਤ

## ਜੰਗਬੰਦੀ ਅਮਲ ਵਿੱਚ ਆਉਣ ਮਗਰੋਂ ਗਾਜ਼ਾ 'ਚ ਸਭ ਤੋਂ ਭਿਆਨਕ ਹਮਲਾ

ਦੀਰ ਅਲ-ਬਲਾਹ/ਏ.ਟੀ.ਨਿਊਜ਼: ਇਜ਼ਰਾਇਲ ਨੇ ਗਾਜ਼ਾ ਪੱਟੀ ਖੇਤਰ 'ਚ ਹਮਾਸ ਦੇ ਟਿਕਾਣਿਆਂ ਨੂੰ ਨਿਸ਼ਾਨਾ ਬਣਾਉਂਦਿਆਂ ਲੜੀਵਾਰ ਹਵਾਈ ਹਮਲੇ ਕੀਤੇ, ਜਿਨ੍ਹਾਂ 'ਚ ਕਈ ਬੱਚਿਆਂ ਤੇ ਮਹਿਲਾਵਾਂ ਸਮੇਤ ਘੱਟੋ-ਘੱਟ 413 ਵਿਅਕਤੀਆਂ ਦੀ ਮੌਤ ਹੋ ਗਈ। ਜਨਵਰੀ ਵਿੱਚ ਜੰਗਬੰਦੀ ਅਮਲ 'ਚ ਆਉਣ ਮਗਰੋਂ ਗਾਜ਼ਾ 'ਚ ਇਹ ਸਭ ਤੋਂ ਭਿਆਨਕ ਹਮਲਾ ਹੈ। ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਕਿਹਾ ਕਿ ਜੰਗਬੰਦੀ ਵਧਾਉਣ ਲਈ ਵਾਰਤਾ 'ਚ ਕੋਈ ਖਾਸ ਪ੍ਰਗਤੀ ਨਾ ਹੋਣ ਕਾਰਨ ਉਨ੍ਹਾਂ ਹਮਲੇ ਦਾ ਹੁਕਮ ਦਿੱਤਾ। ਅਧਿਕਾਰੀਆਂ ਨੇ ਦੱਸਿਆ ਕਿ ਇਜ਼ਰਾਇਲ ਵੱਲੋਂ ਹੋਰ ਹਮਲੇ ਵੀ ਕੀਤੇ ਜਾ ਸਕਦੇ ਹਨ।

ਅਮਰੀਕੀ ਰਾਸ਼ਟਰਪਤੀ ਦੇ ਅਧਿਕਾਰਤ ਦਫ਼ਤਰ ਵ੍ਹਾਈਟ ਹਾਊਸ ਨੇ ਕਿਹਾ ਕਿ ਹਮਲਾ ਕਰਨ ਤੋਂ ਪਹਿਲਾਂ ਉਸ ਤੋਂ ਸਲਾਹ ਲਈ ਗਈ ਹੈ ਅਤੇ ਉਸ ਨੇ ਇਜ਼ਰਾਇਲ ਦੇ ਫ਼ੈਸਲੇ ਦੀ ਹਮਾਇਤ ਕੀਤੀ ਹੈ। ਇਜ਼ਰਾਇਲੀ ਸੈਨਾ ਨੇ ਲੋਕਾਂ ਨੂੰ ਪੂਰਬੀ ਗਾਜ਼ਾ ਛੱਡਣ ਦਾ ਹੁਕਮ ਦਿੱਤਾ। ਇਸ ਮਗਰੋਂ ਲੋਕ ਮੱਧ ਗਾਜ਼ਾ ਵੱਲ ਵੱਧ ਰਹੇ ਹਨ ਜਿਸ ਤੋਂ ਸੰਕੇਤ ਮਿਲਦੇ ਹਨ ਕਿ ਇਜ਼ਰਾਇਲ ਜਲਦੀ ਹੀ ਨਵੇਂ ਸਿਰੇ ਤੋਂ ਜੰਗੀ ਮੁਹਿੰਮ ਸ਼ੁਰੂ ਕਰ ਸਕਦਾ ਹੈ। ਨੇਤਨਯਾਹੂ ਦੇ ਦਫ਼ਤਰ ਨੇ ਕਿਹਾ, 'ਇਜ਼ਰਾਇਲ ਹੁਣ ਫੌਜੀ ਤਾਕਤ ਵਧਾ ਕੇ ਹਮਾਸ ਖ਼ਿਲਾਫ਼ ਕਾਰਵਾਈ ਕਰੇਗਾ।' ਰਾਤ ਭਰ ਹੋਏ ਹਮਲਿਆਂ ਨੇ ਸ਼ਾਂਤੀ ਦਾ ਦੌਰ ਖਤਮ ਕਰ ਦਿੱਤਾ ਹੈ ਅਤੇ 17 ਮਹੀਨੇ ਤੋਂ ਜਾਰੀ ਸੰਘਰਸ਼ ਮੁੜ ਤੋਂ ਸ਼ੁਰੂ ਹੋਣ ਦਾ ਖਦਸ਼ਾ ਵਧਾ ਦਿੱਤਾ ਹੈ। ਇਸ ਜੰਗ ਵਿੱਚ ਹੁਣ ਤੱਕ 48 ਹਜ਼ਾਰ ਤੋਂ ਵੱਧ ਫਲਸਤੀਨੀ ਮਾਰੇ ਜਾ ਚੁੱਕੇ ਹਨ ਤੇ ਗਾਜ਼ਾ ਤਬਾਹ ਹੋ ਗਿਆ ਹੈ।



# ਤਿੰਨ ਸਾਲਾਂ ਤੋਂ ਰੂਸ ਤੇ ਯੂਕ੍ਰੇਨ ਵਿਚਾਲੇ ਚੱਲ ਰਹੀ ਭਿਆਨਕ ਜੰਗ ਨੂੰ ਖ਼ਤਮ ਕਰਨਾ ਚਾਹੁੰਦੈ ਅਮਰੀਕਾ

## ਜੰਗ ਨੂੰ ਰੋਕਣ ਲਈ ਟਰੰਪ ਤੇ ਪੁਤਿਨ ਵਿਚਾਲੇ ਹੋਈ ਗੱਲਬਾਤ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦੀ ਗੱਲਬਾਤ ਇੱਕ ਘੰਟੇ ਤੋਂ ਜ਼ਿਆਦਾ ਸਮੇਂ ਤੱਕ ਚੱਲੀ। ਇਸ ਦੌਰਾਨ ਵ੍ਹਾਈਟ ਹਾਊਸ ਰੂਸ 'ਤੇ ਯੂਕ੍ਰੇਨ ਦੇ ਨਾਲ 30 ਦਿਨਾਂ ਦੀ ਜੰਗਬੰਦੀ ਦੇ ਪ੍ਰਸਤਾਵ 'ਤੇ ਦਸਤਖ਼ਤਾਂ ਲਈ ਦਬਾਅ ਪਾ ਰਿਹਾ ਹੈ।

ਇਸ ਦਾ ਉਦੇਸ਼ ਤਿੰਨ ਸਾਲਾਂ ਤੋਂ ਚੱਲ ਰਹੀ ਭਿਆਨਕ ਜੰਗ ਨੂੰ ਖ਼ਤਮ ਕਰਨਾ ਹੈ। ਵ੍ਹਾਈਟ ਹਾਊਸ ਅਤੇ ਕ੍ਰੈਮਲਿਨ ਨੇ ਗੱਲਬਾਤ ਦੇ ਸਾਰ ਬਾਰੇ ਤੁਰੰਤ ਕੋਈ ਵੇਰਵਾ ਨਹੀਂ ਦਿੱਤਾ ਪਰ ਦੋਵੇਂ ਧਿਰਾਂ ਨੇ ਪੁਸ਼ਟੀ ਕੀਤੀ ਹੈ ਕਿ ਗੱਲਬਾਤ ਖ਼ਤਮ ਹੋ ਗਈ ਹੈ। ਟਰੰਪ ਨੇ ਪੁਤਿਨ ਨਾਲ ਗੱਲਬਾਤ ਤੋਂ ਪਹਿਲਾਂ ਕਿਹਾ ਸੀ ਕਿ ਉਨ੍ਹਾਂ ਨੂੰ ਆਸ ਹੈ ਕਿ ਪੁਤਿਨ ਨਾਲ ਤਿੰਨ ਸਾਲਾਂ ਤੋਂ ਚੱਲ ਰਹੀ ਜੰਗ ਦੌਰਾਨ ਜ਼ਬਤ ਕੀਤੀ ਜ਼ਮੀਨ ਅਤੇ ਬਿਜਲੀ ਪਲਾਂਟਾਂ ਬਾਰੇ ਚਰਚਾ ਹੋਵੇਗੀ। ਦੂਜੇ ਪਾਸੇ ਯੂਕ੍ਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੈਂਸਕੀ ਨੂੰ ਪੁਤਿਨ ਦੇ ਸ਼ਾਂਤੀ ਲਈ ਤਿਆਰ ਹੋਣ ਬਾਰੇ ਸ਼ੱਕ ਹੈ, ਕਿਉਂਕਿ ਰੂਸੀ ਫੌਜ ਯੂਕ੍ਰੇਨ 'ਤੇ ਲਗਾਤਾਰ ਬੰਬਾਰੀ ਕਰ ਰਹੀ ਹੈ। ਪਿਛਲੇ ਹਫ਼ਤੇ ਯੂਕ੍ਰੇਨ ਦੇ ਅਧਿਕਾਰੀਆਂ ਨੇ ਸਾਊਦੀ ਅਰਬ ਵਿੱਚ ਅਮਰੀਕਾ ਦੇ ਵਿਦੇਸ਼ ਮੰਤਰੀ ਮਾਰਕੋ ਰੂਬੀਓ ਦੀ ਅਗਵਾਈ ਵਿੱਚ ਹੋਈ ਗੱਲਬਾਤ ਦੌਰਾਨ ਅਮਰੀਕੀ ਪ੍ਰਸਤਾਵ 'ਤੇ ਸਹਿਮਤੀ ਜਤਾਈ ਸੀ।



### ਅਮਰੀਕਾ ਨੇ ਯੂਕ੍ਰੇਨ ਨਾਲ ਫ਼ੌਜੀ ਸਹਾਇਤਾ ਅਤੇ ਖ਼ੁਫ਼ੀਆ ਜਾਣਕਾਰੀ ਸਾਂਝੀ ਕਰਨ 'ਤੇ ਲੱਗੀ ਪਾਬੰਦੀ ਹਟਾਈ

ਵਾਸ਼ਿੰਗਟਨ/ਏ.ਟੀ.ਨਿਊਜ਼ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪ੍ਰਸ਼ਾਸਨ ਨੇ ਐਲਾਨ ਕੀਤਾ ਕਿ ਉਹ ਯੂਕ੍ਰੇਨ ਨਾਲ ਫ਼ੌਜੀ ਸਹਾਇਤਾ ਅਤੇ ਖ਼ੁਫ਼ੀਆ ਜਾਣਕਾਰੀ ਸਾਂਝੀ ਕਰਨ 'ਤੇ ਲੱਗੀ ਪਾਬੰਦੀ ਤੁਰੰਤ ਹਟਾ ਦੇਵੇਗਾ। ਇਹ ਫ਼ੈਸਲਾ ਸਾਊਦੀ ਅਰਬ ਦੇ ਜੇਦਾਹ ਵਿੱਚ ਅਮਰੀਕਾ ਅਤੇ ਯੂਕ੍ਰੇਨੀ ਅਧਿਕਾਰੀਆਂ ਵਿਚਕਾਰ ਨੌਂ ਘੰਟਿਆਂ ਤੋਂ ਵੱਧ ਚੱਲੀ ਗੱਲਬਾਤ ਤੋਂ ਬਾਅਦ ਆਇਆ, ਜਿਸ ਵਿੱਚ ਯੂਕ੍ਰੇਨ 30 ਦਿਨਾਂ ਦੀ ਜੰਗਬੰਦੀ ਅਤੇ ਰੂਸ ਨਾਲ ਸ਼ਾਂਤੀ ਵਾਰਤਾ ਸ਼ੁਰੂ ਕਰਨ ਲਈ ਸਹਿਮਤ ਹੋਇਆ। ਯੂਕ੍ਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੈਂਸਕੀ ਦੇ ਦਫ਼ਤਰ ਦੇ ਮੁਖੀ ਆਂਦਰੇਈ ਯੇਰਮਾਕ ਨੇ ਕਿਹਾ ਕਿ ਯੂਕ੍ਰੇਨ ਸ਼ਾਂਤੀ ਲਈ ਤਿਆਰ ਹੈ। ਅਸੀਂ ਇਸ ਪ੍ਰਸਤਾਵ ਦਾ ਸਵਾਗਤ ਕਰਦੇ ਹਾਂ ਅਤੇ ਇਸਨੂੰ ਸਕਾਰਾਤਮਕ ਮੰਨਦੇ ਹਾਂ। ਉਨ੍ਹਾਂ ਇਹ ਵੀ ਕਿਹਾ ਕਿ ਇਹ ਜੰਗਬੰਦੀ ਤਾਂ ਹੀ ਪ੍ਰਭਾਵੀ ਹੋਵੇਗੀ ਜੇਕਰ ਰੂਸ ਵੀ ਆਪਣੀਆਂ ਸ਼ਰਤਾਂ ਦੀ ਪਾਲਣਾ ਕਰਨ ਲਈ ਸਹਿਮਤ ਹੁੰਦਾ ਹੈ।



ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਕਿਹਾ ਕਿ (ਬਾਕੀ ਸਫ਼ਾ 30 'ਤੇ)

# ਮਾਨ ਸਰਕਾਰ ਦੇ 3 ਸਾਲ ਪੂਰੇ, ਜਾਣੋ ਕਿਹੜੇ ਵਾਅਦੇ ਸਰਕਾਰ ਨੇ ਕੀਤੇ ਪੂਰੇ

## ਕਿਉਂ ਡੁੱਬਿਆ ਪੰਜਾਬ ਭਾਰੀ ਕਰਜ਼ੇ ਵਿੱਚ ?

## ਪੰਜਾਬ 'ਚ 16 ਮੈਡੀਕਲ ਕਾਲਜ ਖੋਲ੍ਹਣ ਦੀ ਗਰੰਟੀ ਹਾਲੇ ਤੱਕ ਪੂਰੀ ਨਹੀਂ ਹੋਈ

### ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਇਨਸਾਫ਼ ਕਿਉਂ ਨਹੀਂ ਮਿਲਿਆ ?

ਅੱਜ ਆਮ ਆਦਮੀ ਪਾਰਟੀ ਨੂੰ ਪੰਜਾਬ ਦੀ ਸੱਤਾ ਸੰਭਾਲੇ ਪੂਰੇ 3 ਸਾਲ ਹੋ ਗਏ ਹਨ।2022 ਵਿੱਚ, 'ਆਪ' ਨੇ ਰਾਜ ਦੀਆਂ 117 ਵਿੱਚੋਂ 92 ਸੀਟਾਂ ਜਿੱਤ ਕੇ ਸ਼ਾਨਦਾਰ ਜਿੱਤ ਦਰਜ ਕੀਤੀ। ਇਸ ਤੋਂ ਬਾਅਦ ਭਗਵੰਤ ਮਾਨ ਨੇ ਪੰਜਾਬ ਵਿੱਚ 'ਆਪ' ਦੇ ਪਹਿਲੇ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ।

ਆਪ' ਸਰਕਾਰ ਲਈ ਪੰਜਾਬ ਵਿੱਚ ਫ਼ੈਲਿਆ ਭ੍ਰਿਸ਼ਟਾਚਾਰ ਬਹੁਤ ਵੱਡੀ ਚੁਣੌਤੀ ਹੈ।ਪੰਜਾਬ ਵਿੱਚ ਸ਼ਾਇਦ ਹੀ ਕੋਈ ਅਜਿਹਾ ਮਹਿਕਮਾ ਹੋਵੇ ਜਿੱਥੇ ਰਿਸ਼ਵਤ ਨਾ ਚੱਲਦੀ ਹੋਵੇ ਜਾਂ ਕਹਿ ਲਈਏ ਕਿ ਭ੍ਰਿਸ਼ਟਾਚਾਰ ਤੋਂ ਮੁਕਤ ਹੋਵੇ। ਇੱਥੇ ਸਿਆਸੀ ਲੀਡਰਾਂ ਨੇ ਆਪ ਵੀ ਬਹੁਤ ਘਪਲੇ ਕੀਤੇ, ਜਿਨ੍ਹਾਂ ਵਿੱਚੋਂ ਚੋਣਾਂ ਸਮੇਂ ਕੁਝ ਦੇ ਨਾਮ ਸਾਹਮਣੇ ਵੀ ਆਏ ਸਨ।ਜਿੰਨਾ ਚਿਰ ਪੰਜਾਬ ਭ੍ਰਿਸ਼ਟਾਚਾਰ ਤੋਂ ਮੁਕਤ ਨਹੀਂ ਹੁੰਦਾ ਓਨਾ ਚਿਰ ਪੰਜਾਬ ਦਾ ਸੁਧਾਰ ਸੰਭਵ ਨਹੀਂ।

**ਬੇਰੁਜ਼ਗਾਰੀ ਦੀ ਸਮੱਸਿਆ**

ਬੇਰੁਜ਼ਗਾਰੀ ਦੀ ਸਮੱਸਿਆ ਵੀ ਪੰਜਾਬ ਸਰਕਾਰ ਲਈ ਇੱਕ ਗੰਭੀਰ ਚੁਣੌਤੀ ਹੈ।ਚੋਣਾਂ ਸਮੇਂ 'ਆਪ' ਨੇ ਇਸ ਸਮੱਸਿਆ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਨ ਦਾ ਭਰੋਸਾ ਦਿਵਾਇਆ ਸੀ। ਬੇਰੁਜ਼ਗਾਰੀ ਖ਼ਤਮ ਕਰਨਾ ਸਰਕਾਰ ਦਾ ਮਹੱਤਵਪੂਰਨ ਫ਼ਰਜ਼ ਹੈ, ਜਿਸ ਨੂੰ ਕਿਸੇ ਵੀ ਹਾਲਾਤ ਵਿੱਚ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ। ਨੌਕਰੀਆਂ ਨਾ ਮਿਲਣ ਕਰਕੇ ਪੰਜਾਬ ਦੇ ਨੌਜਵਾਨ ਮੁੰਡੇ-ਕੁੜੀਆਂ ਬਾਹਰਲੇ ਦੇਸ਼ਾਂ ਵੱਲ ਵਹੀਰਾਂ ਘੱਤ ਰਹੇ ਹਨ ਜੋ ਕਿ ਪੰਜਾਬ ਅਤੇ ਪੂਰੀ ਪੰਜਾਬੀ ਕੌਮ ਲਈ ਬਹੁਤ ਨਮੋਸ਼ੀਪੂਰਨ ਹੈ। ਮੌਜੂਦਾ ਪੰਜਾਬ ਸਰਕਾਰ ਨੇ ਸੱਤਾ ਵਿੱਚ ਆਉਂਦੇ ਹੀ 25,000 ਸਰਕਾਰੀ ਨੌਕਰੀਆਂ ਦੇਣ ਦਾ ਐਲਾਨ ਕੀਤਾ ਸੀ, ਜਿਨ੍ਹਾਂ ਵਿੱਚੋਂ 10,000 ਭਰਤੀਆਂ ਪੁਲਿਸ ਵਿਭਾਗ ਵਿੱਚ ਹੋਣੀਆਂ ਹਨ। ਪਰ ਪੰਜਾਬ ਵਿੱਚ ਬੇਰੁਜ਼ਗਾਰੀ ਦੀ ਸਮੱਸਿਆ ਹੱਲ ਕਰਨ ਲਈ ਇਹ ਨੌਕਰੀਆਂ ਕਾਫ਼ੀ ਨਹੀਂ। ਸਰਕਾਰ ਨੂੰ ਸਮੇਂ-ਸਮੇਂ 'ਤੇ ਸਾਰੇ ਵਿਭਾਗਾਂ ਵਿੱਚ ਭਰਤੀਆਂ ਜ਼ਰੂਰ ਕਰਨੀਆਂ ਚਾਹੀਦੀਆਂ ਹਨ ਤਾਂ ਜੋ ਨੌਜਵਾਨਾਂ ਨੂੰ ਸਮੇਂ ਸਿਰ ਰੁਜ਼ਗਾਰ ਮਿਲ ਸਕੇ। ਪਹਿਲੀਆਂ ਸਰਕਾਰਾਂ ਦੀ ਅਣਦੇਖੀ ਕਰਕੇ ਹੀ ਅੱਜ ਪੰਜਾਬ ਵਿੱਚ ਬੇਰੁਜ਼ਗਾਰੀ ਸਿਖਰਾਂ 'ਤੇ ਹੈ।

**ਨਸ਼ੇ ਦਾ ਮੁੱਦਾ**

ਨਸ਼ੇ ਦਾ ਮੁੱਦਾ ਵੀ ਬਹੁਤ ਗੰਭੀਰ ਮੁੱਦਾ ਹੈ, ਪੰਜਾਬ ਵਿੱਚ ਨਿੱਤ ਹੀ ਕਈ ਨੌਜਵਾਨ ਨਸ਼ੇ ਦੀ ਭੇਟ ਚੜ੍ਹਦੇ ਹਨ। ਕਈ ਘਰ ਇਸ ਨਸ਼ੇ ਕਾਰਨ ਬਰਬਾਦ ਹੋ ਚੁੱਕੇ ਹਨ ਅਤੇ ਕਈ ਬਰਬਾਦ ਹੋਣ ਦੇ ਕਿਨਾਰੇ ਹਨ। ਇਸ ਨੂੰ ਕਿ 'ਆਪ' ਸਰਕਾਰ ਦੁਆਰਾ ਹੱਲ ਕੀਤਾ ਜਾਣਾ ਬਹੁਤ ਜ਼ਰੂਰੀ ਹੈ।ਭਾਵੇਂ ਨਸ਼ਿਆਂ ਵਿਰੁੱਧ ਸਰਕਾਰ ਦੀ ਬੁਲਡੋਜ਼ਰ ਕਾਰਵਾਈ ਜਾਰੀ ਹੈ ਪਰ ਕਿਸੇ ਵੱਡੇ ਸਰਗਨੇ ਨੂੰ ਹਾਲੇ ਤਕ ਹੱਥ ਨਹੀਂ ਪਾਇਆ ਗਿਆ।

**ਬੇਅਦਬੀ ਮਾਮਲਾ**

ਗੁਰੂ ਗ੍ਰੰਥ ਸਾਹਿਬ ਬੇਅਦਬੀ ਮਾਮਲੇ ਵਿੱਚ ਦੋਸ਼ੀਆਂ ਨੂੰ ਸਜ਼ਾਵਾਂ ਨਾ ਦੁਆ ਸਕਣ ਕਾਰਨ ਉਨ੍ਹਾਂ ਉੱਤੇ ਆਪਣੀ ਦੀ ਪਾਰਟੀ ਦੇ ਕਈ ਆਗੂ ਸਵਾਲ ਖੜ੍ਹੇ ਕਰ ਰਹੇ ਹਨ।ਇਨ੍ਹਾਂ ਵਿੱਚੋਂ ਕੁੰਵਰ ਵਿਜੇ ਪ੍ਰਤਾਪ ਸਿੰਘ ਅਕਸਰ ਮੀਡੀਆ ਸਾਹਮਣੇ ਵੀ ਆਉਂਦੇ ਰਹੇ ਹਨ।'ਆਪ' ਸਰਕਾਰ ਲਈ ਇਹ ਬਹੁਤ ਜ਼ਰੂਰੀ ਹੈ ਕਿ ਉਹ ਇਸ ਬੇਅਦਬੀ ਨਾਲ ਜੁੜੇ ਮਾਮਲੇ ਨੂੰ ਹੱਲ ਕਰੇ ਅਤੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ।

**ਅਮਨ ਕਨੂੰਨ ਦੀ ਸਥਿਤੀ**

ਇਸ ਦੇ ਨਾਲ ਹੀ ਪੰਜਾਬ ਵਿੱਚ ਅਮਨ ਕਾਨੂੰਨ ਦੀ ਸਥਿਤੀ ਬਣਾਈ ਰੱਖਣਾ ਵੀ ਸਰਕਾਰ ਲਈ ਬਹੁਤ ਜ਼ਰੂਰੀ ਹੈ ਕਿਉਂਕਿ ਪੰਜਾਬ ਵਿੱਚ ਪਿਛਲੇ ਦਿਨੀਂ ਕੁਝ ਅਜਿਹੀਆਂ ਘਟਨਾਵਾਂ ਵਾਪਰੀਆਂ ਜਿਨ੍ਹਾਂ ਨਾਲ ਪੰਜਾਬ ਦਾ ਮਾਹੌਲ ਖ਼ਰਾਬ ਹੋ ਸਕਦਾ ਹੈ।ਦਰਬਾਰ ਸਾਹਿਬ ਤੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਕਾਂਡ ਵਾਪਰ ਰਹੇ ਹਨ। ਸ਼ਰੇਆਮ ਦਿਨ ਦਿਹਾੜੇ ਹੀ ਗੋਲੀਆਂ



ਨਾਲ ਕਤਲ ਕੀਤੇ ਜਾ ਰਹੇ ਹਨ, ਜੋ ਕਿ ਪੰਜਾਬ ਲਈ ਬਹੁਤ ਵੱਡਾ ਦੁਖਾਂਤ ਹੈ।ਪੰਜਾਬ ਸਰਕਾਰ ਦੁਆਰਾ ਬਣਾਈ ਗਈ ਗੈਂਗਸਟਰ ਵਿਰੋਧੀ ਟਾਸਕ ਫ਼ੋਰਸ ਇਸ ਪ੍ਰਤੀ ਉਚੇਚਾ ਕਦਮ ਹੈ। ਪਰ ਅਜਿਹੇ ਸੰਗਠਨ ਬਣਾਉਣ ਦਾ ਫ਼ਾਇਦਾ ਤਾਂ ਹੀ ਹੈ ਜੇ ਇਹ ਪੂਰੀ ਪਾਰਦਰਸ਼ਤਾ ਨਾਲ ਕੰਮ ਕਰਨ।ਝੂਠੇ ਮੁਕਾਬਲੇ ਬਣਾਉਣ ਦੀ ਥਾਂ ਕਨੂੰਨ ਤਹਿਤ ਭੂਮਿਕਾ ਨਿਭਾਉਣ।

**ਆਰਥਿਕ ਸੰਕਟ**

ਸੂਬਾ ਸਰਕਾਰ ਲਈ ਆਰਥਿਕ ਸੰਕਟ ਬਹੁਤ ਵੱਡੀ ਚੁਣੌਤੀ ਹੈ।ਪਿਛਲੇ ਸਾਲ ਮਾਰਚ ਵਿੱਚ ਸੂਬੇ ਦਾ ਸਾਲਾਨਾ ਬਜਟ ਪੇਸ਼ ਕਰਦਿਆਂ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਚੀਮਾ ਨੇ ਵਿੱਤੀ ਸਾਲ 2024-25 ਦੇ ਅੰਤ ਤੱਕ ਪੰਜਾਬ ਦਾ ਕਰਜ਼ਾ 3.74 ਲੱਖ ਕਰੋੜ ਰੁਪਏ ਨੂੰ ਛੂਹ ਜਾਣ ਦਾ ਅਨੁਮਾਨ ਲਗਾਇਆ ਸੀ, ਜੋ ਸੂਬੇ ਦੇ ਕੁੱਲ ਘਰੇਲੂ ਉਤਪਾਦ (ਜੀਡੀਪੀ) ਦਾ 46 ਫ਼ੀਸਦੀ ਤੋਂ ਵੱਧ ਬਣਦਾ ਹੈ।ਜਾਣਕਾਰ ਮੰਨਦੇ ਹਨ ਕਿ ਇਹ ਪੰਜਾਬ ਦੀ ਕੁੱਲ ਆਮਦਨ ਤੋਂ ਸਾਢੇ ਤਿੰਨ ਗੁਣਾ ਜ਼ਿਆਦਾ ਕਰਜ਼ਾ ਹੈ।ਪੰਜਾਬ ਦੇ ਸਿਰ ਕਰਜ਼ੇ ਦੀ ਪੰਡ ਦਿਨ ਪ੍ਰਤੀ ਦਿਨ ਵਧਦੀ ਜਾ ਰਹੀ ਹੈ। ਸਰਕਾਰ ਨੂੰ ਸਬਸਿਡੀਆਂ ਦੀ ਅਦਾਇਗੀ ਅਤੇ ਹੋਰ ਸਾਰੇ ਕੰਮ ਕਰਜ਼ਾ ਲੈ ਕੇ ਕਰਨੇ ਪੈ ਰਹੇ ਹਨ। ਇਸ ਕਰਜ਼ੇ ਦਾ ਕਾਰਨ ਪਹਿਲੀਆਂ ਸਰਕਾਰਾਂ ਦੁਆਰਾ ਲੋੜ ਤੋਂ ਵੱਧ ਖ਼ਰਚੇ ਅਤੇ ਕਰਾਂ ਨੂੰ ਇਕੱਠੇ ਕਰਨ ਵਿੱਚ ਕੀਤੀ ਗਈ ਅਣਗਹਿਲੀ ਹੈ।ਭਾਰਤੀ ਰਿਜ਼ਰਵ ਬੈਂਕ ਅਨੁਸਾਰ ਪੰਜਾਬ ਵਿਚ ਕਰਜ਼ੇ ਅਤੇ ਆਮਦਨ ਦਾ ਅਨੁਪਾਤ 50 ਪ੍ਰਤੀਸ਼ਤ ਦੇ ਨੇੜੇ-ਤੇੜੇ ਪਹੁੰਚ ਚੁੱਕਾ ਹੈ, ਜੋ ਦੇਸ਼ ਦੇ ਹੋਰ ਕਿਸੇ ਵੀ ਸੂਬੇ ਦੇ ਮੁਕਾਬਲੇ ਜ਼ਿਆਦਾ ਹੈ।ਇਸੇ ਤਰ੍ਹਾਂ ਪੰਜਾਬ ਵਿਚ ਪ੍ਰਤੀ ਜੀਅ ਕਰਜ਼ਾ ਵੀ ਦੂਜੇ ਸੂਬਿਆਂ ਦੇ ਮੁਕਾਬਲੇ ਸਭ ਤੋਂ ਜ਼ਿਆਦਾ ਹੈ। ਨੀਤੀ-ਆਯੋਗ ਦੁਆਰਾ 2025 ਵਿੱਚ 18 ਮੁੱਖ ਸੂਬਿਆਂ ਸੰਬੰਧੀ ਵਿੱਤੀ-ਸਿਹਤ ਸੂਚਕ ਸੰਬੰਧੀ ਦਿੱਤੀ ਗਈ ਜਾਣਕਾਰੀ ਅਨੁਸਾਰ ਪੰਜਾਬ ਦਾ 18ਵਾਂ ਸਥਾਨ ਹੈ।

ਇਸ ਦੇ ਨਾਲ ਹੀ ਪੰਜਾਬ ਵਿੱਚ 16 ਮੈਡੀਕਲ ਕਾਲਜ ਖੋਲ੍ਹਣ ਦੀ ਗਰੰਟੀ ਹਾਲੇ ਤੱਕ ਪੂਰੀ ਨਹੀਂ ਹੋਈ।

**ਸਿਹਤ ਤੇ ਵਿਦਿਆ**

ਇਸ ਤੋਂ ਇਲਾਵਾ ਸਰਕਾਰ ਨੂੰ ਪੰਜਾਬੀਆਂ ਦੀ ਸਿਹਤ, ਸੁਰੱਖਿਆ ਅਤੇ ਵਿੱਦਿਆ ਪ੍ਰਤੀ ਵੀ ਖ਼ਾਸ ਧਿਆਨ ਦੇਣ ਦੀ ਜ਼ਰੂਰਤ ਹੈ ਕਿਉਂਕਿ ਪੰਜਾਬ ਵਿੱਚ ਅੱਜ ਵੀ ਬਹੁਤ ਸਾਰੇ ਲੋਕ ਹਨ ਜੋ ਮਹਿੰਗੀਆਂ ਸਿਹਤ ਸੇਵਾਵਾਂ ਅਤੇ ਮਹਿੰਗੀ ਵਿੱਦਿਆ ਲੈਣ ਦੇ ਸਮਰੱਥ ਨਹੀਂ ਹਨ। ਇਸ ਕਰਕੇ ਸਰਕਾਰ ਨੂੰ ਇਨ੍ਹਾਂ ਵਰਗਾਂ ਵੱਲ ਉਚੇਚਾ ਧਿਆਨ ਦੇਣ ਦੀ ਜ਼ਰੂਰਤ ਹੈ।

**ਸਰਕਾਰ ਦੇ ਦਾਅਵੇ ਤੇ ਹਕੀਕਤ**

ਭਗਵੰਤ ਮਾਨ ਦਾਅਵਾ ਕਰਦੇ ਹਨ ਕਿ ਉਹਨਾਂ ਨੇ ਆਪਣੇ ਕਾਰਜਕਾਲ ਦੌਰਾਨ ਵਿੱਚ 50,000 ਤੋਂ ਵੱਧ ਸਰਕਾਰੀ ਨੌਕਰੀਆਂ ਦਿੱਤੀਆਂ ਹਨ।

ਨਸ਼ਿਆਂ ਅਤੇ ਭ੍ਰਿਸ਼ਟਾਚਾਰੀਆਂ ਖ਼ਿਲਾਫ਼ ਮੁਹਿੰਮ ਚੱਲ ਰਹੀ ਹੈ, ਬਿਜਲੀ ਦੇ 300 ਯੂਨਿਟ ਹਰ ਮਹੀਨੇ ਮੁਫ਼ਤ ਦਿੱਤੇ ਜਾ ਰਹੇ ਹਨ, ਕਿਸਾਨਾਂ ਨੂੰ ਖੇਤਾਂ ਲਈ ਬਿਜਲੀ ਦਿਨ ਸਮੇਂ ਮਿਲਣ ਲੱਗੀ, ਨਹਿਰੀ ਪਾਣੀ ਦਾ ਪ੍ਰਬੰਧ ਬਿਹਤਰ ਹੋਇਆ ਹੈ, ਸਿਹਤ ਤੇ ਸਿੱਖਿਆ ਸਹੂਲਤਾਂ ਬਿਹਤਰ ਬਣੀਆਂ ਹਨ ਅਤੇ 'ਸੜਕੀ ਹਾਦਸਿਆਂ ਨੂੰ ਰੋਕਣ ਲਈ ਸੜਕ ਸੁਰੱਖਿਆ ਫ਼ੋਰਸ ਦੇ ਗਠਨ ਨਾਲ ਇਹਨਾਂ ਹਾਦਸਿਆਂ 'ਚ ਹੋਣ ਵਾਲੀਆਂ ਮੌਤਾਂ ਦੀ ਗਿਣਤੀ 48.10% ਘਟੀ ਹੈ।'

ਪਿਛਲੇ ਦਿਨੀਂ ਮੁੱਖ ਮੰਤਰੀ ਕਿਸਾਨਾਂ ਨਾਲ ਮੀਟਿੰਗ ਵਿਚਾਲੇ ਛੱਡ ਕੇ ਚਲੇ ਗਏ ਸਨ।ਮਾਨ ਕਿਸਾਨਾਂ ਦੇ ਧਰਨਿਆਂ ਦਾ ਵਿਰੋਧ ਕਰ ਰਹੇ ਹਨ। ਇਹੀ ਨਹੀਂ ਕਿਸਾਨਾਂ ਦੇ ਚੰਡੀਗੜ੍ਹ ਕੂਚ ਨੂੰ ਫ਼ੇਲ੍ਹ ਕਰਨ ਲਈ ਜੋਗਿੰਦਰ ਸਿੰਘ ਉਗਰਾਹਾਂ ਵਰਗੇ ਵੱਡੇ ਕਿਸਾਨ ਆਗੂਆਂ ਸਣੇ ਸੂਬੇ ਭਰ ਵਿੱਚ ਸੈਂਕੜੇ ਕਿਸਾਨ ਆਗੂਆਂ ਨੂੰ ਹਿਰਾਸਤ ਵਿੱਚ ਲਿਆ ਗਿਆ ਸੀ।

ਪੰਜਾਬ ਦੇ ਚਿੰਤਕ ਹਮੀਰ ਸਿੰਘ ਕਹਿੰਦੇ ਹਨ, 'ਪਹਿਲਾਂ ਕਿਸਾਨ ਜਥੇਬੰਦੀਆਂ ਸਿਰ ਉਪਰ ਬਿਠਾ ਲਈਆਂ ਗਈਆਂ।ਪਰ ਜਦੋਂ ਉਹ ਗਲ਼ ਨੂੰ ਆ ਗਈਆਂ ਤਾਂ ਕਿਹਾ 'ਭੱਜ ਜਾਵੋ'।ਇਹ ਵਿਜ਼ਨਰੀ ਦੀ ਨਿਸ਼ਾਨੀ ਨਹੀਂ ਹੈ।'

ਚੋਣਾਂ ਦੌਰਾਨ 'ਆਪ' ਨੇ ਪੰਜਾਬ ਦੇ ਲੋਕਾਂ ਨੂੰ ਕਈ ਗਰੰਟੀਆਂ ਦਿੱਤੀਆਂ ਸਨ, ਜਿਨ੍ਹਾਂ ਵਿੱਚ ਇੱਕ ਮੁੱਦਾ 18 ਸਾਲ ਤੋਂ ਵੱਧ ਉਮਰ ਦੀ ਹਰ ਔਰਤ ਨੂੰ 1000 ਰੁਪਏ ਪ੍ਰਤੀ ਮਹੀਨਾ ਦੇਣਾ ਸੀ।3 ਸਾਲ ਬੀਤ ਗਏ ਹਨ ਅਤੇ ਸਿਰਫ਼ 2 ਸਾਲ ਬਾਕੀ ਹਨ, ਪਰ 'ਆਪ' ਸਰਕਾਰ ਇਸਨੂੰ ਸ਼ੁਰੂ ਨਹੀਂ ਕਰ ਸਕੀ। ਇਸਦਾ ਵੱਡਾ ਪ੍ਰਭਾਵ ਲੋਕ ਸਭਾ ਚੋਣਾਂ ਵਿੱਚ ਦੇਖਣ ਨੂੰ ਮਿਲਿਆ, ਜਦੋਂ ਪੰਜਾਬ ਦੀਆਂ 13 ਲੋਕ ਸਭਾ ਸੀਟਾਂ ਵਿੱਚੋਂ 'ਆਪ' ਸਿਰਫ਼ 3 ਸੀਟਾਂ ਹੀ ਜਿੱਤ ਸਕੀ।

ਇਸ ਦੇ ਨਾਲ ਹੀ, ਜੇਕਰ ਅੰਕੜਿਆਂ ਦੀ ਗੱਲ ਕਰੀਏ, ਤਾਂ 1 ਕਰੋੜ ਤੋਂ ਵੱਧ ਮਹਿਲਾ ਵੋਟਰ ਹਨ, ਜੋ 1000 ਰੁਪਏ ਪ੍ਰਤੀ ਮਹੀਨਾ ਦੀ ਸ਼੍ਰੇਣੀ ਵਿੱਚ ਆਉਂਦੀਆਂ ਹਨ।ਜੇਕਰ ਸਰਕਾਰ ਉਨ੍ਹਾਂ ਨੂੰ 3 ਸਾਲਾਂ ਵਿੱਚ ਪੈਸੇ ਦਿੰਦੀ ਤਾਂ ਉਨ੍ਹਾਂ ਨੂੰ ਲਗਭਗ 36 ਹਜ਼ਾਰ ਕਰੋੜ ਰੁਪਏ ਮਿਲਦੇ।ਪਰ ਗਰੰਟੀ ਪੂਰੀ ਨਾ ਹੋਣ ਕਾਰਨ ਸਰਕਾਰ ਨੇ ਇੰਨੇ ਪੈਸੇ ਬਚਾਏ।

ਅਰਵਿੰਦ ਕੇਜਰੀਵਾਲ ਨੇ 2022 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ 10 ਗਰੰਟੀਆਂ ਦਿੱਤੀਆਂ ਸਨ। ਇਹਨਾਂ ਵਿੱਚੋਂ ਪਹਿਲੀ ਗਰੰਟੀ ਇਹ ਸੀ ਕਿ 18 ਸਾਲ ਤੋਂ ਵੱਧ ਉਮਰ ਦੀ ਹਰ ਔਰਤ ਨੂੰ ਹਰ ਮਹੀਨੇ 1000 ਰੁਪਏ ਮਿਲਣਗੇ। ਕੇਜਰੀਵਾਲ ਨੇ ਇਸ ਗਾਰੰਟੀ ਨੂੰ ਦੇਸ਼ ਦਾ ਸਭ ਤੋਂ ਵੱਡਾ ਮਹਿਲਾ ਸਸ਼ਕਤੀਕਰਨ ਪ੍ਰੋਗਰਾਮ ਦੱਸਿਆ ਸੀ।

ਚੋਣਾਂ ਤੋਂ ਪਹਿਲਾਂ, ਕੇਜਰੀਵਾਲ ਤੋਂ ਪੁੱਛਿਆ ਗਿਆ ਸੀ ਕਿ ਉਹ ਔਰਤਾਂ ਨੂੰ ਦੇਣ ਲਈ ਹਰ ਸਾਲ 12,000 ਕਰੋੜ ਰੁਪਏ ਕਿੱਥੋਂ ਲਿਆਉਣਗੇ ? ਇਸ 'ਤੇ ਕੇਜਰੀਵਾਲ ਨੇ ਕਿਹਾ ਸੀ ਕਿ ਮਾਈਨਿੰਗ ਵਿੱਚ ਬਹੁਤ ਭ੍ਰਿਸ਼ਟਾਚਾਰ ਹੋ ਰਿਹਾ ਹੈ। ਇੱਕ ਵਾਰ ਜਦੋਂ ਅਸੀਂ ਸਰਕਾਰ ਬਣਾਉਂਦੇ ਹਾਂ, ਤਾਂ ਅਸੀਂ ਰੇਤ ਮਾਫ਼ੀਆ ਵਿਰੁੱਧ ਕਾਰਵਾਈ ਕਰਾਂਗੇ। ਅਸੀਂ ਭ੍ਰਿਸ਼ਟਾਚਾਰ ਨੂੰ ਰੋਕਾਂਗੇ ਅਤੇ ਸਰਕਾਰ ਇਸ ਤੋਂ 20 ਹਜ਼ਾਰ ਕਰੋੜ ਰੁਪਏ ਕਮਾਏਗੀ।ਇਸ ਰਾਹੀਂ ਔਰਤਾਂ ਨੂੰ ਹਰ ਮਹੀਨੇ 1000 ਰੁਪਏ ਦਿੱਤੇ ਜਾਣਗੇ।ਮਾਨ ਸਰਕਾਰ ਦੇ ਤਿੰਨ ਸਾਲ ਪੂਰੇ ਹੋਣ 'ਤੇ ਹਮੀਰ ਸਿੰਘ ਕਹਿੰਦੇ ਹਨ, 'ਰਾਜਨੀਤੀ ਵਿੱਚ ਤੁਹਾਨੂੰ ਕਈ ਫ਼ੈਸਲੇ ਲੈਣੇ ਪੈਂਦੇ ਹਨ, ਇੱਕ ਟੀਮ ਨੂੰ ਨਾਲ ਲੈ ਕੇ ਚੱਲਣਾ ਪੈਂਦਾ ਹੈ ਪਰ ਭਗਵੰਤ ਮਾਨ ਇਹਨਾਂ ਚੀਜ਼ਾਂ ਵਿੱਚ ਪਿੱਛੇ ਰਹੇ ਹਨ।' ਉਨ੍ਹਾਂ ਬਾਰੇ ਇਹੀ ਪ੍ਰਭਾਵ ਮਿਲਦਾ ਹੈ ਕਿ ਉਹ ਪੰਜਾਬ ਵਿੱਚ ਆਪਣੀ ਟੀਮ ਖੜ੍ਹੀ ਕਰਨ ਵਿੱਚ ਕਾਮਯਾਬ ਨਹੀਂ ਹੋਏ, ਉਨ੍ਹਾਂ ਦੇ ਫ਼ੈਸਲੇ ਦਿੱਲੀ ਦੀ ਟੀਮ ਤੈਅ ਕਰਦੀ ਹੈ।ਉਨ੍ਹਾਂ ਸਣੇ ਪੂਰੇ ਮੰਤਰੀ ਮੰਡਲ ਨੂੰ ਦਿੱਲੀ ਹਾਈਕਮਾਂਡ ਵਲੋਂ ਭੇਜੇ ਬੰਦੇ ਚਲਾ ਰਹੇ ਹਨ।'

**ਸਰਕਾਰ ਕੀ ਕਰੇ**

ਇਹ ਚੁਣੌਤੀਆਂ 'ਆਪ' ਸਰਕਾਰ ਦੇ ਸਾਹਮਣੇ ਬਹੁਤ ਵੱਡੀਆਂ ਹਨ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਪੰਜ ਸਾਲਾਂ ਦਾ ਰੋਡ ਮੈਪ ਤਿਆਰ ਕਰਕੇ ਯੋਜਨਾਬੱਧ ਤਰੀਕੇ ਨਾਲ ਕੰਮ ਕਰੇ। ਕੇਂਦਰ ਸਰਕਾਰ ਦੀਆਂ ਬਹੁਤ ਸਾਰੀਆਂ ਸਕੀਮਾਂ ਦਾ ਵੀ ਸੂਬਾ ਸਰਕਾਰ ਫ਼ਾਇਦਾ ਲੈ ਸਕਦੀ ਹੈ। (ਬਾਕੀ ਸਫ਼ਾ 30 'ਤੇ)

# ਪਿਛਲੀਆਂ ਸਰਕਾਰਾਂ ਨੇ ਨਸ਼ੀਲੇ ਪਦਾਰਥਾਂ ਦੇ ਫੈਲਾਅ ਵਿੱਚ ਵੱਡੀ ਭੂਮਿਕਾ ਨਿਭਾਈ: ਕੇਜਰੀਵਾਲ

## ਨਸ਼ੀਲੇ ਪਦਾਰਥ ਲਿਆਉਣ ਵਾਲਿਆਂ ਨੂੰ ਬਖ਼ਸ਼ਿਆ ਨਹੀਂ ਜਾਵੇਗਾ : ਮਾਨ

ਲੁਧਿਆਣਾ/ਏ.ਟੀ.ਨਿਊਜ਼ : ਇਥੇ ਆਮ ਆਦਮੀ ਪਾਰਟੀ ਦੇ ਵਰਕਰਾਂ ਦੀ ਰੈਲੀ ਨੂੰ ਸੰਬੋਧਨ ਕਰਦੇ ਹੋਏ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਐਲਾਨ ਕੀਤਾ ਕਿ ਪੰਜਾਬ ਵਿੱਚ ਨਸ਼ਿਆਂ ਵਿਰੁੱਧ ਆਰ-ਪਾਰ ਦੀ ਲੜਾਈ ਦੀ ਸ਼ੁਰੂਆਤ ਹੋਵੇਗੀ। ਇਸ ਦੀ ਸ਼ੁਰੂਆਤ ਪਹਿਲੀ ਅਪਰੈਲ ਤੋਂ ਜਨ ਅੰਦੋਲਨ ਨਾਲ ਹੋਵੇਗੀ।ਇਸ ਮੌਕੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਜਿਹੜੇ ਲੋਕ ਸਾਡੇ ਪਿੰਡਾਂ ਵਿੱਚ ਨਸ਼ੀਲੇ ਪਦਾਰਥ ਲੈ ਕੇ ਆਏ ਅਤੇ ਪੀੜ੍ਹੀਆਂ ਨੂੰ ਤਬਾਹ ਕਰ ਦਿੱਤਾ, ਉਨ੍ਹਾਂ ਨੂੰ ਬਖ਼ਸ਼ਿਆ ਨਹੀਂ ਜਾਵੇਗਾ।



ਇਸ ਮੌਕੇ ਕੇਜਰੀਵਾਲ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਨਸ਼ੀਲੇ ਪਦਾਰਥਾਂ ਦੇ ਫੈਲਾਅ ਵਿੱਚ ਵੱਡੀ ਭੂਮਿਕਾ ਨਿਭਾਈ ਹੈ। ਨਸ਼ੀਲੇ ਪਦਾਰਥ ਪੰਜਾਬ ਵਿੱਚ ਪੈਦਾ ਨਹੀਂ ਹੋਏ। ਉਨ੍ਹਾਂ ਕਿਹਾ ਕਿ ਅਸੀਂ ਸਾਰੇ ਜਾਣਦੇ ਹਾਂ ਕਿ ਕਿਸ ਪਾਰਟੀ ਦੇ ਮੰਤਰੀਆਂ ਨੇ ਪੈਸੇ ਲਈ ਹਰ ਘਰ ਵਿੱਚ ਨਸ਼ੀਲੇ ਪਦਾਰਥ ਵੰਡੇ।ਉਨ੍ਹਾਂ ਕਿਹਾ ਕਿ ਇੱਕ ਸਾਬਕਾ ਮੁੱਖ ਮੰਤਰੀ ਨੇ ਗੁਟਕਾ ਸਾਹਿਬ ਹੱਥ ਵਿੱਚ ਫੜ ਕੇ ਚਾਰ ਹਫ਼ਤਿਆਂ ਵਿੱਚ ਨਸ਼ੀਲੇ ਪਦਾਰਥਾਂ ਨੂੰ ਖ਼ਤਮ ਕਰਨ ਦੀ ਸਹੁੰ ਖਾਧੀ ਪਰ ਉਹ ਪੰਜ ਸਾਲਾਂ ਤੱਕ ਆਪਣੇ ਘਰੋਂ ਬਾਹਰ ਵੀ ਨਹੀਂ ਨਿਕਲਿਆ ਜਦੋਂਕਿ ਨਸ਼ੀਲੇ ਪਦਾਰਥ ਦਿਨੋਂ ਦਿਨ ਵਧਦੇ ਗਏ।ਪਿਛਲੇ 20 ਦਿਨਾਂ ਵਿੱਚ ਨਸ਼ਾ ਤਸਕਰਾਂ ਦੇ ਘਰਾਂ ਨੂੰ ਬੁਲਡੋਜ਼ਰਾਂ ਦੁਆਰਾ ਢਾਹਿਆ ਜਾ ਰਿਹਾ ਹੈ।ਕਰੋੜਾਂ ਰੁਪਏ ਦੇ ਨਸ਼ੇ ਜ਼ਬਤ ਕੀਤੇ ਗਏ ਹਨ।ਪਹਿਲੀ ਵਾਰ ਕਿਸੇ ਸਰਕਾਰ ਨੇ ਇਨ੍ਹਾਂ ਤਸਕਰਾਂ ਦਾ ਸਾਹਮਣਾ ਕਰਨ ਦੀ ਹਿੰਮਤ ਕੀਤੀ ਹੈ। ਪਾਕਿਸਤਾਨ ਦੀ ਧਮਕੀ 'ਤੇ ਕੇਜਰੀਵਾਲ ਨੇ ਖ਼ੁਲਾਸਾ ਕਰਦੇ ਹੋਏ ਕਿਹਾ ਕਿ ਪੰਜਾਬ 'ਚ 70 ਫ਼ੀਸਦੀ ਨਸ਼ੇ ਡਰੋਨਾਂ ਰਾਹੀਂ ਪਾਕਿਸਤਾਨ ਤੋਂ ਆਉਂਦੇ ਹਨ। ਇਸ ਦਾ ਮੁਕਾਬਲਾ ਕਰਨ ਲਈ ਐਂਟੀ ਡਰੋਨ ਸਿਸਟਮ ਖ਼ਰੀਦੇ ਜਾ ਰਹੇ ਹਨ। ਇਸ ਤੋਂ ਇਲਾਵਾ ਬੀ.ਐੱਸ.ਐੱਫ. ਦੀ ਮਦਦ ਨਾਲ 5000 ਨਵੇਂ ਪੁਲਿਸ ਮੁਲਾਜ਼ਮਾਂ ਦੀ ਭਰਤੀ ਕੀਤੀ ਜਾਵੇਗੀ ਅਤੇ ਉਨ੍ਹਾਂ ਨੂੰ ਸਰਹੱਦ 'ਤੇ ਤਾਇਨਾਤ ਕੀਤਾ ਜਾਵੇਗਾ। ਨਸ਼ੇ ਤੋਂ ਪ੍ਰਭਾਵਿਤ ਨੌਜਵਾਨਾਂ ਦੇ ਮੁੜ ਵਸੇਬੇ ਲਈ ਉਨ੍ਹਾਂ ਪੰਜਾਬ ਭਰ ਵਿੱਚ ਇਲਾਜ ਸਹੂਲਤਾਂ ਅਤੇ ਖੇਡ ਮੈਦਾਨਾਂ ਦੀ ਉਸਾਰੀ ਦਾ ਵਾਅਦਾ ਕੀਤਾ। (ਬਾਕੀ ਸਫ਼ਾ 30 'ਤੇ)

# ਤਖ਼ਤ ਸ੍ਰੀ ਦਮਦਮਾ ਸਾਹਿਬ ਨੂੰ ਰੇਲਵੇ ਲਾਈਨ ਰਾਹੀਂ ਸ੍ਰੀ ਨਾਂਦੇੜ ਸਾਹਿਬ ਅਤੇ ਸ੍ਰੀ ਪਟਨਾ ਸਾਹਿਬ ਨਾਲ ਜੋੜਿਆ ਜਾਵੇ : ਹਰਸਿਮਰਤ ਕੌਰ ਬਾਦਲ

ਮਾਨਸਾ/ ਏ.ਟੀ.ਨਿਊਜ਼: ਬਠਿੰਡਾ ਤੋਂ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਲੋਕ ਸਭਾ ਵਿੱਚ ਤਖ਼ਤ ਦਮਦਮਾ ਸਾਹਿਬ ਨੂੰ ਰੇਲਵੇ ਲਿੰਕ ਨਾਲ ਜੋੜ ਕੇ ਸ੍ਰੀ ਨਾਂਦੇੜ ਸਾਹਿਬ ਅਤੇ ਸ੍ਰੀ ਪਟਨਾ ਸਾਹਿਬ ਤੱਕ ਸਿੱਖ ਸੰਗਤ ਨੂੰ ਰੇਲਵੇ ਯਾਤਰਾ ਦੀ ਸਹੂਲਤ ਦੇਣ ਦੀ ਮੰਗ ਕੀਤੀ ਹੈ।ਉਨ੍ਹਾਂ ਕਿਹਾ ਕਿ ਸਿੱਖ ਧਰਮ ਵਿੱਚ ਪੰਜ ਤਖ਼ਤਾਂ ਵਿਚੋਂ ਇੱਕ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਹੈ, ਜਿੱਥੇ ਦੇਸ਼-ਵਿਦੇਸ਼ ਦੀ ਸਿੱਖ ਸੰਗਤ ਵੱਡੀ ਗਿਣਤੀ 'ਚ ਨਤਮਸਤਕ ਹੁੰਦੀ ਹੈ।



ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੂੰ ਥੋੜ੍ਹੀ ਦੂਰੀ 'ਤੇ ਸਥਿਤ ਰਾਮਾਂ ਮੰਡੀ ਲਿੰਕ ਰੇਲਵੇ ਨਾਲ ਤਖ਼ਤ ਸ੍ਰੀ ਦਮਦਮਾ ਸਾਹਿਬ ਨੂੰ ਜੋੜ ਦੇਣਾ ਚਾਹੀਦਾ ਹੈ। ਇਸ ਨਾਲ ਸਿੱਖ ਸੰਗਤ ਤਖ਼ਤ ਸ੍ਰੀ ਦਮਦਮਾ ਸਾਹਿਬ, ਸ੍ਰੀ ਨਾਂਦੇੜ ਸਾਹਿਬ, ਸ੍ਰੀ ਪਟਨਾ ਸਾਹਿਬ ਅਤੇ ਨਾਨਕ ਮੱਤਾ ਸਾਹਿਬ (ਉਤਰਾਖੰਡ) ਵਿੱਚ ਅਸਾਨੀ ਨਾਲ ਧਾਰਮਿਕ ਸਥਾਨਾਂ ਦੇ ਦਰਸ਼ਨ ਕਰ ਸਕੇਗੀ।ਕੇਂਦਰ ਸਰਕਾਰ ਮੂਹਰੇ ਮਾਨਸਾ ਰੇਲਵੇ ਲਾਈਨ ਨਾਲ ਜੁੜੇ ਮੁੱਦਿਆਂ 'ਤੇ ਵੀ ਉਨ੍ਹਾਂ ਨੇ ਆਵਾਜ਼ ਚੁੱਕੀ। ਹਰਸਿਮਰਤ ਬਾਦਲ ਨੇ ਕਿਹਾ ਕਿ ਮਾਨਸਾ ਰੇਲਵੇ ਪਲੈਟਫਾਰਮ 'ਤੇ ਲੋਡਿੰਗ ਲਈ ਟਰੱਕਾਂ ਦੇ ਆਉਣ-ਜਾਣ ਕਰਕੇ ਮੁਸ਼ਕਲਾਂ ਆਉਂਦੀਆਂ ਹਨ, ਜਿਸ ਕਰਕੇ ਇਸ ਨੂੰ ਪਿੰਡ ਨਰਿੰਦਰਪੁਰਾ ਜਾਂ ਦਾਤੇਵਾਸ ਵਿਖੇ ਖੁੱਲ੍ਹੀ ਜਗ੍ਹਾ 'ਤੇ ਸ਼ਿਫ਼ਟ ਕੀਤਾ ਜਾਵੇ। ਮੈਂਬਰ ਪਾਰਲੀਮੈਂਟ ਨੇ ਕਿਹਾ ਕਿ ਮਾਨਸਾ ਦੇ ਚੁਕੇਰੀਆਂ ਫਾਟਕ 'ਤੇ ਵੱਧਦੀ ਟਰੈਫ਼ਿਕ ਨੂੰ ਵੇਖਦਿਆਂ ਛੋਟਾ ਅੰਡਰਬ੍ਰਿਜ ਬਣਾਇਆ ਜਾਵੇ। ਉਨ੍ਹਾਂ ਬਰੇਟਾ ਮੰਡੀ ਵਿਖੇ ਛੋਟਾ ਓਵਰਬ੍ਰਿਜ ਬਣਾਉਣ, ਕਰੋਨਾ ਸਮੇਂ ਤੋਂ ਬੰਦ ਪਈ ਮਾਨਸਾ ਤੋਂ ਲੰਘਦੀ ਮੁੰਬਈ-ਫਿਰੋਜ਼ਪੁਰ ਜਨਤਾ ਐਕਸਪ੍ਰੈੱਸ ਨੂੰ ਮੁੜ ਤੋਂ ਚਾਲੂ ਕਰਨ ਅਤੇ ਪਿੰਡ ਸੱਦਾ ਸਿੰਘ ਵਾਲਾ ਵਿਖੇ ਇਸ ਗੱਡੀ ਦਾ ਠਹਿਰਾਅ ਕਰਨ ਦੀ ਮੰਗ ਕੀਤੀ। ਇਸ ਤੋਂ ਇਲਾਵਾ ਉਨ੍ਹਾਂ ਬਠਿੰਡਾ ਰੇਲਵੇ ਸਟੇਸ਼ਨ ਨੂੰ ਅੱਪਗ੍ਰੇਡ ਕਰਕੇ ਬਠਿੰਡਾ ਤੋਂ ਲੈ ਕੇ ਦਿੱਲੀ ਤੱਕ ਸੁਚੱਜੀਆਂ ਰੇਲਵੇ ਸਹੂਲਤਾਂ ਸਟੇਸ਼ਨਾਂ ਨੂੰ ਦੇਣ ਦੀ ਮੰਗ ਪ੍ਰਮੁੱਖਤਾ ਨਾਲ ਉਠਾਈ।

# ਖੇਤਰੀ ਦਲਾਂ ਲਈ ਚੁਣੌਤੀ ਬਣ ਰਹੀ ਹੈ ਭਾਜਪਾ

## ਮਮਤਾ ਬੈਨਰਜੀ ਭਾਜਪਾ ਲਈ ਵੱਡੀ ਚੁਣੌਤੀ, ਕਾਂਗਰਸ ਨਾਲ ਗਠਜੋੜ ਕਰਨ ਦੀ ਸੰਭਾਵਨਾ

ਭਾਰਤੀ ਜਨਤਾ ਪਾਰਟੀ ਦੇ ਉੱਪਰ ਨਰਿੰਦਰ ਮੋਦੀ ਅਤੇ ਅਮਿਤ ਸ਼ਾਹ ਦੇ ਪੂਰੇ ਕੰਟਰੋਲ ਦਾ ਇੱਕ ਦਹਾਕੇ ਦਾ ਸਮਾਂ ਬੀਤ ਚੁਕਾ ਹੈ। ਇਸ ਮਿਆਦ ਦੌਰਾਨ ਕਈ ਸਿਆਸੀ ਤਬਦੀਲੀਆਂ ਵਾਪਰੀਆਂ ਹਨ ਅਤੇ ਕਈ ਨਵੀਂਆਂ ਸਿਆਸੀ ਤਬਦੀਲੀਆਂ ਵਾਪਰੀਆਂ ਹਨ। ਉਨ੍ਹਾਂ ਵਿੱਚ ਇੱਕ ਗੱਲ ਇਹ ਉਭਰੀ ਹੈ ਕਿ ਭਾਜਪਾ ਲਈ ਕਾਂਗਰਸ ਨੂੰ ਹਰਾਉਣਾ ਬਹੁਤ ਹੀ ਆਸਾਨ ਹੈ। ਇਸ ਤੱਥ ਦੇ ਸਮਰਥਨ ਵਿੱਚ ਬਹੁਤ ਤਰਕ ਜਾਂ ਪੇਸ਼ਕਾਰੀ ਤੱਥਾਂ ਦੀ ਲੋੜ ਨਹੀਂ ਹੈ। ਇੱਕ ਦੂਜੀ ਗੱਲ ਇਹ ਹੈ ਕਿ ਪ੍ਰਦੇਸ਼ਿਕ ਪਾਰਟੀਆਂ ਦੇ ਨਾਲ ਭਾਜਪਾ ਲੜਨਾ ਹਮੇਸ਼ਾ ਚੁਣੌਤੀ ਭਰਪੂਰ ਰਿਹਾ ਹੈ। ਯਾਨੀ ਉਹ ਕਾਂਗਰਸ ਨੂੰ ਤਾਂ ਹਰਾ ਦਿੰਦੀ ਹੈ ਪਰ ਪ੍ਰਦੇਸਿਕ ਦਲਾਂ ਨੂੰ ਉਨੀ ਸਹਿਜਤਾ ਨਹੀਂ ਹਰਾ ਪਾਉਂਦੀ। ਬਿਹਾਰ ਵਿੱਚ ਨਿਤੀਸ਼ ਕੁਮਾਰ 'ਤੇ ਭਾਜਪਾ ਦੀ ਨਿਰਭਰਤਾ, ਝਾਰਖੰਡ ਵਿੱਚ ਹੇਮੰਤ ਸੋਰੇਨ ਦੇ ਝਾਰਖੰਡ ਮੁਕਤੀ ਮੋਰਚਾ ਤੇ ਪੱਛਮੀ ਬੰਗਾਲ ਵਿੱਚ ਮਮਤਾ ਬੈਨਰਜੀ ਦੀ ਤ੍ਰਿਣਮੂਲ ਕਾਂਗਰਸ ਨੂੰ ਹਰਾਉਣ ਵਿੱਚ ਅਸਫ਼ਲਤਾ ਇਸ ਪੱਖ ਵਿੱਚ ਉਦਾਹਰਣਾਂ ਹਨ।

ਹੁਣ ਇਹ ਧਾਰਨਾ ਬਦਲ ਰਹੀ ਹੈ। ਕੁਝ ਸਮਾਂ ਪਹਿਲਾਂ ਤੱਕ, ਦਿੱਲੀ ਵਿੱਚ ਆਮ ਆਦਮੀ ਪਾਰਟੀ ਦੇ ਇਕਲੌਤੇ ਰਾਜ ਨੂੰ ਵੀ ਭਾਜਪਾ ਲਈ ਇੱਕ ਚੁਣੌਤੀ ਵਜੋਂ ਪੇਸ਼ ਕੀਤਾ ਜਾ ਰਿਹਾ ਸੀ। ਪਰ ਉਸ ਧਾਰਨਾ ਨੂੰ ਤੋੜ ਕੇ, ਭਾਜਪਾ ਨੇ ਆਮ ਆਦਮੀ ਪਾਰਟੀ ਨੂੰ ਹਰਾ ਦਿੱਤਾ ਅਤੇ 27 ਸਾਲਾਂ ਬਾਅਦ ਦਿੱਲੀ ਵਿੱਚ ਆਪਣੀ ਸਰਕਾਰ ਬਣਾਈ। ਇਸ ਤੋਂ ਪਹਿਲਾਂ, ਭਾਜਪਾ ਨੇ ਮਹਾਰਾਸ਼ਟਰ ਵਿੱਚ ਦੋ ਬਹੁਤ ਸ਼ਕਤੀਸ਼ਾਲੀ ਅਤੇ ਪੁਰਾਣੀਆਂ ਖੇਤਰੀ ਪਾਰਟੀਆਂ ਨੂੰ ਹਰਾਇਆ ਸੀ। ਪਹਿਲਾਂ, ਉਸਨੇ ਊਧਵ ਠਾਕਰੇ ਦੀ ਪਾਰਟੀ ਸ਼ਿਵ ਸੈਨਾ ਅਤੇ ਸ਼ਰਦ ਪਵਾਰ ਦੀ ਐਨ.ਸੀ.ਪੀ. ਨੂੰ ਤੋੜਨ ਦੀ ਸਾਜ਼ਿਸ਼ ਰਚੀ ਅਤੇ ਫ਼ਿਰ ਦੋਵਾਂ ਨੂੰ ਹਾਸ਼ੀਏ 'ਤੇ ਧੱਕ ਦਿੱਤਾ। ਇਹ ਕਿਹਾ ਜਾ ਸਕਦਾ ਹੈ ਕਿ ਭਾਜਪਾ ਨੇ ਇਹ ਟੀਚਾ ਇਨ੍ਹਾਂ ਦੋਵਾਂ ਤੋਂ ਵੱਖ ਹੋ ਕੇ ਆਈਆਂ ਨਵੀਆਂ ਖੇਤਰੀ ਪਾਰਟੀਆਂ ਦੀ ਮਦਦ ਨਾਲ ਹੀ ਪ੍ਰਾਪਤ ਕੀਤਾ ਹੈ।



ਤਰਕ ਦੇ ਲਈ ਇਹ ਸੱਚ ਨਹੀਂ ਹੈ ਪਰ ਅਸਲੀਅਤ ਇਹ ਹੈ ਕਿ ਭਾਵੇਂ ਏਕਨਾਥ ਸ਼ਿੰਦੇ ਹੋਣ ਜਾਂ ਅਜੀਤ ਪਵਾਰ, ਦੋਵੇਂ ਹੀ ਭਾਜਪਾ 'ਤੇ ਨਿਰਭਰ ਹਨ। ਭਾਜਪਾ ਨੂੰ ਉਸਦੀ ਕੋਈ ਖਾਸ ਲੋੜ ਨਹੀਂ ਹੈ। ਦੋਵੇਂ ਧਿਰਾਂ ਇਸ ਤੋਂ ਜਾਣੂ ਹਨ। ਦੋਵਾਂ ਪਾਰਟੀਆਂ ਦੇ ਆਗੂ ਇਸ ਤੱਥ ਤੋਂ ਵੀ ਜਾਣੂ ਹਨ ਕਿ ਉਨ੍ਹਾਂ ਦੇ ਵਿਧਾਇਕ ਉਨ੍ਹਾਂ ਨਾਲੋਂ ਭਾਜਪਾ ਲੀਡਰਸ਼ਿਪ ਪ੍ਰਤੀ ਆਪਣੀ ਵਫ਼ਾਦਾਰੀ ਜ਼ਿਆਦਾ ਦਿਖਾ ਰਹੇ ਹਨ। ਇਸ ਲਈ, ਉਨ੍ਹਾਂ ਨੂੰ ਭਾਜਪਾ ਦੇ ਪਿੱਠੂ ਵਜੋਂ ਉੱਥੇ ਟਿਕੇ ਰਹਿਣਾ ਪਵੇਗਾ।

ਮਹਾਰਾਸ਼ਟਰ ਤੋਂ ਪਹਿਲਾਂ ਵੀ, ਭਾਜਪਾ ਨੇ ਓਡੀਸ਼ਾ ਵਿੱਚ ਨਵੀਨ ਪਟਨਾਇਕ ਦੀ ਪਾਰਟੀ ਬੀਜੂ ਜਨਤਾ ਦਲ ਨੂੰ ਹਰਾਇਆ ਸੀ। ਬੀਜੂ ਜਨਤਾ ਦਲ ਪਿਛਲੇ 24 ਸਾਲਾਂ ਤੋਂ ਸੂਬੇ ਵਿੱਚ ਸੱਤਾ ਵਿੱਚ ਸੀ। ਪਹਿਲੇ ਕੁਝ ਸਾਲਾਂ ਲਈ, ਨਵੀਨ ਪਟਨਾਇਕ ਨੇ ਭਾਜਪਾ ਨਾਲ ਗੱਠਜੋੜ ਕਰਕੇ ਰਾਜ ਕੀਤਾ ਪਰ ਬਾਅਦ ਵਿੱਚ ਉਹ ਇਕੱਲੇ ਲੜੇ ਅਤੇ ਆਪਣੇ ਦਮ 'ਤੇ ਲੋਕ ਸਭਾ ਅਤੇ ਵਿਧਾਨ ਸਭਾ ਦੋਵੇਂ ਚੋਣਾਂ ਜਿੱਤਦੇ ਰਹੇ। ਇਸ ਵਾਰ, ਉਨ੍ਹਾਂ ਦਾ ਇੱਕ ਵੀ ਸੰਸਦ ਮੈਂਬਰ ਲੋਕ ਸਭਾ ਵਿੱਚ ਨਹੀਂ ਜਿੱਤਿਆ ਅਤੇ ਉਨ੍ਹਾਂ ਦੀ ਪਾਰਟੀ ਵਿਧਾਨ ਸਭਾ ਚੋਣਾਂ ਵੀ ਹਾਰ ਗਈ ਹੈ ਅਤੇ ਵਿਰੋਧੀ ਧਿਰ ਵਿੱਚ ਬੈਠੀ ਹੈ। ਓਡੀਸ਼ਾ, ਮਹਾਰਾਸ਼ਟਰ ਅਤੇ ਦਿੱਲੀ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਤੋਂ ਇਹ ਜਾਪਦਾ ਹੈ ਕਿ ਭਾਜਪਾ ਨੇ ਖੇਤਰੀ ਜਾਂ ਗੈਰ-ਕਾਂਗਰਸੀ ਪਾਰਟੀਆਂ ਨਾਲ ਲੜਨ ਲਈ ਇੱਕ ਨਵਾਂ ਹਥਿਆਰ ਵਿਕਸਤ ਕੀਤਾ ਹੈ। ਆਖ਼ਿਰਕਾਰ, ਭਾਜਪਾ ਦੀ ਸਿਖਰਲੀ ਲੀਡਰਸ਼ਿਪ ਨੂੰ ਇਸ ਗੱਲ ਦੀ ਵੀ ਚਿੰਤਾ ਹੋਣੀ ਚਾਹੀਦੀ ਹੈ ਕਿ ਉਹ ਕਾਂਗਰਸ ਨੂੰ ਤਾਂ ਹਰਾਉਂਦੇ ਹਨ ਪਰ ਖੇਤਰੀ ਪਾਰਟੀ ਦੇ ਆਗੂਆਂ ਦੇ ਸਾਹਮਣੇ ਉਨ੍ਹਾਂ ਦਾ ਪ੍ਰਭਾਵ ਕੰਮ ਨਹੀਂ ਕਰਦਾ। ਇਸੇ ਲਈ ਖੇਤਰੀ ਸ਼ਾਸਕਾਂ ਨਾਲ ਲੜਨ ਦੇ ਨਵੇਂ ਤਰੀਕੇ ਵਿਕਸਤ ਕੀਤੇ ਜਾ ਰਹੇ ਹਨ।

ਸਭ ਤੋਂ ਵੱਡਾ ਇਮਤਿਹਾਨ ਪੱਛਮੀ ਬੰਗਾਲ ਵਿੱਚ ਹੋਣਾ ਹੈ, ਜਿੱਥੇ ਅਗਲੇ ਸਾਲ ਵਿਧਾਨ ਸਭਾ ਚੋਣਾਂ ਹੋਣੀਆਂ ਹਨ। ਪਿਛਲੀਆਂ ਚੋਣਾਂ ਯਾਨੀ 2021 ਵਿੱਚ, ਭਾਰਤੀ ਜਨਤਾ ਪਾਰਟੀ ਨੇ ਵਿਧਾਨ ਸਭਾ ਚੋਣਾਂ ਬਹੁਤ ਮਜ਼ਬੂਤੀ ਨਾਲ ਲੜੀਆਂ ਸਨ। ਲੋਕ ਸਭਾ ਚੋਣਾਂ ਵਿੱਚ ਬੰਗਾਲ ਦੀਆਂ 42 ਵਿੱਚੋਂ 18 ਸੀਟਾਂ ਜਿੱਤਣ ਤੋਂ ਬਾਅਦ ਭਾਜਪਾ ਆਤਮਵਿਸ਼ਵਾਸ ਨਾਲ ਭਰੀ ਹੋਈ ਸੀ। ਹਾਲਾਂਕਿ, ਉਹ ਵਿਧਾਨ ਸਭਾ ਵਿੱਚ ਇਸ ਨਤੀਜੇ ਨੂੰ ਦੁਹਰਾ ਨਹੀਂ ਸਕੀ। ਇਸ ਵਾਰ ਲੋਕ ਸਭਾ ਚੋਣਾਂ ਵਿੱਚ ਇਸਦਾ ਪ੍ਰਦਰਸ਼ਨ ਪਹਿਲਾਂ ਨਾਲੋਂ ਵੀ ਮਾੜਾ ਰਿਹਾ ਹੈ। ਇਸ ਦੀਆਂ ਸੀਟਾਂ ਅੱਧੀਆਂ ਰਹਿ ਗਈਆਂ ਹਨ। ਇਸ ਤੋਂ ਇਲਾਵਾ, ਭਾਜਪਾ ਵਿਧਾਇਕ ਇੱਕ-ਇੱਕ ਕਰਕੇ ਪਾਰਟੀ ਛੱਡ ਕੇ ਮਮਤਾ ਬੈਨਰਜੀ ਦੀ ਪਾਰਟੀ ਵਿੱਚ ਸ਼ਾਮਲ ਹੋ ਰਹੇ ਹਨ। ਜੇਕਰ ਓਡੀਸ਼ਾ, ਹਰਿਆਣਾ, ਮਹਾਰਾਸ਼ਟਰ ਅਤੇ ਦਿੱਲੀ ਦੇ ਨਤੀਜੇ ਭਾਜਪਾ ਨੂੰ ਇੱਕ ਨਵਾਂ ਮੰਤਰ ਦੇਣ ਜਾ ਰਹੇ ਹਨ, ਤਾਂ ਮਮਤਾ ਬੈਨਰਜੀ ਨੇ ਵੀ ਇਨ੍ਹਾਂ ਰਾਜਾਂ ਦੇ ਨਤੀਜਿਆਂ ਦਾ ਧਿਆਨ ਨਾਲ ਅਧਿਐਨ ਕੀਤਾ ਹੈ। ਉਹ ਜਾਣਦੀ ਹੈ ਕਿ ਕਾਂਗਰਸ ਅਤੇ ਆਮ ਆਦਮੀ ਪਾਰਟੀ ਆਪਸੀ ਤਾਲਮੇਲ ਦੀ ਘਾਟ ਕਾਰਨ ਹਰਿਆਣਾ ਅਤੇ ਦਿੱਲੀ ਹਾਰ ਗਏ ਸਨ। ਇਸ ਲਈ, ਪਹਿਲਾਂ ਹੀ ਕਾਂਗਰਸ ਨਾਲ ਤਾਲਮੇਲ ਬਾਰੇ ਚਰਚਾ ਪਹਿਲਾਂ ਹੀ ਸ਼ੁਰੂ ਹੋ ਚੁੱਕੀ ਹੈ। ਦੂਜਾ, ਵਿਰੋਧੀ ਧਿਰ ਨੇ ਸਾਰੇ ਰਾਜਾਂ ਵਿੱਚ ਵੋਟਰ ਸੂਚੀ ਵਿੱਚ ਬੇਨਿਯਮੀਆਂ ਦਾ ਦੋਸ਼ ਲਗਾਇਆ ਸੀ। ਇਸੇ ਲਈ ਮਮਤਾ ਬੈਨਰਜੀ ਦੀ ਪਾਰਟੀ ਘਰ-ਘਰ ਜਾ ਕੇ ਵੋਟਰਾਂ ਦੇ ਨਾਵਾਂ ਦੀ ਜਾਂਚ ਕਰ ਰਹੀ ਹੈ। ਦੂਜੇ ਰਾਜਾਂ ਦੇ ਉਲਟ, ਪੱਛਮੀ ਬੰਗਾਲ ਵਿੱਚ ਭਾਜਪਾ ਦੋਸ਼ ਲਗਾ ਰਹੀ ਹੈ ਕਿ ਰਾਜ ਸਰਕਾਰ ਨੇ 13 ਲੱਖ ਜਾਅਲੀ ਵੋਟਰ ਬਣਾਏ ਹਨ। ਇਸ ਲਈ, ਅਗਲੇ ਸਾਲ ਬੰਗਾਲ ਦੀਆਂ ਚੋਣਾਂ ਸਭ ਤੋਂ ਦਿਲਚਸਪ ਹੋਣ ਜਾ ਰਹੀਆਂ ਹਨ। ਇਸ ਤੋਂ ਪਹਿਲਾਂ ਬਿਹਾਰ ਵਿੱਚ ਵਿਧਾਨ ਸਭਾ ਚੋਣਾਂ ਵੀ ਦਿਲਚਸਪ ਹੋਣਗੀਆਂ। ਚੋਣਾਂ ਤੋਂ ਪਹਿਲਾਂ ਹੋਏ ਓਪੀਨੀਅਨ ਪੋਲ ਵਿੱਚ, ਆਰ.ਜੇ.ਡੀ. ਨੇਤਾ ਤੇਜਸਵੀ ਯਾਦਵ ਨੂੰ ਮੁੱਖ ਮੰਤਰੀ ਅਹੁਦੇ ਲਈ ਸਭ ਤੋਂ ਵੱਧ ਲੋਕਾਂ ਦੀ ਪਸੰਦ ਦੱਸਿਆ ਜਾ ਰਿਹਾ ਹੈ। ਇਸੇ ਲਈ ਅਮਿਤ ਸ਼ਾਹ ਨੇ ਕਿਹਾ ਹੈ ਕਿ ਉਹ ਹੁਣ ਬਿਹਾਰ ਵਿੱਚ ਡੇਰਾ ਲਾਉਣਗੇ।

ਇਹ ਭਾਜਪਾ ਦੀ ਰਣਨੀਤੀ ਦਾ ਨਤੀਜਾ ਹੈ ਕਿ ਇੱਕ-ਇੱਕ ਕਰਕੇ ਕਈ ਖੇਤਰੀ ਪਾਰਟੀਆਂ ਕਮਜ਼ੋਰ ਹੋ ਰਹੀਆਂ ਹਨ। ਉਨ੍ਹਾਂ ਦੀ ਹੋਂਦ ਅਤੇ ਆਧਾਰ ਹੌਲੀ-ਹੌਲੀ ਘੱਟ ਰਹੀ ਹੈ। ਉੱਤਰ ਪ੍ਰਦੇਸ਼ ਵਿੱਚ ਬਹੁਜਨ ਸਮਾਜ ਪਾਰਟੀ ਦਾ ਆਧਾਰ ਖਤਮ ਹੋਣ ਦੇ ਕੰਢੇ ਹੈ। ਇਹ ਅਧਾਰ ਉੱਤਰ ਪ੍ਰਦੇਸ਼ ਤੋਂ ਬਾਹਰ ਲਗਭਗ ਅਲੋਪ ਹੋ ਚੁੱਕਾ ਹੈ। ਰਾਜਧਾਨੀ ਦਿੱਲੀ ਵਿੱਚ, ਜਿੱਥੇ ਇਸਦਾ ਮਜ਼ਬੂਤ ਅ??ਧਾਰ ਸੀ, ਇਸਦੇ ਉਮੀਦਵਾਰਾਂ ਨੂੰ ਇਸ ਚੋਣ ਵਿੱਚ ਹਰੇਕ ਸੀਟ 'ਤੇ ਔਸਤਨ ਇੱਕ ਹਜ਼ਾਰ ਵੋਟਾਂ ਵੀ ਨਹੀਂ ਮਿਲੀਆਂ। ਇਸੇ ਤਰ੍ਹਾਂ, ਸ਼੍ਰੋਮਣੀ ਅਕਾਲੀ ਦਲ, ਭਾਜਪਾ ਦਾ ਸਭ ਤੋਂ ਪੁਰਾਣਾ ਸਹਿਯੋਗੀ ਅਤੇ ਜਿਸਨੇ ਲੰਬੇ ਸਮੇਂ ਤੋਂ ਪੰਜਾਬ ਵਿੱਚ ਸਰਕਾਰ ਚਲਾਈ ਹੈ, ਆਪਣੀ ਹੋਂਦ ਬਚਾਉਣ ਲਈ ਸੰਘਰਸ਼ ਕਰ ਰਿਹਾ ਹੈ ਤੇ ਖਾਤਮੇ ਦੇ ਕੰਢੇ ਉੱਪਰ ਹੈ। ਕਿਹਾ ਜਾ ਰਿਹਾ ਹੈ ਕਿ ਭਾਜਪਾ ਬਾਦਲ ਦਲ ਵਿਰੋਧੀ ਧੜਿਆਂ ਨੂੰ ਪ੍ਰਮੋਟ ਕਰ ਰਹੀ ਹੈ।ਇਹੀ ਹਾਲਤ ਭਾਜਪਾ ਦੀ ਦੂਜੀ ਪੁਰਾਣੀ ਸਹਿਯੋਗੀ ਪਾਰਟੀ ਇੰਡੀਅਨ ਨੈਸ਼ਨਲ ਲੋਕ ਦਲ ਦੀ ਹੈ। ਝਾਰਖੰਡ ਵਿੱਚ ਵੀ ਏ.ਜੇ.ਐਸ.ਯੂ. ਦੀ ਸਥਿਤੀ ਇਹੀ ਹੈ ਅਤੇ ਇਸ ਸਾਲ ਦੀਆਂ ਚੋਣਾਂ ਵਿੱਚ, ਬਿਹਾਰ ਵਿੱਚ ਨਿਤੀਸ਼ ਕੁਮਾਰ ਦੀ ਪਾਰਟੀ ਜਨਤਾ ਦਲ ਯੂ ਦੇ ਪ੍ਰਦਰਸ਼ਨ 'ਤੇ ਹਰ ਕੋਈ ਨਜ਼ਰ ਰੱਖੇਗਾ।

(ਬਾਕੀ ਸਫ਼ਾ 31 'ਤੇ)

## ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ਬਾਰੇ ਵਿਚਾਰ ਚਰਚਾ



ਪਿਛਲੇ ਕੁੱਝ ਸਮੇਂ ਤੋਂ ਕੌਮੀ ਹਲਕਿਆਂ ਵਿੱਚ ਪੱਛਮ, ਆਧੁਨਿਕਤਾ, ਰਾਸ਼ਟਰਵਾਦ ਅਤੇ ਨੇਸ਼ਨ- ਸਟੇਟ ਦੇ ਸਿੱਖ ਪਰੰਪਰਾਵਾਂ ਦੇ ਵਿਰੋਧ ਬਾਰੇ ਵਿਵਾਦ ਚੱਲ ਰਿਹਾ ਹੈ। ਇਸ ਵਿਵਾਦ ਦਾ ਸਿਧਾਂਤਕ ਆਧਾਰ ਖਾਸ ਕਰਕੇ ਉੱਤਰ- ਬਸਤੀਵਾਦੀ ਵਿਚਾਰਾਂ ਤੋਂ ਪੈਦਾ ਹੋਈ ਯੂਰਪ ਕੇਂਦ੍ਰਿਤ ਵਿਰੋਧਤਾ ਹੈ ਪਰ ਇੰਨਾਂ ਸਾਰੇ ਵਰਤਾਰਿਆਂ ਦੇ ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ 'ਤੇ ਡੂੰਘੇ ਅਸਰ ਪਏ ਹਨ। ਇਸ ਕਰਕੇ ਇੰਨਾਂ ਵਰਤਾਰਿਆਂ ਸਬੰਧੀ ਵੱਡੀ ਸਿਧਾਂਤਕ ਚਰਚਾ ਦੀ ਜ਼ਰੂਰਤ ਹੈ। ਆਸ ਹੈ ਕਿ ਕੌਮੀ ਤੌਰ 'ਤੇ ਚੇਤੰਨ ਸਿੱਖ ਇਸ ਚਰਚਾ ਵਿੱਚ ਆਪਣਾ ਵਿਚਾਰਕ ਹਿੱਸਾ ਪਾਉਣਗੇ। ਇਸ ਸਬੰਧੀ ਵਿਦਵਾਨ ਲੇਖਕ ਆਪਣੇ ਵਿਚਾਰ 500 ਸ਼ਬਦਾਂ ਵਿੱਚ ਯੂਨੀਕੋਡ ਜਾਂ ਸਤਲੁਜ ਫੌਂਟ ਵਿੱਚ ਲਿਖ ਕੇ ਈਮੇਲ ਰਾਹੀਂ ਭੇਜ ਸਕਦੇ ਹਨ

ਈ ਮੇਲ : asrtimes@gmail.com

ALL STATE INSURANCE
Allstate
You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੰਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

CAPITAL DRUG TESTING
Capital DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com

# ਪ੍ਰੇਮ ਸਬੰਧਾਂ ਕਾਰਨ ਗੁਜਰਾਤ ਵਿੱਚ ਦਲਿਤ ਨੂੰ ਨੰਗਾ ਕਰਕੇ ਕੁੱਟਿਆ ਅਤੇ ਫਿਰ ਪਿੰਡ 'ਚ ਘੁਮਾਇਆ

## 2001 ਤੋਂ 2014 ਤੱਕ, ਦਲਿਤਾਂ ਦੇ ਕਤਲ ਦੇ 257 ਮਾਮਲੇ ਦਰਜ ਕੀਤੇ ਗਏ

## ਹਰ ਚਾਰ ਦਿਨਾਂ 'ਚ ਇੱਕ ਦਲਿਤ ਔਰਤ ਨਾਲ ਹੁੰਦੈ ਬਲਾਤਕਾਰ





ਗੁਜਰਾਤ ਵਿੱਚ, ਜਿਸ ਨੂੰ ਅਕਸਰ ਵਿਕਾਸ ਅਤੇ ਆਰਥਿਕ ਤਰੱਕੀ ਦੇ ਮਾਡਲ ਵਜੋਂ ਪੇਸ਼ ਕੀਤਾ ਜਾਂਦਾ ਹੈ, ਦਲਿਤ ਭਾਈਚਾਰੇ ਦੀ ਹਾਲਤ ਲੰਬੇ ਸਮੇਂ ਤੋਂ ਚਰਚਾ ਅਤੇ ਵਿਵਾਦ ਦਾ ਵਿਸ਼ਾ ਰਹੀ ਹੈ। ਸੰਵਿਧਾਨਕ ਅਧਿਕਾਰਾਂ ਅਤੇ ਕਾਨੂੰਨੀ ਸੁਰੱਖਿਆ ਦੇ ਬਾਵਜੂਦ, ਸੂਬੇ ਵਿੱਚ ਦਲਿਤਾਂ ਵਿਰੁੱਧ ਹਿੰਸਾ, ਵਿਤਕਰੇ ਅਤੇ ਜ਼ੁਲਮ ਦੇ ਮਾਮਲੇ ਲਗਾਤਾਰ ਵਾਪਰ ਰਹੇ ਹਨ। 11 ਮਾਰਚ ਨੂੰ ਗੁਜਰਾਤ ਦੇ ਸਾਬਰ ਕਾਂਠਾ ਜ਼ਿਲ੍ਹੇ ਦੇ ਵਡੋਲ ਪਿੰਡ ਵਿੱਚ ਇੱਕ ਦਲਿਤ ਵਿਅਕਤੀ ਨਾਲ ਵਾਪਰੀ ਬੇਰਹਿਮੀ ਵਾਲੀ ਘਟਨਾ ਨੇ ਇੱਕ ਵਾਰ ਫਿਰ ਜਾਤੀ ਹਿੰਸਾ ਅਤੇ ਸਮਾਜਿਕ ਅਸਮਾਨਤਾ ਦੇ ਮੁੱਦੇ ਨੂੰ ਸੁਰਖੀਆਂ ਵਿੱਚ ਲਿਆ ਦਿੱਤਾ ਹੈ। ਇਸ ਘਟਨਾ ਵਿੱਚ, ਉੱਚ ਜਾਤੀ ਦੇ ਲੋਕਾਂ ਨੇ ਕਥਿਤ ਤੌਰ 'ਤੇ ਇੱਕ ਦਲਿਤ ਵਿਅਕਤੀ ਦੇ ਕੱਪੜੇ ਉਤਾਰ ਦਿੱਤੇ, ਉਸਨੂੰ ਕੁੱਟਿਆ ਅਤੇ ਪਿੰਡ ਵਿੱਚ ਘੁੰਮਾਇਆ ਗਿਆ। ਇਹ ਸਭ ਕਥਿਤ ਤੌਰ 'ਤੇ ਇੱਕ ਵਿਆਹੀ ਔਰਤ ਨਾਲ ਪ੍ਰੇਮ ਸਬੰਧਾਂ ਕਾਰਨ ਹੋਇਆ। ਇਹ ਘਟਨਾ 13 ਮਾਰਚ ਨੂੰ ਸੋਸ਼ਲ ਮੀਡੀਆ 'ਤੇ ਵੀਡੀਓ ਵਾਇਰਲ ਹੋਣ ਤੋਂ ਬਾਅਦ ਪੁਲਿਸ ਦੇ ਧਿਆਨ ਵਿੱਚ ਆਈ।

ਪੁਲਿਸ ਦੇ ਅਨੁਸਾਰ, 32 ਸਾਲਾ ਪੀੜਤ ਉਸਾਰੀ ਮਜ਼ਦੂਰਾਂ ਨੂੰ ਉਨ੍ਹਾਂ ਦੇ ਕੰਮ ਵਾਲੀ ਥਾਂ 'ਤੇ ਲਿਜਾਣ ਦਾ ਕੰਮ ਕਰਦਾ ਹੈ ਅਤੇ ਇਸੇ ਦੌਰਾਨ ਉਸਦੀ ਮੁਲਾਕਾਤ ਔਰਤ ਨਾਲ ਹੋਈ। ਉਹ ਖੁਦ ਵੀ ਵਿਆਹਿਆ ਹੋਇਆ ਹੈ ਅਤੇ ਉਸਦੇ ਦੋ ਬੱਚੇ ਹਨ। 11 ਮਾਰਚ ਦੀ ਰਾਤ ਨੂੰ, ਆਲੂ ਛਾਂਟਣ ਦਾ ਕੰਮ ਖਤਮ ਕਰਨ ਤੋਂ ਬਾਅਦ, ਉਹ ਕੋਲਡ ਸਟੋਰੇਜ ਗੋਦਾਮ ਤੋਂ ਚਾਹ ਬਣਾਉਣ ਲਈ ਬਾਹਰ ਆਇਆ। ਉਸੇ ਸਮੇਂ, ਸੰਜੇ ਅਤੇ ਉਸਦੇ ਦੋਸਤਾਂ ਨੇ ਉਸਦਾ ਨਾਮ ਲੈਂਦੇ ਹੋਏ ਉਸ 'ਤੇ ਹਮਲਾ ਕਰ ਦਿੱਤਾ। ਪੀੜਤ ਨੇ ਐਫ.ਆਈ.ਆਰ. ਵਿੱਚ ਦੱਸਿਆ ਕਿ ਉਹ ਡਰ ਕੇ ਭੱਜ ਗਿਆ ਸੀ, ਪਰ ਹਮਲਾਵਰਾਂ ਨੇ ਉਸਨੂੰ ਫੜ ਲਿਆ, ਗਾਲ੍ਹਾਂ ਕੱਢੀਆਂ ਅਤੇ ਬੁਰੀ ਤਰ੍ਹਾਂ ਕੁੱਟਿਆ। ਇਸ ਤੋਂ ਬਾਅਦ, ਉਸਨੂੰ ਇੱਕ ਮੰਦਰ ਵਿੱਚ ਲਿਜਾਇਆ ਗਿਆ ਅਤੇ ਉਸਦੀ ਅਤੇ ਸੰਜੇ ਦੀ ਪਤਨੀ ਦੀ ਕਥਿਤ ਫੋਟੋ ਦਿਖਾਈ ਗਈ। ਫਿਰ ਉਸਨੂੰ ਨੰਗਾ ਕਰਕੇ ਪਿੰਡ ਵਿੱਚ ਘੁੰਮਾਇਆ ਗਿਆ ਅਤੇ ਇੱਕ ਸੁੰਨਸਾਨ ਜਗ੍ਹਾ 'ਤੇ ਲਿਜਾਇਆ ਗਿਆ ਅਤੇ ਦੁਬਾਰਾ ਪਿੰਡ ਵਿੱਚ ਪੈਰ ਨਾ ਰੱਖਣ ਦੀ ਧਮਕੀ ਦਿੱਤੀ ਗਈ। ਅੰਤ ਵਿੱਚ ਉਸਨੂੰ ਇੱਕ ਕਾਗਜ਼ 'ਤੇ ਦਸਤਖਤ ਕਰਨ ਲਈ ਮਜਬੂਰ ਕੀਤਾ ਗਿਆ, ਜਿਸ ਤੋਂ ਬਾਅਦ ਉਸਨੂੰ ਰਿਹਾਅ ਕਰ ਦਿੱਤਾ ਗਿਆ।

ਪੀੜਤ ਕਿਸੇ ਤਰ੍ਹਾਂ ਆਪਣੇ ਪਿੰਡ ਵਾਪਸ ਆ ਗਿਆ, ਜਿੱਥੇ ਉਸਦੇ ਦੋਸਤਾਂ ਅਤੇ ਪਰਿਵਾਰ ਨੇ ਉਸਨੂੰ ਇੱਕ ਨਿੱਜੀ ਹਸਪਤਾਲ ਵਿੱਚ ਦਾਖਲ ਕਰਵਾਇਆ। ਸਾਬਰਕਾਂਠਾ ਦੇ ਪੁਲਿਸ ਸੁਪਰਡੈਂਟ ਵਿਜੇ ਪਟੇਲ ਦੇ ਅਨੁਸਾਰ, ਪੀੜਤ ਨੂੰ ਇੰਨੀ ਬੁਰੀ ਤਰ੍ਹਾਂ ਕੁੱਟਿਆ ਗਿਆ ਕਿ ਉਸਨੂੰ ਹਸਪਤਾਲ ਦਾਖਲ ਕਰਵਾਉਣਾ ਪਿਆ, ਪਰ ਡਰ ਕਾਰਨ ਉਸਨੇ ਸ਼ੁਰੂ ਵਿੱਚ ਡਾਕਟਰਾਂ ਨੂੰ ਦੱਸਿਆ ਕਿ ਉਹ ਪੌੜੀਆਂ ਤੋਂ ਡਿੱਗ ਗਿਆ ਸੀ, ਜਿਸ ਤੋਂ ਬਾਅਦ ਕੋਈ ਮੈਡੀਕਲ-ਕਾਨੂੰਨੀ ਕੇਸ ਦਰਜ ਨਹੀਂ ਕੀਤਾ ਗਿਆ। ਵਾਇਰਲ ਵੀਡੀਓ ਤੋਂ ਬਾਅਦ, ਪੁਲਿਸ ਨੇ ਪੀੜਤ ਨਾਲ ਸੰਪਰਕ ਕੀਤਾ ਅਤੇ ਉਸਨੂੰ ਸ਼ਿਕਾਇਤ ਦਰਜ ਕਰਵਾਉਣ ਲਈ ਉਤਸ਼ਾਹਿਤ ਕੀਤਾ। ਰਿਪੋਰਟ ਅਨੁਸਾਰ, ਇਡਰ ਪੁਲਿਸ ਇੰਸਪੈਕਟਰ ਚੇਤਨ ਰਾਠੌੜ ਨੇ ਕਿਹਾ ਕਿ 15 ਲੋਕਾਂ 'ਤੇ ਅਨੁਸੂਚਿਤ ਜਾਤੀ ਅਤੇ ਜਨਜਾਤੀ (ਅੱਤਿਆਚਾਰ ਰੋਕਥਾਮ) ਐਕਟ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ, ਜਿਨ੍ਹਾਂ ਵਿੱਚੋਂ ਨੌਂ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਸੀ। ਪੁਲਿਸ ਹੋਰ ਸ਼ੱਕੀਆਂ ਦੀ ਭਾਲ ਕਰ ਰਹੀ ਹੈ। ਇਹ ਘਟਨਾ ਨਾ ਸਿਰਫ਼ ਨਿੱਜੀ ਝਗੜੇ ਦਾ ਨਤੀਜਾ ਹੈ, ਸਗੋਂ ਭਾਰਤ ਵਿੱਚ ਡੂੰਘੀਆਂ ਜੜ੍ਹਾਂ ਵਾਲੇ ਜਾਤੀਵਾਦ ਅਤੇ ਸਮਾਜਿਕ ਅਸਮਾਨਤਾ ਦਾ ਪ੍ਰਤੀਕ ਵੀ ਹੈ। ਇਹ ਤੱਥ ਕਿ ਪੀੜਤ ਦਲਿਤ ਸੀ ਅਤੇ ਹਮਲਾਵਰ ਉੱਚ ਜਾਤੀ ਦੇ ਸਨ, ਇਹ ਦਰਸਾਉਂਦਾ ਹੈ ਕਿ ਇਹ ਜਾਤੀ ਦਬਦਬੇ ਨੂੰ ਬਣਾਈ ਰੱਖਣ ਦੀ ਕੋਸ਼ਿਸ਼ ਸੀ। ਇਹ ਦਲਿਤ ਭਾਈਚਾਰੇ ਨੂੰ ਦਬਾਉਣ ਦੀ ਪੁਰਾਣੀ ਪ੍ਰਥਾ ਨੂੰ ਦਰਸਾਉਂਦਾ ਹੈ।

ਪੀੜਤ ਦਾ ਡਰ ਅਤੇ ਉਸਦਾ ਸੱਚਾਈ ਨੂੰ ਛੁਪਾਉਣਾ ਦਰਸਾਉਂਦਾ ਹੈ ਕਿ ਸਮਾਜ ਵਿੱਚ ਅਜੇ ਵੀ ਜਾਤੀਵਾਦੀ ਜ਼ੁਲਮਾਂ ਘਟਨਾਵਾਂ ਵਿਰੁੱਧ ਬੋਲਣ ਦੀ ਹਿੰਮਤ ਜੁਟਾਉਣਾ ਕਿੰਨਾ ਮੁਸ਼ਕਿਲ ਹੈ। ਇਸ ਨਾਲ ਇਹ ਸਵਾਲ ਵੀ ਉੱਠਦਾ ਹੈ ਕਿ ਕੀ ਕਾਨੂੰਨੀ ਢਾਂਚਾ ਅਤੇ ਸਮਾਜਿਕ ਸੁਰੱਖਿਆ ਪ੍ਰਣਾਲੀ ਅਸਲ ਵਿੱਚ ਦਲਿਤਾਂ ਨੂੰ ਨਿਆਂ ਅਤੇ ਸੁਰੱਖਿਆ ਪ੍ਰਦਾਨ ਕਰਨ ਦੇ ਯੋਗ ਹੈ?

ਅੱਤਿਆਚਾਰ ਰੋਕਥਾਮ ਕਾਨੂੰਨ ਵਰਗੇ ਕਾਨੂੰਨ ਮੌਜੂਦ ਹਨ, ਪਰ ਉਨ੍ਹਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਦੀ ਸਪੱਸ਼ਟ ਤੌਰ 'ਤੇ ਘਾਟ ਹੈ। ਵਾਇਰਲ ਵੀਡੀਓ ਤੋਂ ਬਾਅਦ ਹੀ ਪੁਲਿਸ ਦਾ ਸਰਗਰਮ ਹੋਣਾ ਇਹ ਦਰਸਾਉਂਦਾ ਹੈ ਕਿ ਜੇਕਰ ਇਹ ਘਟਨਾ ਸੋਸ਼ਲ ਮੀਡੀਆ 'ਤੇ ਨਾ ਆਈ ਹੁੰਦੀ, ਤਾਂ ਇਹ ਮਾਮਲਾ ਸ਼ਾਇਦ ਦਬਾਇਆ ਜਾ ਸਕਦਾ ਸੀ। ਇਹ ਪੁਲਿਸ ਦੀ ਨਾਕਾਮੀ ਅਤੇ ਪੀੜਤਾਂ ਤੱਕ ਪਹੁੰਚਣ ਵਿੱਚ ਦੇਰੀ 'ਤੇ ਸਵਾਲ ਖੜ੍ਹੇ ਕਰਦਾ ਹੈ। ਇਸ ਦੇ ਨਾਲ ਹੀ, ਸਮਾਜ ਦੀ ਚੁੱਪੀ ਵੀ ਚਿੰਤਾਜਨਕ ਹੈ। ਪਿੰਡ ਵਿੱਚ ਅਜਿਹੀ ਘਟਨਾ ਵਾਪਰਨ ਦੇ ਬਾਵਜੂਦ, ਕੋਈ ਵੀ ਅੱਗੇ ਨਹੀਂ ਆਇਆ, ਜੋ ਸਮਾਜਿਕ ਦਬਾਅ ਅਤੇ ਡਰ ਨੂੰ ਦਰਸਾਉਂਦਾ ਹੈ।

**ਗੁਜਰਾਤ ਵਿੱਚ ਦਲਿਤਾਂ ਦੀ ਹਾਲਤ**

ਗੁਜਰਾਤ ਵਿੱਚ ਦਲਿਤ ਆਬਾਦੀ ਰਾਜ ਦੀ ਕੁੱਲ ਆਬਾਦੀ ਦਾ ਲਗਭਗ 7% ਹੈ, ਪਰ ਉਨ੍ਹਾਂ ਦੀ ਸਮਾਜਿਕ ਅਤੇ ਆਰਥਿਕ ਸਥਿਤੀ ਅਜੇ ਵੀ ਕਈ ਤਰੀਕਿਆਂ ਨਾਲ ਕਮਜ਼ੋਰ ਹੈ। ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ ਅਤੇ ਵੱਖ-ਵੱਖ ਆਰ.ਟੀ.ਆਈ. ਤੋਂ ਪ੍ਰਾਪਤ ਅੰਕੜਿਆਂ ਤੋਂ ਪਤਾ ਚੱਲਦਾ ਹੈ ਕਿ ਗੁਜਰਾਤ ਵਿੱਚ ਦਲਿਤਾਂ ਵਿਰੁੱਧ ਅੱਤਿਆਚਾਰਾਂ ਦੇ ਮਾਮਲੇ ਦੂਜੇ ਰਾਜਾਂ ਦੇ ਮੁਕਾਬਲੇ ਕਾਫ਼ੀ ਜ਼ਿਆਦਾ ਹਨ। 2013 ਤੋਂ 2017 ਦੇ ਵਿਚਕਾਰ, ਅਨੁਸੂਚਿਤ ਜਾਤੀਆਂ ਵਿਰੁੱਧ ਅਪਰਾਧਾਂ ਵਿੱਚ 32% ਅਤੇ ਅਨੁਸੂਚਿਤ ਜਨਜਾਤੀਆਂ ਵਿਰੁੱਧ ਅਪਰਾਧਾਂ ਵਿੱਚ 55% ਦਾ ਵਾਧਾ ਹੋਇਆ ਹੈ। ਇੱਕ ਆਰ.ਟੀ.ਆਈ. ਤੋਂ ਮਿਲੀ ਜਾਣਕਾਰੀ ਦੇ ਅਨੁਸਾਰ, 2022 ਵਿੱਚ ਗੁਜਰਾਤ ਵਿੱਚ ਦਲਿਤਾਂ ਵਿਰੁੱਧ ਅੱਤਿਆਚਾਰਾਂ ਦੇ 1,425 ਮਾਮਲੇ ਦਰਜ ਕੀਤੇ ਗਏ ਸਨ, ਯਾਨੀ ਔਸਤਨ, ਹਰ ਰੋਜ਼ ਲਗਭਗ ਚਾਰ ਮਾਮਲੇ। ਇਨ੍ਹਾਂ ਵਿੱਚ ਕਤਲ, ਬਲਾਤਕਾਰ, ਸਰੀਰਕ ਹਮਲਾ ਅਤੇ ਸਮਾਜਿਕ ਬਾਈਕਾਟ ਵਰਗੇ ਗੰਭੀਰ ਅਪਰਾਧ ਸ਼ਾਮਲ ਹਨ। ਗੁਜਰਾਤ ਵਿੱਚ ਦਲਿਤਾਂ 'ਤੇ ਜ਼ੁਲਮ ਦੇ ਮਾਮਲੇ ਕਈ ਰੂਪ ਧਾਰਨ ਕਰਦੇ ਹਨ, ਜੋ ਡੂੰਘੀਆਂ ਜੜ੍ਹਾਂ ਵਾਲੇ ਜਾਤੀ ਦਬਦਬੇ ਅਤੇ ਸਮਾਜਿਕ ਵਿਤਕਰੇ ਨੂੰ ਉਜਾਗਰ ਕਰਦੇ ਹਨ। ਸਰੀਰਕ ਹਿੰਸਾ ਅਤੇ ਅਪਮਾਨ: ਸਾਬਰਕਾਂਠਾ ਘਟਨਾ ਵਾਂਗ, ਦਲਿਤਾਂ ਨੂੰ ਕੁੱਟਣਾ, ਕੱਪੜੇ ਉਤਾਰਨਾ ਅਤੇ ਜਨਤਕ ਤੌਰ 'ਤੇ ਅਪਮਾਨਿਤ ਕਰਨਾ ਆਮ ਗੱਲ ਹੈ। 2016 ਵਿੱਚ, ਊਨਾ ਵਿੱਚ ਗਊ ਰੱਖਿਅਕਾਂ ਨੇ ਚਾਰ ਦਲਿਤ ਨੌਜਵਾਨਾਂ ਨੂੰ ਇੱਕ ਮਰੀ ਹੋਈ ਗਾਂ ਦੀ ਖੱਲ ਉਤਾਰਨ ਕਾਰਨ ਬੇਰਹਿਮੀ ਨਾਲ ਕੁੱਟਿਆ ਸੀ, ਜਿਸ ਕਾਰਨ ਰਾਜ ਭਰ ਵਿੱਚ ਵਿਰੋਧ ਪ੍ਰਦਰਸ਼ਨ ਹੋਏ ਸਨ। 2023 ਵਿੱਚ, ਮੋਰਬੀ ਵਿੱਚ ਇੱਕ ਦਲਿਤ ਨੌਜਵਾਨ ਨੂੰ ਆਪਣੀ ਤਨਖਾਹ ਮੰਗਣ 'ਤੇ ਮੂੰਹ ਨਾਲ ਜੁੱਤੀਆਂ ਚੁੱਕਣ ਲਈ ਮਜਬੂਰ ਕੀਤਾ ਗਿਆ ਸੀ।

ਸਮਾਜਿਕ ਬਾਈਕਾਟ: 2019 ਵਿੱਚ, ਮਹਿਸਾਣਾ ਜ਼ਿਲ੍ਹੇ ਦੇ ਲੋਰ ਪਿੰਡ ਵਿੱਚ, ਇੱਕ ਦਲਿਤ ਲਾੜੇ ਦੀ ਘੋੜੀ ਚੜ੍ਹਨ ਤੋਂ ਬਾਅਦ ਪਿੰਡ ਵਾਸੀਆਂ ਨੇ ਦਲਿਤ ਪਰਿਵਾਰਾਂ ਨੂੰ ਰਾਸ਼ਨ ਅਤੇ ਪਾਣੀ ਦੇਣਾ ਬੰਦ ਕਰ ਦਿੱਤਾ। ਅਜਿਹੇ ਮਾਮਲੇ ਦਰਸਾਉਂਦੇ ਹਨ ਕਿ ਜਦੋਂ ਦਲਿਤ ਰਵਾਇਤੀ ਰੀਤੀ-ਰਿਵਾਜਾਂ ਨੂੰ ਚੁਣੌਤੀ ਦਿੰਦੇ ਹਨ ਤਾਂ ਉਹ ਸਮਾਜਿਕ ਤੌਰ 'ਤੇ ਅਲੱਗ-ਥਲੱਗ ਹੋ ਜਾਂਦੇ ਹਨ।

ਬਲਾਤਕਾਰ ਅਤੇ ਜਿਨਸੀ ਹਿੰਸਾ: ਆਰ.ਟੀ.ਆਈ. ਰਾਹੀਂ, ਬੀ.ਬੀ.ਸੀ. ਨੇ ਦਸ ਸਾਲਾਂ ਦੀ ਮਿਆਦ ਵਿੱਚ ਗੁਜਰਾਤ ਵਿੱਚ ਦਲਿਤ ਔਰਤਾਂ ਵਿਰੁੱਧ ਬਲਾਤਕਾਰ ਦੇ ਮਾਮਲਿਆਂ ਬਾਰੇ ਜਾਣਕਾਰੀ ਮੰਗੀ ਸੀ।2021 ਵਿੱਚ, ਇਹ ਖ਼ੁਲਾਸਾ ਹੋਇਆ ਕਿ ਹਰ ਚਾਰ ਦਿਨਾਂ ਵਿੱਚ ਇੱਕ ਦਲਿਤ ਔਰਤ ਨਾਲ ਬਲਾਤਕਾਰ ਹੁੰਦਾ ਹੈ।

### ਕਤਲ ਅਤੇ ਹਿੰਸਕ ਹਮਲੇ

2001 ਤੋਂ 2014 ਤੱਕ, ਦਲਿਤਾਂ ਦੇ ਕਤਲ ਦੇ 257 ਮਾਮਲੇ ਦਰਜ ਕੀਤੇ ਗਏ ਸਨ। 2023 ਵਿੱਚ, ਸੁਰੇਂਦਰਨਗਰ ਵਿੱਚ ਇੱਕ ਜ਼ਮੀਨੀ ਵਿਵਾਦ ਵਿੱਚ ਦੋ ਦਲਿਤਾਂ ਦਾ ਕਤਲ ਕਰ ਦਿੱਤਾ ਗਿਆ ਸੀ। ਇਹ ਘਟਨਾਵਾਂ ਜਾਇਦਾਦ ਅਤੇ ਸਮਾਜਿਕ ਰੁਤਬੇ ਨੂੰ ਲੈ ਕੇ ਤਣਾਅ ਨੂੰ ਉਜਾਗਰ ਕਰਦੀਆਂ ਹਨ। ਹਾਲਾਂਕਿ, ਸਾਬਰਕਾਂਠਾ ਘਟਨਾ ਇੱਕ ਯਾਦ ਦਿਵਾਉਂਦੀ ਹੈ ਕਿ ਸੰਵਿਧਾਨਕ ਅਧਿਕਾਰਾਂ ਅਤੇ ਕਾਨੂੰਨੀ ਸੁਰੱਖਿਆ ਦੇ ਬਾਵਜੂਦ, ਦਲਿਤ ਭਾਈਚਾਰੇ ਵਿਰੁੱਧ ਹਿੰਸਾ ਅਤੇ ਵਿਤਕਰਾ ਖਤਮ ਨਹੀਂ ਹੋਇਆ ਹੈ। ਇਹ ਸਿਰਫ਼ ਕਾਨੂੰਨ ਦਾ ਮਾਮਲਾ ਨਹੀਂ ਹੈ, ਸਗੋਂ ਸਮਾਜਿਕ ਸੋਚ ਨੂੰ ਬਦਲਣ ਦੀ ਜ਼ਰੂਰਤ ਦਾ ਸਵਾਲ ਵੀ ਹੈ। ਜਦੋਂ ਤੱਕ ਜਾਤੀ ਉਚਤਾ ਦੀ ਮਾਨਸਿਕਤਾ ਖਤਮ ਨਹੀਂ ਹੁੰਦੀ, ਅਜਿਹੀਆਂ ਘਟਨਾਵਾਂ ਵਾਪਰਦੀਆਂ ਰਹਿਣਗੀਆਂ। ਇਹ ਸਮਾਜ ਅਤੇ ਸਰਕਾਰ ਦੋਵਾਂ ਲਈ ਇੱਕ ਚਿਤਾਵਨੀ ਹੈ ਕਿ ਸਿਰਫ਼ ਕਾਨੂੰਨੀ ਕਾਰਵਾਈ ਹੀ ਕਾਫ਼ੀ ਨਹੀਂ ਹੈ, ਸਗੋਂ ਜਾਗਰੂਕਤਾ ਅਤੇ ਸਮਾਨਤਾ ਦੇ ਸੱਭਿਆਚਾਰ ਨੂੰ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ।

# ਕਿਸਾਨਾਂ ਅਤੇ ਕੇਂਦਰੀ ਮੰਤਰੀਆਂ ਵਿਚਾਲੇ 'ਸੁਖਾਵੇਂ ਮਾਹੌਲ' ਵਿੱਚ ਹੋਈ ਮੀਟਿੰਗ ਰਹੀ ਬੇਸਿੱਟਾ

## ਅਗਲੇ ਗੇੜ ਦੀ ਗੱਲਬਾਤ 4 ਮਈ ਨੂੰ ਕਰਨ ਦਾ ਫ਼ੈਸਲਾ

ਚੰਡੀਗੜ੍ਹ/ਏ.ਟੀ.ਨਿਊਜ਼: ਸੰਯੁਕਤ ਕਿਸਾਨ ਮੋਰਚਾ (ਗ਼ੈਰ-ਸਿਆਸੀ) ਤੇ ਕਿਸਾਨ ਮਜ਼ਦੂਰ ਮੋਰਚਾ ਅਤੇ ਤਿੰਨ ਕੇਂਦਰੀ ਮੰਤਰੀਆਂ ਦਰਮਿਆਨ ਹੋਈ ਤੀਜੇ ਗੇੜ ਦੀ ਗੱਲਬਾਤ ਵਿੱਚ ਵੀ ਪੇਚ ਫਸਿਆ ਰਿਹਾ। ਮੀਟਿੰਗ ਭਾਵੇਂ 'ਸੁਖਾਵੇਂ ਮਾਹੌਲ' ਵਿੱਚ ਹੋਈ, ਪਰ ਗੱਲ ਕਿਸੇ ਤਣ ਪੱਤਣ ਨਹੀਂ ਲੱਗੀ। ਇਸ ਦੌਰਾਨ ਅਗਲੇ ਗੇੜ ਦੀ ਗੱਲਬਾਤ 4 ਮਈ ਨੂੰ ਕਰਨ ਦਾ ਫ਼ੈਸਲਾ ਲਿਆ ਗਿਆ ਹੈ।

ਹੁਣ ਤੱਕ ਹੋਈ ਗੱਲਬਾਤ ਤੋਂ ਜਾਪਦਾ ਹੈ ਕਿ ਦੋਵੇ ਧਿਰਾਂ ਆਪੋ ਆਪਣੇ ਸਟੈਂਡ 'ਤੇ ਕਾਇਮ ਹਨ। ਜਥੇਬੰਦੀਆਂ ਨੇ ਕਿਸਾਨੀ ਦੇ ਲਾਗਤ ਮੁੱਲ 'ਤੇ ਤਰਕ ਪੇਸ਼ ਕੀਤੇ। ਦੂਜੇ ਕੇਂਦਰੀ ਮੰਤਰੀ ਕਿਸਾਨਾਂ ਲਈ ਸਰਕਾਰ ਵੱਲੋਂ ਚੁੱਕੇ ਕਦਮਾਂ ਦੇ ਵੇਰਵੇ ਪੇਸ਼ ਕਰ ਰਹੇ ਹਨ।

ਇਸ ਤੋਂ ਪਹਿਲਾਂ ਕਿਸਾਨ ਜਥੇਬੰਦੀਆਂ ਦੇ 28 ਨੁਮਾਇੰਦਿਆਂ ਤੇ ਤਿੰਨ ਕੇਂਦਰੀ ਮੰਤਰੀਆਂ ਦਰਮਿਆਨ ਚੰਡੀਗੜ੍ਹ ਦੇ ਸੈਕਟਰ 26 ਦੇ ਮਹਾਤਮਾ ਗਾਂਧੀ ਸਟੇਟ ਇੰਸਟੀਚਿਊਟ ਆਫ਼ ਪਬਲਿਕ ਐਡਮਨਿਸਟ੍ਰੇਸ਼ਨ (ਮਗਸਿਪਾ) ਵਿੱਚ ਤੀਜੇ ਗੇੜ ਦੀ ਗੱਲਬਾਤ ਸਵੇਰੇ 11 ਵਜੇ ਦੇ ਕਰੀਬ ਸ਼ੁਰੂ ਹੋਈ।ਕੇਂਦਰ ਸਰਕਾਰ ਵੱਲੋਂ ਬੈਠਕ



ਵਿੱਚ ਖੇਤੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ, ਉਦਯੋਗ ਮੰਤਰੀ ਪਿਊਸ਼ ਗੋਇਲ ਅਤੇ ਖੁਰਾਕ ਤੇ ਖਪਤਕਾਰ ਮਾਮਲੇ ਮੰਤਰੀ ਪ੍ਰਹਿਲਾਦ ਜੋਸ਼ੀ ਸ਼ਾਮਲ ਹੋਏ, ਜਦੋਂਕਿ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ, ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਅਤੇ ਗੁਰਮੀਤ ਸਿੰਘ ਖੁੱਡੀਆਂ ਨੇ ਪੰਜਾਬ ਸਰਕਾਰ ਦੀ ਨੁਮਾਇੰਦਗੀ ਕੀਤੀ। ਬੈਠਕ ਵਿੱਚ ਸੰਯੁਕਤ ਕਿਸਾਨ ਮੋਰਚਾ (ਗ਼ੈਰਸਿਆਸੀ) ਦੇ ਪ੍ਰਧਾਨ ਜਗਜੀਤ ਸਿੰਘ ਡੱਲੇਵਾਲ ਵਿਸ਼ੇਸ਼ ਤੌਰ 'ਤੇ ਮੌਜੂਦ ਸਨ।

ਇਸ ਤੋਂ ਪਹਿਲਾਂ 22 ਫਰਵਰੀ ਨੂੰ ਦੂਜੇ ਗੇੜ ਦੀ ਬੈਠਕ ਦੌਰਾਨ ਕਿਸਾਨਾਂ ਨੇ ਆਪਣੀ ਰਾਇ ਰੱਖੀ ਸੀ ਕਿ ਕੇਂਦਰ ਸਰਕਾਰ ਸਾਰੀਆਂ ਫਸਲਾਂ 'ਤੇ ਘੱਟੋ-ਘੱਟ ਸਮਰਥਨ ਮੁੱਲ ਦੇਣ ਲਈ ਵਿੱਤੀ ਸਹਾਇਤਾ ਕਿਵੇਂ ਪ੍ਰਾਪਤ ਕਰ ਸਕਦਾ ਹੈ। ਕੇਂਦਰੀ ਟੀਮ ਨੇ ਹਾਲਾਂਕਿ ਉਦੋਂ ਅੰਕੜਿਆਂ ਨੂੰ ਲੈ ਕੇ ਆਪਣੇ ਸ਼ੰਕੇ ਪ੍ਰਗਟਾਏ ਸੀ, ਜਿਸ ਤੋਂ ਬਾਅਦ ਕਿਸਾਨ ਯੂਨੀਅਨਾਂ ਨੇ ਅੰਕੜਿਆਂ ਦੇ ਸਰੋਤਾਂ ਦੇ ਨਾਲ ਇੱਕ ਤਫ਼ਸੀਲੀ ਰਿਪੋਰਟ ਪੇਸ਼ ਕੀਤੀ ਸੀ।

# ਭਾਰਤ 'ਤੇ ਮਹਿਸੂਸ ਕੀਤਾ ਜਾ ਰਿਹੈ ਅਮਰੀਕੀ ਟੈਰਿਫ਼ ਦਾ ਪ੍ਰਭਾਵ



ਚੰਡੀਗੜ੍ਹ/ਏ.ਟੀ.ਨਿਊਜ਼: ਇੱਕ ਸਰਕਾਰੀ ਸੂਤਰ ਨੇ ਕਿਹਾ ਕਿ ਬੀਤੇ ਮਹੀਨੇ ਦੌਰਾਨ ਭਾਰਤੀ ਬਰਾਮਦਾਂ ਉਤੇ ਅਮਰੀਕੀ ਟੈਰਿਫ਼ ਧਮਕੀਆਂ ਦਾ ਮਾੜਾ ਅਸਰ ਪਿਆ ਹੈ। ਭਾਰਤ ਵਿਸ਼ਵਵਿਆਪੀ ਅਨਿਸ਼ਚਿਤਤਾ ਦੇ ਵਿਚਕਾਰ ਬਰਾਮਦਕਾਰਾਂ ਨੂੰ ਉਤਸ਼ਾਹਿਤ ਕਰਨ 'ਤੇ ਵਿਚਾਰ ਕਰ ਰਿਹਾ ਹੈ, ਜਿਸ ਦਾ ਫ਼ੈਸਲਾ ਇੱਕ ਮਹੀਨੇ ਦੇ ਅੰਦਰ-ਅੰਦਰ ਹੋਣ ਦੀ ਉਮੀਦ ਹੈ।

ਇੱਕ ਸਰਕਾਰੀ ਅਧਿਕਾਰੀ ਨੇ ਪਿਛਲੇ ਦਿਨੀਂ ਕਿਹਾ ਕਿ ਵਿਸ਼ਵਵਿਆਪੀ ਵਪਾਰ ਅਨਿਸ਼ਚਿਤਤਾ ਅਤੇ ਡੋਨਾਲਡ ਟਰੰਪ ਪ੍ਰਸ਼ਾਸਨ ਵੱਲੋਂ ਅਮਰੀਕਾ ਨੂੰ ਭੇਜੇ ਗਏ ਸ਼ਿਪਮੈਂਟਾਂ 'ਤੇ ਟੈਰਿਫ਼ ਦੇ ਸੰਭਾਵੀ ਪ੍ਰਭਾਵ ਦੇ ਵਿਚਕਾਰ ਭਾਰਤ ਆਪਣੇ ਬਰਾਮਦਕਾਰਾਂ ਨੂੰ ਨਵੀਆਂ ਹੱਲਾਸ਼ੇਰੀਆਂ ਦੇਣ 'ਤੇ ਵਿਚਾਰ ਕਰ ਰਿਹਾ ਹੈ।

ਅਮਰੀਕਾ ਅਤੇ ਯੂਰਪੀ ਯੂਨੀਅਨ ਵਰਗੇ ਵਪਾਰਕ ਭਾਈਵਾਲਾਂ ਦੁਆਰਾ ਅਪਣਾਈਆਂ ਜਾ ਰਹੀਆਂ ਹਮਲਾਵਰ ਨੀਤੀਆਂ ਕਾਰਨ ਭਾਰਤੀ ਬਰਾਮਦਕਾਰਾਂ 'ਤੇ ਦਬਾਅ ਵਧ ਰਿਹਾ ਹੈ। ਇੱਕ ਸਮਾਗਮ ਦੌਰਾਨ ਵੱਖਰੇ ਤੌਰ 'ਤੇ ਗੱਲ ਕਰਦਿਆਂ ਇਸ ਅਧਿਕਾਰੀ ਨੇ ਕਿਹਾ, "ਸਰਕਾਰ ਵੱਲੋਂ ਇੱਕ ਮਹੀਨੇ ਦੇ ਅੰਦਰ ਬਰਾਮਦਕਾਰਾਂ ਨੂੰ ਉਤਸ਼ਾਹਿਤ ਕਰਨ ਬਾਰੇ ਫ਼ੈਸਲਾ ਲੈਣ ਦੀ ਉਮੀਦ ਹੈ ਅਤੇ 1 ਅਪ੍ਰੈਲ ਤੋਂ ਸ਼ੁਰੂ ਹੋਣ ਵਾਲੇ ਸਾਲ ਲਈ ਬਜਟ ਵਿੱਚ ਫ਼ੰਡ ਪਹਿਲਾਂ ਹੀ ਅਲਾਟ ਕਰ ਦਿੱਤੇ ਗਏ ਹਨ।'

ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਵੀ ਬੀਤੇ ਦਿਨੀਂ ਕਿਹਾ ਸੀ ਕਿ ਅਮਰੀਕੀ ਟੈਰਿਫ਼ ਦਾ ਪ੍ਰਭਾਵ ਭਾਰਤ 'ਤੇ ਮਹਿਸੂਸ ਕੀਤਾ ਜਾਵੇਗਾ।

## ਦਰਪਣ ਝੂਠ ਨਹੀਂ ਬੋਲਦਾ

# ਲਗਾਤਾਰ ਹੋ ਰਹੇ ਗ੍ਰਨੇਡ ਧਮਾਕਿਆਂ ਤੇ ਪੰਜਾਬ ਹਿੰਸਾ ਦਾ ਕੌਣ ਹੈ ਮਾਸਟਰ ਸਰਗਨਾ ?

## ਦਰਬਾਰ ਸਾਹਿਬ ਅੰਦਰ ਕਿਸੇ ਗ਼ੈਰ ਪੰਜਾਬੀ ਵੱਲੋਂ ਲੋਹੇ ਦੀ ਰਾਡ ਨਾਲ ਸੰਗਤਾਂ ’ਤੇ ਹਮਲੇ ਸਾਜ਼ਿਸ਼ ਦਾ ਹਿੱਸਾ

### ਝੂਠੇ ਮੁਕਾਬਲਿਆਂ ਵਾਲੀ ਬੇਅੰਤ ਸਰਕਾਰ ਵਾਲੀ ਖੇਡ ਕਿਉਂ ਜਾਰੀ ਹੈ ?

ਅੰਮ੍ਰਿਤਸਰ ਦੇ ਇਕ ਮੰਦਰ ਵਿੱਚ ਹੋਏ ਧਮਾਕੇ ਉਪਰੰਤ ਭਾਵੇਂ ਪੁਲਿਸ ਵੱਲੋਂ ਇੱਕ ਮੁਲਜ਼ਮ ਗੁਰਸਿਦਕ ਉਰਫ਼ ਸਿਦਕੀ ਵਾਸੀ ਪਿੰਡ ਬੱਲ ਕਲਾਂ ਦਾ ਬੀਤੇ ਦਿਨੀਂ ਐਨਕਾਊਂਟਰ ਕਰ ਦਿੱਤਾ ਗਿਆ ਹੈ ਤੇ ਜਦੋਂ ਕਿ ਉਸ ਦਾ ਸਾਥੀ ਵਿਸ਼ਾਲ ਉਰਫ਼ ਚੂਈ ਵਾਸੀ ਰਾਜਾਸਾਂਸੀ ਫ਼ਰਾਰ ਹੋ ਗਿਆ ਸੀ। ਧਮਾਕਿਆਂ ਉਪਰੰਤ ਵਿਗੜੀ ਅਮਨ-ਕਾਨੂੰਨ ਦੀ ਸਥਿਤੀ ਦਾ ਮੁੱਦਾ ਸੰਸਦ ਵਿੱਚ ਵੀ ਗੂੰਜਿਆ ਸੀ, ਪਰ ਫ਼ਿਰ ਵੀ ਪਿਛਲੇ ਸਾਲ ਤੋਂ ਹੋ ਰਹੇ ਧਮਾਕਿਆਂ ਦਾ ਮਾਸਟਰ ਮਾਈਂਡ ਕੌਣ ਹੈ, ਹਾਲੇ ਤੱਕ ਇਸ ਦਾ ਪਤਾ ਨਹੀਂ ਲਗਾਇਆ ਜਾ ਸਕਿਆ। ਇਸ ਲਈ ਕੇਵਲ ਕਰਿੰਦੇ ਹੀ ਪੁਲਿਸ ਦੀ ਪਕੜ ਵਿੱਚ ਆਏ ਹਨ। ਪਿਛਲੇ ਸਾਲ ਨਵੰਬਰ 2024 ਤੋਂ ਸ਼ੁਰੂ ਹੋਏ ਧਮਾਕਿਆਂ ਦਾ ਸਿਲਸਿਲਾ ਹਾਲੇ ਰੁਕਣ ਦਾ ਨਾਂਅ ਨਹੀਂ ਲੈ ਰਿਹਾ ਤੇ ਕਿਸੇ ਧਾਰਮਿਕ ਸਥਾਨ ’ਤੇ ਹੋਇਆ ਇਹ ਪਹਿਲਾ ਹਮਲਾ ਹੈ, ਜਦਕਿ ਸੂਬੇ ਵਿੱਚ ਇਹ 13ਵਾਂ ਹਮਲਾ ਹੈ ।24 ਨਵੰਬਰ, 2024 ਨੂੰ ਅੰਮ੍ਰਿਤਸਰ ਦੇ ਅਜਨਾਲਾ ਥਾਣੇ ਦੇ ਬਾਹਰ ਆਈ.ਈ.ਡੀ. ਲਗਾਈ ਗਈ, ਹਾਲਾਂ ਕਿ ਇਹ ਫ਼ਟੀ ਨਹੀਂ।27 ਨਵੰਬਰ ਨੂੰ ਅੰਮ੍ਰਿਤਸਰ ਸ਼ਹਿਰ ਦੀ ਬੰਦ ਪਈ ਪੁਲਿਸ ਚੌਕੀ ਗੁਰਬਖਸ਼ ਨਗਰ ਵਿੱਚ ਗ੍ਰਨੇਡ ਹਮਲਾ, 2 ਦਸੰਬਰ ਨੂੰ ਮੋਹਾਲੀ ਦੇ ਕਾਠਗੜ੍ਹ ਥਾਣੇ ਵਿੱਚ ਗ੍ਰਨੇਡ ਹਮਲਾ, 3 ਦਸੰਬਰ ਨੂੰ ਅੰਮ੍ਰਿਤਸਰ ਦੇ ਮਜੀਠਾ ਥਾਣੇ ਦੇ ਬਾਹਰ ਗ੍ਰਨੇਡ ਹਮਲਾ, ਜਿਸ ਨੂੰ ਪੁਲਿਸ ਨੇ ਗੱਡੀ ਦਾ ਟਾਇਰ ਫ਼ਟਿਆ ਦੱਸ ਕੇ ਮੰਨਣ ਤੋਂ ਇਨਕਾਰ ਕਰ ਦਿੱਤਾ ।13 ਦਸੰਬਰ ਨੂੰ ਅਲੀਵਾਲ ਬਟਾਲਾ ਥਾਣੇ ਵਿੱਚ



ਗ੍ਰਨੇਡ ਹਮਲਾ, 17 ਦਸੰਬਰ ਨੂੰ ਅੰਮ੍ਰਿਤਸਰ ਦੇ ਥਾਣਾ ਇਸਲਾਮਾਬਾਦ ਵਿਖੇ ਗ੍ਰਨੇਡ ਹਮਲਾ, 19 ਦਸੰਬਰ ਨੂੰ ਗੁਰਦਾਸਪੁਰ ਦੇ ਬਖਸ਼ੀਵਾਲਾ ਦੀ ਬੰਦ ਪਈ ਚੌਕੀ ’ਤੇ ਹਮਲਾ, 21 ਦਸੰਬਰ ਨੂੰ ਕਲਾਨੌਰ ਦੇ ਵਡਾਲਾ ਦੀ ਪੁਲਿਸ ਚੌਕੀ ’ਚ ਹਮਲਾ, ਇਸ ਸਾਲ ਦੀ ਪਹਿਲੀ ਘਟਨਾ 16 ਜਨਵਰੀ ਨੂੰ ਅੰਮ੍ਰਿਤਸਰ ਦੀ ਪੁਲਿਸ ਚੌਕੀ ਗੁੰਮਟਾਲਾ ’ਚ ਹੋਇਆ ਧਮਾਕਾ, 19 ਜਨਵਰੀ ਨੂੰ ਪਿੰਡ ਜੈਂਤੀਪੁਰ ਦੇ ਸ਼ਰਾਬ ਕਾਰੋਬਾਰੀ ਦੇ ਘਰ ਗ੍ਰਨੇਡ ਹਮਲਾ, 3 ਫ਼ਰਵਰੀ ਨੂੰ ਫ਼ਤਹਿਗੜ੍ਹ ਚੂੜੀਆਂ ਰੋਡ ਦੀ ਬੰਦ ਪਈ ਚੌਂਕੀ ’ਤੇ ਹਮਲਾ, 14 ਫ਼ਰਵਰੀ ਨੂੰ ਗੁਰਦਾਸਪੁਰ ਦੇ ਡੇਰਾ ਬਾਬਾ ਨਾਨਕ ਪੁਲਿਸ ਮੁਲਾਜ਼ਮ ਦੇ ਘਰ ਧਮਾਕਾ ਤੇ ਬੀਤੇ ਦਿਨ ਅੰਮ੍ਰਿਤਸਰ ਦੇ ਠਾਕੁਰ ਦੁਆਰਾ ਮੰਦਰ ਵਿੱਚ ਹੋਏ ਗ੍ਰਨੇਡ ਹਮਲੇ ਦਾ ਮਾਮਲਾ ਪ੍ਰਮੁਖ ਹਨ।

ਪੰਜਾਬ ਦੇ ਅਜੋਕੇ ਹਾਲਾਤ ਹਰੇਕ ਪੰਜਾਬੀ ਨੂੰ ਇਕ ਦਮ 1982-84 ਦੀਆਂ ਘਟਨਾਵਾਂ ਦੀ ਯਾਦ ਤਾਜ਼ਾ ਕਰਵਾ ਰਹੇ ਹਨ। ਹਰ ਦੂਜੇ ਚੌਥੇ ਕਿਸੇ ਮੰਦਰ ਵਿੱਚ ਗਊਆਂ ਦੇ ਸਿੰਗ ਸੁੱਟੇ ਜਾਣ ਦੀਆਂ ਵਾਰਦਾਤਾਂ ਹੁੰਦੀਆਂ ਰਹਿੰਦੀਆਂ ਸਨ, ਗੁਰਦੁਆਰਾ ਸਰੋਵਰਾਂ ਵਿਚੋਂ ਸਿਗਰਟਾਂ, ਬੀੜੀਆਂ ਜਾਂ ਅਜਿਹੀਆਂ ਸ਼ਰਾਰਤੀ ਵਸਤਾਂ ਮਿਲਦੀਆਂ । ਕਿੱਸਾ ਇਹ ਕਿ ਦੇਸੀ ਪਰਿੰਟ ਮੀਡੀਆ ਰਾਹੀਂ ਪੰਜਾਬ ਅੰਦਰ ਫ਼ਿਰਕੂ ਅੱਗ ਧੁਖਦੀ ਰੱਖੀ ਜਾਂਦੀ ਤਾਂ ਜੋ ਫ਼ਿਰਕੂ ਕਤਾਰਬੰਦੀ ਅਤੇ ਲਾ ਕਾਨੂੰਨੀ ਦਾ ਮਾਹੌਲ ਸਿਰਜਿਆ ਜਾਂਦਾ ਰਹੇ ।ਦਰਬਾਰ ਸਾਹਿਬ ਅੰਦਰ ਕਿਸੇ ਗੈਰ ਪੰਜਾਬੀ ਵੱਲੋਂ ਲੋਹੇ ਦੀ ਰਾਡ ਨਾਲ ਪੰਜ ਸ਼ਰਧਾਲੂਆਂ ਉੱਪਰ ਹਮਲਾ ਕਰਕੇ ਜ਼ਖਮੀ ਕਰਨਾ ਬਹੁਤ ਗੰਭੀਰ ਤਾਜ਼ਾ ਵਾਰਦਾਤ ਹੈ।ਹਮਲਾਵਰ ਨੂੰ ਕਾਬੂ ਕਰਕੇ ਪੁਲਿਸ ਹਵਾਲੇ ਕਰ ਦਿੱਤਾ ਗਿਆ। ਸੰਗਤਾਂ ਨੂੰ ਸ਼ੱਕ ਹੈ ਕਿ ਕੇਸ ਪਹਿਲਾਂ ਵਾਂਗ ਬੇਅਦਬੀਆਂ ਦੀ ਤਰ੍ਹਾਂ ਦਬਾਅ ਦਿੱਤਾ ਜਾਵੇਗਾ। ਗ੍ਰਿਫ਼ਤਾਰ ਕੀਤੇ ਗਏ ਹਮਲਾਵਰ ਦੀ ਪਛਾਣ ਜ਼ੁਲਫ਼ਾਨ ਵਜੋਂ ਹੋਈ ਹੈ, ਜੋ ਕਿ ਯਮੁਨਾ ਨਗਰ, ਹਰਿਆਣਾ ਦਾ ਰਹਿਣ ਵਾਲਾ ਹੈ। ਜੋ ਪਿਛਲੇ 2-3 ਦਿਨਾਂ ਤੋਂ ਅੰਮ੍ਰਿਤਸਰ ਆਇਆ ਹੋਇਆ ਸੀ।ਲੋਕ ਆਪ ਪਛਾਣ ਕਰਨ ਕਿ 1982-84 ਵਿੱਚ ਕਿਵੇਂ ਖੁਫ਼ੀਆ ਸਟੇਟ ਮਸ਼ੀਨਰੀ ਨੇ ਧਰਮਯੁੱਧ ਮੋਰਚੇ ਨੂੰ ਲੀਹੋਂ ਲਾਹੁਣ ਲਈ ਕੀ ਕੀ ਹਥਕੰਡੇ ਅਪਣਾਏ ਸਨ ? ਕਿਵੇਂ ਪੰਜਾਬ ਦਾ ਮਾਹੌਲ ਖਰਾਬ ਕਰ ਕੇ ਫ਼ੌਜ ਲਈ ਦਖਲਯੋਗ ਹਾਲਾਤ ਬਣਾਏ ਗਏ ਸਨ ? ਉਸ ਅਧਿਆਏ ਦੇ ਕੁੱਝ ਅਹਿਮ ਪੱਖਾਂ ਤੋਂ ਗਵਰਨਰ ਪਾਂਡੇ ਨੇ ਪਰਦਾ ਚੁੱਕਿਆ ਸੀ।

ਲੋਕ ਪਛਾਣ ਕਰਨ ਕਿ ਹੁਣ ਵਖਰੇ ਉਦੇਸ਼ਾਂ ਲਈ ਕਿਹੜੀਆਂ ਤਾਕਤਾਂ ਪੰਜਾਬ ਅੰਦਰ ਸੰਭਾਵਤ ਫਿਰਕੂ ਮਾਹੌਲ ਨੂੰ ਤਬਾਹ ਕਰ ਰਹੀਆਂ ਹਨ ਅਤੇ ਇਸ ਕਾਰੋਬਾਰ ਵਿਚ ਉਹ ਕੀ ਖਟਣ ਦੀ ਤਾਕ ਵਿਚ ਹਨ ?

ਦਹਾਕਿਆਂ ਦੇ ਦਹਾਕੇ ਬੀਤ ਜਾਂਦੇ ਹਨ, ਤਟ ਫਟ ਉਦੇਸ਼ ਬਦਲਦੇ ਰਹਿੰਦੇ ਹਨ ਪਰ ਸਟੇਟ ਹੱਥੀ ਇਤਿਹਾਸਕ ਇਕਸਾਰਤਾ ਦਾ ਵਹਿਣ ਅਆਪਣੇ ਥਾਂ ਵਗਦਾ ਰਹਿੰਦਾ ਹੈ ।ਪੁਲਿਸ ਨੂੰ ਝੂਠੇ ਮੁਕਾਬਲਿਆਂ ਅਤੇ ਬੁਲਡੋਜ਼ਰ ਚਲਾਉਣ ਦੀਆਂ ਖੁਲਾਂ ਦੇ ਕੇ ਲਾਲਾ ਕੇਜਰੀਵਾਲ ਅਤੇ ਅਮਨ ਅਰੋੜਾ ਬੇਅੰਤ ਸਿੰਘ ਦੇ ਯੁਗ ਵਾਲੀ ਖਤਰਨਾਕ ਖੇਡ ਖੇਡ ਰਹੇ ਹਨ ।ਵਿਪਾਸਨਾ ਉਪਰੰਤ ਘੜੀ ਇਸ ਜ਼ਹਿਰੀਲੀ ਨੀਤੀ ਦੁਆਰਾ ਬਹੁਤ ਸਾਰੇ ਹਿੰਦੂ ਰਾਜਸੀ ਤੌਰ ਤੇ ਝਾੜੂਵਾਦ ਦੁਆਲੇ ਸ਼ਾਇਦ ਇਕਮੁਠ ਹੋ ਜਾਣ ਪਰ ਹੈ ਇਹ ਪੰਜਾਬ ਅੰਦਰ ਲਾਕਾਨੂੰਨੀ ਅਤੇ ਅਨਾਰਕੀ ਨੂੰ ਖੁੱਲਾ ਸੱਦਾ-ਪੱਤਰ । ਅਰੋੜਾ ਕਿੰਨੇ ਹੈਂਕੜ ਭਰੇ ਢੰਗ ਨਾਲ ਪੁਲਿਸ ਦੀਆਂ ਲਗਾਮਾਂ ਖੁਲੀਆਂ ਛਡਣ ਦੀਆਂ ਧਮਕੀਆਂ ਦੇ ਰਿਹੈ ਅਤੇ ਕਹਿ ਰਿਹਾ ਕਿ ‘ਜਿਹੜਾ ਹੈਂਡ ਗਰਨੇਡ ਰਖੇਗਾ ਉਹ ਪੁਲਿਸ ਮੁਕਾਬਲੇ ਲਈ ਤਿਆਰ ਰਹੇ’ !ਅਜਿਹੇ ਗੰਭੀਰ, ਸ਼ੱਕੀ ਵਾਕਿਆਤ ਵਿਚੋਂ ਉਹ ਪੁਲਿਸ ਹਥੀ ਪੜਤਾਲ ਅਤੇ ਨਿਆਂਪਾਲਿਕਾ ਦੇ ਦਖਲ ਨੂੰ ਚੁਪ ਚਾਪ ਬੇਦਖਲ ਕਰ ਰਿਹਾ ਹੈ ।ਇਸ ਵਿਚੋਂ ਲੋਕਰਾਜੀ ਸਹਿਜ ਗ਼ਾਇਬ ਹੈ । ਅਜਿਹੇ ਫਾਸ਼ੀ ਸਭਿਆਚਾਰ ਦਾ ਡਟ ਕੇ ਵਿਰੋਧ ਹੋਣਾ ਚਾਹੀਦਾ ਹੈ। ਪੁਲਿਸ ਦੇ ਮੂੰਹ ਨੂੰ ਜਦ ਖ਼ੂਨ ਲਗੇਗਾ ਤਾਂ ਪਟਿਆਲਾ ਵਰਗੀਆਂ ਘਟਨਾਵਾਂ ਤੁਹਾਡੇ ਸਾਹਮਣੇ ਪੈਰ ਪੈਰ ਤੇ ਉਭਰਨਗੀਆਂ।

# ਮਹਾਰਾਸ਼ਟਰ ਸਰਕਾਰ ਜ਼ੁਬਾਨ ਬੰਦ ਕਰਾਉਣ ਵਾਲਾ ਬਣਾਉਣ ਜਾ ਰਹੀ ਹੈ ਕਾਨੂੰਨ

## ਸਰਕਾਰ ਖ਼ਿਲਾ.ਫ ਬੋਲਣ ਤੋਂ ਰੋਕੇਗਾ ਸੰਭਾਵੀ ਕਾਨੂੰਨ

## ਬਿੱਲ ਦਾ ਸੂਬੇ ਵਿੱਚ ਵਿਰੋਧ ਜਾਰੀ

ਮਹਾਰਾਸ਼ਟਰ ਸਰਕਾਰ ਇੱਕ ਨਵਾਂ ਕਾਨੂੰਨ ਬਣਾਉਣ ਜਾ ਰਹੀ ਹੈ, ਜਿਹੜਾ ਕਿਸੇ ਵੀ ਵਿਅਕਤੀ ਜਾਂ ਜਥੇਬੰਦੀ ਨੂੰ ਕਿਸੇ ਵੀ ਵਿਸ਼ੇ ’ਤੇ ਸਰਕਾਰ ਖ਼ਿਲਾਫ਼ ਬੋਲਣ ਤੋਂ ਰੋਕ ਦੇਵੇਗਾ। ਇਸ ਕਾਨੂੰਨ ਦੇ ਸਬੰਧ ਵਿੱਚ ਇਤਰਾਜ਼ ਤੇ ਸੁਝਾਅ ਦਾਖਲ ਕਰਨ ਦੀ ਆਖਰੀ ਤਰੀਕ ਇੱਕ ਅਪ੍ਰੈਲ, 2025 ਹੈ। ਹਾਲਾਂ ਕਿ ਪ੍ਰਸਤਾਵਿਤ ਕਾਨੂੰਨ ਦਾ ਨਾਂਅ ‘ਮਹਾਰਾਸ਼ਟਰ ਵਿਸ਼ੇਸ਼ ਜਨਤਕ ਸੁਰੱਖਿਆ ਕਾਨੂੰਨ’ ਹੈ, ਪਰ ਇਹ ਅਸਲ ਵਿੱਚ ਜਨਤਕ ਸੁਰੱਖਿਆ ਯਕੀਨੀ ਬਣਾਉਣ ਵਾਲਾ ਕਤਈ ਨਹੀਂ ਕਿਹਾ ਜਾ ਸਕਦਾ। ਹਕੀਕਤ ਵਿੱਚ ਇਹ ਕੁਝ ਬੁਨਿਆਦੀ ਕਦਰਾਂ-ਕੀਮਤਾਂ ਦੇ ਖ਼ਿਲਾਫ਼ ਜਾਂਦਾ ਹੈ। ਇਸ ਕਾਨੂੰਨ ਵਿੱਚ ‘ਗੈਰਕਾਨੂੰਨੀ ਕਾਰਵਾਈ’ ਦੀ ਪ੍ਰੀਭਾਸ਼ਾ ਹੈ। ਕਿਸੇ ਵਿਅਕਤੀ ਜਾਂ ਜਥੇਬੰਦੀ ਦੀ ਅਜਿਹੀ ਮਣਸ਼ਾ ਜਾਂ ਕਾਰਵਾਈ ਜਿਹੜੀ ਜਨਤਕ ਵਿਵਸਥਾ ਅਤੇ ਅਮਨ ਜਾਂ ਸਥਿਰਤਾ ਨੂੰ ਖ਼ਤਰੇ ਵਿੱਚ ਪਾਉਂਦੀ ਹੋਵੇ। ਅਜਿਹੀ ਕਾਰਵਾਈ, ਜਿਹੜੀ ਨਿਆਂ ਪ੍ਰਸ਼ਾਸਨ, ਕਾਨੂੰਨੀ ਤੌਰ ’ਤੇ ਸਥਾਪਤ ਅਦਾਰਿਆਂ ਜਾਂ ਸਰਕਾਰੀ ਮੁਲਾਜ਼ਮਾਂ ਦੇ ਕੰਮ ਵਿੱਚ ਦਖਲ ਦਿੰਦੀ ਹੋਵੇ। ਕਿਸੇ ਜਨਤਕ ਸੇਵਕ, ਜਿਸ ਵਿੱਚ ਰਾਜ ਜਾਂ ਕੇਂਦਰ ਸਰਕਾਰ ਦੇ ਬਲ ਸ਼ਾਮਲ ਹਨ, ਵਿਰੁੱਧ ਅਪਰਾਧਕ ਬਲ ਜਾਂ ਧਮਕੀਆਂ ਦੀ ਵਰਤੋਂ ਕਰਕੇ ਭੈਅ ਪੈਦਾ ਕਰਨ ਦੀ ਕੋਸ਼ਿਸ਼ ਕਰਦੀ ਹੋਵੇ, ਜਦ ਉਹ ਆਪਣੀ ਕਾਨੂੰਨੀ ਸ਼ਕਤੀ ਦੀ ਵਰਤੋਂ ਕਰ ਰਹੇ ਹੋਣ। ਹਿੰਸਾ, ਵਿਨਾਸ਼ਕਾਰੀ ਕੰਮਾਂ ਵਿੱਚ ਸ਼ਮੂਲੀਅਤ ਜਾਂ ਉਨ੍ਹਾਂ ਨੂੰ ਬੜ੍ਹਾਵਾ ਦਿੰਦੀ ਹੋਵੇ ਜਾਂ ਅਜਿਹੀ ਸਰਗਰਮੀ, ਜਿਹੜੀ ਲੋਕਾਂ ਵਿੱਚ ਭੈਅ ਤੇ ਦਹਿਸ਼ਤ ਪੈਦਾ ਕਰੇ। ਹਥਿਆਰਾਂ, ਵਿਸਫ਼ੋਟਕਾਂ ਜਾਂ ਹੋਰ ਖਤਰਨਾਕ ਸਾਧਨਾਂ ਦੀ ਵਰਤੋਂ, ਨਾਲ ਹੀ ਰੇਲਵੇ, ਸੜਕੀਂ, ਹਵਾਈ ਜਾਂ ਜਲ ਮਾਰਗ ਵਰਗੇ ਟਰਾਂਸਪੋਰਟ ਨੈੱਟਵਰਕ ਵਿੱਚ ਅੜਿੱਕਾ ਡਾਹੁਣਾ। ਸਥਾਪਤ ਕਾਨੂੰਨਾਂ ਜਾਂ ਕਾਨੂੰਨ ਤਹਿਤ ਬਣਾਏ ਗਏ ਅਦਾਰਿਆਂ ਦੀ ਅਵੱਗਿਆ ਨੂੰ ਹੱਲਾਸ਼ੇਰੀ ਦਿੰਦੀ ਹੋਵੇ।ਉਪਰੋਕਤ ਕਿਸੇ ਵੀ ਗੈਰਕਾਨੂੰਨੀ ਕੰਮ ਨੂੰ ਅੰਜਾਮ ਦੇਣ ਲਈ ਧਨ ਜਾਂ ਸਮੱਗਰੀ ਇਕੱਤਰ ਕਰਦੀ ਹੋਵੇ। ਜਿਸਮਾਨੀ ਤੌਰ ’ਤੇ, ਬੋਲੇ ਜਾਂ ਲਿਖਤੀ ਸ਼ਬਦਾਂ, ਇਸ਼ਾਰਿਆਂ, ਦ੍ਰਿਸ਼ ਪੇਸ਼ਕਾਰੀਆਂ ਜਾਂ ਕਿਸੇ ਹੋਰ ਮਾਧਿਅਮ ਨਾਲ ਕੀਤੀ ਗਈ ਕਾਰਵਾਈ ਇਸ ਕਾਨੂੰਨ ਦੇ ਘੇਰੇ ਵਿੱਚ ਆਵੇਗੀ।

ਬਿੱਲ ਵਿੱਚ ‘ਗੈਰਕਾਨੂੰਨੀ ਜਥੇਬੰਦੀ’ ਦੀ ਪ੍ਰੀਭਾਸ਼ਾ ਤੋਂ ਮਤਲਬ ਅਜਿਹੇ ਸਮੂਹ ਤੋਂ ਹੈ, ਜਿਹੜਾ ਗੈਰਕਾਨੂੰਨੀ ਕੰਮਾਂ ਵਿੱਚ ਸ਼ਾਮਲ ਹੋਵੇ। ਕਿਸੇ ਵੀ ਮਾਧਿਅਮ ਜਾਂ ਤਰੀਕੇ ਨਾਲ ਗੈਰਕਾਨੂੰਨੀ ਕੰਮਾਂ ਨੂੰ ਸਿੱਧੇ ਜਾਂ ਅਸਿੱਧੇ ਰੂਪ ਵਿੱਚ






ਉਕਸਾਉਦਾ, ਮਦਦ ਕਰਦਾ, ਸਮਰਥਨ ਕਰਦਾ ਜਾਂ ਬੜ੍ਹਾਵਾ ਦਿੰਦਾ ਹੋਵੇ। ਕੋਈ ਵੀ ਵਿਅਕਤੀ, ਜਿਹੜਾ ਕਿਸੇ ਗੈਰਕਾਨੂੰਨੀ ਜਥੇਬੰਦੀ ਦਾ ਮੈਂਬਰ ਹੋਵੇ, ਉਸ ਦੀਆਂ ਬੈਠਕਾਂ ਵਿੱਚ ਹਿੱਸਾ ਲੈਂਦਾ ਹੋਵੇ ਜਾਂ ਅਜਿਹੀਆਂ ਜਥੇਬੰਦੀਆਂ ਨੂੰ ਦਾਨ ਦਿੰਦਾ ਹੋਵੇ ਜਾਂ ਉਨ੍ਹਾਂ ਤੋਂ ਦਾਨ ਸਵੀਕਾਰ ਕਰਦਾ ਹੋਵੇ, ਨੂੰ ਤਿੰਨ ਸਾਲ ਦੀ ਜਾਂ ਤਿੰਨ ਲੱਖ ਰੁਪਏ ਦਾ ਜੁਰਮਾਨਾ ਹੋ ਸਕਦਾ ਹੈ। ਇਹ ਕਾਨੂੰਨ ਪ੍ਰਸ਼ਾਸਨ ਨੂੰ ਏਨੀਆਂ ਸ਼ਕਤੀਆਂ ਦਿੰਦਾ ਹੈ ਕਿ ਉਹ ਸ਼ੱਕ ’ਤੇ ਹੀ ਵਿਅਕਤੀਆਂ ਤੇ ਜਥੇਬੰਦੀਆਂ ਖਿਲਾਫ ਸਖਤ ਕਾਰਵਾਈ ਕਰ ਸਕਦਾ ਹੈ। ਇਸ ਨਾਲ ਰਾਜਤੰਤਰ ਨੂੰ ਲੋਕਾਂ ਦੇ ਬੁਨਿਆਦੀ ਹੱਕਾਂ ਨੂੰ ਕੁਚਲਣ ਦੀ ਛੋਟ ਮਿਲ ਸਕਦੀ ਹੈ। ਉਹ ਅਸਹਿਮਤੀ ਦੀਆਂ ਆਵਾਜ਼ਾਂ ਤੇ ਜਥੇਬੰਦੀਆਂ ਨੂੰ ਗੈਰਕਾਨੂੰਨੀ ਕਰਾਰ ਦੇ ਕੇ ਪਾਬੰਦੀ ਲਾ ਸਕਦਾ ਹੈ। ਸਰਕਾਰੀ ਨੀਤੀਆਂ ਦੀ ਆਲੋਚਨਾ ਜਾਂ ਪੁਰਅਮਨ ਪ੍ਰਦਰਸ਼ਨ ਨੂੰ ਗੈਰਕਾਨੂੰਨੀ ਕੰਮ ਦੇ ਰੂਪ ਵਿਚ ਵਲਗੀਕ੍ਰਿ ਕੀਤਾ ਜਾ ਸਕਦਾ ਹੈ। ਕਾਨੂੰਨ ਦੀਆਂ ਮੱਦਾਂ ਪ੍ਰਗਟਾਵੇ ਦੀ ਆਜ਼ਾਦੀ, ਜਥੇਬੰਦੀ ਬਣਾਉਣ ਦੇ ਅਧਿਕਾਰ ਤੇ ਨਿਰਪੱਖ ਸੁਣਵਾਈ ਦੇ ਅਧਿਕਾਰ ਵਰਗੇ ਬੁਨਿਆਦੀ ਹੱਕਾਂ ਨੂੰ ਸੀਮਤ ਕਰ ਸਕਦੀਆਂ ਹਨ। ਮੁੱਖ ਮੰਤਰੀ ਦਵਿੰਦਰ ਫੜਨਵੀਸ ਨੇ ਪਿਛਲੇ ਸਾਲ 18 ਦਸੰਬਰ ਨੂੰ ਅਸੈਂਬਲੀ ਵਿੱਚ ਬਿੱਲ ਪੇਸ਼ ਕਰਨ ਵੇਲੇ ਕਿਹਾ ਸੀ ਕਿ ਇਹ ਬਿੱਲ ਅਸਲ ਅਸਹਿਮਤੀ ਨੂੰ ਦਬਾਉਣ ਲਈ ਨਹੀਂ, ਸਗੋਂ ‘ਸ਼ਹਿਰੀ ਨਕਸਲ’ ਦੇ ਗੜ੍ਹ ਖਤਮ ਕਰਨ ਲਈ ਹੈ। ‘ਸ਼ਹਿਰੀ ਨਕਸਲ’ ਸ਼ਬਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕਾਂਗਰਸ ਤੇ ਹੋਰਨਾਂ ਪਾਰਟੀਆਂ ਦੇ ਹਮਦਰਦਾਂ ਲਈ ਅਕਸਰ ਵਰਤਦੇ ਹਨ। ਬਿੱਲ ਦਾ ਸੂਬੇ ਵਿੱਚ ਵਿਰੋਧ ਹੋ ਰਿਹਾ ਹੈ। ਨੈਸ਼ਨਲਿਸਟ ਕਾਂਗਰਸ ਪਾਰਟੀ ਦੀ ਆਗੂ ਸੁਪ੍ਰਿਆ ਸੂਲੇ ਨੇ ਇਸ ਦੀ ਤੁਲਨਾ ਬ੍ਰਿਟਿਸ਼ ਬਸਤੀਵਾਦੀ ਕਾਲ ਦੇ ਰੌਲਟ ਐਕਟ ਨਾਲ ਕਰਦਿਆਂ ਇਸ ਨੂੰ ਸੰਵਿਧਾਨ ਦੇ ਮੂਲ ਸਿਧਾਂਤਾਂ ਦੀ ਉਲੰਘਣਾ ਕਰਾਰ ਦਿੱਤਾ ਹੈ। ਮਹਾਰਾਸ਼ਟਰ ਦੇ ਲੋਕ ਤਾਂ ਇਸ ਵਿਰੁੱਧ ਆਵਾਜ਼ ਉਠਾ ਹੀ ਰਹੇ ਹਨ, ਬਾਕੀ ਰਾਜਾਂ ਦੇ ਲੋਕਾਂ ਨੂੰ ਵੀ ਉਠਾਉਣੀ ਚਾਹੀਦੀ ਹੈ, ਕਿਉਕਿ ਇੱਕ ਭਾਜਪਾ ਹਕੂਮਤ ਨੇ ਇਸ ਨੂੰ ਪਾਸ ਕਰਾ ਲਿਆ ਤਾਂ ਹੋਰ ਭਾਜਪਾ ਹਕੂਮਤਾਂ ਵੀ ਇਸ ਦੀ ਕਾਪੀ ਕਰਨਗੀਆਂ।

# ਤੇਲੰਗਾਨਾ ’ਚ ਕਾਂਗਰਸ ਦੀ ਰਾਜਨੀਤਕ ਸਥਿਤੀ ਠੀਕ ਨਹੀਂ, ਭਾਜਪਾ ਪੈ ਰਹੀ ਹੈ ਭਾਰੂ

ਪਿਛਲੇ ਕੁਝ ਸਾਲਾਂ ਤੋਂ ਲਗਾਤਾਰ ਵੇਖਣ ਵਿੱਚ ਆ ਰਿਹਾ ਹੈ ਕਿ ਕਾਂਗਰਸ ਜਿੱਥੇ ਵੀ ਸੱਤਾ ’ਚ ਆਉਂਦੀ ਹੈ, ਉੱਥੋਂ ਦਾ ਮੁੱਖ ਮੰਤਰੀ ਜਾਂ ਪਾਰਟੀ ਦਾ ਸੰਗਠਨ ਕੋਈ ਅਜਿਹਾ ਕੰਮ ਨਹੀਂ ਕਰਦਾ, ਜਿਸ ਨਾਲ ਉਸ ਦੀ ਸੱਤਾ ਸਥਾਈ ਬਣੇ ਜਾਂ ਉਹ ਇਕ ਤੋਂ ਬਾਅਦ ਲਗਾਤਾਰ ਦੂਜੀ ਚੋਣ ਜਿੱਤ ਸਕੇ। ਇਹੀ ਕਾਰਨ ਹੈ ਕਿ ਪਿਛਲੇ 11 ਸਾਲਾਂ ਤੋਂ ਕਾਂਗਰਸ ਕਿਸੇ ਵੀ ਰਾਜ ’ਚ ਜਿੱਤ ਨਹੀਂ ਦੁਹਰਾ ਸਕੀ। ਇਸ ਦੇ ਉਲਟ ਭਾਜਪਾ ਜ਼ਿਆਦਾਤਰ ਰਾਜਾਂ ’ਚ ਲਗਾਤਾਰ ਦੂਜੀ ਜਾਂ ਤੀਜੀ ਵਾਰ ਸੱਤਾ ’ਚ ਆ ਰਹੀ ਹੈ।ਕਾਂਗਰਸ ਦੀ ਇਹ ਕਹਾਣੀ ਤੇਲੰਗਾਨਾ ਵਿੱਚ ਵੀ ਦੁਹਰਾਈ ਜਾ ਰਹੀ ਹੈ। ਉੱਥੇ ਉਸ ਦੀ ਸਰਕਾਰ ਬਣਿਆਂ ਡੇਢ ਸਾਲ ਹੋਏ ਹਨ ਅਤੇ ਹੁਣ ਤੋਂ ਅਜਿਹੇ ਲੱਛਣ ਦਿਖਾਈ ਦੇਣ ਲੱਗੇ ਹਨ ਕਿ ਅੱਗੇ ਆਉਣ ਵਾਲੀਆਂ ਚੋਣਾਂ ਵਿੱਚ ਉਸ ਦੀ ਰਾਹ ਮੁਸ਼ਕਿਲ ਹੋਣ ਵਾਲੀ ਹੈ। ਇਹ ਸਥਿਤੀ ਉਦੋਂ ਹੈ, ਜਦੋਂ ਉੱਥੇ ਕਰਨਾਟਕ ਜਾਂ ਹਿਮਾਚਲ ਪ੍ਰਦੇਸ਼ ਵਾਂਗ ਬਹੁਤ ਮਜ਼ਬੂਤ ਨੇਤਾਵਾਂ ਦੀ ਗੁੱਟ ਬਾਜ਼ੀ ਨਹੀਂ ਹੈ। ਥੋੜ੍ਹਾ ਸਮਾਂ ਪਹਿਲਾਂ ਤੇਲੰਗਾਨਾ ਵਿੱਚ ਵਿਧਾਨ ਪ੍ਰੀਸ਼ਦ ਦੀਆਂ ਤਿੰਨ ਸੀਟਾਂ ਲਈ ਚੋਣਾਂ ਹੋਈਆਂ।ਇਨ੍ਹਾਂ ’ਚੋਂ ਦੋ ਸੀਟਾਂ ਅਧਿਆਪਕਾਂ ਦੇ ਹਲਕੇ ਦੀਆਂ ਸਨ ਅਤੇ ਇੱਕ ਸੀਟ ਗ੍ਰੈਜੂਏਟ ਹਲਕੇ ਦੀ ਸੀ। ਕਾਂਗਰਸ ਇਨ੍ਹਾਂ ਤਿੰਨਾਂ ਸੀਟਾਂ ’ਤੇ ਹਾਰ ਗਈ। ਕਾਂਗਰਸ ਲਈ ਜ਼ਿਆਦਾ ਚਿੰਤਾ ਦੀ ਗੱਲ ਇਹ ਹੈ ਕਿ ਦੋ ਸੀਟਾਂ ’ਤੇ ਭਾਜਪਾ ਦੇ ਸਮਰਥਨ ਵਾਲੇ ਉਮੀਦਵਾਰ ਜਿੱਤੇ। ਸਰਕਾਰ ਨੂੰ ਬਣਿਆਂ ਸਿਰਫ਼ ਡੇਢ ਸਾਲ ਹੋਇਆ ਹੈ ਅਤੇ ਇਹ ਸਥਿਤੀ ਹੈ। ਕਿਹਾ ਜਾ ਰਿਹਾ ਹੈ ਕਿ ਇਸੇ ਵਜ੍ਹਾ ਨਾਲ ਭਾਰਤ ਰਾਸ਼ਟਰ ਸਮਿਤੀ ਛੱਡ ਕੇ ਆਏ 9 ਵਿਧਾਇਕਾਂ ਕੋਲੋਂ ਅਸਤੀਫ਼ਾ ਦਿਵਾ ਕੇ ਜ਼ਿਮਨੀ ਚੋਣਾਂ ਨਹੀਂ ਕਰਵਾਈਆਂ ਜਾ ਰਹੀਆਂ ਹਨ।ਸਪੀਕਰ ਨੇ ਉਨ੍ਹਾਂ ਦਾ ਮਾਮਲਾ ਲਟਕਾ ਕੇ ਰੱਖਿਆ ਹੈ।ਪਿਛਲੇ ਦਿਨੀਂ ਇਸ ਮਸਲੇ ’ਤੇ ਸੁਪਰੀਮ ਕੋਰਟ ਨੇ ਵੀ ਨਾਰਾਜ਼ਗੀ ਜਤਾਈ ਸੀ।

# ਪੰਜ ਮੈਂਬਰੀ ਕਮੇਟੀ ਨੇ ਅਰਦਾਸ ਉਪਰੰਤ ਅਕਾਲੀ ਦਲ ’ਚ ਭਰਤੀ ਦੀ ਮੁਹਿੰਮ ਦਾ ਕੀਤਾ ਆਗਾਜ਼

## ਗਿਆਨੀ ਹਰਪ੍ਰੀਤ ਸਿੰਘ ਬਣੇ ਅਕਾਲੀ ਦਲ ਵੱਲੋਂ ਸ਼ੁਰੂ ਕੀਤੀ ਭਰਤੀ ਮੁਹਿੰਮ ਦੇ ਪਹਿਲੇ ਮੈਂਬਰ





ਅੰਮ੍ਰਿਤਸਰ/ਏ.ਟੀ.ਨਿਊਜ਼: ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਆਦੇਸ਼ਾਂ ਅਨੁਸਾਰ ਅਕਾਲੀ ਦਲ ਦੀ ਭਰਤੀ ਲਈ ਪੰਜ ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਸੀ। ਪੰਜ ਮੈਂਬਰੀ ਕਮੇਟੀ ਵੱਲੋਂ ਕਿਹਾ ਗਿਆ ਸੀ ਕਿ 18 ਮਾਰਚ ਨੂੰ ਸਵੇਰੇ ਉਹ ਅਕਾਲ ਤਖ਼ਤ ਸਾਹਿਬ ’ਤੇ ਅਰਦਾਸ ਕਰਕੇ ਅਕਾਲੀ ਦਲ ਦੀ ਭਰਤੀ ਮੁਹਿੰਮ ਦੀ ਸ਼ੁਰੂਆਤ ਕਰਨਗੇ। ਇਸ ਦੌਰਾਨ ਬੀਬੀ ਜਗੀਰ ਕੌਰ ਅਤੇ ਹੋਰ ਅਕਾਲੀ ਆਗੂਆਂ ਨੇ ਕਿਹਾ ਕਿ ਇਹ ਪੰਜ ਮੈਂਬਰੀ ਕਮੇਟੀ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫਸੀਲ ਤੋਂ ਹੋਏ ਹੁਕਮਨਾਮੇ ਅਨੁਸਾਰ ਬਣਾਈ ਗਈ ਸੀ। ਉਨ੍ਹਾਂ ਕਿਹਾ ਕਿ ਅੱਜ ਦੀ ਇਸ ਭਰਤੀ ਮੁਹਿੰਮ ਵਿੱਚ ਸਾਰੇ ਅਕਾਲੀਆਂ ਨੂੰ ਇੱਕਜੁੱਟ ਹੋ ਕੇ ਨਵੀਂ ਭਰਤੀ ਕਰਨੀ ਚਾਹੀਦੀ ਹੈ। ਆਗੂਆਂ ਨੇ ਕਿਹਾ ਕਿ ਅਕਾਲੀ ਦਲ ਦੀ ਭਰਤੀ ਨੂੰ ਲੈ ਕੇ ਪੂਰੇ ਪੰਜਾਬ ਵਿੱਚ ਲੋਕਾਂ ਦਾ ਬਹੁਤ ਸਾਰਾ ਉਤਸ਼ਾਹ ਹੈ ਅਤੇ ਇਸ ਭਰਤੀ ਨਾਲ 2027 ਵਿੱਚ ਅਕਾਲੀ ਦਲ ਨੂੰ ਹੋਰ ਮਜ਼ਬੂਤੀ ਮਿਲੇਗੀ।

ਇਸ ਦੌਰਾਨ ਪੰਜ ਮੈਂਬਰੀ ਕਮੇਟੀ ਦੇ ਆਗੂਆਂ ਨੇ ਦੱਸਿਆ ਕਿ ਅਕਾਲੀ ਦਲ ਦੀ ਨਵੀਂ ਭਰਤੀ ਦਾ ਹੁਕਮ ਅਕਾਲ ਤਖ਼ਤ ਸਾਹਿਬ ਦੀ ਫਸੀਲ ਤੋਂ ਉਨ੍ਹਾਂ ਨੂੰ ਮਿਲਿਆ ਸੀ ਅਤੇ ਹੁਣ ਉਨ੍ਹਾਂ ਵੱਲੋਂ ਅਰਦਾਸ ਕਰਕੇ ਅਕਾਲੀ ਦਲ ਦੀ ਨਵੀਂ ਭਰਤੀ ਦੀ ਸ਼ੁਰੂਆਤ ਕੀਤੀ ਗਈ ਹੈ। ਇਸ ਦੇ ਨਾਲ ਹੀ ਅਕਾਲੀ ਦਲ ਦੀ ਭਰਤੀ ਦੀ ਸ਼ੁਰੂਆਤ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਪਹਿਲੀ ਰਸੀਦ ਕਟਵਾ ਕੇ ਕੀਤੀ। ਉਨ੍ਹਾਂ ਕਿਹਾ ਕਿ ਇਸ ਭਰਤੀ ਲਈ ਸਾਨੂੰ ਪੰਥ ਤੇ ਸਿੱਖ ਸੰਗਠਨਾਂ ਦੇ ਸਮਰਥਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ 5 ਮੈਂਬਰ ਕਮੇਟੀ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨਿਰਦੇਸ਼ਾਂ ਅਨੁਸਾਰ ਸ਼੍ਰੋਮਣੀ ਅਕਾਲੀ ਦਲ ਦੀ ਨਵੀਂ ਭਰਤੀ ਸ਼ੁਰੂ ਕਰਨਗੇ ਤੇ ਇਹ ਮੈਂਬਰਸ਼ਿਪ ਮੈਂਬਰ ਦੇ ਆਧਾਰ ਕਾਰਡ ਰਿਕਾਰਡ ਦੇ ਨਾਲ ਸਾਫ਼-ਸੁਥਰੀ ਹੋਵੇਗੀ। ਉਨ੍ਹਾਂ ਕਿਹਾ ਕਿ ਅਸੀਂ ਸ਼੍ਰੋਮਣੀ ਅਕਾਲੀ ਦਲ ਤੇ ਸਿੱਖ ਸੰਗਠਨਾਂ ਦੇ ਹਰੇਕ ਮੈਂਬਰ ਨਾਲ ਮੁਲਾਕਾਤ ਕਰਾਂਗੇ ਅਤੇ ਇਹ ਭਰਤੀ 6 ਮਹੀਨਿਆਂ ਤੱਕ ਜਾਰੀ ਰਹੇਗੀ।

### ਪੰਜ ਮੈਂਬਰੀ ਕਮੇਟੀ ਨੇ ਜਥੇਦਾਰ ਨੂੰ ਮਾਨਤਾ ਦਿੱਤੀ

2 ਦਸੰਬਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਲਈ ਬਣਾਈ ਗਈ ਕਮੇਟੀ ਦੇ ਪੰਜ ਮੈਂਬਰ ਮਨਪ੍ਰੀਤ ਸਿੰਘ ਇਯਾਲੀ, ਗੁਰਪ੍ਰਤਾਪ ਸਿੰਘ ਵਡਾਲਾ, ਸੰਤਾ ਸਿੰਘ ਉਮੈਦਪੁਰੀ, ਇਕਬਾਲ ਸਿੰਘ ਝੂੰਦਾ ਤੇ ਬੀਬੀ ਸਤਵੰਤ ਕੌਰ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਭਰਤੀ ਮੁਹਿੰਮ ਸ਼ੁਰੂ ਕਰਨ ਤੋਂ ਬਾਅਦ ਜਥੇਦਾਰ ਵੱਲੋਂ ਭੇਜੇ ਗਏ ਸੱਦੇ ’ਤੇ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪਹੁੰਚੇ। ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਪੰਜ ਮੈਂਬਰੀ ਕਮੇਟੀ ਅੱਗੇ ਪੰਥਕ ਏਕਤਾ ਅਤੇ ਆਪਸ ਵਿਚ ਚੱਲ ਕੇ ਪੰਥ ਲਈ ਸੇਵਾਵਾਂ ਕਰਨ ਲਈ ਕਿਹਾ। ਜਦਕਿ ਭਰਤੀ ਮੁਹਿੰਮ ਦੀ ਅਰਦਾਸ ਕਰਨ ਉਪਰੰਤ ਹੀ ਪੰਜ ਮੈਂਬਰੀ ਕਮੇਟੀ ਨੂੰ ਜਥੇਦਾਰ ਨੇ ਚਾਹ ’ਤੇ ਚਰਚਾ ਲਈ ਸੱਦਾ ਭੇਜਿਆ।

ਜਥੇਦਾਰ ਮਿਲਣੀ ਤੋਂ ਬਾਅਦ ਮਨਪ੍ਰੀਤ ਸਿੰਘ ਇਆਲੀ ਨੇ ਕਿਹਾ ਕਿ ਜਥੇਦਾਰ ਵੱਲੋਂ ਪੰਥਕ ਏਕਤਾ ਦੀ ਗੱਲ ਕੀਤੀ ਗਈ ਹੈ ਜਿਸ ਦੇ ਅਸੀਂ ਵੀ ਹਾਮੀ ਹਾਂ ਪਾਰਟੀ ਵਿੱਚ ਡਿਕਟੇਟਰਸ਼ਿਪ ਨਹੀਂ ਹੋਣੀ ਚਾਹੀਦੀ, ਪੰਥ ਦੀ ਆਵਾਜ਼ ਅਤੇ ਸੰਸਥਾਵਾਂ ਆਜ਼ਾਦ ਹੋਣੀਆਂ ਚਾਹੀਦੀਆਂ ਹਨ। ਅਸੀਂ ਹਮੇਸ਼ਾ ਹੀ ਅਕਾਲ ਤਖਤ ਸਾਹਿਬ ਨੂੰ ਸਮਰਪਿਤ ਹਾਂ। ਸਾਨੂੰ ਮੌਜੂਦਾ ਜਥੇਦਾਰ ਦਾ ਸੱਦਾ ਮਿਲਿਆ ਸੀ ਅਤੇ ਅਸੀਂ ਉਸ ਸੱਦੇ ਨੂੰ ਪ੍ਰਵਾਨ ਕਰਦੇ ਹੋਏ ਮੀਟਿੰਗ ਲਈ ਪਹੁੰਚੇ।

ਅਰਦਾਸ ਮਗਰੋਂ ਮੀਡੀਆ ਨਾਲ ਗੱਲ ਕਰਦਿਆਂ ਪੰਜ ਮੈਂਬਰੀ ਕਮੇਟੀ ਦੇ ਮੈਂਬਰ ਜਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ ਨੇ ਆਖਿਆ ਕਿ ਇਹ ਭਰਤੀ ਸ੍ਰੀ ਅਕਾਲ ਤਖ਼ਤ ਦੇ ਆਦੇਸ਼ ਅਨੁਸਾਰ ਹੋਵੇਗੀ। ਸ਼੍ਰੋਮਣੀ ਅਕਾਲੀ ਦਲ ਦੇ ਨਾਂ ਹੇਠ ਹੋਣ ਵਾਲੀ ਭਰਤੀ ਵਾਸਤੇ ਮੈਂਬਰਾਂ ਕੋਲੋਂ ਕੋਈ ਫੀਸ ਨਹੀਂ ਲਈ ਜਾਵੇਗੀ। ਇਹ ਭਰਤੀ ਬਿਨਾਂ ਫੀਸ ਦੇ ਹੋਵੇਗੀ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਦਿੱਤੇ ਗਏ ਸਮੇਂ ਮੁਤਾਬਕ ਇਹ ਭਰਤੀ ਪ੍ਰਕਿਰਿਆ ਮੁਕੰਮਲ ਕੀਤੀ ਜਾਵੇਗੀ। ਭਰਤੀ ਤੋਂ ਬਾਅਦ ਡੈਲੀਗੇਟ ਚੁਣੇ ਜਾਣਗੇ ਅਤੇ ਡੈਲੀਗੇਟ ਪ੍ਰਧਾਨ ਦੀ ਚੋਣ ਕਰਨਗੇ।

ਇਸ ਮੌਕੇ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ, ਪ੍ਰੇਮ ਸਿੰਘ ਚੰਦੂਮਾਜਰਾ, ਬਾਬਾ ਸਰਬਜੋਤ ਸਿੰਘ ਬੇਦੀ, ਪਰਮਿੰਦਰ ਸਿੰਘ ਢੀਂਡਸਾ, ਭਾਈ ਮਨਜੀਤ ਸਿੰਘ, ਬੀਬੀ ਕਿਰਨਜੋਤ ਕੌਰ, ਡਾਕਟਰ ਰਤਨ ਸਿੰਘ, ਅਜਨਾਲਾ ਕਰਨੈਲ ਸਿੰਘ ਪੰਜੋਲੀ, ਐਡਵੋਕੇਟ ਜਸਵਿੰਦਰ ਸਿੰਘ ਮੌਜੂਦ ਸਨ।

ਜ਼ਿਕਰਯੋਗ ਹੈ ਯੋਗ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੇ ਦਾਅਵੇ ਅਨੁਸਾਰ 2 ਦਸੰਬਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਅਨੁਸਾਰ ਹੀ ਚੋਣ ਅਫਸਰ ਗੁਲਜ਼ਾਰ ਸਿੰਘ ਰਣੀਕੇ ਦੀ ਅਗਵਾਈ ਹੇਠ 20 ਜਨਵਰੀ ਤੋਂ 28 ਫਰਵਰੀ 2025 ਤੱਕ 25 ਲੱਖ ਤੋਂ ਵੱਧ ਮੈਂਬਰ ਭਰਤੀ ਕੀਤੇ ਜਾਣ ਦਾ ਦਾਅਵਾ ਕੀਤਾ ਗਿਆ ਸੀ। ਦੂਜੇ ਪਾਸੇ ਅਕਾਲੀ ਦਲ ਦੇ ਮੈਂਬਰਾਂ ਦੀ ਭਰਤੀ ਸ਼ੁਰੂ ਕਰਨ ਨਾਲ ਸਿੱਖ ਦੁਚਿੱਤੀ ਵਿਚ ਪੈ ਜਾਣਗੇ, ਜਿਸ ਨਾਲ ਅਕਾਲੀ ਦਲ ਵਿਚ ਇਕ ਵਾਰ ਫਿਰ ਆਪਸੀ ਵਿਵਾਦ ਹੋਰ ਡੂੰਘਾ ਹੋ ਜਾਵੇਗਾ।ਦੱਸਣਯੋਗ ਹੈ ਕਿ ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਅਤੇ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਤੇ ਹੋਰਨਾਂ ਵੱਲੋਂ ਇਸ ਭਰਤੀ ’ਤੇ ਇਤਰਾਜ਼ ਕੀਤਾ ਜਾ ਚੁੱਕਾ ਹੈ।

### ਬਾਦਲ ਦਲ ਵੱਲੋਂ ਭਰਤੀ ਦਾ ਵਿਰੋਧ

ਸ਼੍ਰੋਮਣੀ ਅਕਾਲੀ ਦਲ ਸੰਸਦੀ ਬੋਰਡ ਅਤੇ ਭਰਤੀ ਕਮੇਟੀ ਅਬਜ਼ਰਬਰਾਂ ਦੀ ਅਹਿਮ ਮੀਟਿੰਗ ਬੀਤੇ ਦਿਨੀਂ ਪਾਰਟੀ ਮੁੱਖ ਦਫ਼ਤਰ ਵਿਖੇ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਦੀ ਅਗਵਾਈ ਹੇਠ ਹੋਈ, ਜਿਸ ਵਿਚ ਸ਼੍ਰੋਮਣੀ ਅਕਾਲੀ ਦਲ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨਵਨਿਯੁਕਤ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੇ ਸੰਦੇਸ਼ ਨੂੰ ਮੁੱਖ ਰੱਖਦਿਆਂ ਪਾਰਟੀ ਤੋਂ ਨਾਰਾਜ਼ ਆਗੂਆਂ ਨੂੰ ਪਾਰਟੀ ਵਿੱਚ ਮੁੜ ਸ਼ਾਮਿਲ ਹੋ ਕੇ ਇਕਜੁੱਟ ਹੋਣ ਦਾ ਸੱਦਾ ਦਿੱਤਾ। ਮੀਟਿੰਗ ਉਪਰੰਤ ਬਲਵਿੰਦਰ ਸਿੰਘ ਭੂੰਦੜ ਅਤੇ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਬਣਾਈ ਭਰਤੀ ਕਮੇਟੀ ਸਮੇਤ ਸਾਰੇ ਮੈਂਬਰਾਂ ਨੂੰ ਅਪੀਲ ਕਰਦੇ ਹਨ ਕਿ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਦੀਆਂ ਹਦਾਇਤਾਂ ਦੀ ਪਾਲਣਾ ਕਰਨ ਤੇ ਪੰਥਕ ਤਾਕਤਾਂ ਨੂੰ ਮਜ਼ਬੂਤ ਕਰਨ ਵਾਸਤੇ ਸਾਰੇ ਮਤਭੇਦ ਭੁਲਾ ਕੇ ਪੰਥ ਦੀ ਏਕਤਾ ਵਾਸਤੇ ਕੰਮ ਕਰਨ। ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਹੋਲੇ ਮਹੱਲੇ ’ਤੇ ਦਿੱਤੇ ਗਏ ਸੰਦੇਸ਼ ਦੀ ਗੱਲ ਕਰਦਿਆਂ ਬਲਵਿੰਦਰ ਸਿੰਘ ਭੂੰਦੜ ਅਤੇ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਇਹ

(ਬਾਕੀ ਸਫ਼ਾ 30 ’ਤੇ)

# ਦਮਦਮੀ ਟਕਸਾਲ, ਦਲ ਖ਼ਾਲਸਾ ਤੇ ਹੋਰ ਜਥੇਬੰਦੀਆਂ ਨੇ ਜਥੇਦਾਰ ਹਟਾਉਣ ਵਿਰੁੱਧ ਛੇੜੀ ਮੁਹਿੰਮ

## ਸਮੂਹ ਪੰਥਕ ਜਥੇਬੰਦੀਆਂ ਦੀ ਮੰਗ, ਸ਼੍ਰੋਮਣੀ ਕਮੇਟੀ ਸਿੰਘ ਸਾਹਿਬਾਨ ਨੂੰ ਲਾਉਣ ਤੇ ਹਟਾਉਣ ਦੇ ਨਿਯਮ ਬਣਾਵੇ

ਇਸ ਵੇਲੇ ਅਕਾਲੀ ਦਲ ਤੇ ਬਾਦਲ ਦਲ ਵਿਰੋਧੀ ਪੰਥਕ ਧਿਰਾਂ ਦੀ ਸਾਰੀ ਲੜਾਈ ਮੀਰੀ ਭਾਵ ਰਾਜ ਸੱਤਾ ’ਤੇ ਕਾਬਜ਼ ਹੋਣ ਦੀ ਹੀ ਦਿਖਾਈ ਦੇ ਰਹੀ ਹੈ ,ਕਿਤੇ ਵੀ ਸਿਧਾਂਤਕ ਪੱਖ ਲਾਗੂ ਕਰਨ ਦੀ ਮੁਹਿੰਮ ਨਹੀਂ ਚਲ ਰਹੀ। ਦਮਦਮੀ ਟਕਸਾਲ, ਸੁਧਾਰ ਲਹਿਰ ਤੇ ਦਲ ਖ਼ਾਲਸਾ ਵੱਲੋਂ ਬਾਦਲ ਦਲ ਤੇ ਸ਼੍ਰੋਮਣੀ ਕਮੇਟੀ ਵਿਰੁੱਧ ਜਥੇਦਾਰਾਂ ਨੂੰ ਬਹਾਲ ਕਰਨ ਦੀ ਮੁਹਿੰਮ ਜਾਰੀ ਹੈ।

ਹੋਲਾ ਮਹੱਲਾ ਮੌਕੇ ਦਮਦਮੀ ਟਕਸਾਲ ਦੇ ਮੁਖੀ ਸੰਤ ਬਾਬਾ ਹਰਨਾਮ ਸਿੰਘ ਖ਼ਾਲਸਾ ਦੀ ਅਗਵਾਈ ਹੇਠ ਹੋਈ ਪੰਥਕ ਇਕੱਤਰਤਾ ਵਿੱਚ ਛੇ ਮਤੇ ਪਾਸ ਕੀਤੇ ਗਏ। ਜਿਸ ਵਿੱਚ ਸਾਰਿਆਂ ਤੋਂ ਪਹਿਲਾਂ ਗਿਆਨੀ ਕੁਲਦੀਪ ਸਿੰਘ ਗੜਗੱਜ ਦੀ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੇ ਕਾਰਜਕਾਰੀ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਬਾਬਾ ਟੇਕ ਸਿੰਘ ਧਨੌਲਾ ਦੀ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਹੋਈ ਨਿਯੁਕਤੀ ਨੂੰ ਰੱਦ ਕਰਨ ਦਾ ਜੈਕਾਰਿਆਂ ਦੀ ਗੂੰਜ ਵਿੱਚ ਐਲਾਨ ਕੀਤਾ ਗਿਆ। ਇਸ ਦੇ ਇਲਾਵਾ ਦੂਜੇ ਮਤੇ ਵਿੱਚ ਕਿਹਾ ਗਿਆ ਕਿ ਗਿਆਨੀ ਰਘਬੀਰ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ, ਗਿਆਨੀ ਸੁਲਤਾਨ ਸਿੰਘ ਨੂੰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਅਤੇ ਗਿਆਨੀ ਹਰਪ੍ਰੀਤ ਸਿੰਘ ਨੂੰ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਵਜੋਂ ਤੁਰੰਤ ਸੇਵਾ ਸੰਭਾਲ ਸੌਂਪ ਕੇ ਸ਼੍ਰੋਮਣੀ ਕਮੇਟੀ ਪੰਥ ਦੀਆਂ ਭਾਵਨਾਵਾਂ ਦਾ ਸਤਿਕਾਰ ਕਰੇ। ਤੀਜੇ ਮਤੇ ਵਿੱਚ ਅੰਤਰਿਮ ਕਮੇਟੀ ਦੇ ਤਿੰਨ ਮੈਂਬਰਾਂ ਦਾ ਧੰਨਵਾਦ



ਕੀਤਾ ਗਿਆ ਜਿਨ੍ਹਾਂ ਸਿੰਘ ਸਾਹਿਬਾਨ ਨੂੰ ਹਟਾਉਣ ਦਾ ਵਿਰੋਧ ਕੀਤਾ ਸੀ ਅਤੇ ਬਾਕੀ 11 ਅੰਤਰਿਮ ਕਮੇਟੀ ਦੇ ਮੈਂਬਰਾਂ ਨੂੰ ਅਪੀਲ ਕੀਤੀ ਗਈ ਕਿ 17 ਮਾਰਚ ਤੋਂ ਪਹਿਲਾਂ ਪੁਰਾਣੇ ਜਥੇਦਾਰ ਸਾਹਿਬਾਨ ਦੀ ਸੇਵਾ ਸੰਭਾਲ ਅਤੇ ਨਵੇਂ ਜਥੇਦਾਰ ਦੀ ਨਿਯੁਕਤੀ ਨੂੰ ਰੱਦ ਕਰਵਾਉਣ ਲਈ ਯਤਨਸ਼ੀਲ ਹੋਵੇ । ਗਿਆਨੀ ਹਰਦੀਪ ਸਿੰਘ ਵੱਲੋਂ ਪੜ੍ਹੇ ਗਏ ਚੌਥੇ ਮਤੇ ਵਿੱਚ ਸ਼੍ਰੋਮਣੀ ਕਮੇਟੀ ਨੂੰ ਅਪੀਲ ਕੀਤੀ ਗਈ ਕਿ ਤਖ਼ਤ ਸਾਹਿਬਾਨ ਦੇ ਜਥੇਦਾਰਾਂ ਦੀ ਨਿਯੁਕਤੀ ਅਤੇ ਸੇਵਾ ਸੰਭਾਲ ਲਈ ਸਿੱਖ ਪੰਥ ਦੀ ਪ੍ਰਵਾਨਗੀ ਨਾਲ ਲਿਖਤੀ ਵਿਧੀ ਵਿਧਾਨ ਬਣਾਇਆ ਜਾਵੇ। ਪੰਜਵੇਂ ਮਤੇ ਵਿੱਚ ਹਰੇਕ ਸਿੱਖ ਆਪਣੇ ਹਲਕੇ ਦੇ ਸ਼੍ਰੋਮਣੀ ਕਮੇਟੀ ਮੈਂਬਰ ਨੂੰ 28 ਮਾਰਚ ਨੂੰ ਹੋਣ ਵਾਲੇ ਬਜਟ ਇਜਲਾਸ ਤੋਂ ਪਹਿਲਾਂ ਮਿਲ ਕੇ ਅੰਤਰਿਮ ਕਮੇਟੀ ਵੱਲੋਂ ਕੀਤੇ ਪੰਥ ਵਿਰੋਧੀ ਫ਼ੈਸਲਿਆਂ ਨੂੰ ਰੱਦ ਕਰਵਾਉਣ ਲਈ ਆਪਣਾ ਯੋਗਦਾਨ ਪਾਉਣ ਦੀ ਅਪੀਲ ਕਰੇ । ਜੇਕਰ ਇਹ ਸ਼੍ਰੋਮਣੀ ਕਮੇਟੀ ਮੈਂਬਰ ਆਪਣਾ ਫ਼ਰਜ਼ ਨਹੀਂ ਨਿਭਾਉਂਦੇ ਤਾਂ ਸੰਗਤ ਇਨ੍ਹਾਂ ਸ਼੍ਰੋਮਣੀ ਕਮੇਟੀ ਮੈਂਬਰਾਂ ਦਾ ਵਿਰੋਧ ਕਰੇ। ਇਸ ਤੋਂ ਇਲਾਵਾ ਸੰਗਤਾਂ 28 ਮਾਰਚ ਦੇ ਬਜਟ ਇਜਲਾਸ ਵਿੱਚ ਵਹੀਰਾਂ ਘੱਤ ਕੇ ਅੰਮ੍ਰਿਤਸਰ ਪਹੁੰਚਣ। ਛੇਵੇਂ ਮਤੇ ਵਿੱਚ ਸੰਗਤ ਵੱਲੋਂ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖ਼ਾਲਸਾ ਨੂੰ ਅਪੀਲ ਕੀਤੀ ਗਈ ਕਿ ਉਹ ਸੰਤ ਮਹਾਂਪੁਰਸ਼, ਸਿੱਖ ਸੰਪਰਦਾਵਾਂ ਅਤੇ ਸਮੁੱਚੀਆਂ ਜਥੇਬੰਦੀਆਂ ਨੂੰ ਨਾਲ ਲੈ ਕੇ ਸਿੱਖ ਪੰਥ ਨੂੰ ਇਨ੍ਹਾਂ ਦਰਪੇਸ਼ ਸੰਕਟਾਂ ਤੋਂ ਬਾਹਰ ਕੱਢਣ ਲਈ ਅਗਵਾਈ ਕਰਨ ।ਇਸ ਮੌਕੇ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਬਲਜੀਤ ਸਿੰਘ ਦਾਦੂਵਾਲ, ਗੁਰਪ੍ਰਤਾਪ ਸਿੰਘ ਵਡਾਲਾ, ਚਰਨਜੀਤ ਸਿੰਘ ਬਰਾੜ, ਹਰਬੰਸ ਸਿੰਘ ਮੰਝਪੁਰ, ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ, ਪ੍ਰੋ: ਪ੍ਰੇਮ ਸਿੰਘ ਚੰਦੂਮਾਜਰਾ, ਸੁੱਚਾ ਸਿੰਘ ਛੋਟੇਪੁਰ, ਸਮੇਤ ਵੱਡੀ ਗਿਣਤੀ ਵਿੱਚ ਸ਼ਖ਼ਸੀਅਤਾਂ ਹਾਜ਼ਰ ਸਨ।

ਸੁਪਰੀਮ ਕੌਂਸਲ ਆਫ਼ ਨਵੀਂ ਮੁੰਬਈ ਗੁਰਦੁਆਰਾ ਦੇ ਚੇਅਰਮੈਨ ਭਾਈ ਜਸਪਾਲ ਸਿੰਘ ਸਿੱਧੂ ਦੀ ਅਗਵਾਈ ਵਿੱਚ ਸਮੂਹ ਸਿੱਖ ਸੰਗਤ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਤੋਂ ਜਥੇਦਾਰਾਂ ਬਾਰੇ ਲਏ ਗਏ ਫ਼ੈਸਲਿਆਂ ਨੂੰ ਵਾਪਸ ਲੈ ਕੇ ਮੁੜ ਤੋਂ ਪਹਿਲਾਂ ਵਾਲੇ ਜਥੇਦਾਰਾਂ ਨੂੰ ਪਦਵੀਆਂ ’ਤੇ ਬਹਾਲ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਅਸੀਂ ਸੰਤ ਹਰਨਾਮ ਸਿੰਘ ਖ਼ਾਲਸਾ, ਮੁਖੀ ਦਮਦਮੀ ਟਕਸਾਲ ਦੀ ਅਗਵਾਈ ਹੇਠ ਅਨੰਦਪੁਰ ਸਾਹਿਬ ਵਿਖੇ ਹੋਈ ਪੰਥਕ ਇਕੱਠ ਵਿੱਚ ਪਾਸ ਕੀਤੇ ਗਏ

(ਬਾਕੀ ਸਫ਼ਾ 30 ’ਤੇ)

### ਜਥੇਦਾਰ ਸਿੱਖੀ ਦਾ ਪ੍ਰਚਾਰ ਨਾ ਕਰ ਸਕੇ

ਹੁਣ ਦੇਖਣ ਵਾਲੀ ਗੱਲ ਹੈ ਕਿ ਇਸ ਵੇਲੇ ਜਥੇਦਾਰ ਸਾਹਿਬਾਨ ਸਮੁੱਚੇ ਸਿੱਖ ਜਗਤ ਨੂੰ ਧਾਰਮਿਕ ਤੇ ਰਾਜਨੀਤਕ ਅਗਵਾਈ ਨਹੀਂ ਦੇ ਰਹੇ, ਸਗੋਂ ਸਿਰਫ਼ ਇੱਕ ਪਾਰਟੀ ਅਕਾਲੀ ਦਲ ਬਾਦਲ ਦੀ ਪ੍ਰਧਾਨਗੀ ਦੀ ਚੋਣ ਦੇ ਮਸਲੇ ਵਿੱਚ ਹੀ ਉਲਝ ਗਏ ਹਨ। ਜਦਕਿ ਜਥੇਦਾਰਾਂ ਨੂੰ ਤਾਂ ਸਮੁੱਚੀ ਕੌਮ ਨੂੰ ਆਪਣੇ ਕਲਾਵੇ ਵਿੱਚ ਲੈ ਕੇ ਅਕਾਲੀ ਤੇ ਪੰਥਕ ਏਕਤਾ ਵਿੱਚ ਪਰੋਣਾ ਚਾਹੀਦਾ ਸੀ ਪਰ ਅਫ਼ਸੋਸ ਕਿ ਅਸਲ ਵਿੱਚ ਅਜਿਹਾ ਹੋਇਆ ਨਹੀਂ। ਇਸ ਨਾਲ ਅਕਾਲ ਤਖ਼ਤ ਸਾਹਿਬ ਦੀ ਮਾਣ ਮਰਿਆਦਾ ਢਹਿ ਢੇਰੀ ਹੋ ਰਹੀ ਹੈ। ਇਹ ਜਥੇਦਾਰ ਸਿੱਖੀ ਪ੍ਰਚਾਰ ਵਿੱਚ ਅਜੇ ਤਕ ਹਿਸਾ ਨਹੀਂ ਪਾ ਸਕੇ। ਇਨ੍ਹਾਂ ਦੀ ਦੌੜ ਵਿਦੇਸ਼ ਯਾਤਰਾਵਾਂ ਤੇ ਸੰਤ ਸਮਾਜ ਦੇ ਡੇਰਿਆਂ ਤੱਕ ਸੀਮਤ ਰਹੀ ਹੈ।

ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਵੱਲੋਂ ਜਥੇਦਾਰ ਗਿਆਨੀ ਰਘਬੀਰ ਸਿੰਘ ਤੇ ਹੋਰ ਜਥੇਦਾਰਾਂ ਨੂੰ ਹਟਾਏ ਜਾਣ ਅਤੇ ਨਵੇਂ ਜਥੇਦਾਰਾਂ ਦੀ ਨਿਯੁਕਤੀ ਦਾ ਸੁਖਬੀਰ ਸਿੰਘ ਬਾਦਲ ਦੇ ਨਜ਼ਦੀਕੀ ਰਿਸ਼ਤੇਦਾਰ ਅਤੇ ਪ੍ਰਮੁੱਖ ਅਕਾਲੀ ਨੇਤਾ ਬਿਕਰਮ ਸਿੰਘ ਮਜੀਠੀਆ ਤੇ ਸਾਥੀਆਂ ਵੱਲੋਂ ਵਿਰੋਧ ਕੀਤੇ ਜਾਣ ਤੋਂ ਬਾਅਦ ਇੱਕ ਵਾਰ ਤਾਂ ਤਰਥੱਲੀ ਜਿਹੀ ਮੱਚ ਗਈ ਸੀ। ਇਹ ਪ੍ਰਭਾਵ ਵੀ ਬਣਨ ਲੱਗਾ ਸੀ ਕਿ ਸ਼੍ਰੋਮਣੀ ਕਮੇਟੀ ਇਹ ਫ਼ੈਸਲਾ ਵਾਪਸ ਲੈ ਸਕਦੀ ਹੈ ਪਰ ਹੁਣ ਸੂਤਰਾਂ ਰਾਹੀਂ ਪਤਾ ਲੱਗਾ ਹੈ ਕਿ ਅਜਿਹਾ ਹੋਣ ਦੇ ਅਸਾਰ ਨਾ-ਮਾਤਰ ਹੀ ਹਨ। ਅਜਿਹਾ ਨਹੀਂ ਹੋਵੇਗਾ, ਸਗੋਂ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਅਤੇ ਅਕਾਲੀ ਦਲ ਬਾਦਲ ਵੀ ਇਸ ਫ਼ੈਸਲੇ ’ਤੇ ਕਾਇਮ ਰਹੇਗਾ। ਹਾਂ, ਇਸ ਦਰਮਿਆਨ ਮਜੀਠੀਆ ਨੂੰ ਮਨਾਉਣ ਦੀਆਂ ਕੋਸ਼ਿਸ਼ਾਂ ਜ਼ਰੂਰ ਤੇਜ਼ ਹੋ ਗਈਆਂ ਹਨ। ਮਜੀਠੀਆ ਦਾ ਇੱਕ ਵਾਰ ਇਸ ਬਾਰੇ ਬਿਆਨ ਦੇਣ ਤੋਂ ਬਾਅਦ ਚੁੱਪ ਰਹਿਣਾ ਵੀ ਇਹੀ ਪ੍ਰਭਾਵ ਦੇ ਰਿਹਾ ਹੈ ਕਿ ਉਹ ਸ਼ਾਇਦ ਅਕਾਲੀ ਦਲ ਬਾਦਲ ਨਹੀਂ ਛੱਡਣਗੇ।

# ਸ੍ਰੀ ਹਰਿਮੰਦਰ ਸਾਹਿਬ ਵਿਖੇ ਸੋਨੇ ਦੇ ਪੱਤਰਿਆਂ ਦੀ ਧੁਆਈ ਦੀ ਕਾਰ ਸੇਵਾ ਸ਼ੁਰੂ



ਅੰਮ੍ਰਿਤਸਰ/ਏ.ਟੀ.ਨਿਊਜ਼: ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਲੱਗੇ ਸੋਨੇ ਦੀ ਧੁਆਈ ਅਤੇ ਸਾੜ-ਸਫ਼ਾਈ ਦੀ ਸੇਵਾ ਅਰਦਾਸ ਉਪਰੰਤ ਆਰੰਭ ਕੀਤੀ ਗਈ। ਸ਼੍ਰੋਮਣੀ ਕਮੇਟੀ ਵੱਲੋਂ ਇਹ ਸੇਵਾ ਭਾਈ ਮਹਿੰਦਰ ਸਿੰਘ ਮੁਖੀ ਗੁਰੂ ਨਾਨਕ ਨਿਸ਼ਕਾਮ ਸੇਵਕ ਜਥਾ ਬਰਮਿੰਘਮ ਨੂੰ ਸੌਂਪੀ ਗਈ ਹੈ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਉਪਰ ਗੁੰਬਦਾਂ 'ਤੇ ਲੱਗੇ ਸੋਨੇ ਦੀ ਧੁਆਈ ਦੇ ਕਾਰਜ ਦੀ ਆਰੰਭਤਾ ਕੀਤੀ ਗਈ। ਇਸ ਮੌਕੇ ਗੁਰਦਿਆਲ ਸਿੰਘ ਨੇ ਕਿਹਾ ਕਿ ਸ੍ਰੀ ਗੁਰੂ ਰਾਮਦਾਸ ਜੀ ਦੇ ਪਾਵਨ ਅਸਥਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਲੱਗੇ ਸੋਨੇ ਦੀ ਸਾਫ਼-ਸਫ਼ਾਈ ਅਤੇ ਸਾਂਭ-ਸੰਭਾਲ ਨੂੰ ਮੁੱਖ ਰੱਖਦਿਆਂ ਸਮੇਂ-ਸਮੇਂ ਇਸ ਦੀ ਧੁਆਈ ਦਾ ਕਾਰਜ ਕੀਤਾ ਜਾਂਦਾ ਹੈ, ਜਿਸ ਦੀ ਸੇਵਾ ਗੁਰੂ ਨਾਨਕ ਨਿਸ਼ਕਾਮ ਸੇਵਾ ਜਥਾ ਬਰਮਿੰਘਮ ਦੇ ਮੁਖੀ ਭਾਈ ਮਹਿੰਦਰ ਸਿੰਘ ਬਰਮਿੰਘਮ ਵਾਲਿਆਂ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਕੀਤੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਬਾਰਿਸ਼ ਅਤੇ ਪ੍ਰਦੂਸ਼ਣ ਆਦਿ ਕਰਕੇ ਸੋਨੇ ਦੀ ਚਮਕ ਸਮਾਂ ਪਾ ਕੇ ਘੱਟ ਜਾਂਦੀ ਹੈ, ਜਿਸ ਦੀ ਸਾਫ਼-ਸਫ਼ਾਈ ਜ਼ਰੂਰੀ ਹੋ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਨਿਸ਼ਕਾਮ ਸੇਵਕ ਜਥਾ ਇਹ ਸੇਵਾ ਨਿਸ਼ਕਾਮ ਰੂਪ (ਬਾਕੀ ਸਫ਼ਾ 31 'ਤੇ)

# ਹਰਜਿੰਦਰ ਸਿੰਘ ਧਾਮੀ ਨੇ ਮੁੜ ਸੰਭਾਲਿਆ ਸ਼੍ਰੋਮਣੀ ਕਮੇਟੀ ਪ੍ਰਧਾਨ ਦਾ ਅਹੁਦਾ

## ਸ੍ਰੀ ਗੁਰੂ ਰਾਮ ਦਾਸ ਚੈਰੀਟੇਬਲ ਹਸਪਤਾਲ ਵੱਲ੍ਹਾ ਵਿਖੇ ਅਤਿ-ਆਧੁਨਿਕ ਪ੍ਰਾਈਵੇਟ ਵਾਰਡ ਦਾ ਕੀਤਾ ਉਦਘਾਟਨ



ਅੰਮ੍ਰਿਤਸਰ/ਏ.ਟੀ.ਨਿਊਜ਼: 17 ਫਰਵਰੀ ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਤੋਂ ਦਿੱਤਾ ਅਸਤੀਫਾ ਅਪ੍ਰਵਾਨ ਹੋਣ ਅਤੇ ਕਮੇਟੀ ਮੈਂਬਰਾਂ, ਅਕਾਲੀ ਦਲ ਅਤੇ ਧਾਰਮਿਕ ਆਗੂਆਂ ਵੱਲੋਂ ਮੁੜ ਪ੍ਰਧਾਨਗੀ ਦੇ ਅਹੁਦੇ 'ਤੇ ਰਹਿ ਕੇ ਸੇਵਾ ਕਰਨ ਦੀਆਂ ਅਪੀਲਾਂ ਨੂੰ ਪ੍ਰਵਾਨ ਕਰਦਿਆਂ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਅਹੁਦਾ ਸੰਭਾਲ ਲਿਆ ਹੈ। ਪਹਿਲੇ ਦਿਨ ਹੀ ਸਿਹਤ ਸਹੂਲਤਾਂ ਨੂੰ ਵਧਾਉਣ ਅਤੇ ਮਰੀਜ਼ਾਂ ਨੂੰ ਅਤਿ-ਆਧੁਨਿਕ ਡਾਕਟਰੀ ਸੇਵਾਵਾਂ ਪ੍ਰਦਾਨ ਕਰਨ ਵੱਲ ਇੱਕ ਹੋਰ ਕਦਮ ਚੁੱਕਦੇ ਹੋਏ ਧਾਮੀ ਨੇ ਸ੍ਰੀ ਗੁਰੂ ਰਾਮ ਦਾਸ ਚੈਰੀਟੇਬਲ ਹਸਪਤਾਲ ਵੱਲ੍ਹਾ ਵਿਖੇ ਅਤਿ-ਆਧੁਨਿਕ ਪ੍ਰਾਈਵੇਟ ਵਾਰਡ ਦਾ ਉਦਘਾਟਨ ਕੀਤਾ। ਇਸ ਮੌਕੇ ਉਨ੍ਹਾਂ ਕਿਹਾ ਕਿ 10 ਹਜਾਰ ਵਰਗ ਫੁੱਟ ਵਿੱਚ ਫੈਲੇ ਇਸ ਵਾਰਡ ਵਿੱਚ 18 ਅਤਿ-ਆਧੁਨਿਕ ਟੈਕਨੋਲੋਜੀ ਨਾਲ ਤਿਆਰ ਕੀਤੇ ਮਰੀਜ਼ਾਂ ਦੇ ਪ੍ਰਾਈਵੇਟ ਕਮਰੇ ਹਨ, ਜੋ ਅਤਿ-ਆਧੁਨਿਕ ਬੈੱਡ, ਸੋਫਾ, ਟੈਲੀਵਿਜ਼ਨ, ਰੈਫ੍ਰਿਜਰੇਟਰ, ਏਅਰ ਕੰਡੀਸ਼ਨਿੰਗ ਅਤੇ ਅਟੈਚਡ ਬਾਥਰੂਮ ਵਰਗੀਆਂ ਆਧੁਨਿਕ ਅਤੇ ਲੋੜੀਦੀਆਂ ਸਹੂਲਤਾਵਾਂ ਨਾਲ ਲੈਸ ਹਨ। ਇਹ ਨਵਾਂ ਪ੍ਰਾਈਵੇਟ ਵਾਰਡ ਹਸਪਤਾਲ ਦੇ ਵਿਸ਼ਵ ਪੱਧਰੀ ਸਿਹਤ ਸੰਭਾਲ ਸਹੂਲਤਾਂ ਪ੍ਰਦਾਨ ਕਰਨ ਦੇ ਚੱਲ ਰਹੇ ਮਿਸ਼ਨ ਦਾ ਪ੍ਰਮਾਣ ਹੈ। ਡੀਨ ਡਾ. ਏ.ਪੀ. ਸਿੰਘ ਨੇ ਕਿਹਾ ਕਿ ਵਾਰਡ ਦਾ ਮਾਡਰਨ ਨਕਸ਼ਾ ਅਤੇ ਆਧੁਨਿਕ ਮੈਡੀਕਲ ਟੈਕਨੋਲੋਜੀ ਹਸਪਤਾਲ ਦੇ ਅੰਦਰ ਗਾਇਨੀ, ਬਾਲ ਰੋਗ, ਅੱਖਾਂ ਅਤੇ ਈਐਨਟੀ ਵਿਭਾਗਾਂ ਦੀਆਂ ਵਿਸ਼ੇਸ਼ ਜਰੂਰਤਾਂ ਨੂੰ ਪੂਰਾ ਕਰਨ ਲਈ ਤਿਆਰ ਕੀਤੀ ਗਈ ਹੈ, ਜੋ ਇਹ ਯਕੀਨੀ ਬਣਾਉਂਦੀ ਹੈ ਕਿ ਮਰੀਜ਼ਾਂ ਨੂੰ ਇੱਕ ਚੰਗੇ ਵਾਤਾਵਰਣ ਵਿੱਚ ਸਿਹਤ ਸੰਭਾਲ (ਬਾਕੀ ਸਫ਼ਾ 31 'ਤੇ)

# ਸ੍ਰੀ ਆਨੰਦਪੁਰ ਸਾਹਿਬ ਵਿਖੇ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਹੋਲਾ ਮਹੱਲਾ

## ਪੰਜਾਬ ਵਿੱਚ ਵੱਡੇ ਪੱਧਰ 'ਤੇ ਹੋ ਰਿਹਾ ਧਰਮ ਪਰਿਵਰਤਨ ਚਿੰਤਾ ਦਾ ਵਿਸ਼ਾ: ਜਥੇਦਾਰ

### ਵਿਸਾਖੀ ਨੂੰ ਅਕਾਲ ਤਖ਼ਤ ਸਾਹਿਬ ਦੇ ਝੰਡੇ ਹੇਠ ਗ਼ਰੀਬ ਸਿੱਖਾਂ ਦੇ ਘਰਾਂ ਤੋਂ ਧਰਮ ਪ੍ਰਚਾਰ ਲਹਿਰ ਆਰੰਭ ਕਰਨ ਦਾ ਐਲਾਨ



ਸ੍ਰੀ ਆਨੰਦਪੁਰ ਸਾਹਿਬ/ਏ.ਟੀ.ਨਿਊਜ਼: ਹੋਲਾ ਮਹੱਲਾ ਦੇ ਆਖ਼ਰੀ ਦਿਨ ਤਖ਼ਤ ਕੇਸਗੜ੍ਹ ਸਾਹਿਬ ਵਿਖੇ ਲੱਖਾਂ ਦੀ ਗਿਣਤੀ 'ਚ ਸੰਗਤ ਨਤਮਸਤਕ ਹੋਈ। ਤਖ਼ਤ ਕੇਸਗੜ੍ਹ ਸਾਹਿਬ ਵਿਖੇ ਅਖੰਡ ਪਾਠ ਦੇ ਭੋਗ ਪਾਉਣ ਉਪਰੰਤ ਦੀਵਾਨ ਸਜਾਏ ਗਏ। ਸਮਾਗਮ ਦੌਰਾਨ ਤਖ਼ਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਕੌਮ ਨੂੰ ਪੰਥਕ ਏਕਤਾ ਦਾ ਸੰਦੇਸ਼ ਦਿੰਦਿਆਂ ਐਲਾਨ ਕੀਤਾ ਕਿ ਆਉਣ ਵਾਲੀ ਵਿਸਾਖੀ ਨੂੰ ਅਕਾਲ ਤਖ਼ਤ ਸਾਹਿਬ ਦੇ ਝੰਡੇ ਹੇਠ ਗ਼ਰੀਬ ਸਿੱਖਾਂ ਦੇ ਘਰਾਂ ਤੋਂ ਧਰਮ ਪ੍ਰਚਾਰ ਲਹਿਰ ਆਰੰਭੀ ਜਾਵੇਗੀ। ਉਨ੍ਹਾਂ ਪੰਜਾਬੀ ਭਾਸ਼ਾ ਨੂੰ ਚੁਣੌਤੀਆਂ ਦੇ ਮੱਦੇਨਜ਼ਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਤਾਕੀਦ ਕੀਤੀ ਕਿ ਕੇਂਦਰ ਸਰਕਾਰ ਦੀ ਨਵੀਂ ਸਿੱਖਿਆ ਨੀਤੀ ਦੀ ਪੜਚੋਲ ਕਰਨ ਲਈ ਅਕਾਦਮਿਕ ਵਿਦਵਾਨਾਂ ਦੀ ਬੈਠਕ ਬੁਲਾ ਕੇ ਇਹ ਮਸਲਾ ਵਿਚਾਰਿਆ ਜਾਵੇ। ਉਨ੍ਹਾਂ ਕਿਹਾ ਕਿ ਖ਼ਾਲਸਾ ਪੰਥ ਨੂੰ ਖਤਮ ਕਰਨ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ ਤੇ ਅੱਜ ਪੰਜਾਬ ਅੰਦਰ ਨਸ਼ਿਆਂ ਦਾ ਦਰਿਆ ਵਗ ਰਿਹਾ ਹੈ ਅਤੇ ਸੂਬੇ ਵਿੱਚ ਵੱਡੇ ਪੱਧਰ 'ਤੇ ਧਰਮ ਪਰਿਵਰਤਨ ਹੋ ਰਿਹਾ ਹੈ, ਜੋ ਚਿੰਤਾ ਦਾ ਵਿਸ਼ਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਇੱਕ ਬਸਤੀ ਬਣਾਇਆ ਜਾ ਰਿਹਾ ਹੈ ਤੇ ਧਰਮ ਤੋਂ ਉੱਪਰ ਉੱਠ ਕੇ ਸਮੁੱਚੇ ਪੰਜਾਬੀਆਂ ਨੂੰ ਇਸ ਬਾਰੇ ਸੋਚਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦਾ ਮੁਹਾਂਦਰਾ ਬਹੁਤ ਤੇਜ਼ੀ ਨਾਲ ਬਦਲ ਰਿਹਾ ਹੈ ਤੇ ਸਰਕਾਰਾਂ ਨੂੰ ਇਸ ਸਬੰਧੀ ਠੋਸ ਕਦਮ ਚੁੱਕਣੇ ਚਾਹੀਦੇ ਹਨ। ਉਨ੍ਹਾਂ ਬੰਦੀ ਸਿੰਘਾਂ ਦੀ ਰਿਹਾਈ ਮੰਗੀ। ਉਨ੍ਹਾਂ ਕਿਹਾ ਕਿ ਪੰਥ ਵਿਰੋਧੀ ਤਾਕਤਾਂ ਗੁਰਦੁਆਰਿਆਂ 'ਤੇ ਕਬਜ਼ਾ ਕਰਨਾ ਚਾਹੁੰਦੀਆਂ ਹਨ ਅਤੇ ਸਿੱਖਾਂ ਵਿੱਚ ਪੰਥਕ ਏਕਤਾ ਦੀ ਲੋੜ ਹੈ। ਇਸ ਮਗਰੋਂ ਤਖ਼ਤ ਕੇਸਗੜ੍ਹ ਸਾਹਿਬ ਵਿਖੇ ਅਰਦਾਸ ਕਰ ਕੇ ਸਿੱਖ ਪ੍ਰੰਪਰਾ ਅਨੁਸਾਰ ਖ਼ਾਲਸਾਈ ਸ਼ਾਨ ਤੇ ਜਾਹੋ-ਜਲਾਲ ਦੇ ਪ੍ਰਤੀਕ ਹੋਲਾ ਮਹੱਲਾ ਮੌਕੇ ਵਿਸ਼ਾਲ ਮਹੱਲਾ ਸਜਾਇਆ ਗਿਆ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਰਘੂਜੀਤ ਸਿੰਘ ਵਿਰਕ, ਅਗਜ਼ੈਕਟਿਵ ਮੈਂਬਰ ਦਲਜੀਤ ਸਿੰਘ ਭਿੰਡਰ, ਸ਼੍ਰੋਮਣੀ ਕਮੇਟੀ ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ ਸਣੇ ਜਥੇਬੰਦੀਆਂ ਦੇ ਆਗੂ ਮੌਜੂਦ ਸਨ।

# ਜਥੇਦਾਰ ਗੜਗੱਜ ਵੱਲੋਂ ਨਵੇਂ ਸਾਲ ਸੰਮਤ ਨਾਨਕਸ਼ਾਹੀ 557 ਦੀ ਆਮਦ ਮੌਕੇ ਸਿੱਖ ਕੌਮ ਨੂੰ ਸੰਦੇਸ਼



ਅੰਮ੍ਰਿਤਸਰ/ਏ.ਟੀ.ਨਿਊਜ਼: ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸਿੱਖ ਨਵੇਂ ਸਾਲ ਸੰਮਤ ਨਾਨਕਸ਼ਾਹੀ 557 ਦੀ ਆਮਦ 'ਤੇ ਸਿੱਖ ਜਗਤ ਨੂੰ ਵਧਾਈ ਦਿੰਦਿਆਂ ਇੱਕ ਵਿਸ਼ੇਸ਼ ਸੰਦੇਸ਼ ਜਾਰੀ ਕੀਤਾ ਹੈ।

ਉਨ੍ਹਾਂ ਕਿਹਾ ਕਿ ਇੱਕ ਚੇਤ ਤੋਂ ਸੰਮਤ 557 ਨਾਨਕਸ਼ਾਹੀ ਨਵੇਂ ਸਾਲ ਦਾ ਆਰੰਭ ਹੋ ਰਿਹਾ ਹੈ। ਗੁਰਬਾਣੀ ਮੁਤਾਬਕ ਚੇਤ ਦੇ ਮਹੀਨੇ ਤੋਂ ਸਿੱਖਾਂ ਦਾ ਨਵਾਂ ਸਾਲ ਆਰੰਭ ਹੁੰਦਾ ਹੈ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਤੁਖਾਰੀ ਰਾਗ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਮਾਂਝ ਰਾਗ ਵਿੱਚ ਬਾਰਹ ਮਾਹਾ ਦੀ ਬਖ਼ਸ਼ਿਸ਼ ਕਰਕੇ ਰੁੱਤਾਂ ਦੇ ਬਦਲਣ ਦਾ ਮਨੁੱਖੀ ਮਨ ਦੀਆਂ ਭਿੰਨ ਅਵਸਥਾਵਾਂ ਜਿਵੇਂ ਕਿ ਖੇੜਾ, ਬਿਰਹਾ, ਵੈਰਾਗ ਨਾਲ ਗੂੜਾ ਸਬੰਧ ਦਰਸਾਇਆ ਹੈ। ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਆਪਣੀ ਬਾਣੀ ਵਿੱਚ ਬਾਰਹ ਮਾਹਾ ਦਾ ਉਚਾਰਣ ਕੀਤਾ ਹੈ, ਜਿਸ ਵਿੱਚ ਉਨ੍ਹਾਂ ਵੈਰਾਗ ਤੋਂ ਅਨੁਰਾਗ ਤੱਕ ਦਾ ਸਫ਼ਰ ਦਰਸਾਇਆ ਹੈ। ਇਸ ਧਰਤੀ 'ਤੇ ਜਨਮੇ ਮਨੁੱਖ ਦੇ ਮਨ ਦੇ ਭਾਵ ਵੀ ਇਨ੍ਹਾਂ ਦੇਸੀ ਮਹੀਨਿਆਂ ਦੇ ਨਾਲ ਹੀ ਪ੍ਰਗਟ ਹੁੰਦੇ ਹਨ। ਸਾਡਾ ਇਹ ਨਵਾਂ ਸਾਲ ਆਉਣ ਵਾਲੇ ਦਿਨਾਂ ਵਿੱਚ ਫ਼ਸਲਾਂ ਦੇ ਪੱਕਣ, ਰਿਜ਼ਕ ਘਰੇ ਆਉਣ ਅਤੇ ਖ਼ੁਸ਼ਹਾਲੀ ਦੇ ਸੰਕੇਤ ਦਿੰਦਾ ਹੈ। ਗੁਰੂ ਸਾਹਿਬਾਨ ਦੀ ਵਰੋਸਾਈ ਸਾਡੀ ਇਸ ਮਹਾਨ ਧਰਤੀ ਉੱਤੇ ਇਨ੍ਹਾਂ ਬਾਰ੍ਹਾਂ ਮਹੀਨਿਆਂ ਦੌਰਾਨ ਛੇ ਰੁੱਤਾਂ ਆਉਂਦੀਆਂ ਹਨ। (ਬਾਕੀ ਸਫ਼ਾ 31 'ਤੇ)

# ਹਿਮਾਚਲ ਪ੍ਰਦੇਸ਼ 'ਚ ਸਿੱਖ ਨੌਜਵਾਨਾਂ ਨਾਲ ਧੱਕਾ ਪ੍ਰਵਾਨ ਨਹੀਂ: ਜਥੇਦਾਰ ਗੜਗੱਜ

## ਸਿੱਖ ਨੌਜਵਾਨਾਂ ਨਾਲ ਹੋਈ ਵਧੀਕੀ ਦਾ ਮਾਮਲਾ ਹਿਮਾਚਲ ਸਰਕਾਰ ਕੋਲ ਉਠਾਉਣ ਲਈ ਸ਼੍ਰੋਮਣੀ ਕਮੇਟੀ ਨੂੰ ਕੀਤੀ ਹਦਾਇਤ

ਅੰਮ੍ਰਿਤਸਰ/ਏ.ਟੀ.ਨਿਊਜ਼: ਹਿਮਾਚਲ ਪ੍ਰਦੇਸ਼ 'ਚ ਕੁਝ ਸ਼ਰਾਰਤੀ ਲੋਕਾਂ ਵੱਲੋਂ ਪੁਲਿਸ ਦੀ ਹਾਜ਼ਰੀ ਵਿੱਚ ਸਿੱਖ ਤੇ ਪੰਜਾਬੀ ਨੌਜਵਾਨਾਂ ਵੱਲੋਂ ਲਗਾਏ ਸਿੱਖ ਝੰਡੇ ਅਤੇ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੀ ਤਸਵੀਰ ਪਾੜਣ ਅਤੇ ਪੈਰਾਂ ਹੇਠ ਮਿੱਧਣ ਦੇ ਮਾਮਲੇ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸਖ਼ਤ ਨੋਟਿਸ ਲੈਂਦਿਆਂ ਕਿਹਾ ਕਿ ਇਸ ਨੂੰ ਹਰਗਿਜ਼ ਪ੍ਰਵਾਨ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜਦੋਂ ਪੁਲਿਸ ਕਿਸੇ ਨੌਜਵਾਨ ਨੂੰ ਉਨ੍ਹਾਂ ਦੇ ਵਾਹਨ ਦੇ ਕਾਗਜ਼ਾਂ ਦੀ ਜਾਂਚ ਕਰਨ ਲਈ ਰੋਕਦੀ ਹੈ ਤਾਂ ਉਸ ਮੌਕੇ ਕਿਸੇ ਵੀ ਸਥਾਨਕ ਸ਼ਰਾਰਤੀ ਅਨਸਰਾਂ ਦਾ ਕੋਈ ਹੱਕ ਨਹੀਂ ਬਣਦਾ ਕਿ ਉਹ ਸਿੱਖ ਨੌਜਵਾਨਾਂ ਨਾਲ ਜ਼ੋਰ ਜ਼ਬਰਦਸਤੀ ਕਰਨ ਅਤੇ ਉਨ੍ਹਾਂ ਦੇ ਵਾਹਨਾਂ ਉੱਤੇ ਲੱਗੇ ਸਿੱਖਾਂ ਨਾਲ ਸਬੰਧਤ ਝੰਡਿਆਂ ਨੂੰ ਪਾੜਣ। ਉਨ੍ਹਾਂ ਕਿਹਾ ਕਿ ਇਸ ਤੋਂ ਇਹ ਪ੍ਰਤੀਤ ਹੁੰਦਾ ਹੈ ਕਿ ਹਿਮਾਚਲ ਪ੍ਰਦੇਸ਼ ਦੀ ਪੁਲਿਸ ਨੂੰ ਜਿਵੇਂ ਸਥਾਨਕ ਗੁੰਡਾ ਤੇ ਸ਼ਰਾਰਤੀ ਅਨਸਰ ਚਲਾ ਰਹੇ ਹੋਣ।

ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸਿੱਖ ਨੌਜਵਾਨਾਂ ਨੂੰ ਵੀ ਅਪੀਲ ਕੀਤੀ ਕਿ ਜਦੋਂ ਉਹ ਹਿਮਾਚਲ ਪ੍ਰਦੇਸ਼ ਜਾਣ ਤਾਂ ਆਪਣੇ ਵਾਹਨਾਂ ਦੇ ਕਾਗਜ਼ ਪੂਰੇ ਕਾਇਮ ਰੱਖਣ ਅਤੇ ਇਕੱਲੇ ਸਫ਼ਰ ਕਰਨ ਤੋਂ ਗੁਰੇਜ਼ ਕਰਨ। ਜਥੇਦਾਰ ਗੜਗੱਜ ਨੇ ਹਿਮਾਚਲ ਪ੍ਰਦੇਸ਼ ਦੀ ਕਾਂਗਰਸ ਸਰਕਾਰ ਦੇ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਨੂੰ ਕਿਹਾ ਕਿ ਉਹ ਇਨ੍ਹਾਂ ਘਟਨਾਵਾਂ ਦਾ ਨੋਟਿਸ ਲੈਂਦਿਆਂ ਸੂਬੇ ਦੀ ਪੁਲਿਸ ਨੂੰ ਕਾਨੂੰਨ ਅਨੁਸਾਰ ਜ਼ਾਬਤਾ ਕਾਇਮ ਰੱਖਣ ਲਈ ਆਦੇਸ਼ ਕਰਨ। ਉਨ੍ਹਾਂ ਹਿਮਾਚਲ ਦੇ ਮੁੱਖ ਮੰਤਰੀ ਨੂੰ ਕਿਹਾ ਕਿ ਕੁਝ ਸ਼ਰਾਰਤੀ ਲੋਕ ਹਿਮਾਚਲ ਪ੍ਰਦੇਸ਼ ਅਤੇ ਪੰਜਾਬ ਦੀ ਭਾਈਚਾਰਕ ਸਾਂਝ ਨੂੰ ਸੱਟ ਮਾਰਨਾਂ ਚਾਹੁੰਦੇ ਹਨ ਅਤੇ ਤਣਾਅ ਵਾਲੀ ਸਥਿਤੀ ਬਣਾਉਣਾ ਚਾਹੁੰਦੇ ਹਨ, ਜਿਸ ਪ੍ਰਤੀ ਸੂਬਾ ਸਰਕਾਰ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਅਜਿਹੇ ਅਨਸਰਾਂ ਨੂੰ ਨੱਥ ਪਾ ਕੇ ਰੱਖਣ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਦੀ ਜ਼ਿੰਮੇਵਾਰੀ ਹਰ ਧਰਮ ਤੇ ਫਿਰਕੇ ਦੇ ਲੋਕਾਂ ਦੀ ਸੁਰੱਖਿਆ ਯਕੀਨੀ ਬਣਾਉਣ ਦੀ ਹੁੰਦੀ ਹੈ ਨਾ ਕਿ ਕਿਸੇ ਇੱਕ ਧਰਮ ਦੇ ਲੋਕਾਂ ਵਿਰੁੱਧ ਕੀਤੀ ਜਾ ਰਹੀ ਨਫ਼ਰਤ ਨੂੰ ਸ਼ਰੇਆਮ ਹੋਣ ਦੇਣ ਦੀ। ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਕਿਹਾ ਕਿ ਇੱਕ ਭਾਰਤ ਬਹੁਧਰਮੀ ਅਤੇ ਬਹੁਭਾਸ਼ੀ ਦੇਸ਼ ਹੈ, ਜਿਸ ਵਿੱਚ ਹਰ ਇੱਕ ਨੂੰ ਧਾਰਮਿਕ ਅਜ਼ਾਦੀ ਹੈ। ਉਨ੍ਹਾਂ ਕਿਹਾ ਕਿ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲੇ ਸਿੱਖਾਂ ਦੇ ਕੌਮੀ ਸ਼ਹੀਦ ਤੇ ਨਾਇਕ ਹਨ, ਜਿਨ੍ਹਾਂ ਨੂੰ ਸਿੱਖ ਕੌਮ ਦੇ ਸਰਵਉੱਚ ਅਸਥਾਨ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸ਼ਹੀਦ ਐਲਾਨਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਹਿਮਾਚਲ ਪ੍ਰਦੇਸ਼ ਵਿੱਚ ਸਿੱਖ ਆਪਣੇ ਗੁਰਧਾਮਾਂ ਦੇ ਦਰਸ਼ਨਾਂ ਲਈ ਜਾਂਦੇ ਹਨ, ਪਰ ਸ਼ਰਧਾਲੂਆਂ ਨੂੰ ਰੋਕ ਕੇ ਉਨ੍ਹਾਂ ਦੀਆਂ ਗੱਡੀਆਂ ਤੋਂ ਨਿਸ਼ਾਨ ਸਾਹਿਬ ਅਤੇ ਸਿੱਖ ਸ਼ਹੀਦਾਂ ਦੀਆਂ ਤਸਵੀਰਾਂ ਜਬਰੀ ਲੁਹਾਈਆਂ ਜਾ ਰਹੀਆਂ ਹਨ। ਦੁੱਖ ਦੀ ਗੱਲ ਹੈ ਕਿ ਇਸ ਮਾਮਲੇ 'ਤੇ ਪੁਲਿਸ ਪ੍ਰਸ਼ਾਸਨ ਆਪਣੀ ਬਣਦੀ ਜ਼ਿੰਮੇਵਾਰੀ ਨਹੀਂ ਨਿਭਾਅ ਰਿਹਾ ਬਲਕਿ ਸਿੱਖਾਂ ਖ਼ਿਲਾਫ਼ ਸਿਰਜੇ ਜਾ ਰਹੇ ਨਫ਼ਰਤੀ ਮਾਹੌਲ ਨੂੰ ਹਵਾ ਦੇ ਰਿਹਾ ਹੈ। ਉਨ੍ਹਾਂ ਕਿਹਾ ਕਿ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੀ ਤਸਵੀਰ 'ਤੇ ਕਿੰਤੂ ਕਰਨਾ ਜਾਇਜ਼ ਨਹੀਂ ਅਤੇ ਜੇਕਰ ਕਿਸੇ ਨੂੰ ਕੋਈ ਸ਼ੱਕ ਹੋਵੇ ਤਾਂ ਉਹ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਆ ਕੇ ਇੱਥੇ ਬਣੀ ਸਿੱਖ ਸ਼ਹੀਦਾਂ ਦੀ ਯਾਦਗਾਰ ਦੇਖ ਸਕਦੇ ਹਨ, ਕਿ ਉਨ੍ਹਾਂ ਦੀ ਕੌਮ ਨੂੰ ਕੀ ਦੇਣ ਹੈ।

ਸਿੰਘ ਸਾਹਿਬ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਦੇਸ਼ ਦਾ ਸੰਵਿਧਾਨ ਹਰ ਇੱਕ ਨੂੰ ਧਾਰਮਿਕ ਅਜ਼ਾਦੀ ਅਤੇ ਵਿਚਾਰਾਂ ਦੇ (ਬਾਕੀ ਸਫ਼ਾ 31 'ਤੇ)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

# ਸੰਪਾਦਕੀ

## ਪੰਜਾਬ ਦੇ ਪਲੀਤ ਪਾਣੀਆਂ ਦੀ ਕੌਣ ਲਊ ਸਾਰ ?

ਪੰਜ ਦਰਿਆਵਾਂ ਦੀ ਧਰਤੀ ਪੰਜਾਬ ਦੇ ਕੁਝ ਹਿੱਸਿਆਂ ਦਾ ਪਾਣੀ ਹੀ ਹੁਣ ਪਲੀਤ ਹੋ ਗਿਆ ਹੈ। ਇਸ ਤੋਂ ਵੱਡੀ ਦੁੱਖ ਅਤੇ ਨਮੋਸ਼ੀ ਵਾਲੀ ਗੱਲ ਕੀ ਹੋਵੇਗੀ ਕਿ ਪੰਜਾਬ ਦੇ ਜਿਹੜੇ ਦਰਿਆਵਾਂ ਦਾ ਪਾਣੀ ਅੰਮ੍ਰਿਤ ਵਰਗਾ ਸਮਝਿਆ ਜਾਂਦਾ ਸੀ, ਉਹ ਪਾਣੀ ਕਈ ਇਲਾਕਿਆਂ ਵਿੱਚ ਹੁਣ ਏਨਾ ਪਲੀਤ ਹੋ ਚੁੱਕਿਆ ਹੈ ਕਿ ਇਹ ਕੈਂਸਰ ਵੰਡ ਰਿਹਾ ਹੈ। ਇੱਥੋਂ ਤੱਕ ਕਿ ਪੰਜਾਬ ਦੀ ਧਰਤੀ ਹੇਠਲਾ ਪਾਣੀ ਵੀ ਕੁਝ ਇਲਾਕਿਆਂ ਵਿੱਚ ਪ੍ਰਦੂਸ਼ਿਤ ਹੋ ਚੁੱਕਿਆ ਹੈ। ਇਹ ਕਿਸੇ ਲੇਖਕ ਦੀ ਕਲਪਨਾ ਨਹੀਂ ਸਗੋਂ ਪੰਜਾਬ ਦੇ ਪਾਣੀਆਂ ਸਬੰਧੀ ਪਿਛਲੇ ਦਿਨੀਂ ਆਈਆਂ ਰਿਪੋਰਟਾਂ ਵਿੱਚ ਦਾਅਵਾ ਕੀਤਾ ਗਿਆ ਹੈ। ਜਲ ਸਰੋਤਾਂ ਬਾਰੇ ਸਥਾਈ ਸੰਸਦੀ ਕਮੇਟੀ ਨੇ ਪੰਜਾਬ ਵਿੱਚ ਧਰਤੀ ਹੇਠਲੇ ਪਾਣੀ ਵਿੱਚ ਵਧ ਰਹੇ ਰੇਡੀਓਐਕਟਿਵ ਅਤੇ ਜ਼ਹਿਰੀਲੇ ਮਾਦਿਆਂ ਦੀ ਭਰਮਾਰ ਵੱਲ ਧਿਆਨ ਦਿਵਾਉਂਦਿਆਂਕੇਂਦਰੀ ਜਲ ਸ਼ਕਤੀ ਮੰਤਰਾਲੇ ਨੂੰ ਪ੍ਰਭਾਵਿਤ ਖੇਤਰਾਂ ਵਿੱਚ ਸਾਫ਼ ਪੀਣ ਯੋਗ ਪਾਣੀ ਦੀ ਸਪਲਾਈ ਯਕੀਨੀ ਬਣਾਉਣ ਦੀ ਸਿਫ਼ਾਰਸ਼ ਕੀਤੀ ਹੈ।ਸੰਸਦੀ ਕਮੇਟੀ ਦੀ ਰਿਪੋਰਟ ਵਿੱਚ ਇਹ ਗੱਲ ਉਭਾਰੀ ਗਈ ਹੈ ਕਿ ਫ਼ਤਹਿਗੜ੍ਹ ਸਾਹਿਬ, ਫ਼ਾਜ਼ਿਲਕਾ, ਫ਼ਿਰੋਜ਼ਪੁਰ, ਮੋਗਾ, ਪਟਿਆਲਾ ਅਤੇ ਰੂਪਨਗਰ ਸਣੇ ਪੰਜਾਬ ਦੇ 9 ਜ਼ਿਲ੍ਹਿਆਂ ਵਿੱਚ ਧਰਤੀ ਹੇਠਲੇ ਪਾਣੀ ਵਿੱਚ ਆਇਰਨ, ਖਾਰੇ, ਨਾਈਟ੍ਰੇਟ ਅਤੇ ਭਾਰੀਆਂ ਧਾਤਾਂ ਦੇ ਕਣਾਂ ਦਾ ਪੱਧਰ ਕਾਫ਼ੀ ਉੱਚਾ ਹੈ। ਰਿਪੋਰਟਾਂ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਇਹ ਪੀਣ-ਯੋਗ ਨਹੀਂ ਰਿਹਾ ਹੈ। ਇੱਥੋਂ ਤੱਕ ਕਿ ਪੰਜਾਬ ਦੇ ਕਈ ਇਲਾਕਿਆਂ ਵਿੱਚ ਪੰਜਾਬ ਦਾ ਪਾਣੀ ਖੇਤੀ ਲਈ ਵਰਤੋ ਯੋਗ ਵੀ ਨਹੀਂ ਰਿਹਾ ਹੈ। ਕੁਝ ਸਮਾਂ ਪਹਿਲਾਂ ਕੇਂਦਰੀ ਜ਼ਮੀਨੀ ਜਲ ਬੋਰਡ (ਸੀ.ਜੀ.ਡਬਲਿਊ.ਬੀ.) ਦੀ ਸਾਲ 2024 ਦੀ ਰਿਪੋਰਟ ਵਿੱਚ ਇਹ ਦਰਜ ਕੀਤਾ ਗਿਆ ਸੀ ਕਿ ਪੰਜਾਬ 20 ਜ਼ਿਲ੍ਹਿਆਂ ਦੇ ਜ਼ਮੀਨੀ ਪਾਣੀ ਵਿੱਚ ਯੂਰੇਨੀਅਮ, ਨਾਈਟ੍ਰੇਟਸ, ਆਰਸੈਨਿਕ, ਕਲੋਰਾਈਡ ਅਤੇ ਫ਼ਲੋਰਾਈਡ ਜਿਹੇ ਖ਼ਤਰਨਾਕ ਤੱਤਾਂ ਦੀ ਮੌਜੂਦਗੀ ਪ੍ਰਵਾਨਿਤ ਹੱਦ ਤੋਂ ਕਿਤੇ ਵੱਧ ਨਿਕਲੀ ਹੈ ਹੁਣੇ ਜਿਹੇ ਆਈ ਇੱਕ ਹੋਰ ਰਿਪੋਰਟ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਪੰਜਾਬ ਵਿੱਚ ਲਗਾਤਾਰ ਗੰਧਲਾ ਹੋ ਰਿਹਾ ਪਾਣੀ ਕੈਂਸਰ ਦੇ ਮਰੀਜ਼ਾਂ ਦੀ ਗਿਣਤੀ ਵਧਾ ਰਿਹਾ ਹੈ।ਕੇਂਦਰ ਸਰਕਾਰ ਦੇ ਜਲ ਸਰੋਤ ਮੰਤਰਾਲੇ ਦੀ ਰਿਪੋਰਟ ਅਨੁਸਾਰ ਪੰਜਾਬ ਦਾ 26 ਫ਼ੀਸਦੀ ਪਾਣੀ ਖੇਤਾਂ ਨੂੰ ਸਿੰਜਣ ਦੇ ਯੋਗ ਨਹੀਂ ਰਿਹਾ ਹੈ। ਇਹੀ ਹਾਲਾਤ ਪੀਣ ਵਾਲੇ ਪਾਣੀ ਦੇ ਹਨ। ਆਈ.ਸੀ.ਐੱਮ.ਆਰ. ਦੀ 2024 ਦੀ ਰਿਪੋਰਟ ਦੀ ਮੰਨੀਏ ਤਾਂ ਨਦੀਆਂ ਤੇ ਨਾਲਿਆਂ ਦੇ ਲਾਗੇ ਰਹਿਣ ਵਾਲੇ ਲੋਕਾਂ ਵਿੱਚ ਕੈਂਸਰ ਦੀ ਬਹੁਤਾਤ ਪਾਈ ਗਈ ਹੈ। ਇੱਕ ਹੋਰ ਖੋਜ ਮੁਤਾਬਕ ਪਾਣੀ ’ਚ ਲੋਹਾ, ਸੀਸਾ, ਐਲਮੀਨੀਅਮ ਤੇ ਹੋਰ ਕਈ ਜਾਨਲੇਵਾ ਧਾਤਾਂ ਘੁਲ ਰਹੀਆਂ ਹਨ। ਪੰਜਾਬ ਦੇ 12 ਜ਼ਿਲ੍ਹਿਆਂ ਦੇ ਪਾਣੀ ’ਚ ਇਸ ਵੇਲੇ ਆਰਸੇਨਿਕ ਹੱਦੋਂ ਵੱਧ ਮਿਲ ਰਹੀ ਹੈ। ਇਸ ਕਾਰਨ ਕੈਂਸਰ ਦੇ ਨਾਲ-ਨਾਲ ਹੋਰ ਰੋਗ ਫ਼ੈਲਣ ਦਾ ਖ਼ਤਰਾ ਵਧ ਰਿਹਾ ਹੈ।

ਪੰਜਾਬ ਵਿੱਚ ਇਸ ਸਮੇਂ ਸਿਰਫ਼ ਦੋ ਮੁੱਖ ਦਰਿਆ ਸਤਲੁਜ ਅਤੇ ਬਿਆਸ ਹਨ। ਰਾਵੀ ਦਾ ਕੁਝ ਹਿੱਸਾ ਹੀ ਪੰਜਾਬ ਵਿੱਚ ਹੈ। ਇਸ ਤੋਂ ਇਲਾਵਾ ਘੱਗਰ ਦਰਿਆ, ਬੁੱਢਾ ਦਰਿਆ ਤੇ ਹੋਰ ਛੋਟੇ ਦਰਿਆ ਅਸਲ ਵਿੱਚ ਛੋਟੀਆਂ ਜਲ ਧਾਰਾਵਾਂ ਹਨ। ਪੰਜਾਬ ਦੇ ਇਹਨਾਂ ਦਰਿਆਵਾਂ ਤੇ ਜਲ ਧਾਰਾਵਾਂ ਵਿੱਚ ਬਹੁਤ ਪ੍ਰਦੂਸ਼ਣ ਫ਼ੈਲ ਗਿਆ ਹੈ। ਮੀਡੀਆ ਰਿਪੋਰਟਾਂ ਅਨੁਸਾਰ ਹਿਮਾਚਲ ਪ੍ਰਦੇਸ਼ ਦੇ ਕੁਝ ਇਲਾਕਿਆਂ ਦੇ ਉਦਯੋਗਾਂ ਅਤੇ ਦਵਾਈਆਂ ਦੀਆਂ ਫ਼ੈਕਟਰੀਆਂ ਦਾ ਪ੍ਰਦੂਸ਼ਿਤ ਪਾਣੀ ਵੀ ਪੰਜਾਬ ਦੇ ਦਰਿਆਵਾਂ ਵਿੱਚ ਆ ਰਿਹਾ ਹੈ। ਇਸ ਤੋਂ ਇਲਾਵਾ ਪੰਜਾਬ ਦੇ ਅਨੇਕਾਂ ਸ਼ਹਿਰਾਂ ਦੇ ਉਦਯੋਗਾਂ, ਡਾਈਆਂ ਅਤੇ ਫ਼ੈਕਟਰੀਆਂ ਦਾ ਪ੍ਰਦੂਸ਼ਿਤ ਪਾਣੀ ਵੀ ਪੰਜਾਬ ਦੇ ਦਰਿਆਵਾਂ ਵਿੱਚ ਰਲ ਰਿਹਾ ਹੈ, ਜਿਸ ਕਾਰਨ ਪੰਜਾਬ ਦੇ ਦਰਿਆ ਪ੍ਰਦੂਸ਼ਿਤ ਹੋ ਗਏ ਹਨ। ਪੰਜਾਬ ਦੇ ਅਨੇਕਾਂ ਸ਼ਹਿਰਾਂ ਦਾ ਸੀਵਰੇਜ ਵੀ ਦਰਿਆਵਾਂ ਵਿੱਚ ਹੀ ਪਾਇਆ ਜਾਂਦਾ ਹੈ, ਜਿਸ ਕਾਰਨ ਦਰਿਆਵਾਂ ਦਾ ਪਾਣੀ ਹੋਰ ਪ੍ਰਦੂਸ਼ਿਤ ਹੋ ਜਾਂਦਾ ਹੈ। ਕਈ ਇਲਾਕਿਆਂ ਵਿੱਚ ਦਰਿਆਵਾਂ ਦਾ ਪਾਣੀ ਪੀਣ ਲਈ ਵੀ ਵਰਤਿਆ ਜਾਂਦਾ ਹੈ, ਜਿਸ ਕਾਰਨ ਇਹ ਦੂਸ਼ਿਤ ਪਾਣੀ ਪੀਣ ਵਾਲੇ ਲੋਕ ਵੀ ਬਿਮਾਰ ਹੋ ਸਕਦੇ ਹਨ। ਮਹਾਨਗਰ ਲੁਧਿਆਣਾ ਦੇ ਪੂਰਬੀ ਖੇਤਰ ਤੋਂ ਸ਼ੁਰੂ ਹੋ ਕੇ ਪੂਰੇ ਸ਼ਹਿਰ ਵਿਚੋਂ ਲੰਘਣ ਵਾਲਾ ਬੁੱਢਾ ਦਰਿਆ ਖ਼ਤਰਨਾਕ ਤੋਂ ਵੀ ਵੱਧ ਪੱਧਰ ’ਤੇ ਦੂਸ਼ਿਤ ਹੋ ਚੁੱਕਾ ਹੈ। ਕੂਮ ਕਲਾਂ ਤੋਂ ਸ਼ੁਰੂ ਹੋ ਕੇ ਸਤਲੁਜ ਦਰਿਆ ਵਿੱਚ ਜਾ ਰਲਣ ਤੱਕ ਉਦਯੋਗਿਕ ਇਕਾਈਆਂ ਅਤੇ ਡੇਅਰੀਆਂ ਵਿਚੋਂ ਨਿਕਲਣ ਵਾਲੇ ਜ਼ਹਿਰੀਲੇ ਪਾਣੀ ਨੇ ਬੁੱਢੇ ਦਰਿਆ ਨੂੰ ਬਹੁਤ ਬੁਰੀ ਤਰ੍ਹਾਂ ਨਾਲ ਦੂਸ਼ਿਤ ਕਰ ਦਿੱਤਾ ਹੈ। ਪੁਰਾਣੇ ਸਮੇਂ ਸਾਫ਼ ਪਾਣੀ ਦੇ ਇਸ ਸੋਮੇ ਵਿੱਚ ਚੋਰੀ-ਛੁੱਪੇ ਸੁੱਟੇ ਜਾਣ ਵਾਲੇ ਡਾਇੰਗਾਂ, ਇਲੈਕਟਰੋ ਪਲੇਟਿੰਗ ਇਕਾਈਆਂ ਦੇ ਖ਼ਤਰਨਾਕ ਕੈਮੀਕਲਾਂ ਅਤੇ ਡੇਅਰੀਆਂ ਵਿਚੋਂ ਨਿਕਲਣ ਵਾਲੇ ਮਲ ਮੂਤਰ ਨੇ ਬੁੱਢੇ ਦਰਿਆ ਨੂੰ ਗੰਦਾ ਨਾਲਾ ਬਣਾ ਦਿੱਤਾ।

ਇਨਸਾਨੀ ਸਵਾਰਥ ਦੀ ਭੇਟ ਚੜ੍ਹੇ ਪੰਜਾਬ ਦੇ ਦਰਿਆਵਾਂ ਦਾ ਪਾਣੀ ਅੱਜ ਏਨਾ ਦੂਸ਼ਿਤ ਹੋ ਚੁੱਕਾ ਹੈ ਕਿ ਆਪਣੇ ਰਾਹ ਵਿੱਚ ਆਉਂਦੇ ਪਿੰਡਾਂ ਦੇ ਲੋਕਾਂ ਨੂੰ ਹੀ ਨਹੀਂ ਸਗੋਂ ਹੋਰ ਜ਼ਿਲ੍ਹਿਆਂ ਦੇ ਵਸਨੀਕਾਂ ਨੂੰ ਵੀ ਜਾਨਲੇਵਾ ਬਿਮਾਰੀਆਂ ਵੰਡ ਰਿਹਾ ਹੈ। ਅਸਲ ਵਿੱਚ ਪੰਜਾਬ ਵਿੱਚ ਜਿੰਨੇ ਵੀ ਦਰਿਆ ਜਾਂ ਜਲ ਧਾਰਾਵਾਂ ਜਾਂ ਜਲ ਸੋਮੇ ਹਨ, ਉਹ ਬੁਰੀ ਤਰ੍ਹਾਂ ਪਲੀਤ ਹੋ ਚੁੱਕੇ ਹਨ, ਜਿਨ੍ਹਾਂ ਦਾ ਪਾਣੀ ਪੀਣ ਯੋਗ ਨਹੀਂ ਰਿਹਾ।

ਪੰਜਾਬ ਦੇ ਪਾਣੀਆਂ ਦੇ ਪਲੀਤ ਹੋਣ ਦੇ ਕਾਰਨਾਂ ਦੀ ਜਾਂਚ ਜੇ ਡੂੰਘਾਈ ਨਾਲ ਕੀਤੀ ਜਾਵੇ ਤਾਂ ਇਸ ਦੇ ਤਾਰ ਹਰੀ ਕ੍ਰਾਂਤੀ ਨਾਲ ਜਾ ਜੁੜਦੇ ਹਨ। ਪੰਜਾਬ ਵਿੱਚ ਹਰੀ ਕ੍ਰਾਂਤੀ ਲਿਆਉਣ ਲਈ ਅੰਨ੍ਹੇਵਾਹ ਰਸਾਇਣਿਕ ਖਾਂਦਾ ਅਤੇ ਫ਼ਸਲਾਂ ਨੂੰ ਕੀੜਿਆਂ ਤੋਂ ਬਚਾਉਣ ਲਈ ਕੀੜੇਮਾਰ ਦਵਾਈਆਂ ਤੇ ਜ਼ਹਿਰਾਂ ਦੀ ਵਰਤੋਂ ਕਾਰਨ ਇਸ ਦਾ ਅਸਰ ਪੰਜਾਬ ਦੇ ਦਰਿਆਈ ਪਾਣੀਆਂ ਅਤੇ ਧਰਤੀ ਹੇਠਲੇ ਪਾਣੀ ਤੱਕ ਵੀ ਪਹੁੰਚ ਗਿਆ, ਜਿਸ ਕਾਰਨ ਪੰਜਾਬ ਦਾ ਸਾਰਾ ਪਾਣੀ ਹੀ ਪਲੀਤ ਹੋ ਗਿਆ। ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਪੰਜਾਬ ਦੇ ਪਲੀਤ ਹੋ ਚੁੱਕੇ ਪਾਣੀਆਂ ਦੀ ਸਾਰ ਕੌਣ ਲਊ ? ਪੰਜਾਬ ਦੇ ਦਰਿਆਈ ਅਤੇ ਧਰਤੀ ਹੇਠਲੇ ਪਾਣੀ ਨੂੰ ਬਚਾਉਣ, ਇਸ ਦੀ ਸੰਭਾਲ ਕਰਨ, ਇਸ ਨੂੰ ਪ੍ਰਦੂਸ਼ਣ ਮੁਕਤ ਅਤੇ ਜ਼ਹਿਰਾਂ ਮੁਕਤ ਕਰਨ ਲਈ ਪੰਜਾਬ ਸਰਕਾਰ ਨੂੰ ਠੋਸ ਉਪਰਾਲੇ ਕਰਨ ਦੀ ਲੋੜ ਹੈ।

# ਸਿੰਘ ਸਾਹਿਬਾਨ ਦੀ ਨਿਯੁਕਤੀ ਅਤੇ ਸੇਵਾ ਮੁਕਤੀ ਦੇ ਨਿਯਮ ਘੜਨ ਦੀ ਲੋੜ



ਡਾ. ਪਰਮਵੀਰ ਸਿੰਘ

ਸ਼੍ਰੋਮਣੀ ਅਕਾਲੀ ਦਲ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸਿੱਖਾਂ ਦੀਆਂ ਤਿੰਨ ਮਹੱਤਵਪੂਰਨ ਸੰਸਥਾਵਾਂ ਸਮਝਿਆ ਜਾਂਦਾ ਰਿਹਾ ਹੈ। ਇਨ੍ਹਾਂ ਵਿਚੋਂ ਹਰ ਇੱਕ ਸੰਸਥਾ ਦੇ ਆਪਣੇ ਨਿਯਮ ਅਤੇ ਅਧਿਕਾਰ ਖੇਤਰ ਹਨ। ਇੱਕ-ਦੂਜੇ ਨਾਲ ਸੰਬੰਧਿਤ ਹੋਣ ਕਰਕੇ ਕਈ ਵਾਰੀ ਇਨ੍ਹਾਂ ਦੇ ਅਧਿਕਾਰਾਂ ਅਤੇ ਕਾਰਜ-ਪ੍ਰਣਾਲੀ ਵਿੱਚ ਟਕਰਾਓ ਵੀ ਦੇਖਣ ਨੂੰ ਮਿਲਦਾ ਹੈ। ਇਨ੍ਹਾਂ ਤਿੰਨਾਂ ਸੰਸਥਾਵਾਂ ’ਚੋਂ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸਰਬਉੱਚ ਮੰਨਦੇ ਹੋਏ ਅਕਸਰ ਇਹ ਕਿਹਾ ਜਾਂਦਾ ਹੈ ਕਿ ਇਸ ਦਾ ਅਧਿਕਾਰ ਖੇਤਰ ਸਮੁੱਚੇ ਵਿਸ਼ਵ ’ਚ ਵੱਸਦੇ ਸਿੱਖਾਂ ਅਤੇ ਮਾਨਵੀ ਸਰੋਕਾਰਾਂ ਦੇ ਪੱਖ ਤੋਂ ਪੂਰੀ ਲੋਕਾਈ ’ਤੇ ਵੀ ਲਾਗੂ ਹੁੰਦਾ ਹੈ। ਭਾਵੇਂ ਕਿ ਦੂਜੀਆਂ ਦੋਵੇਂ ਸੰਸਥਾਵਾਂ ਵੀ ਇਲਾਕਾਈ ਪ੍ਰਬੰਧ ਨਾਲ ਜੁੜੀਆਂ ਹੋਈਆਂ ਹਨ, ਪਰ ਫਿਰ ਵੀ ਅਕਸਰ ਇਹ ਕਹਿੰਦੀਆਂ ਨਜ਼ਰ ਆਉਂਦੀਆਂ ਹਨ ਕਿ ਜਦੋਂ ਵੀ ਸੰਸਾਰ ਭਰ ਦੇ ਸਿੱਖਾਂ ਨੂੰ ਕੋਈ ਸਮੱਸਿਆ ਆਉਂਦੀ ਹੈ ਤਾਂ ਉਹ ਉਨ੍ਹਾਂ ਵੱਲ ਦੇਖਦਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦੇਸ਼-ਵਿਦੇਸ਼ ਦੇ ਸਿੱਖਾਂ ਦੇ ਮਸਲਿਆਂ ਨਾਲ ਸੰਬੰਧਿਤ ਮਤੇ ਵੀ ਪਾਸ ਕੀਤੇ ਜਾਂਦੇ ਰਹੇ ਹਨ, ਜਿਹੜੇ ਕਿ ਵਿਦੇਸ਼ਾਂ ’ਚ ਵਸੇ ਹੋਏ ਸਿੱਖਾਂ ਦੀਆਂ ਭਾਵਨਾਵਾਂ ਦੀ ਤਰਜਮਾਨੀ ਕਰਦੇ ਹਨ।

ਸਿੱਖ ਧਰਮ ਦੀਆਂ ਇਨ੍ਹਾਂ ਤਿੰਨੇ ਸੰਸਥਾਵਾਂ ’ਚੋਂ ਪਹਿਲੀਆਂ ਦੋ ਸੰਸਥਾਵਾਂ ਨੂੰ ਚੁਣਨ ਦਾ ਵਿਧੀ-ਵਿਧਾਨ ਬਣਿਆ ਹੋਇਆ ਹੈ। ਸ਼੍ਰੋਮਣੀ ਅਕਾਲੀ ਦਲ ਸਮਾਂ ਆਉਣ ’ਤੇ ਨਿਰਪੱਖ ਤੌਰ ’ਤੇ ਆਪਣੇ ਮੈਂਬਰ ਭਰਤੀ ਕਰਨ ਦਾ ਦਾਅਵਾ ਕਰਦਾ ਹੈ ਅਤੇ ਇਸੇ ਤਰ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਨੂੰ 1925 ਦੇ ਗੁਰਦੁਆਰਾ ਐਕਟ ਅਧੀਨ ਚੁਣਿਆ ਜਾਂਦਾ ਹੈ, ਜਿਹੜੇ ਕਿ ਨਿਰਧਾਰਿਤ ਨਿਯਮਾਂ ਅਨੁਸਾਰ ਗੁਰਧਾਮਾਂ ਦਾ ਪ੍ਰਬੰਧ ਅਤੇ ਧਰਮ ਪ੍ਰਚਾਰ ਦਾ ਕਾਰਜ ਕਰਦੇ ਹਨ। ਪਰ ਵਿਧੀ-ਵਿਧਾਨ, ਨਿਯਮ ਅਤੇ ਕਾਰਜ ਖੇਤਰ ਨਿਰਧਾਰਿਤ ਹੋਣ ਦੇ ਬਾਵਜੂਦ ਵੀ ਇਨ੍ਹਾਂ ਸੰਸਥਾਵਾਂ ’ਚ ਟਕਰਾਓ ਦੇਖਣ ਨੂੰ ਮਿਲਦਾ ਰਹਿੰਦਾ ਹੈ, ਜਿਹੜਾ ਕਿ ਦੇਸ਼-ਵਿਦੇਸ਼ ਵਿੱਚ ਵੱਸਦੇ ਸੁਹਿਰਦ ਸਿੱਖਾਂ ’ਚ ਉਦਾਸੀ ਅਤੇ ਬੇਚੈਨੀ ਪੈਦਾ ਕਰਦਾ ਹੈ।

2 ਦਸੰਬਰ, 2024 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਿਹੜੇ ਹੁਕਮਨਾਮੇ ਸਾਹਮਣੇ ਆਏ, ਉਨ੍ਹਾਂ ਵਿੱਚ ਇੱਕ ਗੱਲ ਬਹੁਤ ਹੀ ਸਪੱਸ਼ਟ ਸੀ ਕਿ ਸਿੱਖਾਂ ਦੀ ਰਾਜਨੀਤਕ ਅਗਵਾਈ ਕਰਨ ਵਾਲੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਆਪਣਾ ਨੈਤਿਕ ਆਧਾਰ ਗਵਾ ਚੁੱਕੀ ਹੈ। ਇਸ ਪਾਰਟੀ ਦਾ ਇਹ ਆਧਾਰ ਕੇਵਲ ਇੱਕ ਜਾਂ ਦੋ ਸਾਲਾਂ ਵਿੱਚ ਹੀ ਨਹੀਂ ਖੁਰਿਆ, ਬਲਕਿ ਪਿਛਲੇ ਸਮੇਂ ਦੌਰਾਨ ਸਰਕਾਰ ਵਿੱਚ ਰਹਿੰਦਿਆਂ ਇਨ੍ਹਾਂ ਨੇ ਕੁਝ ਅਜਿਹੇ ਕਾਰਜ ਕੀਤੇ ਹਨ, ਜਿਹੜੇ ਕਿ ਸਿੱਖ ਸਿਧਾਂਤਾਂ ਅਤੇ ਭਾਵਨਾਵਾਂ ਦੇ ਅਨੁਸਾਰੀ ਨਹੀਂ ਸਨ। ਇਨ੍ਹਾਂ ਵਿਚੋਂ ਸਭ ਤੋਂ ਪ੍ਰਮੁੱਖ ਇਨ੍ਹਾਂ ਦੇ ਰਾਜ ’ਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਅਤੇ ਸਿਰਸੇ ਦੇ ਡੇਰਾ ਸੱਚਾ ਸੌਦਾ ਨੂੰ ਬਿਨਾਂ ਮੰਗਿਆਂ ਮੁਆਫ਼ੀ ਦੇਣੀ ਵੀ ਸ਼ਾਮਿਲ ਸੀ। ਭਾਵੇਂ ਕਿ ਅਕਾਲੀ ਆਗੂ ਇਹ ਮੰਨਦੇ ਨਜ਼ਰ ਆਏ ਕਿ ਉਨ੍ਹਾਂ ਦੇ ਸ਼ਾਸਨ ਕਾਲ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀਆਂ ਘਟਨਾਵਾਂ ਹੋਈਆਂ ਹਨ, ਜਿਨ੍ਹਾਂ ਨੂੰ ਰੋਕਣ ਤੇ ਦੋਸ਼ੀਆਂ ਨੂੰ ਸਜ਼ਾਵਾਂ ਦੁਆਉਣ ਵਿੱਚ ਉਹ ਸਫ਼ਲ ਨਹੀਂ ਹੋ ਸਕੇ। ਪਰ ਸਿੱਖਾਂ ’ਚ ਇਹ ਸੁਨੇਹਾ ਗਿਆ ਕਿ ਸ਼੍ਰੋਮਣੀ ਅਕਾਲੀ ਦਲ ਦੇ ਡੇਰਾ ਸੌਦਾ ਨਾਲ ਸੰਬੰਧਾਂ ਕਾਰਨ ਬੇਅਦਬੀ ਦੀਆਂ ਘਟਨਾ ਦੇ ਦੋਸ਼ੀਆਂ ਨੂੰ ਫੜਿਆ ਨਹੀਂ ਗਿਆ, ਬਲਕਿ ਇਸ ਘਟਨਾ ਦਾ ਵਿਰੋਧ ਕਰ ਰਹੀ ਸਿੱਖ ਸੰਗਤ ਨੂੰ ਹੀ ਉਨ੍ਹਾਂ ਦੇ ਗ਼ੁੱਸੇ ਦਾ ਸ਼ਿਕਾਰ ਹੋਣਾ ਪਿਆ।

ਪਿਛੋਕੜ ’ਚ ਵਾਪਰੀਆਂ ਘਟਨਾਵਾਂ ਨੇ ਸ਼੍ਰੋਮਣੀ ਅਕਾਲੀ ਦਲ ਦਾ ਆਧਾਰ ਘਟਾਉਣ ਦਾ ਕਾਰਜ ਕੀਤਾ ਹੈ। ਬਹੁਤ ਸਾਰੇ ਸੁਹਿਰਦ ਸਿੱਖਾਂ ਨੇ ਇਨ੍ਹਾਂ ਤੋਂ ਦੂਰੀ ਬਣਾਉਣੀ ਆਰੰਭ ਕਰ ਦਿੱਤੀ, ਜਿਸ ਕਰਕੇ ਇਹ ਨਿਰੰਤਰ ਰਾਜਨੀਤਕ ਹਾਰ ਦਾ ਸਾਹਮਣਾ ਕਰਨ ਲੱਗੇ। ਰਾਜਨੀਤਕ ਆਧਾਰ ਗਵਾਉਣ ਕਰਕੇ ਹੀ ਪਹਿਲਾਂ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੱਥੋਂ ਗਈ ਅਤੇ ਫਿਰ ਹਰਿਆਣਾ ਵਿੱਚ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣੀ। ਭਾਵੇਂ ਕਿ ਅਜਿਹੀਆਂ ਘਟਨਾਵਾਂ ਨਾਲ ਆਮ ਸਿੱਖਾਂ ’ਤੇ ਵੀ ਭਾਰੀ ਅਸਰ ਪਿਆ ਹੈ। ਜਿੱਥੇ ਉਹ ਆਪਣੇ-ਆਪ ਨੂੰ ਮਜ਼ਬੂਤ ਸਮਝਦੇ ਸਨ, ਹੁਣ ਲਾਵਾਰਿਸ ਸਮਝਣ ਲੱਗੇ ਹਨ। ਅਜਿਹੇ ਸਮੇਂ ’ਚ ਪੰਜਾਬ ਦੇ ਬਹੁਤ ਸਾਰੇ ਲੋਕ ਅਤੇ ਸਿੱਖ ਇਹ ਸਮਝਣ ਲੱਗੇ ਸਨ ਕਿ ਸਿੱਖਾਂ ਦੀ ਰਾਜਨੀਤਕ ਧਿਰ ਦਾ ਪੰਜਾਬ ਵਿੱਚ ਮਜ਼ਬੂਤ ਹੋਣਾ ਬਹੁਤ ਜ਼ਰੂਰੀ ਹੈ।



> **ਅਜਿਹਾ ਨਹੀਂ ਕਿ ਹੁਣ ਪਹਿਲੀ ਵਾਰੀ ਜਥੇਦਾਰ ਸਾਹਿਬਾਨ ਦੀ ਨਿਯੁਕਤੀ ਜਾਂ ਸੇਵਾ-ਮੁਕਤੀ ਦੇ ਨਿਯਮ ਨਿਰਧਾਰਿਤ ਕਰਨ ਸਬੰਧੀ ਵਿਚਾਰ ਸਾਹਮਣੇ ਆ ਰਹੇ ਹਨ। ਪਹਿਲਾਂ ਵੀ ਇਸ ਦਿਸ਼ਾ ’ਚ ਚਿੰਤਨ ਚਲਦਾ ਰਿਹਾ ਹੈ। 25 ਜੂਨ, 1948 ਦੀ ਅੰਤ੍ਰਿੰਗ ਕਮੇਟੀ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪ੍ਰਬੰਧ ਸੰਬੰਧੀ ਨਿਯਮ ਨਿਰਧਾਰਿਤ ਕਰਦੇ ਹੋਏ ਕਿਹਾ ਗਿਆ ਸੀ ਕਿ ਜਥੇਦਾਰ ਸਾਹਿਬ ਨੀਯਤ ਕਰਨ ਤੇ ਹਟਾਉਣ ਦਾ ਅਧਿਕਾਰ ਜਨਰਲ ਕਮੇਟੀ ਨੂੰ ਹੋਵੇਗਾ, ਪ੍ਰੰਤੂ ਅਸਤੀਫ਼ਾ ਪ੍ਰਵਾਨ ਕਰਨ ਦਾ ਅਧਿਕਾਰ ਅੰਤ੍ਰਿੰਗ ਕਮੇਟੀ ਨੂੰ ਹੋਵੇਗਾ।**

ਸ਼੍ਰੋਮਣੀ ਅਕਾਲੀ ਦਲ ਨੇ ਵੀ ਆਪਣਾ ਆਧਾਰ ਮਜ਼ਬੂਤ ਕਰਨ ਅਤੇ ਆਮ ਸਿੱਖਾਂ ਨੂੰ ਨਾਲ ਜੋੜਨ ਦੇ ਉਦੇਸ਼ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ’ਤੇ ਜਾ ਕੇ ਗੁਰੂ-ਪੰਥ ਕੋਲੋਂ ਮੁਆਫ਼ੀ ਮੰਗਣ ਦਾ ਫ਼ੈਸਲਾ ਕਰ ਲਿਆ ਸੀ। ਭਾਵੇਂ ਕਿ ਇਸ ਫ਼ੈਸਲੇ ਦੀ ਸਭ ਪਾਸਿਓਂ ਸ਼ਲਾਘਾ ਹੋਈ ਅਤੇ ਰਾਜਨੀਤਕ ਧਿਰ ਨਾਲ ਜੁੜੇ ਹੋਏ ਆਗੂਆਂ ਨੇ ਵੀ ਇਸ ਨੂੰ ਪ੍ਰਵਾਨ ਕਰ ਲਿਆ ਸੀ। ਸਭ ਨੂੰ ਨਿਰਧਾਰਿਤ ਮਰਯਾਦਾ ਅਨੁਸਾਰ ਤਨਖ਼ਾਹ ਲਗਾਈ ਗਈ, ਜਿਹੜੀ ਕਿ ਸਾਰਿਆਂ ਨੇ ਪੂਰੀ ਕੀਤੀ। ਉਸ ਤਨਖ਼ਾਹ ਦੀ ਸੰਪੂਰਨਤਾ ਦੀ ਅਰਦਾਸ ਹੋਈ ਤਾਂ ਸਭ ਨੇ ਬਹੁਤ ਸਕੂਨ ਮਹਿਸੂਸ ਕੀਤਾ ਕਿ ਚਲੋ ਅਕਾਲੀ ਆਗੂ ਆਪਣੀਆਂ ਭੁੱਲਾਂ ਬਖ਼ਸ਼ਾ ਕੇ ਦੁਬਾਰਾ ਪੰਥ ਨਾਲ ਜੁੜੇ ਹਨ, ਜਿਸ ਨਾਲ ਇਨ੍ਹਾਂ ਦੇ ਪੁਨਰ-ਉਥਾਨ ਦਾ ਮਾਰਗ ਦੁਬਾਰਾ ਖੁੱਲ੍ਹ ਸਕਦਾ ਹੈ।

ਪਰ ਇਹ ਸੁਖਦ ਮਾਹੌਲ ਬਹੁਤਾ ਸਮਾਂ ਕਾਇਮ ਨਾ ਰਹਿ ਸਕਿਆ ਅਤੇ ਗਿਆਨੀ ਹਰਪ੍ਰੀਤ ਸਿੰਘ ਵਿਰੁੱਧ ਇੱਕ ਪੁਰਾਣੇ ਪਰਿਵਾਰਕ ਮਸਲੇ ਨੂੰ ਲੈ ਕੇ ਆਰੰਭ ਕੀਤੀ ਗਈ ਕਾਰਵਾਈ ਨੇ ਹਰੇ ਜ਼ਖ਼ਮਾਂ ਨੂੰ ਦੁਬਾਰਾ ਉਚੇੜਨਾ ਸ਼ੁਰੂ ਕਰ ਦਿੱਤਾ। ਸਿੱਖ ਪੰਥ ਦਾ ਧਿਆਨ ਦੁਬਾਰਾ 2 ਦਸੰਬਰ ਵਾਲੇ ਮਸਲੇ ਅਤੇ ਸਿੰਘ ਸਾਹਿਬਾਨ ਦੁਆਰਾ ਕੀਤੇ ਗਏ ਫ਼ੈਸਲੇ ’ਤੇ ਕੇਂਦਰਿਤ ਹੋ ਗਿਆ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫਸੀਲ ਤੋਂ ਜਾਰੀ ਹੋਏ ਜਿਹੜੇ ਆਦੇਸ਼ ਲਾਗੂ ਹੋਣੇ ਬਾਕੀ ਸਨ, ਉਨ੍ਹਾਂ ਨੂੰ ਲੈ ਕੇ ਚਰਚਾ ਆਰੰਭ ਹੋਈ, ਜਿਹੜੀ ਕਿ ਬੇਰੁਖੀ ਅਤੇ ਕੁੜੱਤਣ ਭਰੀ ਸ਼ਬਦਾਵਲੀ ਵਿਚ ਬਦਲ ਗਈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਬਹੁਤ ਹੀ ਸਹਿਜ ਅਤੇ ਸ਼ਾਂਤ ਭਾਵਨਾ ’ਚ ਰਹਿਣ ਵਾਲੇ ਮੰਨਿਆ ਜਾਂਦਾ ਸੀ, ਉਨ੍ਹਾਂ ਨੂੰ ਵੀ ਮੀਡੀਆ ’ਚ ਆ ਕੇ ਤਿੱਖੇ ਸਵਾਲਾਂ ਦੇ ਜਵਾਬ ਦੇਣ ਅਤੇ ਪੈਦਾ ਹੋਈ ਸਥਿਤੀ ਨੂੰ ਸਪੱਸ਼ਟ ਕਰਨ ਲਈ ਮਜਬੂਰ ਹੋਣਾ ਪਿਆ। ਉਨ੍ਹਾਂ ਦੇ ਬਿਆਨਾਂ ਨੇ ਅਕਾਲੀ ਆਗੂਆਂ ਦੀ ਕਾਰਜਸ਼ੈਲੀ ਸੰਬੰਧੀ ਜਿਹੜੇ ਨੁਕਤੇ ਉਠਾਏ ਸਨ, ਉਨ੍ਹਾਂ ਨਾਲ ਅਕਾਲੀ ਆਗੂ ਇੱਕ ਵਾਰੀ ਫਿਰ ਕਟਹਿਰੇ ’ਚ ਖੜ੍ਹੇ ਹੋ ਗਏ। ਅਕਾਲੀ ਦਲ ਦੇ ਕੁਝ ਸਿਰਮੌਰ ਆਗੂਆਂ ਨੂੰ ਸ਼ਾਇਦ ਇਹ ਸਹੀ ਨਹੀਂ ਲੱਗਿਆ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਇੰਨੀ ਬੇਬਾਕੀ ਨਾਲ ਉਨ੍ਹਾਂ ਦੀ ਕਾਰਜਸ਼ੈਲੀ ਸੰਬੰਧੀ ਪ੍ਰਸ਼ਨ ਕਰ ਸਕਦਾ ਹੈ। ਪੱਤਰਕਾਰਾਂ ਅਤੇ ਸਿੱਖ ਚਿੰਤਕਾਂ ’ਚ ਇਹ ਚਰਚਾ ਆਰੰਭ ਹੋ ਗਈ ਸੀ ਕਿ ਹੁਣ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦਾ ਜਾਣਾ ਲਗਪਗ ਤੈਅ ਹੈ।7 ਮਾਰਚ, 2025 ਨੂੰ ਜਿਸ ਢੰਗ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਾਹਿਬਾਨ ਨੂੰ ਹਟਾਇਆ ਗਿਆ ਹੈ, ਉਸ ਨੇ ਸਿੱਖਾਂ ’ਚ ਬੇਚੈਨੀ ਪੈਦਾ ਕਰ ਦਿੱਤੀ ਹੈ। ਉਹ ਸੋਚਣ ਲੱਗੇ ਹਨ ਕਿ, ਕੀ ਇਸੇ ਤਰ੍ਹਾਂ ਹੀ ਸਿੱਖਾਂ ਦੀਆਂ ਸਰਬਉੱਚ ਸੰਸਥਾਵਾਂ ’ਤੇ ਬੈਠੀਆਂ ਸ਼ਖ਼ਸੀਅਤਾਂ ਨੂੰ ਹਟਾਇਆ ਜਾ ਸਕਦਾ ਹੈ ? ਛੋਟੇ ਤੋਂ ਛੋਟੇ ਅਤੇ ਵੱਡੇ ਤੋਂ ਵੱਡੇ ਅਹੁਦੇ ’ਤੇ ਬਿਰਾਜਮਾਨ ਸ਼ਖ਼ਸੀਅਤਾਂ ਨੂੰ ਲਗਾਇਆ ਅਤੇ ਬਦਲਿਆ ਜਾ ਸਕਦਾ ਹੈ ? ਕੀ ਉਨ੍ਹਾਂ ਦੇ ਮਾਣ-ਸਨਮਾਨ ਦਾ ਵਿਸ਼ੇਸ਼ ਧਿਆਨ ਨਹੀਂ ਰੱਖਿਆ ਜਾਣਾ ਚਾਹੀਦਾ ? ਕੀ ਸਿੱਖਾਂ ਦੀ ਸਰਬਉੱਚ ਸੰਸਥਾ ’ਤੇ ਨਿਯੁਕਤ ਕੀਤੇ ਜਾਣ ਵਾਲੇ ਅਤੇ ਕੌਮ ਦੀ ਅਗਵਾਈ ਕਰਨ ਵਾਲੇ ਸਿੰਘ ਸਾਹਿਬਾਨ ਦੀ ਨਿਯੁਕਤੀ, ਅਧਿਕਾਰਾਂ ਅਤੇ ਸੇਵਾ ਨਵਿਰਤੀ ਸੰਬੰਧੀ ਵੀ ਕੋਈ ਨਿਯਮ ਨਹੀਂ ਹੋਣੇ ਚਾਹੀਦੇ ਹਨ ?

ਅਜਿਹਾ ਨਹੀਂ ਕਿ ਹੁਣ ਪਹਿਲੀ ਵਾਰੀ ਜਥੇਦਾਰ ਸਾਹਿਬਾਨ ਦੀ ਨਿਯੁਕਤੀ ਜਾਂ ਸੇਵਾ-ਮੁਕਤੀ ਦੇ ਨਿਯਮ ਨਿਰਧਾਰਿਤ ਕਰਨ ਸੰਬੰਧੀ ਵਿਚਾਰ ਸਾਹਮਣੇ ਆ ਰਹੇ ਹਨ। ਪਹਿਲਾਂ ਵੀ ਇਸ ਦਿਸ਼ਾ ’ਚ ਚਿੰਤਨ ਚਲਦਾ ਰਿਹਾ ਹੈ। 25 ਜੂਨ, 1948 ਦੀ ਅੰਤ੍ਰਿੰਗ ਕਮੇਟੀ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪ੍ਰਬੰਧ ਸੰਬੰਧੀ ਨਿਯਮ ਨਿਰਧਾਰਿਤ ਕਰਦੇ ਹੋਏ ਕਿਹਾ ਗਿਆ ਸੀ ਕਿ ਜਥੇਦਾਰ ਸਾਹਿਬ ਨੀਯਤ ਕਰਨ ਤੇ ਹਟਾਉਣ ਦਾ ਅਧਿਕਾਰ ਜਨਰਲ ਕਮੇਟੀ ਨੂੰ ਹੋਵੇਗਾ, ਪ੍ਰੰਤੂ ਅਸਤੀਫ਼ਾ ਪ੍ਰਵਾਨ ਕਰਨ ਦਾ ਅਧਿਕਾਰ ਅੰਤ੍ਰਿੰਗ ਕਮੇਟੀ ਨੂੰ ਹੋਵੇਗਾ। 1986 ’ਚ ਡਾ. ਜਸਬੀਰ ਸਿੰਘ ਆਹਲੂਵਾਲੀਆ ਦੀ ਪ੍ਰਧਾਨਗੀ ਹੇਠ ਤਿੰਨ ਮੈਂਬਰੀ ਕਮੇਟੀ ਵੱਲੋਂ ਤਿਆਰ ਕੀਤੇ ਗਏ ਸਰਬ-ਹਿੰਦ ਗੁਰਦੁਆਰਾ ਐਕਟ ’ਚ ਇਹ ਤਜਵੀਜ਼ ਪੇਸ਼ ਕੀਤੀ ਗਈ ਸੀ ਕਿ ਇਮਾਨਦਾਰ, ਸਿੱਖ ਪੰਥ ਦੀਆਂ ਸਤਿਕਾਰਯੋਗ ਸ਼ਖ਼ਸੀਅਤਾਂ ’ਚੋਂ ਸਿੱਖ ਧਰਮ ਅਤੇ ਸਿੱਖ ਇਤਿਹਾਸ ਦੇ ਗਿਆਤਾ ਹੀ ਇਨ੍ਹਾਂ ਉੱਚ ਅਹੁਦਿਆਂ ’ਤੇ ਨਿਯੁਕਤ ਹੋਣ। ਤਖ਼ਤ ਸਾਹਿਬਾਨ ਦੇ ਜਥੇਦਾਰਾਂ ਅਤੇ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਨੂੰ ਕੇਂਦਰੀ ਬੋਰਡ ਦੇ ਕਰਮਚਾਰੀ ਨਹੀਂ ਸਮਝਿਆ ਜਾਣਾ ਚਾਹੀਦਾ। ਸੇਵਾ ਮੁਕਤ ਹੋਣ ਪਿੱਛੋਂ ਵੀ ਇਹ ਜਥੇਦਾਰ ਆਪਣੇ ਅਹੁਦੇ ਕਾਰਨ ਕੇਂਦਰੀ ਬੋਰਡ ਦੇ ਮੈਂਬਰ ਬਣੇ ਰਹਿਣਗੇ।

ਇਸ ਤੋਂ ਬਾਅਦ 2015 ’ਚ ਵੀ ਜਥੇਦਾਰ ਸਾਹਿਬਾਨ ਦੀ ਨਿਯੁਕਤੀ ਸੰਬੰਧੀ ਨਿਯਮ ਬਣਾਉਣ ਲਈ ਯਤਨ ਹੋਇਆ ਸੀ, ਜਿਹੜਾ ਕਿ ਸਿਰੇ ਨਹੀਂ ਚੜ੍ਹ ਸਕਿਆ। ਜਥੇਦਾਰ ਸਾਹਿਬਾਨ ਦੀ ਨਿਯੁਕਤੀ ਅਤੇ ਸੇਵਾ-ਮੁਕਤੀ ਸੰਬੰਧੀ ਨਿਯਮ ਬਣਾਉਣ ਦਾ ਇਹ ਫਾਇਦਾ ਹੋਵੇਗਾ ਕਿ ਇੱਕ ਤਾਂ ਪਦਵੀ ਦਾ ਸਤਿਕਾਰ ਅਤੇ ਮਾਣ-ਮਰਯਾਦਾ ਕਾਇਮ ਰੱਖਣ ’ਚ ਸਹਾਇਤਾ ਮਿਲੇਗੀ, ਜਥੇਦਾਰ ਸਾਹਿਬਾਨ ਨਿਯਮਬੱਧ ਸਮੇਂ ਅੰਦਰ ਪੰਥਕ ਕਾਰਜ ਕਰਨ ਲਈ ਸੁਤੰਤਰ ਅਤੇ ਜ਼ਿੰਮੇਵਾਰ ਹੋਣਗੇ ਅਤੇ ਸ਼੍ਰੋਮਣੀ ਕਮੇਟੀ ’ਤੇ ਕਾਬਜ਼ ਧਿਰ ਮਨਮਰਜ਼ੀ ਨਾਲ ਜਥੇਦਾਰ ਸਾਹਿਬਾਨ ਨੂੰ ਨਿਯੁਕਤ ਜਾਂ ਹਟਾਉਣ ਦਾ ਕਾਰਜ ਨਹੀਂ ਕਰ ਸਕੇਗੀ। ਅਜੋਕੀਆਂ ਸਥਿਤੀਆਂ ਵਿੱਚ ਇਸ ਦੀ ਬੇਹੱਦ ਲੋੜ ਹੈ।

# ਹਥਿਆਰ ਤੇ ਊਰਜਾ ਸ੍ਰੋਤਾਂ ਦੇ ਮਾਮਲੇ 'ਚ ਆਤਮਨਿਰਭਰ ਬਣੇ ਭਾਰਤ





ਦਿਵਿਆ ਕੁਮਾਰ ਸੋਤੀ
ਪ੍ਰਧਾਨ, ਕ੍ਰਾਂਤੀਕਾਰੀ ਕਿਸਾਨ ਯੂਨੀਅਨ, ਭਾਰਤ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪਿਛਲੇ ਦਿਨੀਂ ਅਮਰੀਕਾ ਯਾਤਰਾ ਦੌਰਾਨ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਪਣੇ ਸਭ ਤੋਂ ਉੱਨਤ ਲੜਾਕੂ ਜਹਾਜ਼ ਐੱਫ-35 ਦੀ ਭਾਰਤ ਨੂੰ ਵਿਕਰੀ ਦੀ ਪੇਸ਼ਕਸ਼ ਕੀਤੀ। ਇਸ ਤੋਂ ਬਾਅਦ ਤੋਂ ਦੇਸ਼ 'ਚ ਬਹਿਸ ਛਿੜੀ ਹੋਈ ਹੈ ਕਿ ਭਾਰਤ ਨੂੰ ਇਹ ਜਹਾਜ਼ ਖ਼ਰੀਦਣੇ ਚਾਹੀਦੇ ਹਨ ਜਾਂ ਨਹੀਂ। ਇਸ ਦਾ ਇੱਕ ਕਾਰਨ ਇਹ ਹੈ ਕਿ ਅਮਰੀਕਾ ਦੀ ਤਰ੍ਹਾਂ ਰੂਸ ਨੇ ਵੀ ਭਾਰਤ ਨੂੰ ਆਪਣੇ ਸਭ ਤੋਂ ਉੱਨਤ ਲੜਾਕੂ ਜਹਾਜ਼ ਸੁਖੋਈ-57 ਨੂੰ ਵੇਚਣ ਦਾ ਪ੍ਰਸਤਾਵ ਦਿੱਤਾ ਹੈ। ਇਸ ਪ੍ਰਸਤਾਵ 'ਚ ਸੁਖੋਈ-57 ਦਾ ਭਾਰਤ 'ਚ ਰੂਸ ਵੱਲੋਂ ਨਿਰਮਾਣ ਤੇ ਉਸ ਦੇ ਸਪੇਅਰ ਪਾਰਟਸ ਦੇ ਨਿਰਮਾਣ ਦਾ ਕੰਮ ਭਾਰਤੀ ਕੰਪਨੀਆਂ ਨੂੰ ਦਿੱਤਾ ਜਾਣਾ ਵੀ ਸ਼ਾਮਲ ਹੈ।

ਰੂਸ ਇਸ ਸੌਦੇ 'ਚ ਭਾਰਤ ਨੂੰ ਪੰਜਵੀਂ ਪੀੜ੍ਹੀ ਦੇ ਲੜਾਕੂ ਜਹਾਜ਼ ਦੀ ਤਕਨੀਕ ਵੀ ਦੇਣ ਲਈ ਤਿਆਰ ਹੋ ਸਕਦਾ ਹੈ, ਜਿਸ 'ਚ ਫਾਈਟਰ ਜੈੱਟ ਇੰਜਨ ਨਿਰਮਾਣ ਤੋਂ ਲੈ ਕੇ ਰਡਾਰ ਤਕਨੀਕ ਵੀ ਸ਼ਾਮਲ ਹੋਵੇਗੀ। ਦੁੱਖ ਦੀ ਗੱਲ ਇਹ ਹੈ ਕਿ ਭਾਰਤ 'ਚ ਬਹਿਸ ਇਸ 'ਤੇ ਕੇਂਦਰਿਤ ਰਹਿੰਦੀ ਹੈ ਕਿ ਕਿਸ ਦੇਸ਼ ਤੋਂ ਕਿਹੜਾ ਹਥਿਆਰ ਖ਼ਰੀਦਿਆ ਜਾਵੇ। ਜਿੱਥੇ ਅਸੀਂ ਇਸ ਸਵਾਲ ਨੂੰ ਲੈ ਕੇ ਉਲਝੇ ਹਾਂ ਕਿ ਪੰਜਵੀਂ ਪੀੜ੍ਹੀ ਦੇ ਲੜਾਕੂ ਜਹਾਜ਼ ਅਮਰੀਕਾ ਤੋਂ ਖ਼ਰੀਦੇ ਜਾਣ ਜਾਂ ਰੂਸ ਤੋਂ, ਉਥੇ ਚੀਨ ਨੇ ਸਵਦੇਸ਼ੀ ਛੇਵੀਂ ਪੀੜ੍ਹੀ ਦੇ ਲੜਾਕੂ ਜਹਾਜ਼ ਦਾ ਪ੍ਰੀਖਣ ਸ਼ੁਰੂ ਕਰ ਦਿੱਤਾ ਹੈ। ਭਾਰਤ ਚੌਥੀ ਪੀੜ੍ਹੀ ਦੇ ਸਵਦੇਸ਼ੀ ਹਲਕੇ ਲੜਾਕੂ ਜਹਾਜ਼ ਤੇਜਸ ਦੀ ਹਵਾਈ ਫ਼ੌਜ ਨੂੰ ਉਮੀਦ ਮੁਤਾਬਕ ਸਪਲਾਈ ਵੀ ਨਹੀਂ ਕਰ ਪਾ ਰਿਹਾ ਹੈ। ਇਸ ਨੂੰ ਲੈ ਕੇ ਬੀਤੇ ਦਿਨੀਂ ਹਵਾਈ ਫ਼ੌਜ ਮੁਖੀ ਨੇ ਵੀ ਅਸੰਤੁਸ਼ਟੀ ਜ਼ਾਹਰ ਕੀਤੀ। ਜੇ ਅਸੀਂ ਯੂਕ੍ਰੇਨ ਜੰਗ ਨੂੰ ਲੈ ਕੇ ਅਮਰੀਕੀ ਦਬਾਅ ਮੰਨ ਲੈਂਦੇ ਤਾਂ ਸੰਭਵ ਸੀ ਕਿ ਤੇਜਸ ਲਈ ਜ਼ਰੂਰੀ ਅਮਰੀਕੀ ਕੰਪਨੀ ਜੀ.ਈ. ਦੇ ਇੰਜਣ ਮਿਲ ਗਏ ਹੁੰਦੇ। ਉਂਝ ਤੇਜਸ ਵੀ ਪੂਰੀ ਤਰ੍ਹਾਂ ਸਵਦੇਸ਼ੀ ਨਹੀਂ ਹੈ।

ਇਸ ਦੀ ਅਣਦੇਖੀ ਨਹੀਂ ਕੀਤੀ ਜਾਣੀ ਚਾਹੀਦੀ ਕਿ ਰੂਸ ਸੈਂਕੜੇ ਪਾਬੰਦੀਆਂ ਤੇ ਦਬਾਵਾਂ ਦੇ ਬਾਵਜੂਦ ਤਿੰਨ ਸਾਲਾਂ ਤੋਂ ਯੂਕ੍ਰੇਨ ਜੰਗ ਇਸ ਲਈ ਜਾਰੀ ਰੱਖ ਪਾ ਰਿਹਾ ਹੈ, ਕਿਉਂਕਿ ਉਹ ਹਥਿਆਰਾਂ ਦੇ ਨਿਰਮਾਣ ਤੇ ਊਰਜਾ ਸ੍ਰੋਤਾਂ ਦੇ ਮਾਮਲੇ 'ਚ ਆਤਮਨਿਰਭਰ ਹੈ। ਇਹ ਸਮਰੱਥਾ ਹੀ ਕਿਸੇ ਦੇਸ਼ ਨੂੰ ਸਹੀ ਅਰਥਾਂ 'ਚ ਖ਼ੁਦਮੁਖ਼ਤਿਆਰ ਮਹਾਂਸ਼ਕਤੀ ਬਣਾਉਂਦੀ ਹੈ। ਇਸ ਸਮਰੱਥਾ ਦਾ ਹੀ ਨਤੀਜਾ ਹੈ ਕਿ ਅਮਰੀਕਾ ਦੇ ਨਵੇਂ ਸੱਤਾਧਾਰੀ ਇਹ ਚੰਗੀ ਤਰ੍ਹਾਂ ਸਮਝਦੇ ਹਨ ਕਿ ਰੂਸ ਵਰਗੀ ਆਤਮ-ਨਿਰਭਰ ਸ਼ਕਤੀ ਨੂੰ ਫ਼ੈਸਲਾਕੁਨ ਤੌਰ 'ਤੇ ਹਰਾਇਆ ਨਹੀਂ ਜਾ ਸਕਦਾ ਤੇ ਉਹ ਹੁਣ ਰੂਸ ਨਾਲ ਸਮਝੌਤੇ ਦੀ ਗੱਲ ਕਰ ਰਹੇ ਹਨ। ਭਾਰਤ ਵੱਖ-ਵੱਖ ਦੇਸ਼ਾਂ 'ਤੇ ਆਪਣੀ ਨਿਰਭਰਤਾ ਕਾਰਨ ਅੱਜ ਤੱਕ ਕੋਈ ਜੰਗ ਏਨੇ ਸਮੇਂ ਤੱਕ ਚਲਾ ਹੀ ਨਹੀਂ ਸਕਿਆ ਤੇ ਜੰਗ ਦੇ ਮੈਦਾਨ 'ਚ ਜਿੱਤੀ ਬਾਜ਼ੀ ਵੀ ਅਸੀਂ ਵਿਦੇਸ਼ੀ ਦਬਾਅ ਕਾਰਨ ਗੱਲਬਾਤ ਦੀ ਮੇਜ਼ 'ਤੇ ਹਾਰਦੇ ਰਹੇ।

1971 ਦੀ ਜੰਗ ਮਕਬੂਜ਼ਾ ਕਸ਼ਮੀਰ 'ਤੇ ਕੋਈ ਫ਼ੈਸਲਾਕੁਨ ਫ਼ੈਸਲਾ ਲਏ ਬਿਨਾਂ ਜਲਦਬਾਜ਼ੀ 'ਚ ਇਸ ਲਈ ਖ਼ਤਮ ਕੀਤੀ ਗਈ ਸੀ ਕਿਉਂਕਿ ਸੋਵੀਅਤ ਆਗੂ ਅਮਰੀਕਾ ਨਾਲ ਇੱਕ ਹੱਦ ਤੋਂ ਵੱਧ ਰਾਰ ਨਹੀਂ ਵਧਾਉਣਾ ਚਾਹੁੰਦੇ ਸਨ ਤੇ ਅਸੀਂ ਰੱਖਿਆ ਤੇ ਦੂਜੇ ਮਾਮਲਿਆਂ 'ਚ ਸੋਵੀਅਤ ਸੰਘ 'ਤੇ ਨਿਰਭਰ ਸੀ। ਇਹੀ ਕਾਰਨ ਹੈ ਕਿ ਭਾਰਤ ਦੇ ਪਹਿਲੇ ਸੀ.ਡੀ.ਐੱਸ. ਰਹੇ ਮਰਹੂਮ ਜਨਰਲ ਬਿਪਨ ਰਾਵਤ ਚਾਹੁੰਦੇ ਸਨ ਕਿ ਭਾਰਤ ਆਪਣੇ ਰੱਖਿਆ ਉਪਕਰਣ ਆਪ ਹੀ ਬਣਾਏ ਤੇ ਉਹ ਜੇ ਵਿਦੇਸ਼ੀ ਰੱਖਿਆ ਉਪਕਰਣਾਂ ਤੋਂ ਗੁਣਵੱਤਾ 'ਚ ਥੋੜ੍ਹੇ ਘੱਟ ਵੀ ਹੋਣ ਤਾਂ ਵੀ ਸਵਦੇਸ਼ੀ ਉਤਪਾਦਾਂ ਨੂੰ ਹੀ ਤਰਜੀਹ ਦਿੱਤੀ ਜਾਣੀ ਚਾਹੀਦੀ ਹੈ। ਜਨਰਲ ਰਾਵਤ ਦਾ ਕਹਿਣਾ ਸੀ ਕਿ ਜੇ ਕੋਈ ਸਵਦੇਸ਼ੀ ਰੱਖਿਆ ਉਤਪਾਦ ਗੁਣਵੱਤਾ ਦੇ 70 ਫ਼ੀਸਦੀ ਮਾਪਦੰਡ ਵੀ ਪੂਰੇ ਕਰ ਦੇਵੇ ਤਾਂ ਵਿਦੇਸ਼ੀ ਸਾਜ਼ੋ-ਸਾਮਾਨ ਦੇ ਮੁਕਾਬਲੇ ਉਸ ਨੂੰ ਤਰਜੀਹ ਮਿਲਣੀ ਚਾਹੀਦੀ ਹੈ। ਜੇ ਅਜਿਹਾ ਕੀਤਾ ਜਾਵੇ ਤਾਂ ਦੇਸ਼ ਦਾ ਪੈਸਾ ਦੇਸ਼ 'ਚੋਂ ਬਾਹਰ ਨਹੀਂ ਜਾਂਦਾ ਤੇ ਬਿਨਾਂ ਕਿਸੇ ਦੂਜੇ ਦੇਸ਼ ਦੀਆਂ ਨੀਤੀਗਤ ਤਰਜੀਹਾਂ ਦਾ ਦਬਾਅ ਸਹਿਣ ਕੀਤੇ ਅਜਿਹੇ ਰੱਖਿਆ ਉਪਕਰਣਾਂ ਦਾ ਲਗਾਤਾਰ ਉਤਪਾਦਨ ਕੀਤਾ ਜਾ ਸਕਦਾ ਹੈ। ਉੱਚ ਗੁਣਵੱਤਾ ਵਾਲੇ ਅਜਿਹੇ ਰੱਖਿਆ ਉਪਕਰਣਾਂ ਦਾ ਕੀ ਲਾਭ, ਜਿਸ ਦੇ ਨਿਰਮਾਤਾ ਦੇਸ਼ ਦਾ ਵੱਖ-ਵੱਖ ਮਾਮਲਿਆਂ 'ਚ ਨੀਤੀਗਤ ਦਬਾਅ ਭਾਰਤ ਨੂੰ ਸਹਿਣਾ ਪਏ।

ਜਿੱਥੇ ਤੱਕ ਗੁਣਵੱਤਾ ਦਾ ਸਵਾਲ ਹੈ ਤਾਂ ਤਕਨੀਕੀ ਵਿਕਾਸ ਇੱਕ ਲਗਾਤਾਰ ਪ੍ਰਕਿਰਿਆ ਹੈ, ਜਿਸ 'ਚ ਨਾਕਾਮੀਆਂ ਤੋਂ ਵੀ ਸਿੱਖਣ ਲਈ ਮਿਲਦਾ ਹੈ ਤੇ ਸਮੇਂ ਦੇ ਨਾਲ ਖਾਮੀਆਂ ਨੂੰ ਡੂੰਘੀ ਖੋਜ ਨਾਲ ਦੂਰ ਕੀਤਾ ਜਾ ਸਕਦਾ ਹੈ। ਚੰਦਰਯਾਨ-2 ਦੀ ਨਾਕਾਮੀ ਤੋਂ ਬਾਅਦ ਚੰਦਰਯਾਨ-3 'ਚ ਕੀਤੇ ਗਏ ਸੁਧਾਰਾਂ ਦੇ ਕਾਰਨ ਉਹ ਬਹੁਤ ਕਾਮਯਾਬ ਰਿਹਾ। ਗੁਣਵੱਤਾ 'ਚ ਲਗਾਤਾਰ ਸੁਧਾਰ ਦੀ ਚੀਨ ਸਭ ਤੋਂ ਵੱਡੀ ਮਿਸਾਲ ਹੈ। ਚੀਨ ਵੀ ਸ਼ੁਰੂਆਤੀ ਦਿਨਾਂ 'ਚ ਹਥਿਆਰਾਂ ਲਈ ਸੋਵੀਅਤ ਸੰਘ 'ਤੇ ਨਿਰਭਰ ਸੀ, ਪਰ ਉਸ ਨੇ ਜੋ ਲੜਾਕੂ ਜਹਾਜ਼ ਤੇ ਜੰਗੀ ਉਪਕਰਣ ਇੱਕ ਵਾਰ ਸੋਵੀਅਤ ਸੰਘ ਤੋਂ ਖ਼ਰੀਦੇ, ਉਨ੍ਹਾਂ ਦੀ ਨਕਲ ਕਰ ਕੇ ਅਜਿਹੇ ਹੀ ਉਤਪਾਦ ਆਪ ਬਣਾਉਣ ਦੀ ਕੋਸ਼ਿਸ਼ ਕੀਤੀ।

ਰਿਵਰਸ, ਇੰਜੀਨੀਅਰਿੰਗ ਰਾਹੀਂ ਬਣਾਏ ਗਏ ਇਹ ਉਤਪਾਦ ਸ਼ੁਰੂ 'ਚ ਚੰਗੀ ਗੁਣਵੱਤਾ ਵਾਲੇ ਨਹੀਂ ਸਨ, ਪਰ ਚੀਨ ਲਗਾਤਾਰ ਖੋਜ 'ਚ ਲੱਗਾ ਰਿਹਾ। ਚੀਨੀ ਸਰਕਾਰ ਨੇ ਯੋਜਨਾਬੱਧ ਤਰੀਕੇ ਨਾਲ ਆਪਣੇ ਵਿਦਿਆਰਥੀਆਂ ਨੂੰ ਪੜ੍ਹਣ ਲਈ ਵਿਸ਼ਵ ਦੀਆਂ ਸਿਖਰਲੀਆਂ ਯੂਨੀਵਰਸਿਟੀਆਂ 'ਚ ਭੇਜਿਆ, ਜਿੱਥੇ ਉਨ੍ਹਾਂ ਨੇ ਉੱਚ ਤਕਨੀਕ ਨਾਲ ਜੁੜਿਆ ਗਿਆਨ ਹਾਸਲ ਕੀਤਾ। ਬਾਅਦ 'ਚ ਵਿਦੇਸ਼ੀ ਕੰਪਨੀਆਂ ਤੋਂ ਵੀ ਉੱਚੇ ਪੈਕਜ ਦੇ ਕੇ ਉਨ੍ਹਾਂ ਨੂੰ ਵਾਪਸ ਚੀਨ ਬੁਲਾਇਆ ਤਾਂ ਜੋ ਉਹ ਆਪਣੇ ਦੇਸ਼ ਲਈ ਕੰਮ ਕਰਨ। ਸੋਵੀਅਤ ਸੰਘ ਨੇ ਭਾਰਤ ਤੇ ਚੀਨ ਨੂੰ ਮਿਗ-21 ਜਹਾਜ਼ 1961-62 'ਚ ਲਗਪਗ ਇੱਕ ਹੀ ਸਮੇਂ ਵੇਚੇ ਸਨ। ਚੀਨੀ ਇੰਜੀਨੀਅਰਾਂ ਨੇ ਮਿਗ-21 ਤੇ ਸੁਖੋਈ-15 ਦੇ ਡਿਜ਼ਾਈਨ ਦੀ ਨਕਲ ਕਰ ਕੇ 1980 ਤੱਕ ਆਉਂਦੇ-ਆਉਂਦੇਪਣਾ ਲੜਾਕੂ ਜਹਾਜ਼ ਜੇ-8 ਬਣਾ ਦਿੱਤਾ। 2017 'ਚ ਸਵਦੇਸ਼ੀ ਪੰਜਵੀਂ ਪੀੜ੍ਹੀ ਦੇ ਲੜਾਕੂ ਜਹਾਜ਼ ਜੇ-20 ਨੂੰ ਚੀਨ ਆਪਣੀ ਹਵਾਈ ਫ਼ੌਜ 'ਚ ਸ਼ਾਮਲ ਕਰ ਚੁੱਕਾ ਹੈ। ਇਸ ਦੇ ਉਲਟ 1984 'ਚ ਸ਼ੁਰੂ ਕੀਤੇ ਗਏ ਭਾਰਤੀ ਹਲਕੇ ਲੜਾਕੂ ਜਹਾਜ਼ ਪ੍ਰੋਗਰਾਮ ਦੇ ਅੰਤਰਗਤ ਤੇਜਸ ਜਹਾਜ਼ ਅੱਜ ਤੱਕ ਉਮੀਦ ਮੁਤਾਬਕ ਗਿਣਤੀ 'ਚ ਭਾਰਤੀ ਹਵਾਈ ਫ਼ੌਜ ਨੂੰ ਨਹੀਂ ਮਿਲ ਸਕੇ ਹਨ। ਇਹ ਸਥਿਤੀ ਬਹੁਤ ਕੁਝ ਦੱਸਦੀ ਹੈ।

ਹਵਾਈ ਫ਼ੌਜ ਦੀਆਂ ਜ਼ਰੂਰਤਾਂ ਤੇ ਭਾਰਤ ਦੀਆਂ ਸੁਰੱਖਿਆ ਚੁਣੌਤੀਆਂ ਨੂੰ ਦੇਖਦੇ ਹੋਏ ਹੁਣ ਸੀਮਤ ਮਾਤਰਾ 'ਚ ਹੀ ਵਿਦੇਸ਼ੀ ਲੜਾਕੂ ਜਹਾਜ਼ਾਂ ਦੀ ਖ਼ਰੀਦ ਹੋਣੀ ਚਾਹੀਦੀ ਹੈ। ਇਸ ਦੇ ਨਾਲ ਹੀ ਇਹ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ ਕਿ ਜੋ ਵੀ ਵਿਦੇਸ਼ੀ ਲੜਾਕੂ ਜਹਾਜ਼ ਖ਼ਰੀਦਿਆ ਜਾਵੇ, ਉਸ ਦੀ ਜ਼ਿਆਦਾਤਰ ਤਕਨੀਕ ਦਾ ਵੀ ਭਾਰਤ ਨੂੰ ਪਤਾ ਹੋਵੇ।

ਇਸ ਵਾਰ ਵਿਦੇਸ਼ੀ ਲੜਾਕੂ ਜਹਾਜ਼ ਖ਼ਰੀਦਦੇ ਹੋਏ ਇਹ ਇੱਕ ਰਾਸ਼ਟਰੀ ਸੰਕਲਪ ਹੋਣਾ ਚਾਹੀਦਾ ਹੈ ਕਿ ਭਾਰਤ ਆਖ਼ਰੀ ਵਾਰ ਹੀ ਕੋਈ ਵਿਦੇਸ਼ੀ ਲੜਾਕੂ ਜਹਾਜ਼ ਖ਼ਰੀਦ ਰਿਹਾ ਹੈ। ਇਸ ਤੋਂ ਬਾਅਦ ਆਪ ਹੀ ਆਪਣੀਆਂ ਫ਼ੌਜਾਂ ਦੀਆਂ ਜ਼ਰੂਰਤਾਂ ਲਈ ਉਨ੍ਹਾਂ ਦਾ ਨਿਰਮਾਣ ਕੀਤਾ ਜਾਵੇਗਾ। ਇਹ ਇਕ ਰਾਸ਼ਟਰੀ ਮਿਸ਼ਨ ਹੋਣਾ ਚਾਹੀਦਾ ਹੈ। ਇਸ ਲਈ ਜ਼ਰੂਰੀ ਖੋਜ ਲਈ ਜਿੰਨੇ ਵੀ ਵਿੱਤੀ ਸ੍ਰੋਤਾਂ ਦੀ ਜ਼ਰੂਰਤ ਹੋਵੇ, ਸਰਕਾਰ ਨੂੰ ਖੁੱਲ੍ਹੇ ਮਨ ਨਾਲ ਉਨ੍ਹਾਂ ਨੂੰ ਮੁਹੱਈਆ ਕਰਵਾਉਣੇ ਚਾਹੀਦੇ ਹਨ। ਨਾਲ ਹੀ ਵਿਦੇਸ਼ਾਂ 'ਚ ਕੰਮ ਕਰ ਰਹੇ ਉੱਚ ਕੋਟੀ ਦੇ ਭਾਰਤੀ ਇੰਜੀਨੀਅਰਾਂ ਨੂੰ ਕਿਸੇ ਵੀ ਕੀਮਤ 'ਤੇ ਵਾਪਸ ਭਾਰਤ 'ਚ ਲਿਆਉਣਾ ਚਾਹੀਦਾ ਹੈ, ਜਿਸ ਨਾਲ ਭਾਰਤ ਸਹੀ ਮਾਅਨਿਆਂ 'ਚ ਇੱਕ ਆਤਮ-ਨਿਰਭਰ ਮਹਾਂਸ਼ਕਤੀ ਬਣ ਸਕੇ।

**(ਲੇਖਕ ਕੌਂਸਲ ਆਫ ਸਟ੍ਰੈਟੇਜਿਕ ਅਫੇਅਰਸ ਨਾਲ ਸਬੰਧਿਤ ਰਣਨੀਤਕ ਵਿਸ਼ਲੇਸ਼ਕ ਹੈ)**

# ਅਮਰੀਕੀ ਨੀਤੀਆਂ ਦਾ ਭਾਰਤ 'ਤੇ ਪੈ ਸਕਦੈ ਪ੍ਰਭਾਵ



ਅਭੈ ਕੁਮਾਰ ਦੂਬੇ

ਸੁਆਲ ਇਹ ਹੈ ਕਿ ਜੋ ਕੰਮ ਕੋਲੰਬੀਆ ਅਤੇ ਮੈਕਸੀਕੋ ਵਰਗੇ ਛੋਟੇ ਦੇਸ਼ ਕਰ ਸਕਦੇ ਹਨ, ਉਹ ਭਾਰਤ ਵਰਗਾ ਵੱਡਾ ਦੇਸ਼ ਕਿਉਂ ਨਹੀਂ ਕਰ ਸਕਦਾ? ਕੀ ਮੱਧ ਅਮਰੀਕਾ ਦੇ ਇਨ੍ਹਾਂ ਦੋਵਾਂ ਦੇਸ਼ਾਂ ਦਾ ਆਤਮ-ਸਨਮਾਨ ਭਾਰਤ ਨਾਲੋਂ ਜ਼ਿਆਦਾ ਵੱਡਾ ਹੈ? ਜਦੋਂ ਡੋਨਾਲਡ ਟਰੰਪ ਦੇ ਅਮਰੀਕਾ ਨੇ ਇਨ੍ਹਾਂ ਦੇਸ਼ਾਂ ਨੂੰ ਕਿਹਾ ਕਿ ਉਨ੍ਹਾਂ ਦੇ ਇੱਥੇ ਆਏ ਗ਼ੈਰ-ਕਾਨੂੰਨੀ ਪ੍ਰਵਾਸੀਆਂ ਨੂੰ ਫ਼ੌਜੀ ਜਹਾਜ਼ਾਂ ਵਿੱਚ ਭਰ ਕੇ ਅਤੇ ਹੱਥਕੜੀਆਂ ਤੇ ਬੇੜੀਆਂ ਲਗਾ ਕੇ ਵਾਪਸ ਭੇਜਿਆ ਜਾਵੇਗਾ ਤਾਂ ਉਨ੍ਹਾਂ ਨੇ ਸਖ਼ਤ ਇਤਰਾਜ਼ ਜਤਾਇਆ। ਉਨ੍ਹਾਂ ਨੇ ਅਮਰੀਕਾ ਨੂੰ ਸਾਫ਼ ਕਹਿ ਦਿੱਤਾ ਕਿ ਜੇਕਰ ਇਸ ਤਰ੍ਹਾਂ ਨਾਲ ਉਨ੍ਹਾਂ ਨੂੰ ਭੇਜਿਆ ਗਿਆ ਤਾਂ ਉਹ ਕਿਸੇ ਵੀ ਕੀਮਤ 'ਤੇ ਇਨ੍ਹਾਂ ਗ਼ੈਰ-ਕਾਨੂੰਨੀ ਪ੍ਰਵਾਸੀਆਂ ਨੂੰ ਵਾਪਸ ਨਹੀਂ ਲੈਣਗੇ। ਉਨ੍ਹਾਂ ਸ਼ਰਤ ਰੱਖੀ ਕਿ ਉਹ ਆਪਣੇ ਨਾਗਰਿਕ-ਜਹਾਜ਼ ਅਮਰੀਕਾ ਭੇਜਣਗੇ ਅਤੇ ਉਨ੍ਹਾਂ ਰਾਹੀਂ ਬਿਨਾਂ ਹੱਥਕੜੀਆਂ ਤੇ ਬੇੜੀਆਂ ਵਾਲੇ ਪ੍ਰਵਾਸੀਆਂ ਨੂੰ ਹੀ ਵਾਪਸ ਲੈ ਕੇ ਆਉਣਗੇ। ਕੀ ਭਾਰਤ ਇਹ ਸ਼ਰਤ ਨਹੀਂ ਲਗਾ ਸਕਦਾ ਸੀ? ਮੋਦੀ ਜੀ ਨੇ ਟਰੰਪ ਨਾਲ ਇਹ ਗੱਲ ਕਿਉਂ ਨਹੀਂ ਕੀਤੀ? ਇੰਝ ਲਗਦਾ ਹੈ ਕਿ ਸਾਡੇ ਪ੍ਰਧਾਨ ਮੰਤਰੀ ਨੇ ਪੂਰੀ ਤਰ੍ਹਾਂ ਨਾਲ ਟਰੰਪ ਦੇ ਸਾਹਮਣੇ ਗੋਡੇ ਟੇਕ ਦਿੱਤੇ ਹਨ। ਉਨ੍ਹਾਂ ਦੇ ਅਮਰੀਕੀ ਦੌਰੇ ਦੀ ਅਸਲੀਅਤ ਹੁਣ ਹੌਲੀ-ਹੌਲੀ ਖੁੱਲ੍ਹ ਰਹੀ ਹੈ। ਇੱਕ-ਇੱਕ ਕਰਕੇ ਉਹ ਸਭ ਗੱਲਾਂ ਸਾਹਮਣੇ ਆ ਰਹੀਆਂ ਹਨ, ਜੋ ਸਰਕਾਰ ਸਮਰਥਕ ਮੀਡੀਆ ਦੁਆਰਾ ਛੁਪਾਈਆਂ ਗਈਆਂ ਸਨ।

ਡੋਨਾਲਡ ਟਰੰਪ ਜਦੋਂ ਰਾਸ਼ਟਰਪਤੀ ਚੋਣਾਂ ਲੜ ਰਹੇ ਸਨ, ਉਦੋਂ ਲੱਗਣ ਲੱਗਾ ਸੀ ਕਿ ਉਹ ਜੇਕਰ ਜਿੱਤ ਗਏ ਤਾਂ ਅਜਿਹਾ ਕੁਝ ਕਰਨਗੇ, ਜੋ ਪਹਿਲਾਂ ਕਿਸੇ ਨੇ ਨਹੀਂ ਕੀਤਾ ਹੋਵੇਗਾ, ਪਰ ਕਿਸੇ ਨਵੇਂਪਣ ਦਾ ਅੰਦਾਜ਼ਾ ਲਗਾਉਣ ਅਤੇ ਉਸ ਨੂੰ ਆਪਣੇ ਸਾਹਮਣੇ ਘਟਦੇ ਹੋਏ ਦੇਖਣ 'ਚ ਕਾਫ਼ੀ ਫ਼ਰਕ ਹੁੰਦਾ ਹੈ। 20 ਜਨਵਰੀ ਨੂੰ ਸਹੁੰ ਚੁੱਕਣ ਤੋਂ ਬਾਅਦ ਹੁਣ ਡੇਢ ਮਹੀਨਾ ਵੀ ਨਹੀਂ ਹੋਇਆ, ਉਨ੍ਹਾਂ ਨੇ ਆਪਣੇ ਹਰ ਕਦਮ, ਹਰ ਐਲਾਨ ਅਤੇ ਹਰ ਨਵੀਂ ਦਾਅਵੇਦਾਰੀ ਨਾਲ ਦੁਨੀਆਂ 'ਚ ਉੱਥਲ-ਪੁੱਥਲ ਮਚਾ ਦਿੱਤੀ ਹੈ। ਸਾਰੇ ਅੰਦਾਜ਼ੇ ਵਿਗੜ ਗਏ ਹਨ, ਸਾਰੀਆਂ ਯੋਜਨਾਵਾਂ ਦੁਬਾਰਾ ਬਣਾਉਣੀਆਂ ਪੈ ਰਹੀਆਂ ਹਨ। ਟਰੰਪ ਕਾਰਨ ਹਾਲਾਤ ਹੀ ਪੂਰੀ ਤਰ੍ਹਾਂ ਨਾਲ ਬਦਲ ਗਏ ਹਨ। ਦੁਨੀਆਂ ਦੇ ਦੂਜੇ ਦੇਸ਼ਾਂ ਨੂੰ ਤਾਂ ਛੱਡ ਹੀ ਦਿਓ, ਅਮਰੀਕਾ ਤੋਂ 22 ਹਜ਼ਾਰ ਕਿਲੋਮੀਟਰ ਦੂਰ ਸਥਿਤ ਸਾਡੇ ਆਪਣੇ ਦੇਸ਼ ਨੂੰ ਆਪਣੀ ਅਰਥਵਿਵਸਥਾ ਅਤੇ ਆਪਣੀ ਵਿਦੇਸ਼ ਨੀਤੀ 'ਚ ਵੱਡੀਆਂ ਤਬਦੀਲੀਆਂ ਕਰਨ ਦੀਆਂ ਤਿਆਰੀਆਂ ਕਰਨੀਆਂ ਪੈ ਰਹੀਆਂ ਹਨ। ਸਾਡੀ ਚੋਣਾਵੀਂ ਰਾਜਨੀਤੀ 'ਚ ਵੀ ਟਰੰਪ ਕਾਰਨ ਸੱਤਾ ਧਿਰ ਅਤੇ ਵਿਰੋਧੀ ਧਿਰ ਆਪਸ 'ਚ ਭਿੜਦੀ ਹੋਈ ਵਿਖਾਈ ਦੇ ਰਹੀ ਹੈ। ਅਖ਼ਬਾਰਾਂ 'ਚ ਹਰ ਦਿਨ ਟਰੰਪ ਸੰਬੰਧੀ ਸੁਰਖੀਆਂ ਹੁੰਦੀਆਂ ਹਨ। ਟੀ.ਵੀ. ਅਤੇ ਸੋਸ਼ਲ ਮੀਡੀਆ 'ਤੇ ਟਰੰਪ ਸੰਬੰਧੀ ਖ਼ਬਰਾਂ ਨੂੰ ਵੱਖਰੀ ਤਰ੍ਹਾਂ ਦੀ ਲੋਕਪ੍ਰਿਅਤਾ ਮਿਲ ਰਹੀ ਹੈ।



ਭਾਰਤ ਨੂੰ ਪੂਰੀ ਕੋਸ਼ਿਸ਼ ਕਰਨੀ ਪੈ ਰਹੀ ਹੈ ਕਿ ਤਿੱਖੇ ਸਰਹੱਦੀ ਵਿਵਾਦ ਦੇ ਬਾਵਜੂਦ ਕਿਸੇ ਨਾ ਕਿਸੇ ਤਰ੍ਹਾਂ ਨਾਲ ਚੀਨ ਨਾਲ ਉਸ ਦੇ ਸੰਬੰਧਾਂ 'ਚ ਨਰਮੀ ਆ ਜਾਏ। ਟਰੰਪ ਕਾਰਨ ਬਦਲੇ ਹਾਲਾਤ ਤੋਂ ਪੈਦਾ ਹੋਈ ਇਸ ਮਜਬੂਰੀ ਦਾ ਹੀ ਕਮਾਲ ਹੈ ਕਿ ਚੀਨ ਵੀ ਭਾਰਤ ਵੱਲੋਂ ਮੁਹੱਈਆ ਕਰਵਾਏ ਜਾ ਰਹੇ ਇਸ ਮੌਕੇ ਦਾ ਲਾਭ ਉਠਾਉਣ ਦੇ ਰੌਅ 'ਚ ਲੱਗ ਰਿਹਾ ਹੈ। ਜੇਕਰ ਅਜਿਹਾ ਨਾ ਹੁੰਦਾ ਤਾਂ ਜੌਹਨਸਬਰਗ 'ਚ ਜੀ-20 ਦੀ ਬੈਠਕ ਦੌਰਾਨ ਵਿਦੇਸ਼ ਮੰਤਰੀ ਜੈਸ਼ੰਕਰ ਅਤੇ ਚੀਨੀ ਵਿਦੇਸ਼ ਮੰਤਰੀ ਵਾਂਗ ਯੀ ਸਰਹੱਦਾਂ 'ਤੇ ਸ਼ਾਂਤੀ, ਕੈਲਾਸ਼-ਮਾਨਸਰੋਵਰ ਯਾਤਰਾ ਦੀ ਮੁੜ ਸ਼ੁਰੂਆਤ ਅਤੇ ਦੋਵਾਂ ਦੇਸ਼ਾਂ 'ਚ ਹਵਾਈ ਯਾਤਰਾਵਾਂ ਨੂੰ ਆਸਾਨ ਬਣਾਉਣ 'ਤੇ ਸਾਕਾਰਾਤਮਿਕ ਵਾਰਤਾ ਕਰਦੇ ਨਜ਼ਰ ਨਾ ਆਉਂਦੇ। ਜੇਕਰ ਅਜਿਹਾ ਨਾ ਹੁੰਦਾ ਤਾਂ ਸਰਕਾਰ ਸਮਰਥਕ ਅਰਥਸ਼ਾਸਤਰੀ ਚੀਨੀ ਪੂੰਜੀ ਲਈ ਭਾਰਤੀ ਬਾਜ਼ਾਰ ਦੇ ਦਰਵਾਜ਼ੇ ਖੋਲ੍ਹਣ ਦੀਆਂ ਸਿਫ਼ਾਰਸ਼ਾਂ ਕਰਦੇ ਹੋਏ ਦਿਖਾਈ ਨਾ ਦਿੰਦੇ। ਨੀਤੀ ਆਯੋਗ ਦੇ ਉਪ ਚੇਅਰਮੈਨ ਰਹਿ ਚੁੱਕੇ ਅਰਵਿੰਦ ਪਨਗੜ੍ਹੀਆ ਦੀ ਇਸ ਸਿਫ਼ਾਰਸ਼ ਨੂੰ ਭਲਾ ਕੌਣ ਨਜ਼ਰਅੰਦਾਜ਼ ਕਰ ਸਕਦਾ ਹੈ ਕਿ ਸਰਹੱਦੀ ਵਿਵਾਦ ਸੰਬੰਧੀ ਪਹਿਲੂਆਂ ਨੂੰ ਛੱਡ ਕੇ ਬਾਕੀ ਸਾਰੇ ਖੇਤਰਾਂ 'ਚ ਚੀਨ ਦੇ ਨਾਲ ਸਹਿਯੋਗ ਦੀ ਸ਼ੁਰੂਆਤ ਕੀਤੀ ਜਾਣੀ ਚਾਹੀਦੀ ਹੈ। ਦਰਅਸਲ, ਹੁਣ ਇਸ ਗੱਲ ਦੀ ਕੋਈ ਗਾਰੰਟੀ ਨਹੀਂ ਹੈ ਕਿ ਜੇਕਰ ਚੀਨ ਨਾਲ ਭਾਰਤ ਦੀ ਫ਼ੌਜੀ ਟੱਕਰ ਹੋਈ ਤਾਂ ਅਮਰੀਕਾ ਭਾਰਤ ਦਾ ਸਾਥ ਦੇਵੇਗਾ। ਟਰੰਪ ਦੀ ਤਰਜੀਹ ਚੀਨ ਦੇ ਮੁਕਾਬਲੇ ਭਾਰਤ ਦੀ ਪਿੱਠ 'ਤੇ ਹੱਥ ਰੱਖਣ ਦੀ ਨਹੀਂ ਹੈ, ਕਿਉਂਕਿ ਇਸ ਨਾਲ ਉਨ੍ਹਾਂ ਦੇ ਘਰੇਲੂ ਏਜੰਡੇ (ਮੇਕ ਅਮਰੀਕਾ ਗ੍ਰੇਟ ਅਗੇਨ) 'ਚ ਰੁਕਾਵਟ ਪੈਦਾ ਹੋ ਸਕਦੀ ਹੈ।

ਟਰੰਪ ਤੋਂ ਪਹਿਲਾਂ ਭਾਰਤ ਰੂਸ-ਯੂਕ੍ਰੇਨ ਜੰਗ ਨੂੰ ਦੋ ਧਿਰਾਂ ਵਿਚਲੇ ਵਿਵਾਦ ਅਤੇ ਉਨ੍ਹਾਂ 'ਚ ਨਰਿੰਦਰ ਮੋਦੀ ਦੁਆਰਾ ਵਿਚੋਲਗੀ ਕਰਨ ਦੀ ਜ਼ਰੂਰਤ ਦੇ ਰੂਪ 'ਚ ਦੇਖਦਾ ਸੀ। ਹੁਣ ਟਰੰਪ ਨੇ ਪੁਤਿਨ ਨਾਲ ਸਿੱਧੀ ਗੱਲ ਕਰਨੀ ਸ਼ੁਰੂ ਕਰਦਿਆਂ ਜੈਲੇਂਸਕੀ ਨੂੰ ਤਾਨਾਸ਼ਾਹ ਐਲਾਨ ਕਰਕੇ ਯੂਕ੍ਰੇਨ ਦੀ ਸਾਰੀ ਮਦਦ ਬੰਦ ਕਰ ਦਿੱਤੀ ਹੈ। ਟਰੰਪ ਰੂਸ ਨੂੰ ਜੀ-7 'ਚ ਸ਼ਾਮਿਲ ਕਰਕੇ ਯੂਰਪ-ਅਮਰੀਕਾ ਦੇ ਸੰਬੰਧਾਂ ਨੂੰ ਪੂਰੀ ਤਰ੍ਹਾਂ ਨਾਲ ਬਦਲ ਦੇਣਾ ਚਾਹੁੰਦੇ ਹਨ। ਹੁਣ ਭਾਰਤ ਨੂੰ ਇਸ ਵਿਚੋਲਗੀ ਦੀ ਨੀਤੀ ਤੋਂ ਆਪਣਾ ਹੱਥ ਖਿੱਚਣਾ ਪੈ ਰਿਹਾ ਹੈ, ਕਿਉਂਕਿ ਟਰੰਪ ਦੇ ਅਮਰੀਕਾ ਨੇ ਪਾਲਾ ਬਦਲ ਲਿਆ ਹੈ।

ਅਰਥਵਿਵਸਥਾ ਦੀ ਹਾਲਤ ਇਹ ਹੈ ਕਿ 11-12 ਫਰਵਰੀ ਨੂੰ ਹੋਏ ਮੋਦੀ ਦੇ ਅਮਰੀਕਾ ਦੌਰੇ 'ਚ ਟਰੰਪ ਨੇ ਪ੍ਰਧਾਨ ਮੰਤਰੀ ਦੇ ਮੂੰਹ 'ਤੇ ਕਿਹਾ ਕਿ ਉਹ ਭਾਰਤੀ ਮਾਲ 'ਤੇ ਓਨਾ ਹੀ ਦਰਾਮਦ ਟੈਕਸ (ਟੈਰਿਫ਼) ਥੋਪਣਗੇ, ਜਿੰਨਾ ਭਾਰਤ ਨੇ ਅਮਰੀਕੀ ਮਾਲ 'ਤੇ ਲਗਾ ਰੱਖਿਆ ਹੈ। ਪ੍ਰਧਾਨ ਮੰਤਰੀ ਦੇ ਅਮਰੀਕਾ ਪਹੁੰਚਣ ਤੋਂ ਪਹਿਲਾਂ ਟਰੰਪ ਨੇ ਭਾਰਤੀ ਇਸਪਾਤ ਅਤੇ ਐਲਮੂਨੀਯਮ 'ਤੇ ਟੈਰਿਫ਼ ਲਗਾਇਆ ਅਤੇ ਉਨ੍ਹਾਂ ਦੇ ਦੌਰੇ ਤੋਂ ਬਾਅਦ ਭਾਰਤੀ ਦਵਾਈਆਂ ਦੀ ਦਰਾਮਦ 'ਤੇ 25 ਫ਼ੀਸਦੀ ਟੈਰਿਫ਼ ਥੋਪ ਦਿੱਤਾ। ਇਸ ਨਾਲ ਭਾਰਤੀ ਦਵਾ ਕੰਪਨੀਆਂ ਨੂੰ ਸਵਾ ਦੋ ਅਰਬ ਡਾਲਰ ਦੇ ਨੁਕਸਾਨ ਦੀ ਸੰਭਾਵਨਾ ਪੈਦਾ ਹੋ ਗਈ। ਗੋਲਡਮੈਨ ਸਾਕਸ ਦੇ ਅਨੁਸਾਰ ਇਸ ਦੇ ਕਾਰਨ ਭਾਰਤੀ ਦੀ ਜੀ.ਡੀ.ਪੀ. ਵੀ ਥੋੜ੍ਹਾ ਡਿਗ ਜਾਵੇਗੀ। ਅਜੇ ਤਾਂ ਇਹ ਸ਼ੁਰੂਆਤ ਹੀ ਹੈ। ਟਰੰਪ ਹਾਲੇ ਕਈ ਤਰ੍ਹਾਂ ਦੇ ਹੋਰ ਭਾਰਤੀ ਮਾਲ ਨਾਲ ਅਜਿਹਾ ਹੀ ਸਲੂਕ ਕਰਨ ਵਾਲੇ ਹਨ। ਹੁਣ ਭਾਰਤ ਸੋਚ ਰਿਹਾ ਹੈ ਕਿ ਅਮਰੀਕਾ ਤੇ ਭਾਰਤ ਵਿਚਕਾਰ ਹੋਣ ਵਾਲੇ ਦੁਵੱਲੇ ਵਪਾਰਕ ਸਮਝੌਤੇ 'ਚ ਇਹ ਪ੍ਰਸਤਾਵ ਰੱਖਿਆ ਜਾਵੇ ਕਿ ਭਾਰਤ ਅਤੇ ਅਮਰੀਕਾ ਜਵਾਬੀ ਟੈਰਿਫ਼ ਲਗਾਉਣ ਦੇ ਟਕਰਾਅ 'ਚ ਪੈਣ ਦੀ ਬਜਾਏ ਦੋਪਾਸੜ ਟੈਰਿਫ਼ ਘਟਾਉਣ ਦੇ ਸਿਲਸਿਲੇ ਦੀ ਸ਼ੁਰੂਆਤ ਕਰਨ। ਕੀ ਟਰੰਪ ਇਸ ਨੂੰ ਮੰਨਣਗੇ? ਅਨੁਮਾਨ ਲਗਾਉਣਾ ਮੁਸ਼ਕਿਲ ਹੈ।

ਦੋਵਾਂ ਦੇਸ਼ਾਂ ਦਾ ਜੋ ਸਾਂਝਾ ਬਿਆਨ ਜਾਰੀ ਹੋਇਆ ਹੈ, ਉਹ ਬਹੁਤ ਹੱਦ ਤੱਕ ਅਮਰੀਕਾ ਦੇ ਪੱਖ 'ਚ ਝੁਕਿਆ ਹੋਇਆ ਹੈ। ਜਿਵੇਂ, ਭਾਰਤ 2030 ਤੱਕ ਭਾਵ ਪੰਜ ਸਾਲ 'ਚ ਅਮਰੀਕਾ ਨਾਲ 500 ਅਰਬ ਡਾਲਰ ਪ੍ਰਤੀ ਸਾਲ ਦਾ ਵਪਾਰ ਕਰੇਗਾ। ਇਸ ਲਈ ਸਾਨੂੰ ਅਮਰੀਕਾ ਦੀ ਗੈਸ ਅਤੇ ਕੱਚਾ ਤੇਲ ਖਰੀਦਣਾ ਹੋਵੇਗਾ। ਸੰਭਾਵਨਾ ਇਹ ਹੈ ਕਿ ਅਮਰੀਕੀ ਤੇਲ ਰੂਸ ਅਤੇ ਅਰਬ ਦੇਸ਼ਾਂ ਤੋਂ ਮਿਲਣ ਵਾਲੇ ਤੇਲ ਤੋਂ ਮਹਿੰਗਾ ਹੋ ਸਕਦਾ ਹੈ। ਇਸ ਤੋਂ ਇਲਾਵਾ ਟਰੰਪ ਨੇ ਭਾਰਤ ਨੂੰ ਐੱਫ਼-35 ਲੜਾਕੂ ਜਹਾਜ਼ ਖਰੀਦਣ ਦਾ ਪ੍ਰਸਤਾਵ ਵੀ ਦਿੱਤਾ ਹੈ। ਇਹ ਅਤਿ-ਆਧੁਨਿਕ ਤਾਂ ਹੈ, ਪਰ ਅਜਿਹੇ ਇੱਕ ਜਹਾਜ਼ ਦੀ ਕੀਮਤ 18 ਹਜ਼ਾਰ ਕਰੋੜ ਰੁਪਏ ਦੀ ਹੈ ਅਤੇ ਇਹ ਸੌਦਾ 50 ਲੱਖ ਕਰੋੜ ਦਾ ਹੋਵੇਗਾ।

**(ਬਾਕੀ ਸਫ਼ਾ 31 'ਤੇ)**

# ਮੁਫ਼ਤ ਦੀਆਂ ਰਿਓੜੀਆਂ ਦੀ ਥਾਂ ਨੌਕਰੀਆਂ ਮੰਗਣ ਦੀ ਲੋੜ

ਡਾ. ਨਿਧੀ ਸ਼ਰਮਾ



ਮੁਫ਼ਤ ਦੀਆਂ ਰਿਓੜੀਆਂ ਵੰਡ ਕੇ ਸੱਤਾ ਹਾਸਲ ਕਰਨੀ ਆਮ ਵਰਤਾਰਾ ਬਣ ਚੁੱਕਾ ਹੈ। ਚੋਣਾਂ ਤੋਂ ਪਹਿਲਾਂ ਵੱਡੇ-ਵੱਡੇ ਵਾਅਦੇ ਕੀਤੇ ਜਾਂਦੇ ਹਨ। ਚੋਣ-ਮਨੋਰਥ ਪੱਤਰਾਂ ਰਾਹੀਂ ਖ਼ਵਾਬ ਵੇਚੇ ਜਾਂਦੇ ਹਨ। ਸੱਤਾ ਹਾਸਲ ਕਰਨ ਪਿੱਛੋਂ ਬਹੁਤੇ ਵਾਅਦੇ ਵਫ਼ਾ ਨਹੀਂ ਹੁੰਦੇ। ਚੋਣ-ਮਨੋਰਥ ਪੱਤਰਾਂ ’ਤੇ ਮਿੱਟੀ ਦੀ ਮੋਟੀ ਪਰਤ ਜੰਮ ਜਾਂਦੀ ਹੈ। ਇਹ ਸਚਮੁੱਚ ਹੀ ਗੰਭੀਰ ਚਿੰਤਾ ਤੇ ਚਿੰਤਨ ਦਾ ਮੁੱਦਾ ਹੈ। ‘ਫ਼੍ਰੀਬੀਜ਼’ ਨਾਲ ਦੇਸ਼ ਤੇ ਸੂਬਿਆਂ ਦਾ ਅਰਥਚਾਰਾ ਲੜਖੜਾ ਜਾਂਦਾ ਹੈ।

ਅਰਥਚਾਰੇ ਨੂੰ ਪੱਟੜੀ ’ਤੇ ਲਿਆਉਣ ਲਈ ਫ਼ਿਰ ਟੈਕਸਾਂ ਦਾ ਸਹਾਰਾ ਲਿਆ ਜਾਂਦਾ ਹੈ। ਮੁਫ਼ਤ ਦੀਆਂ ਮਿਲੀਆਂ ਰਿਓੜੀਆਂ ਫ਼ਿਰ ਲੋਕਾਂ ਦੀਆਂ ਜੇਬਾਂ ’ਚੋਂ ਟੈਕਸਾਂ ਦੇ ਰੂਪ ’ਚ ਕੱਢੀਆਂ ਜਾਂਦੀਆਂ ਹਨ।

ਪਿਛਲੇ ਦਿਨੀਂ ਸੁਪਰੀਮ ਕੋਰਟ ਨੇ ਕਿਹਾ ਹੈ ਕਿ ਮੁਫ਼ਤ ਵਿੱਚ ਲੋਕਾਂ ਨੂੰ ਮੁੱਖ ਧਾਰਾ ’ਚ ਲਿਆਉਣ ਨਾਲ ਕੀ ਅਸੀਂ ਪਰਜੀਵੀਆਂ ਦੀ ਸ਼੍ਰੇਣੀ ਨਹੀਂ ਬਣਾ ਰਹੇ ? ਸਹੀ ਅਰਥਾਂ ਵਿੱਚ ਇਹ ਟਿੱਪਣੀ ਵਿਚਾਰਨਯੋਗ ਹੈ। ਔਰਤ ਵਰਗ, ਜੋ ਸਮਾਜ ਦਾ ਪੰਜਾਹ ਫ਼ੀਸਦੀ ਹੈ, ਨੂੰ ਭਰਮਾਉਣ ਲਈ ਕਈ ਚੋਣ-ਵਾਅਦੇ ਕੀਤੇ ਜਾਂਦੇ ਹਨ। ਹਰ ਸਿਆਸੀ ਪਾਰਟੀ ਇਸ ਵਰਗ ਦੀ ਭਲਾਈ ਲਈ ਆਕਰਸ਼ਕ ਸਕੀਮਾਂ ਦਾ ਸਹਾਰਾ ਲੈਣਾ ਚਾਹੁੰਦੀ ਹੈ। ਸਥਿਤੀ ਇਹ ਹੈ ਕਿ ਇਸ ਵਰਗ ਦੀਆਂ ਪੜ੍ਹੀਆਂ-ਲਿਖੀਆਂ ਅਤੇ ਅਨਪੜ੍ਹ ਔਰਤਾਂ ਵੀ ਇਨ੍ਹਾਂ ਸਕੀਮਾਂ ਦਾ ਲਾਭ ਲੈ ਰਹੀਆਂ ਹਨ। ਪਰ ਕਿੰਨੀ ਦੇਰ ਲਈ ? ਵਿਸ਼ਵਾਸ ਕਰੋ, ਅਜਿਹੀਆਂ ਪਰੰਪਰਾਵਾਂ ਨੇ ਔਰਤਾਂ ਦੀਆਂ ਅਸਲ ਸਮੱਸਿਆਵਾਂ ਅਤੇ ਮੁੱਦਿਆਂ ਨੂੰ ਬਹੁਤ ਪਿੱਛੇ ਧੱਕ ਦਿੱਤਾ ਹੈ। ਭਾਰਤ ਵਰਗੇ ਵਿਕਾਸਸ਼ੀਲ ਦੇਸ਼ ਵਿੱਚ ਹਰ ਦੂਜੇ ਸੂਬੇ ਨੂੰ ਮੁਫ਼ਤ ਸਕੀਮਾਂ ਕਾਰਨ ਮਾਲੀਏ ਦੇ ਨੁਕਸਾਨ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਆਰਥਿਕ ਖੋਜ ਏਜੰਸੀ ਕ੍ਰਿਸਿਲ ਮੁਤਾਬਕ, ਸੂਬੇ ਆਪਣੇ ਕੁੱਲ ਮਾਲੀਏ ਦਾ 13 ਫ਼ੀਸਦੀ ਕਰਜ਼ੇ ਦੇ ਵਿਆਜ ਦੀ ਅਦਾਇਗੀ ਵਿੱਚ ਖ਼ਰਚ ਕਰ ਰਹੇ ਹਨ, ਜਦਕਿ ਵਿੱਤ ਕਮਿਸ਼ਨ ਅਨੁਸਾਰ ਕੁੱਲ ਮਾਲੀਏ ਦਾ 10 ਫ਼ੀਸਦੀ ਕਰਜ਼ਾ ਮੋੜਨ ’ਚ ਖ਼ਰਚ ਨਹੀਂ ਹੋਣਾ ਚਾਹੀਦਾ। ਚਿੰਤਾ ਦੀ ਗੱਲ ਇਹ ਵੀ ਹੈ ਕਿ ਸੂਬੇ ਸਭ ਤੋਂ ਵੱਧ ਕਰਜ਼ਾ ਤਨਖ਼ਾਹਾਂ, ਪੈਨਸ਼ਨਾਂ ਅਤੇ ਮੁਫ਼ਤ ਸੇਵਾਵਾਂ ਪ੍ਰਦਾਨ ਕਰਨ ’ਤੇ ਖ਼ਰਚ ਕਰ ਰਹੇ ਹਨ। ਕੁਝ ਸਕੀਮਾਂ ਅਜਿਹੀਆਂ ਹਨ ਜੋ ਅਸਲ ਵਿੱਚ ਸਵੈ-ਨਿਰਭਰ ਨਹੀਂ ਹਨ ਪਰ ਅਸਿੱਧੇ ਤੌਰ ’ਤੇ ਔਰਤਾਂ ਨੂੰ ਖਾਸ ਤੌਰ ’ਤੇ ਉਨ੍ਹਾਂ ’ਤੇ ਨਿਰਭਰ ਬਣਾ ਰਹੀਆਂ ਹਨ।

ਦੇਵ ਭੂਮੀ ਹਿਮਾਚਲ ਪ੍ਰਦੇਸ਼ ਵਿੱਚ ਇੰਦਰਾ ਗਾਂਧੀ ਪਿਆਰੀ ਬੈਹਨਾ ਸੁੱਖ ਸਨਮਾਨ ਨਿਧੀ ਲਈ ਯੋਗ ਔਰਤਾਂ ਨੂੰ 1500 ਰੁਪਏ ਪ੍ਰਤੀ ਮਹੀਨਾ ਤੇ ਤੇਲੰਗਾਨਾ ਵਿੱਚ ਮਹਾਲਕਸ਼ਮੀ ਯੋਜਨਾ ਤਹਿਤ 2500 ਰੁਪਏ ਦਿੱਤੇ ਜਾਂਦੇ ਹਨ। ਕਰਨਾਟਕ ਵਿੱਚ ਗ੍ਰਿਹ ਲਕਸ਼ਮੀ ਯੋਜਨਾ ਤਹਿਤ ਯੋਗ ਔਰਤਾਂ ਨੂੰ 200 ਰੁਪਏ, ਉੜੀਸਾ ਵਿੱਚ ਸੁਭੱਦਰਾ ਯੋਜਨਾ ਤਹਿਤ 10,000 ਰੁਪਏ ਪ੍ਰਤੀ ਸਾਲ, ਮਹਾਰਾਸ਼ਟਰ ਅਤੇ ਮੱਧ ਪ੍ਰਦੇਸ਼ ਵਿੱਚ ਲਾਡਲੀ ਬੈਹਨ ਯੋਜਨਾ ਤਹਿਤ 21 ਤੋਂ 65 ਸਾਲ ਦੀ ਉਮਰ ਦੀਆਂ ਔਰਤਾਂ ਨੂੰ 1500 ਰੁਪਏ ਪ੍ਰਤੀ ਮਹੀਨਾ ਦਿੱਤੇ ਜਾਂਦੇ ਹਨ।

ਪੰਜਾਬ ਵਿੱਚ ਇੱਕ ਹਜ਼ਾਰ ਅਤੇ ਹਾਲ ਹੀ ਵਿੱਚ 8 ਮਾਰਚ ਨੂੰ ਦਿੱਲੀ ਦੀ ਮੌਜੂਦਾ ਸਰਕਾਰ ਨੇ ਚੋਣ ਵਾਅਦੇ ਅਨੁਸਾਰ ਯੋਗ ਔਰਤਾਂ ਦੇ ਖਾਤਿਆਂ ਵਿੱਚ 2500 ਰੁਪਏ ਪ੍ਰਤੀ ਮਹੀਨਾ ਜਮ੍ਹਾਂ ਕਰਵਾਉਣ ਦਾ ਐਲਾਨ ਕੀਤਾ ਹੈ। ਸਥਿਤੀ ਇਹ ਹੈ ਕਿ ਤੇਲੰਗਾਨਾ, ਕਰਨਾਟਕ ਅਤੇ ਪੰਜਾਬ ਆਦਿ ਵਿੱਚ ਹਰ ਵਰਗ ਦੀਆਂ ਔਰਤਾਂ ਨੂੰ ਮੁਫ਼ਤ ਬੱਸ ਦੀ ਸਹੂਲਤ ਦਿੱਤੀ ਜਾ ਰਹੀ ਹੈ।

ਕ੍ਰਿਸਿਲ ਰੇਟਿੰਗ ਮੁਤਾਬਕ, ਇਨ੍ਹਾਂ ਭਲਾਈ ਯੋਜਨਾਵਾਂ ਦੇ ਨਾਂਅ ’ਤੇ ਸੂਬਿਆਂ ਦਾ ਕੁੱਲ ਵਿੱਤੀ ਘਾਟਾ 1.1 ਲੱਖ ਕਰੋੜ ਰੁਪਏ ਹੋਣ ਦੀ ਉਮੀਦ ਹੈ। ਹਾਲਾਂਕਿ, ਪਿਛਲੇ ਕੁਝ ਸਾਲਾਂ ਵਿੱਚ, ਉੱਤਰੀ ਭਾਰਤ ਵਿੱਚ ਸਿਆਸੀ ਪਾਰਟੀਆਂ ਸਿੱਧੇ ਖਾਤਿਆਂ ਵਿੱਚ ਪੈਸੇ ਭੇਜਣ ਦੀ ਗੱਲ ਕਰ ਰਹੀਆਂ ਹਨ ਤੇ ਉਦੋਂ ਤੋਂ ਹੀ ਵਿੱਤੀ ਬੋਝ ਵਧਿਆ ਹੈ।

ਹਾਲਾਂਕਿ, ਦੱਖਣੀ ਭਾਰਤ ਦੇ ਰਾਜਾਂ ਵਿੱਚ ਮੁਫ਼ਤ ਸਾੜੀਆਂ, ਕੰਬਲ, ਸਿਲਾਈ ਮਸ਼ੀਨਾਂ, ਮਿਕਸਰ, ਟੀ.ਵੀ., ਸਾਈਕਲ ਅਤੇ ਲੈਪਟਾਪ, ਖਾਸ ਤੌਰ ’ਤੇ ਔਰਤਾਂ ਨੂੰ ਮੁਫ਼ਤ ਦੇਣ ਦੀ ਸ਼ੁਰੂਆਤ ਹੋਈ। ਪਰ ਫ਼ਿਰ ਵੀ ਇਸ ਨੂੰ ਪ੍ਰਤੱਖ ਅਤੇ ਅਸਿੱਧੇ ਪੂੰਜੀਗਤ ਖ਼ਰਚਿਆਂ ਅਧੀਨ ਮੰਨਿਆ ਜਾਂਦਾ ਸੀ ਤਾਂ ਜੋ ਸਥਾਨਕ ਉਦਯੋਗ ਨੂੰ ਉਤਪਾਦਨ ਦੇ ਆਰਡਰ ਮਿਲ ਸਕਣ ਅਤੇ ਉਥੋਂ ਦੇ ਲੋਕਾਂ ਨੂੰ ਰੁਜ਼ਗਾਰ ਦੇ ਮੌਕੇ ਵੀ ਮਿਲ ਸਕਣ ਪਰ ਬਦਲਦੇ ਸਮੇਂ ਨਾਲ ਮਾਲ ਦੀ ਥਾਂ ਪੈਸੇ ਵੰਡਣ ਦਾ ਰੁਝਾਨ ਨੁਕਸਾਨਦਾਇਕ ਹੋ ਗਿਆ ਹੈ।

ਇਸ ਸਥਿਤੀ ਵਿੱਚ ਹਰ ਸਿਆਸੀ ਪਾਰਟੀ ਨੂੰ ਸਮੇਂ ਸਿਰ ਇਹ ਸਮਝਣਾ ਪਵੇਗਾ ਕਿ ਦੇਸ਼ ਦੇ ਵਿਕਾਸ ਲਈ ਆਤਮ-ਨਿਰਭਰ ਔਰਤਾਂ ਦੀ ਗਿਣਤੀ ਵਧਾਉਣੀ ਪਵੇਗੀ, ਨਾ ਕਿ ਔਰਤਾਂ ’ਤੇ ਨਿਰਭਰ ਵਰਗ ਦੀ। ਸਮਾਜ ਵਿੱਚ ਔਰਤਾਂ ਦੇ ਸਾਹਮਣੇ ਸਭ ਤੋਂ ਵੱਡੀ ਚੁਣੌਤੀ ਆਰਥਿਕ ਤੌਰ ’ਤੇ ਸਮਰੱਥ ਨਾ ਹੋਣਾ ਹੈ ਜਿਸ ਦਾ ਮੁੱਖ ਕਾਰਨ ਸਿੱਖਿਆ ਦੀ ਘਾਟ ਅਤੇ ਘੱਟ ਮੌਕੇ ਹਨ। ਭਾਵੇਂ ਸਕੂਲਾਂ ਅਤੇ ਕਾਲਜਾਂ ਵਿੱਚ ਵਿੱਦਿਅਕ ਮਾਹੌਲ ਮੁਹੱਈਆ ਕਰਵਾਇਆ ਜਾ ਰਿਹਾ ਹੈ ਪਰ ਉੱਚ ਹੁਨਰੀ ਸਿੱਖਿਆ ਵਿੱਚ ਔਰਤਾਂ ਦਾ ਪੱਧਰ ਬਹੁਤ ਨੀਵਾਂ ਹੈ।

ਵਿਸ਼ਵ ਬੈਂਕ ਦੀ ਤਾਜ਼ਾ ਰਿਪੋਰਟ ਐਜੂਕੇਸ਼ਨ, ਸੋਸ਼ਲ ਨੋਰਮਜ਼ ਐਂਡ ਮੈਰਿਜ ਪੈਨਲਟੀ ਅਨੁਸਾਰ ਭਾਰਤ ਵਿੱਚ 13 ਤੋਂ 14 ਫ਼ੀਸਦੀ ਹੁਨਰਮੰਦ ਔਰਤਾਂ ਵਿਆਹ ਤੋਂ ਬਾਅਦ ਨੌਕਰੀ ਛੱਡ ਦਿੰਦੀਆਂ ਹਨ, ਜਦਕਿ ਪਿੰਡਾਂ ਵਿੱਚ ਔਰਤਾਂ ਕੋਲ ਹੁਨਰ ਸਿੱਖਿਆ ਦੇ ਬਹੁਤ ਘੱਟ ਜਾਂ ਕੋਈ ਮੌਕੇ ਨਹੀਂ ਹਨ। ਜੇਕਰ ਸਾਡੇ ਸਮਾਜ ਦੀਆਂ ਕਦਰਾਂ-ਕੀਮਤਾਂ ਬਰਾਬਰ ਮੌਕੇ ਦੀਆਂ ਸਥਿਤੀਆਂ ਪੈਦਾ ਕਰਦੀਆਂ ਹਨ ਤਾਂ ਵਿਸ਼ਵਾਸ ਕਰੋ, ਜ਼ਮੀਨੀ ਪੱਧਰ ’ਤੇ ਔਰਤਾਂ ਨੂੰ ਮੁਫ਼ਤ ਹੈਂਡਆਊਟ ਵੰਡਣ ਦੀ ਲੋੜ ਨਹੀਂ ਪਵੇਗੀ। ਇਸ ਨੁਕਤੇ ਨੂੰ ਮਜ਼ਬੂਤ ਕਰਨ ਲਈ ਵਰਲਡ ਇਕੋਨਾਮਿਕ ਫ਼ੋਰਮ ਨੇ ਹਾਲ ਹੀ ਵਿੱਚ ਸਾਲ 2024 ਲਈ ਗਲੋਬਲ ਜੈਂਡਰ ਗੈਪ ਰਿਪੋਰਟ ਪ੍ਰਕਾਸ਼ਿਤ ਕੀਤੀ ਹੈ।

ਇਸ ਰਿਪੋਰਟ ਦੇ ਮੁਤਾਬਕ ਭਾਰਤ 146 ਦੇਸ਼ਾਂ ਵਿੱਚੋਂ 129ਵੇਂ ਸਥਾਨ ’ਤੇ ਹੈ। ਜਿਸ ਵਿੱਚ ਰਾਜਨੀਤਿਕ ਸਸ਼ਕਤੀਕਰਨ (77.5%), ਆਰਥਿਕ ਭਾਗੀਦਾਰੀ ਅਤੇ ਮੌਕਿਆਂ (39.5%) ਦੇ ਮਾਮਲਿਆਂ ਵਿੱਚ ਲਿੰਗ ਅੰਤਰ ਸਭ ਤੋਂ ਵੱਧ ਹੈ। ਜ਼ਮੀਨੀ ਪੱਧਰ ’ਤੇ ਸਥਿਤੀ ਇੰਨੀ ਖ਼ਰਾਬ ਹੈ ਕਿ ਦੇਸ਼ ਨੂੰ ਪੂਰਨ ਲਿੰਗੀ ਸਮਾਨਤਾ ਹਾਸਲ ਕਰਨ ਲਈ 134 ਸਾਲ ਲੱਗ ਜਾਣਗੇ।

ਕੋਈ ਵੀ ਸਿਆਸੀ ਪਾਰਟੀ ਜਾਂ ਗਿਆਨਵਾਨ ਸਮਾਜ ਕਦੋਂ ਤੱਕ ਮੁੱਖ ਸਮੱਸਿਆਵਾਂ ਤੋਂ ਅੰਨ੍ਹਾ ਬਣਿਆ ਰਹੇਗਾ ? ਭਾਵੇਂ ਲੱਖਪਤੀ ਦੀਦੀ ਵਰਗੀਆਂ ਕਈ ਸਕੀਮਾਂ ਸਰਕਾਰਾਂ ਵੱਲੋਂ ਸ਼ੁਰੂ ਕੀਤੀਆਂ ਗਈਆਂ ਹਨ ਪਰ ਇਨ੍ਹਾਂ ਦਾ ਲਾਭ ਉਦੋਂ ਹੀ ਲਿਆ ਜਾ ਸਕਦਾ ਹੈ ਜਦੋਂ ਔਰਤਾਂ ਨੂੰ ਬਾਜ਼ਾਰ ਦੀ ਮੰਗ ਅਨੁਸਾਰ ਹੁਨਰ ਦਾ ਗਿਆਨ ਹੋਵੇ।

ਹਰ ਪਿੰਡ ਵਿੱਚ ਹੁਨਰ ਕੇਂਦਰ ਖੋਲ੍ਹਣ ਦੀ ਲੋੜ ਹੈ ਅਤੇ ਪੰਚਾਇਤ ਰਾਹੀਂ ਹਰ ਪਿੰਡ ਦੀਆਂ ਔਰਤਾਂ ਨੂੰ ਸਿਖਲਾਈ ਦੇਣੀ ਯਕੀਨੀ ਬਣਾਉਣੀ ਲਾਜ਼ਮੀ ਹੈ। ਕਿਉਂਕਿ ਜਿੱਥੇ ਔਰਤਾਂ ਸੋਸ਼ਲ ਮੀਡੀਆ ਰਾਹੀਂ ਹਰ ਕੋਨੇ ਤੋਂ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕਰਨ ਵਿੱਚ ਮਾਹਰ ਹਨ ਉੱਥੇ ਉਹ ਆਪਣੇ ਹੁਨਰ ਅਤੇ ਗਿਆਨ ਨਾਲ ਦੇਸ਼ ਨੂੰ ਅੱਗੇ ਲਿਜਾਣ ਵਿੱਚ ਪਿੱਛੇ ਨਹੀਂ ਹਟਣਗੀਆਂ। ਬੱਸ ਇੱਛਾ-ਸ਼ਕਤੀ ਦੀ ਲੋੜ ਹੈ। ਮੁਫ਼ਤ ਵੰਡਣ ਕਾਰਨ ਖੂਹ ਵੀ ਸੁੱਕ ਜਾਂਦੇ ਹਨ। ਜਾਗੋ, ਸਿਰਫ਼ ਸਰਕਾਰ ਹੀ ਨਹੀਂ ਹਰ ਕੋਈ ਹੱਸ ਰਿਹਾ ਹੈ।

# ਯੂਕ੍ਰੇਨ ਜੰਗ ਪ੍ਰਤੀ ਅਮਰੀਕੀ ਨੀਤੀ ’ਚ ਬਦਲਾਅ

ਮਨਦੀਪ

ਕੁੱਲ ਸੰਸਾਰ ਨੂੰ ਬੀਤੇ ਕੁਝ ਸਾਲਾਂ ’ਚ ਕਰੋਨਾ ਮਹਾਮਾਰੀ, ਰੂਸ-ਯੂਕ੍ਰੇਨ ਤੇ ਇਜ਼ਰਾਈਲ-ਫ਼ਲਸਤੀਨ ਜੰਗ ਅਤੇ ਅਮਰੀਕਾ-ਚੀਨ ਵਪਾਰਕ ਜੰਗ ਨੇ ਆਰਥਿਕ-ਸਮਾਜਿਕ ਤੌਰ ’ਤੇ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਵਿਸ਼ਵਵਿਆਪੀ ਪੱਧਰ ’ਤੇ ਵਧਦੀ ਮਹਿੰਗਾਈ, ਰਾਜਨੀਤਕ ਅਸਥਿਰਤਾ, ਜੰਗੀ ਤਣਾਅ, ਪਰਵਾਸ ਸੰਕਟ, ਲਗਾਤਾਰ ਨਿਘਾਰ ਵੱਲ ਜਾ ਰਿਹਾ ਗਲੋਬਲ ਅਰਥਚਾਰਾ ਆਦਿ ਅਲਾਮਤਾਂ ਨੇ ਕੁੱਲ ਆਲਮ ਨੂੰ ਆਪਣੇ ਕਲਾਵੇ ਵਿੱਚ ਲੈ ਲਿਆ ਹੈ। ਸੰਸਾਰ ਦੀਆਂ ਵੱਡੀਆਂ ਸਾਮਰਾਜੀ ਤਾਕਤਾਂ ਦੀ ਵਰਤਮਾਨ ਦੋ ਜੰਗਾਂ (ਯੂਕ੍ਰੇਨ, ਇਜ਼ਰਾਇਲ) ਤੇ ਵਪਾਰਕ ਜੰਗ ਦੁਆਲੇ ਹੋ ਰਹੀ ਕਤਾਰਬੰਦੀ ਨਵੀਂ ਵਿਸ਼ਵ ਵਿਵਸਥਾ ’ਚ ਹਲਚਲ ਵਧਾ ਰਹੀ ਹੈ। ਅਮਰੀਕੀ ਸਾਮਰਾਜ ਵੱਲੋਂ ਟਰੰਪ ਪ੍ਰਸ਼ਾਸਨ ਹੇਠ ਅਪਣਾਈਆਂ ਜਾ ਰਹੀਆਂ ਨਵੀਆਂ ਪੈਂਤੜੇਬਾਜ਼ੀਆਂ ਸੰਸਾਰ ਭਰ ਦੇ ਆਰਥਿਕ-ਸਿਆਸੀ ਮਾਹਿਰਾਂ-ਵਿਸ਼ਲੇਸ਼ਕਾਂ ਨੂੰ ਅਚੰਭੇ ਵਿੱਚ ਪਾ ਰਹੀਆਂ ਹਨ। ਅਮਰੀਕਾ ਅੰਦਰ ਟਰੰਪ-ਜ਼ੇਲੈਂਸਕੀ ਮਿਲਣੀ ਦੀ ਅਸਫ਼ਲਤਾ ਤੋਂ ਬਾਅਦ ਵਿਸ਼ਵ ਭੂ-ਰਾਜਨੀਤੀ ’ਚ ਆਏ ਭੂਚਾਲ ਕਾਰਨ ਵੱਖ- ਵੱਖ ਤਰ੍ਹਾਂ ਦੀਆਂ ਕਿਆਸਅਰਾਈਆਂ ਹੋਰ ਤੀਬਰ ਹੋ ਗਈਆਂ ਹਨ।

ਟਰੰਪ ਵੱਲੋਂ ਆਪਣੇ ਮੇਜ਼ਬਾਨ ਯੂਕ੍ਰੇਨੀ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੈਂਸਕੀ ਨੂੰ ਓਵਲ ਦਫ਼ਤਰ ਸੱਦਕੇ ਮੀਡੀਆ ਜ਼ਰੀਏ ਸੰਸਾਰ ਸਾਹਮਣੇ ਬੇਇਜ਼ਤ ਕਰਨਾ ਇੱਕ ਇਤਿਹਾਸਕ ਘਟਨਾ ਬਣ ਗਈ ਹੈ। ਜ਼ੇਲੈਂਸਕੀ ਨੂੰ ਵਾਈਟ ਹਾਊਸ ਦੀ ਗਰਿਮਾ ਮੁਤਾਬਕ ਵਧੀਆ ਡਰੈੱਸ ਨਾ ਪਾਉਣ ’ਤੇ ਤਨਜ਼ ਕਸਣਾ ਉਸ ਨਾਲ ਬਦਸਲੂਕੀ ਕਰਨ ਬਰਾਬਰ ਸੀ। ਜੰਗ ਰੋਕਣ ਲਈ ਯੂਕ੍ਰੇਨ ਦੀ ਰੂਸ ਤੋਂ ‘ਸੁਰੱਖਿਆ ਗਾਰੰਟੀ’ ਦਾ ਅਮਰੀਕੀ ਵਾਅਦਾ ਅਤੇ ਇਵਜ਼ਾਨੇ ਵਿੱਚ ਅਮਰੀਕਾ ਦੀ ਯੂਕ੍ਰੇਨ ਦੇ ਬੇਸ਼ਕੀਮਤੀ ਖਣਿਜ ਸਰੋਤਾਂ (ਮਾਈਕ੍ਰੋਚਿੱਪਾਂ ਤੇ ਨਵੀਨ ਤਕਨਾਲੋਜੀ ਲਈ ਧਰਤੀ ਦੇ ਦੁਰਲੱਭ ਖਣਿਜ਼) ਵਿੱਚ ਹਿੱਸੇਦਾਰੀ ਸੌਦੇ ਦੇ ਦੋ ਮੁੱਖ ਨੁਕਤੇ ਸਨ। ਇਹ ਸੌਦਾ ਯੂਕ੍ਰੇਨ ਨੂੰ ਜੰਗ ਵਿੱਚ ਹੁਣ ਤੱਕ ਦਿੱਤੀ ਗਈ ਅਮਰੀਕੀ ਸਹਾਇਤਾ ਦੀ ਅਦਾਇਗੀ ਦੇ ਸਿੱਟੇ ਵਜੋਂ ਹੋਣਾ ਸੀ। ਪਰੰਤੂ, ਜ਼ੇਲੈਂਸਕੀ ਦੀ ਪੂਤਿਨ ਉੱਤੇ ਬੇਭਰੋਸਗੀ ਅਤੇ ਅਮਰੀਕਾ ਵੱਲੋਂ ਜ਼ੇਲੈਂਸਕੀ ਦੇ ਨਿਰਾਦਰ ਨਾਲ ਇਹ ਸੌਦਾ ਵਿਚਾਲੇ ਟੁੱਟ ਗਿਆ। ਮਿਲਣੀ ਤੋਂ ਪਹਿਲਾਂ ਜ਼ੇਲੈਂਸਕੀ ਨੂੰ ਟਰੰਪ ਵੱਲੋਂ ਤਾਨਾਸ਼ਾਹ ਕਹਿਣਾ ਅਤੇ ਫ਼ਿਰ ਮੀਡੀਆ ਸਾਹਮਣੇ ਉਸਨੂੰ ਤੀਜੀ ਸੰਸਾਰ ਜੰਗ ਲਈ ਜ਼ਿੰਮੇਵਾਰ ਕਰਾਰ ਦੇਣਾ ਸਿੱਧੇ-ਅਸਿੱਧੇ ਤੌਰ ਤੇ ਯੂਕ੍ਰੇਨ ਸਮੇਤ ਟ੍ਰਾਂਸਅਟਲਾਂਟਿਕ ਗੱਠਜੋੜ (ਅਮਰੀਕਾ, ਨਾਟੋ, ਯੂਰੋਪੀਅਨ ਯੂਨੀਅਨ) ਦੇ ਵਿਰੁੱਧ ਅਤੇ ਰੂਸ ਦੇ ਪੱਖ ਵਿੱਚ ਭੁਗਤਣ ਵਾਲਾ ਬਿਆਨ ਸੀ। ਮੀਟਿੰਗ ਦੀ ਅਸਫ਼ਲਤਾ ਬਾਅਦ ਟਰੰਪ ਵੱਲੋਂ ਕੀਵ ’ਤੇ ਜੰਗਬੰਦੀ ਲਈ ਦਬਾਅ ਵਧਾਉਣ ਲਈ ਯੂਕ੍ਰੇਨ ਨੂੰ ਦਿੱਤੀ ਜਾਣ ਵਾਲੀ ਅਮਰੀਕੀ ਫ਼ੌਜੀ, ਖ਼ੁਫ਼ੀਆ ਤੇ ਵਿੱਤੀ ਸਹਾਇਤਾ ’ਤੇ ਰੋਕ ਲਗਾਉਣ ਅਤੇ ਰੂਸ ਉੱਤੇ ਪੱਛਮੀ ਪਾਬੰਦੀਆਂ ਨੂੰ ਘਟਾਉਣ ਦੇ ਬਿਆਨ ਨਾਲ ਟਰੰਪ ਉੱਤੇ ਰੂਸ ਦਾ ਜਾਸੂਸ ਹੋਣ ਦੇ ਕਈ ‘ਸਾਜ਼ਿਸ਼ੀ ਸਿਧਾਂਤਾਂ’ ਦਾ ਬਾਜ਼ਾਰ ਗਰਮ ਹੋ ਗਿਆ ਹੈ। ਨਾ ਤਾਂ ਅਮਰੀਕਾ ਸ਼ਾਂਤੀ ਦਾ ਪੁਜਾਰੀ ਹੈ ਤੇ ਨਾ ਹੀ ਟਰੰਪ ਜੰਗਬੰਦੀ ਦੀ ਲੜਾਈ ਲੜਨ ਵਾਲਾ ਸ਼ਾਂਤੀਦੂਤ। ਸ਼ਾਂਤੀ ਬਹਾਨੇ ਇਹ ਸਮਝੌਤਾ ਯੂਕਰੇਨ ਦੇ ਬੇਸ਼ਕੀਮਤੀ ਸਰੋਤਾਂ ’ਤੇ ਕਬਜ਼ੇ, ਯੂਕ੍ਰੇਨ ਅੰਦਰ ਨਵ-ਉਦਾਰਵਾਦੀ ਨੀਤੀਆਂ ਦੇ ਮਾਡਲ ਦਾ ਰਾਹ ਹੋਰ ਵੱਧ ਪੱਧਰਾ ਕਰਨ ਅਤੇ ਜੰਗ ਦਾ ਮੁਹਾਣ ਰੂਸ ਵੱਲੋਂ ਮੋੜ ਕੇ ਮੁੱਖ ਦੁਸ਼ਮਣ ਚੀਨ ਵੱਲ ਕਰਨ ਲਈ ਸੀ। ਅਮਰੀਕੀ ਸਾਮਰਾਜੀ ਦਬਦਬੇ ਲਈ ਅੱਜ ਸਭ ਤੋਂ ਵੱਡੀ ਚੁਣੌਤੀ ਚੀਨ ਹੈ।



ਉਧਰ, ਵਾਈਟ ਹਾਊਸ ਤੋਂ ਬੇਆਬਰੂ ਹੋ ਕੇ ਪਰਤੇ ਜ਼ੇਲੈਂਸਕੀ ਨੂੰ ਫ਼ਰਾਂਸ, ਬ੍ਰਿਟੇਨ ਸਮੇਤ ਯੂਰੋਪੀਅਨ ਮੁਲਕਾਂ ਦਾ ਥਾਪੜਾ ਪ੍ਰਾਪਤ ਹੋ ਰਿਹਾ ਹੈ। ਟਰੰਪ ਵੱਲੋਂ ਪੱਛਮੀ ਯੂਰੋਪੀ ਭਾਈਵਾਲਾਂ ਨੂੰ ਦਰਕਿਨਾਰ ਕਰਕੇ ਰੂਸ-ਯੂਕ੍ਰੇਨ ਜੰਗਬੰਦੀ ਦੀ ਸਾਲਸੀ ਵਿੱਚੋਂ ਯੂਕ੍ਰੇਨ ਨਾਲ ਇਕੱਲਿਆਂ 500 ਅਰਬ ਡਾਲਰ ਦੇ ਖਣਿਜ ਸਮਝੌਤੇ ਕਰਨ ਦੀ ਮਸ਼ਕ ਫ਼ਿਲਹਾਲ ਅਧੂਰੀ ਰਹਿ ਗਈ ਹੈ। ਹੁਣ ਜੰਗ ਪ੍ਰਤੀ ਅਮਰੀਕੀ ਨੀਤੀ ਵਿੱਚ ਆਏ ਵੱਡੇ ਬਦਲਾਅ ਕਾਰਨ ਪੁੱਠੀ ਪਈ ਬਾਜ਼ੀ ’ਚੋਂ ਯੂਰੋਪੀਅਨ ਮੁਲਕ ਸ਼ਾਂਤੀ ਯੋਜਨਾ ਦਾ ਸਿਹਰਾ ਆਪਣੇ ਸਿਰ ਬੰਨ੍ਹਕੇ ਯੂਕ੍ਰੇਨੀਅਨ ਮੰਡੀ ਵਿੱਚੋਂ ਹਿੱਸੇ-ਪੱਤੀ ਲਈ ਉਤਾਵਲੇ ਹੋ ਰਹੇ ਹਨ। ਕਿੰਗ ਚਾਰਲਸ ਨਾਲ ਜ਼ੇਲੈਂਸਕੀ ਦੀ ਮਿਲਣੀ ’ਤੇ ਯੂਕ੍ਰੇਨ ਦੀ ਸਰਬਸੱਤਾ ਲਈ ਲੰਡਨ ਵਿੱਚ ਹੋਏ ਸਿਖਰ ਸੰਮੇਲਨ ਵਿੱਚ 18 ਯੂਰੋਪੀ ਮੁਲਕਾਂ ਨੇ ਯੂਕ੍ਰੇਨ ਨੂੰ ਫ਼ੌਜੀ ਤੇ ਵਿੱਤੀ ਸਹਾਇਤਾ ਦੇਣ ਦੀ ਵਚਨਵੱਧਤਾ ਦਿਖਾਈ ਹੈ ਅਤੇ ਇੰਗਲੈਂਡ ਨੇ 1.6 ਅਰਬ ਪੌਂਡ ਦੀਆਂ 5,000 ਹਵਾਈ ਰੱਖਿਆ ਮਿਜ਼ਾਈਲਾਂ ਦੀ ਸਪਲਾਈ ਦੇ ਸਮਝੌਤੇ ਦਾ ਐਲਾਨ ਕੀਤਾ ਹੈ। ਦੁਨੀਆਂ ਦੀਆਂ ਵੱਡੀਆਂ ਸਾਮਰਾਜੀ ਤਾਕਤਾਂ ਦੀ ਆਪਸੀ ਖਿੱਚੋਤਾਣ ਦਾ ਕੇਂਦਰ ਬਣੀ ਯੂਕ੍ਰੇਨ ਜੰਗ ਦਾ ਦਾਰੋਮਦਾਰ ਬਹੁ-ਪਸਾਰੀ ਹੈ। ਇਸ ਯੁੱਧ ਵਿੱਚ ਸਿੱਧੇ-ਅਸਿੱਧੇ ਤੌਰ ’ਤੇ ਸ਼ਾਮਲ ਤਾਕਤਾਂ ’ਚੋਂ ਕਿਸੇ ਇੱਕ ਧਿਰ ਦੇ ਕੋਣ ਤੋਂ ਖੜ ਕੇ ਦੇਖਣ ਨਾਲ ਜੰਗ ਦੀ ਰਾਜਨੀਤਕ-ਆਰਥਿਕਤਾ ਨੂੰ ਨਹੀਂ ਸਮਝਿਆ ਜਾ ਸਕਦਾ। ਮਸਲਨ, ਜ਼ੇਲੈਂਸਕੀ ਦੇ ਸੰਦਰਭ ਵਿੱਚ ਇਹ ਧਾਰਨਾ ਕਿ ‘ਇੱਕ ਜੋਕਰ ਨੇ ਦੇਸ਼ ਡੋਬ ਦਿੱਤਾ’, ਜੰਗ ਦੇ ਕੁੱਲ ਪਹਿਲੂਆਂ ਦਾ ਸਧਾਰਨੀਕਰਨ ਕਰਨ ਤੇ ਜੰਗ ਵਿੱਚ ਸ਼ਾਮਲ ਵੱਡੀਆਂ ਬਾਹਰੀ ਤਾਕਤਾਂ ਦੀ ਭੂਮਿਕਾ ਨੂੰ ਮੇਸਣ ਜਾਂ ਘੱਟ ਕਰ ਕੇ ਆਂਕਣ ਬਰਾਬਰ ਹੈ। ਇਤਿਹਾਸਕ ਤੌਰ ’ਤੇ ਇਸ ਜੰਗ ਵਿੱਚ ਰੂਸ ਦੀ ਭੂਮਿਕਾ ਅਟੁੱਟ ਤੌਰ ’ਤੇ ਜੁੜੀ ਹੋਈ ਹੈ। ਸੋਵੀਅਤ ਯੂਨੀਅਨ ਦੇ ਢਹਿ-ਢੇਰੀ ਹੋਣ ਬਾਅਦ ਯੂਕ੍ਰੇਨ ਸਮੇਤ ਅਨੇਕਾਂ ਕੌਮੀਅਤਾਂ ਵੱਖ ਹੋ ਕੇ ਇੱਕ ਸੁਤੰਤਰ ਦੇਸ਼ ਵਜੋਂ ਹੋਂਦ ’ਚ ਆਈਆਂ ਸਨ। ਯੂਕ੍ਰੇਨ ਜੰਗ ਦੁਆਲੇ ਪੈਦਾ ਹੋਏ ਨਵੇਂ ਹਾਲਾਤਾਂ ਵਿੱਚੋਂ ਜਿੱਥੇ ਰੂਸ ਦੀ ਸਥਿਤੀ ਹੋਰ ਮਜ਼ਬੂਤ ਹੋਈ ਹੈ, ਉੱਥੇ ਦੂਜੇ ਪਾਸੇ ਚੀਨ ਜੰਗਾਂ ਤੋਂ ਲਾਂਭੇ ਰਹਿਕੇ ਆਪਣੇ ਵਪਾਰਕ ਹਿੱਤਾਂ ਲਈ ਸੰਸਾਰ ਮੰਡੀ ਵਿੱਚ ਲਗਾਤਾਰ ਮਜ਼ਬੂਤੀ ਨਾਲ ਪੈਰ ਪਸਾਰ ਰਿਹਾ ਹੈ। ਟਰੰਪ ਪ੍ਰਸ਼ਾਸ਼ਨ ਦੀ ਯੂਕ੍ਰੇਨ ਜੰਗ ਨੂੰ ਲੈ ਕੇ ਬਦਲੀ ਨੀਤੀ ਨਾਲ ਯੂਰੋਪ ਅੰਦਰ ਅਮਰੀਕੀ ਸਾਖ ਨੂੰ ਖੋਰਾ ਲੱਗਣਾ ਸ਼ੁਰੂ ਹੋ ਗਿਆ ਹੈ। ਅਮਰੀਕਾ ਵੱਲੋਂ ਨਾਟੋ ’ਚੋਂ ਬਾਹਰ ਆਉਣ, ਯੂ.ਐੱਸ. ਏਡ ਬੰਦ ਕਰਨ ਅਤੇ ਨਾਟੋ ਭਾਈਵਾਲਾਂ ਉੱਤੇ ਫ਼ੌਜੀ ਖਰਚ ਲਈ ਬਜਟ ਹੋਰ ਵਧਾਉਣ ਦਾ ਦਬਾਅ ਅਤੇ ਟੈਰਿਫ਼ ਨੂੰ ਲੈ ਕੇ ਯੂਰੋਪ, ਕੈਨੇਡਾ, ਮੈਕਸੀਕੋ, ਭਾਰਤ ਆਦਿ ਭਾਈਵਾਲਾਂ ਨਾਲ ਸ਼ੁਰੂ ਹੋਈ ਵਪਾਰਕ ਜੰਗ ਕਾਰਨ ਇਹਨਾਂ ਮੁਲਕਾਂ ਨੇ ਅਮਰੀਕਾ ਉੱਤੇ ਨਿਰਭਰਤਾ ਘਟਾਉਣ ਤੇ ਆਪਸੀ ਦੁਵੱਲੇ ਵਪਾਰਕ ਸਬੰਧਾਂ ਨੂੰ ਮਜ਼ਬੂਤ ਕਰਨ ਦੇ ਯਤਨ ਤੇਜ਼ ਕਰ ਦਿੱਤੇ ਹਨ। ਇਸ ਨਾਲ ਯੂਰੋ ਜ਼ੋਨ ਅਤੇ ਬ੍ਰਿਕਸ ਦੇਸ਼ਾਂ ਵਿਚਕਾਰ ਆਪਸੀ ਤਾਲਮੇਲ ਵਧ ਰਿਹਾ ਹੈ। ਚੀਨ, ਰੂਸ, ਯੂਰੋਪੀਅਨ ਯੂਨੀਅਨ, ਬ੍ਰਿਕਸ ਤੇ ਅਮਰੀਕੀ ਸਾਮਰਾਜ ਵਿਰੋਧੀ ਲਾਤੀਨੀ ਮੁਲਕਾਂ ਦੀ ਅਮਰੀਕਾ ਖ਼ਿਲਾਫ਼ ਵਧਦੀ ਬੇਭਰੋਸਗੀ ਅਮਰੀਕੀ ਸਾਮਰਾਜ ਲਈ ਖਤਰੇ ਦੀ ਘੰਟੀ ਹੈ।

# ਨਸ਼ਾ ਮੁਕਤ ਪੰਜਾਬ ਹੋਂਦ ਵਿੱਚ ਕਿਵੇਂ ਆਵੇ ?



ਗੁਰਪ੍ਰੀਤ ਸਿੰਘ ਤੂਰ
ਸੀਨੀਅਰ ਪੁਲਿਸ ਅਫਸਰ

ਨਸ਼ਿਆਂ ਦੀ ਰੋਕਥਾਮ ਬਿਜਲੀ ਦਾ ਬੱਲਬ ਜਗਾਉਣ ਵਾਂਗ ਨਹੀਂ ਹੈ, ਇਸ ਅਲਾਮਤ ਦੀ ਹੋਂਦ ਮੱਸਿਆ ਦੀ ਕਾਲ਼ੀ-ਬੋਲ਼ੀ ਰਾਤ ਵਰਗੀ ਹੈ ।

ਨਸ਼ਿਆਂ ਵਿਰੁੱਧ ਮੌਜੂਦਾ ਯੁੱਧ 28 ਫਰਵਰੀ ਨੂੰ ਮੁੱਖ ਮੰਤਰੀ ਦੀ ਡਿਪਟੀ ਕਮਿਸ਼ਨਰਾਂ ਅਤੇ ਸੀਨੀਅਰ ਪੁਲਿਸ ਅਧਿਕਾਰੀਆਂ ਦੀ ਮੀਟਿੰਗ ਤੋਂ ਤੁਰਤ ਬਾਅਦ ਸ਼ੁਰੂ ਹੋਇਆ। ਅਜਿਹੇ ਵਿਸ਼ੇਸ਼ ਯਤਨ ਪਹਿਲੀ ਵਾਰ 2014 ਦੀਆਂ ਲੋਕ ਸਭਾ ਚੋਣਾਂ ਤੋਂ ਬਾਅਦ ਪ੍ਰਾਂਤ ਵਿੱਚ ਰਾਜ ਕਰਦੀ ਪਾਰਟੀ ਦੀ ਮਾੜੀ ਕਾਰਗੁਜ਼ਾਰੀ ਤੋਂ ਸ਼ੁਰੂ ਹੋਏ ਸਨ। 2017 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਸੰਭਾਵੀ ਜੇਤੂ ਪਾਰਟੀ ਮੁਖੀ ਨੇ ਮਾਲਵੇ ਦੀ ਇੱਕ ਭਰਵੀਂ ਰੈਲੀ ਦੀ ਸਟੇਜ ਤੋਂ ਵਾਅਦਾ ਕੀਤਾ ਕਿ, 'ਮੈਂ ਗੁਟਕਾ ਸਾਹਿਬ ਦੀ ਸਹੁੰ ਖਾਂਦਾ ਹਾਂ ਕਿ ਮੈਂ ਚਾਰ ਹਫ਼ਤਿਆਂ ਵਿੱਚ ਪੰਜਾਬ 'ਚੋਂ ਨਸ਼ੇ ਖ਼ਤਮ ਕਰ ਦਿਆਂਗਾ।" ਸਾਲ 2023 ਦੇ ਆਜ਼ਾਦੀ ਦਿਵਸ ਸਮਾਗਮ ਦੌਰਾਨ ਪਟਿਆਲਾ ਵਿਖੇ ਮੌਜੂਦਾ ਮੁੱਖ ਮੰਤਰੀ ਨੇ ਇੱਕ ਸਾਲ ਤੱਕ ਨਸ਼ਿਆਂ 'ਤੇ ਕਾਬੂ ਪਾ ਲੈਣ ਦਾ ਅਹਿਦ ਕੀਤਾ ਸੀ ।

ਅਜਿਹੇ ਵੱਡੇ ਯਤਨਾਂ ਦੇ ਬਾਵਜੂਦ 10-11 ਵਰ੍ਹਿਆਂ ਬਾਅਦ ਵੀ ਪ੍ਰਾਂਤ ਵਿੱਚ ਨਸ਼ਿਆਂ ਦੀ ਸਥਿਤੀ ਜਿਉਂ ਦੀ ਤਿਉਂ ਪ੍ਰਤੀਤ ਹੁੰਦੀ ਹੈ। ਨਸ਼ਿਆਂ ਦੀ ਰੋਕਥਾਮ ਵਿਰੁੱਧ ਯਤਨਾਂ ਦੀ ਸਾਰਥਕਤਾ ਵਿੱਚ ਵਾਧਾ ਅਤੇ ਗੰਭੀਰਤਾ ਦੇ ਬਾਵਜੂਦ ਨਸ਼ਿਆਂ ਦੀ ਵਰਤੋਂ ਨੂੰ ਠੱਲ੍ਹ ਨਹੀਂ ਪਾਈ ਜਾ ਸਕੀ।

ਨਸ਼ਿਆਂ ਦੀਆਂ ਕਿਸਮਾਂ ਵਿੱਚ ਵੰਨ-ਸੁਵੰਨਤਾ ਆ ਗਈ ਹੈ ਅਤੇ ਨਸ਼ਿਆਂ ਦੀ ਸਪਲਾਈ ਦੇ ਰਸਤੇ ਬਦਲ ਗਏ ਹਨ ਲੇਕਿਨ ਨੌਜਵਾਨਾਂ 'ਤੇ ਨਸ਼ਿਆਂ ਦਾ ਕਹਿਰ ਜਾਰੀ ਹੈ। ਨਸ਼ਿਆਂ ਦੀ ਵੱਧ ਮਾਤਰਾ ਕਾਰਨ ਹੁੰਦੀਆਂ ਮੌਤਾਂ, ਨਸ਼ਿਆਂ ਦੀ ਬੇਰੋਕ-ਟੋਕ ਸਪਲਾਈ ਦਾ ਸਪਸ਼ਟ ਸੰਕੇਤ ਹਨ।

ਅਜਿਹੀਆਂ ਮੌਤਾਂ ਭੂਚਾਲ ਦੇ ਕੇਂਦਰ-ਬਿੰਦੂ ਵਾਂਗ ਉਸ ਸਥਾਨ ਦੀ ਪਹਿਚਾਣ ਕਰਦੀਆਂ ਹਨ, ਜਿੱਥੇ ਨਸ਼ਿਆਂ ਦਾ ਪ੍ਰਭਾਵ ਬਹੁਤ ਗਹਿਰਾ ਹੁੰਦਾ ਹੈ। ਦਰਅਸਲ, ਹੈਰੋਇਨ ਤੇ ਚਿੱਟੇ ਵਰਗੇ ਨਸ਼ਿਆਂ ਵਿੱਚ ਰਸਾਇਣ ਦੀ ਘਣਤਾ ਦੀ ਕੋਈ ਗਿਣੀ-ਮਿੱਥੀ ਮਾਤਰਾ ਨਹੀਂ ਹੁੰਦੀ ਜਿਵੇਂ ਕਿ ਦਵਾਈਆਂ ਵਿੱਚ ਰਸਾਇਣਾਂ ਦੀ 5 ਜਾਂ 10 ਮਿਲੀਗ੍ਰਾਮ ਦੀ ਨਿਸ਼ਚਿਤ ਮਾਤਰਾ ਹੁੰਦੀ ਹੈ। ਅਚਾਨਕ ਵੱਧ ਮਾਤਰਾ ਵਾਲੇ ਨਸ਼ੇ ਦੀ ਵਰਤੋਂ ਜਾਨਲੇਵਾ ਸਾਬਤ ਹੁੰਦੀ ਹੈ। ਵਿਦੇਸ਼ੋਂ ਪਰਤੇ ਕਈ ਨੌਜਵਾਨ ਵੀ ਅਜਿਹੇ ਨਸ਼ਿਆਂ ਦੀ ਵਰਤੋਂ ਕਰਦਿਆਂ ਓਵਰਡੋਜ਼ ਕਾਰਨ ਮੌਤ ਦਾ ਸ਼ਿਕਾਰ ਹੁੰਦੇ ਵੇਖੇ ਗਏ ਹਨ।

ਨਸ਼ਿਆਂ ਕਾਰਨ ਹੁੰਦੀਆਂ ਮੌਤਾਂ ਦੇ ਅੰਕੜੇ ਵੀ ਅਸਲੀਅਤ ਤੋਂ ਘੱਟ ਹੁੰਦੇ ਹਨ। ਅਕਸਰ ਮਾਪੇ ਇਸ ਦੁਖਾਂਤ ਨੂੰ ਲੁਕਾਉਣਾ ਚਾਹੁੰਦੇ ਹਨ। ਨਸ਼ਾ ਛੱਡਣ ਲਈ ਜੱਦੋ-ਜਹਿਦ ਕਰਨ ਵਾਲਾ ਵਿਅਕਤੀ ਨਸ਼ੇ ਦੀ ਤੋੜ ਨਾ ਸਹਾਰਦਿਆਂ ਅਚਾਨਕ ਨਸ਼ੇ ਦੀ ਓਵਰਡੋਜ਼ ਕਾਰਨ ਮੌਤ ਦਾ ਸ਼ਿਕਾਰ ਹੋ ਜਾਂਦਾ ਹੈ, ਅਜਿਹੀਆਂ ਮੌਤਾਂ ਨੂੰ ਓਵਰਡੋਜ਼ ਵਾਲੀਆਂ ਮੌਤਾਂ ਤੋਂ ਬਾਹਰ ਕੱਢ ਲਿਆ ਜਾਂਦਾ ਹੈ। ਕਿਤੇ ਸਿਸਟਮ ਵੀ ਚੁੱਪ ਧਾਰ ਲੈਂਦਾ ਹੈ।



ਸਪਲਾਈ ਨੂੰ ਰੋਕਣਾ, ਨਸ਼ਈ ਵਿਅਕਤੀ ਦਾ ਇਲਾਜ ਕਰਾਉਣਾ ਅਤੇ ਨਸ਼ਿਆਂ ਵਿਰੁੱਧ ਜਾਗ੍ਰਿਤੀ ਨਸ਼ਿਆਂ ਦੀ ਰੋਕਥਾਮ ਦੇ ਮੂਲ ਹੱਲ ਹਨ। ਲੰਮੇ ਸਮੇਂ ਤੋਂ ਪ੍ਰਾਂਤ ਵਿੱਚ ਇਹ ਪ੍ਰਸਥਿਤੀਆਂ ਜਿਉਂ ਦੀਆਂ ਤਿਉਂ ਹਨ। ਸਪਲਾਈ ਲਾਈਨ ਨੂੰ ਰੋਕਣਾ ਇੰਨਾ ਗੁੰਝਲਦਾਰ ਤੇ ਪੇਚੀਦਾ ਕਿਉਂ ਹੋ ਗਿਆ ਹੈ, ਨਸ਼ਿਆਂ ਦੀ ਰੋਕਥਾਮ ਲਈ ਇਹ ਇੱਕ ਅਹਿਮ ਸਵਾਲ ਹੈ। ਨਸ਼ਿਆਂ ਦੀ ਵੱਡੀ ਪੱਧਰ 'ਤੇ ਬਰਾਮਦਗੀ ਹੋਣ ਦੇ ਬਾਵਜੂਦ ਨਸ਼ਿਆਂ ਦਾ ਪ੍ਰਵਾਹ ਨਿਰੰਤਰ ਜਾਰੀ ਹੈ।

ਇਹ ਅਪ੍ਰੈਲ 2022 ਜਲੰਧਰ ਸ਼ਹਿਰ ਦੀ ਗੱਲ ਹੈ। ਦਿਨ ਢਲਦਿਆਂ ਹੀ ਮੋਬਾਈਲ ਫੋਨ, ਚੇਨੀਆਂ ਤੇ ਪਰਸ ਝਪਟਣ ਦੀਆਂ ਵਾਰਦਾਤਾਂ ਸ਼ੁਰੂ ਹੋ ਜਾਂਦੀਆਂ ਤੇ ਦੇਰ ਰਾਤ ਤੱਕ ਜਾਰੀ ਰਹਿੰਦੀਆਂ। ਇਹ ਸਾਡੇ ਲਈ ਗੰਭੀਰ ਚਿੰਤਾ ਦਾ ਵਿਸ਼ਾ ਸੀ। ਇੱਕ ਦਿਨ ਦੇ ਵੱਡੇ ਤੜਕੇ ਸ਼ਹਿਰ ਵਿਚੋਂ ਨਸ਼ੇ ਦੇ ਗੰਭੀਰ ਆਦੀ 15-20 ਵਿਅਕਤੀਆਂ ਨੂੰ ਇਕੱਠੇ ਕਰ ਲਿਆ ਗਿਆ। ਹਰ ਇੱਕ ਖ਼ਿਲਾਫ਼ ਨਸ਼ਿਆਂ ਦੇ ਪੰਜ-ਪੰਜ, ਸੱਤ-ਸੱਤ ਮੁਕੱਦਮੇ ਦਰਜ ਸਨ। ਕਈਆਂ ਦੇ ਘਰਾਂ ਵਿਚੋਂ ਮੋਬਾਈਲ ਫ਼ੋਨ ਤੇ ਖ਼ਾਲੀ ਪਰਸ ਮਿਲੇ। ਸਾਰਿਆਂ ਦੇ ਸਰੀਰ ਟੀਕੇ ਲਾ ਲਾ ਦਾਗੀ ਹੋਏ ਪਏ ਸਨ। ਉਨ੍ਹਾਂ ਵਿਚੋਂ ਤਿੰਨਾਂ ਦੀਆਂ ਬਾਹਵਾਂ ਤੋਂ ਗਿੱਟਿਆਂ ਤੱਕ ਸਰੀਰ ਦਾ ਅੰਗ-ਅੰਗ ਟੀਕਿਆਂ ਨਾਲ ਵਿੰਨ੍ਹਿਆ ਪਿਆ ਸੀ। ਉਸ ਦਿਨ ਤੋਂ ਹਫ਼ਤੇ ਤੱਕ ਝਪਟਣ ਦੀਆਂ ਘਟਨਾਵਾਂ ਨਾ-ਮਾਤਰ ਹੋਈਆਂ। ਹੌਲ਼ੀ-ਹੌਲ਼ੀ ਇਨ੍ਹਾਂ ਵਾਰਦਾਤਾਂ ਦਾ ਗ੍ਰਾਫ਼ ਫਿਰ ਵਧਣ ਲੱਗ ਪਿਆ। ਦਰਅਸਲ, ਨਸ਼ੇ ਦੇ ਪੱਕੇ ਆਦੀ ਨਸ਼ਿਆਂ ਦੀ ਸਪਲਾਈ ਲਾਈਨ ਟੁੱਟਣ ਨਹੀਂ ਦਿੰਦੇ।

ਪਰਦੇ ਪਿੱਛੇ ਕਈ ਹੋਰ ਕਾਰਨ ਨਸ਼ਿਆਂ ਦੀ ਰੋਕਥਾਮ ਲਈ ਵੱਡੇ ਅੜਿੱਕੇ ਹਨ। ਅਮੀਰ-ਗ਼ਰੀਬ ਵਿਚਕਾਰ ਨਿਰੰਤਰ ਵਧਦਾ ਫ਼ਾਸਲਾ ਅਤੇ ਸਮਾਜ ਦੇ ਕੁਝ ਵਰਗਾਂ ਵੱਲੋਂ ਨਸ਼ਿਆਂ ਦੇ ਵਪਾਰ ਨੂੰ ਮੋਟੀ ਕਮਾਈ ਵਾਲਾ ਧੰਦਾ ਸਮਝ ਕੇ ਜਾਰੀ ਰੱਖਣਾ ਨਸ਼ਿਆਂ ਦੀ ਰੋਕਥਾਮ ਲਈ ਅਣਦਿਸਦੇ ਤੇ ਵੱਡੇ ਕਾਰਨ ਹਨ। ਸ਼ਰਾਬ ਦਾ ਬਹੁਤ ਵੱਧ ਸੇਵਨ ਅਤੇ ਵਿਆਹਾਂ ਦੇ ਵੱਡੇ ਖ਼ਰਚੇ ਪੰਜਾਬ ਦੇ ਕੈਨਵਸ 'ਤੇ ਨਸ਼ਿਆਂ ਦਾ ਧਰਾਤਲ ਸਿਰਜਦੇ ਹਨ। ਇਹ ਲਗਭਗ 10 ਵਰ੍ਹੇ ਪੁਰਾਣੀ ਗੱਲ ਹੈ। ਇੱਕ ਨੌਜਵਾਨ ਸਮੈਕ ਦਾ ਨਸ਼ਾ ਕਰਦਾ ਪਾਇਆ ਗਿਆ। ਉਸ ਦੀ ਜੇਬ ਵਿੱਚ ਇੱਕ ਪੁੜੀ ਵੀ ਸੀ। ਮੁਹਤਬਰਾਂ ਤੇ ਮਾਪਿਆਂ ਵਾਸਤਾ ਪਾਇਆ ਕਿ ਅਸੀਂ ਇਸ ਦਾ ਇਲਾਜ ਕਰਵਾ ਦਿੰਦੇ ਹਾਂ । ਇਲਾਜ ਉਪਰੰਤ ਉਸਨੂੰ ਇੱਕ ਵਿਅਕਤੀ ਦੀ ਕਾਰ ਦਾ ਡਰਾਇਵਰ ਰਖਵਾ ਦਿੱਤਾ ਗਿਆ। ਉਸ ਨੂੰ ਮਾਣ ਦਿੰਦਿਆਂ ਮੈਂ ਕਿਹਾ,'ਜੇ ਤੇਰਾ ਕਦੇ ਨਸ਼ਾ ਕਰਨ ਨੂੰ ਦਿਲ ਕੀਤਾ ਤਾਂ ਪਹਿਲਾਂ ਮੇਰੇ ਨਾਲ ਫ਼ੋਨ 'ਤੇ ਗੱਲ ਕਰਨੀ।' ਸਿਆਲ ਦੀ ਇੱਕ ਵੱਡੀ ਰਾਤ ਉਸਦਾ ਫ਼ੋਨ ਆਇਆ। ਮੈਂ ਪੁੱਛਿਆ, 'ਨਸ਼ਾ ਕਰਨ ਨੂੰ ਦਿਲ ਕਰਦਾ ਹੈ? ਨਹੀ, ਉਸਨੇ ਉੱਤਰ ਦਿੱਤਾ। ਉਸਨੇ ਕਿਹਾ, 'ਇੱਕ ਸੋਚ ਮੈਨੂੰ ਸੌਣ ਨਹੀਂ ਦਿੰਦੀ। ਮੇਰਾ ਮਾਲਕ ਆਪਣੇ ਇੱਕ ਮਿੱਤਰ ਨਾਲ ਰਾਤ ਦੇ ਖਾਣੇ ਲਈ ਗਿਆ। ਉੱਠਦਾ ਹੋਇਆ ਉਹ ਬਿੱਲ ਅਗਲੀ ਸੀਟ 'ਤੇ ਭੁੱਲ ਗਿਆ। ਮੇਰੀ ਮਹੀਨੇ ਦੀ ਤਨਖ਼ਾਹ 5500 ਰੁਪਏ ਹੈ, ਜਦ ਕਿ ਉਨ੍ਹਾਂ ਦੋ ਜਣਿਆਂ ਦੇ ਇੱਕ ਵੇਲੇ ਦੇ ਖਾਣੇ ਦਾ ਬਿੱਲ 6500 ਰੁਪਏ ਹੈ। ਇੰਨਾ ਵੱਡਾ ਫ਼ਰਕ ਨੌਜਵਾਨਾਂ ਦਾ ਕਿਰਤ ਵਿੱਚ ਮਨ ਨਹੀਂ ਲੱਗਣ ਦਿੰਦਾ।

ਕਈ ਪਿੰਡਾਂ ਵਿੱਚ ਘਰਾਂ ਦੇ ਘਰ, ਪਰਿਵਾਰ ਦੇ ਸਾਰੇ ਮੈਂਬਰ ਹੀ ਨਸ਼ਾ ਵੇਚਣ ਦੇ ਧੰਦੇ ਵਿੱਚ ਪੈ ਗਏ ਹਨ। ਉਨ੍ਹਾਂ ਆਪਣੇ ਬੱਚਿਆਂ ਨੂੰ ਵੀ ਇਸ ਕਾਲੇ ਧੰਦੇ ਦਾ ਹਿੱਸਾ ਬਣਾ ਲਿਆ ਹੈ। ਲੁਧਿਆਣਾ ਨੇੜਲੇ ਇੱਕ ਪਿੰਡ ਦੀ ਔਰਤ ਨਸ਼ਿਆਂ ਦੀ ਬਰਾਮਦਗੀ ਸੰਬੰਧੀ ਗ੍ਰਿਫ਼ਤਾਰ (2008) ਕੀਤੀ ਗਈ। ਉਸ ਨੇ ਪੁੱਛਗਿੱਛ ਦੌਰਾਨ ਦੱਸਿਆ ਕਿ ਉਸ ਸਮੇਤ ਉਸ ਦੇ ਘਰ ਦੇ ਸੱਤ ਬਾਲਗ ਮੈਂਬਰ ਹਨ, ਜਿਨ੍ਹਾਂ ਵਿਚੋਂ ਚਾਰ ਉਸ ਸਮੇਂ ਨਸ਼ਿਆਂ ਦੇ ਮੁਕੱਦਮਿਆਂ ਕਾਰਨ ਜੇਲ੍ਹ ਵਿੱਚ ਸਨ।

ਇਹ ਸਾਲ 2012 ਫ਼ਰੀਦਕੋਟ ਜ਼ਿਲ੍ਹੇ ਦੀ ਘਟਨਾ ਹੈ। ਨਸ਼ਿਆਂ ਸੰਬੰਧੀ ਇੱਕ ਵਿਅਕਤੀ ਗ੍ਰਿਫ਼ਤਾਰ ਕੀਤਾ ਗਿਆ। ਜਦ ਪੁਲਿਸ ਨੇ ਉਸ ਦਾ ਖੁਰਾ ਖੋਜ ਭਾਲਿਆ ਤਾਂ ਪਤਾ ਲੱਗਾ ਕਿ ਉਹ ਫਾਜ਼ਿਲਕਾ ਜ਼ਿਲ੍ਹੇ ਦੇ ਜਲਾਲਾਬਾਦ ਨੇੜਲੇ ਪਿੰਡ ਦਾ ਰਹਿਣ ਵਾਲਾ ਹੈ। ਜਦ ਨਸ਼ਾ ਵੇਚਣ ਸੰਬੰਧੀ ਉਸ ਵਿਰੁੱਧ ਮੁਕੱਦਮਾ ਦਰਜ ਹੋਇਆ ਤਾਂ ਉਸ ਨੇ ਆਪਣਾ ਟਿਕਾਣਾ ਬਦਲ ਲਿਆ। ਇਹ ਪਿਛਲੇ 20 ਵਰ੍ਹਿਆਂ ਦੌਰਾਨ ਉਸਦਾ ਪੰਜਵਾਂ ਟਿਕਾਣਾ ਸੀ। ਉਸ ਸਮੇਂ ਉਸ ਦੇ ਦੋਵੇਂ ਲੜਕੇ ਵੀ ਨਸ਼ਿਆਂ ਦੇ ਮੁਕੱਦਮਿਆਂ ਅਧੀਨ ਜੇਲ੍ਹ ਵਿੱਚ ਬੰਦ ਸਨ। ਲਗਭਗ ਪੰਦਰਾਂ ਵਰ੍ਹੇ ਪੁਰਾਣੀ ਗੱਲ ਹੈ। ਆਪਣੇ ਘਰੋਂ ਚਾਲੀ ਕਿੱਲੋਮੀਟਰ ਦੂਰ ਕਾਲਜ ਪੜ੍ਹਦਾ ਇੱਕ ਨੌਜਵਾਨ ਨਸ਼ਿਆਂ ਦਾ ਆਦੀ ਹੋ ਗਿਆ। (ਬਾਕੀ ਸਫ਼ਾ 31 'ਤੇ)

# ਨਸ਼ੇ ਦੇ ਚੱਕਰਵਿਊ 'ਚ ਫ਼ਸੀਆਂ ਪੰਜਾਬ ਦੀਆਂ ਔਰਤਾਂ



ਮੋਹਨ ਸ਼ਰਮਾ

ਨਸ਼ੇ ਦੇ ਪ੍ਰਕੋਪ ਕਾਰਨ ਇੱਕ ਭੈਣ, ਧੀ ਤੇ ਇੱਕ ਮਾਂ ਦੇ ਰੂਪ ਵਿੱਚ ਔਰਤ ਸਭ ਤੋਂ ਵੱਧ ਪੀੜਤ ਹੈ। ਜਿਸ ਔਰਤ ਦਾ ਇਕਲੌਤਾ ਪੁੱਤ ਨਸ਼ਿਆਂ ਦੀ ਦਲਦਲ ਵਿੱਚ ਧਸ ਕੇ ਸਿਵਿਆਂ ਦੇ ਰਾਹ ਪਿਆ ਹੈ, ਉਸ ਦੀ ਮਾਨਸਿਕ, ਸਰੀਰਕ, ਆਰਥਿਕ ਅਤੇ ਪਰਿਵਾਰਕ ਹਾਲਤ ਕੱਖਾਂ ਤੋਂ ਹੌਲੀ ਅਤੇ ਪਾਣੀਓਂ ਪਤਲੀ ਹੁੰਦੀ ਹੈ। ਵਿਹੜੇ ਵਿੱਚ ਅਣ-ਵਿਆਹੇ ਨੌਜਵਾਨ ਦੀ ਲਾਸ਼ 'ਤੇ ਖ਼ੂਨ ਦੇ ਅੱਥਰੂ ਵਹਾਉਂਦਿਆਂ ਜਦੋਂ ਭੈਣ ਲਾਸ਼ ਬਣੇ ਵੀਰ ਦੇ ਚਿਹਰੇ 'ਤੇ ਸਿਹਰਾ ਬੰਨ੍ਹਦੀ ਹੈ, ਉਹ ਦਰਦਮਈ ਦ੍ਰਿਸ਼ ਪੱਥਰਾਂ ਨੂੰ ਵੀ ਰੁਆਉਣ ਵਾਲਾ ਹੁੰਦਾ ਹੈ।

ਜਦੋਂ ਨੌਵੀਂ-ਦਸਵੀਂ ਵਿੱਚ ਪੜ੍ਹਦੀ ਹੁਸ਼ਿਆਰ ਕੁੜੀ ਵਜ਼ੀਫ਼ੇ ਵਾਲੀ ਰਾਸ਼ੀ ਆਪਣੀ ਅਧਿਆਪਕਾ ਨੂੰ ਫੜਾਉਂਦੀ ਹੋਈ ਰੋਣਹਾਕੀ ਆਵਾਜ਼ ਵਿੱਚ ਕਹਿੰਦੀ ਹੈ, ਇਨ੍ਹਾਂ ਪੈਸਿਆਂ ਨੂੰ ਤੁਸੀਂ ਰੱਖ ਲਓ ਜੀ, ਜੇ ਮੈਂ ਘਰ ਲੈ ਗਈ ਤਾਂ ਬਾਪੂ ਨੇ ਮੈਥੋਂ ਖੋਹ ਕੇ ਇਨ੍ਹਾਂ ਪੈਸਿਆਂ ਨਾਲ ਨਸ਼ਾ ਡੱਫ ਲੈਣੈ।" ਅਜਿਹੀ ਸਥਿਤੀ ਵਿੱਚ ਨਸ਼ੇੜੀ ਬਾਪ ਕਾਰਨ ਧੀ ਆਪਣੀਆਂ ਰੀਝਾਂ ਨੂੰ ਛਿੱਕਲੀ ਪਾ ਕੇ ਰੱਖਦੀ ਹੈ। ਕਈ ਥਾਵਾਂ 'ਤੇ ਤਾਂ ਨਸ਼ੇੜੀਆਂ ਨੇ ਨਸ਼ਿਆਂ ਦਾ ਭੱਸ ਪੂਰਾ ਕਰਨ ਲਈ ਮਾਂ ਕੋਲੋਂ ਪੈਸੇ ਮੰਗਣ ਤੇ ਉਨ੍ਹਾਂ ਵੱਲੋਂ ਜਵਾਬ ਦੇਣ 'ਤੇ ਉਨ੍ਹਾਂ ਨੂੰ ਮੌਤ ਦੇ ਘਾਟ ਉਤਾਰਿਆ ਹੈ। ਵਿਆਹੀਆਂ-ਵਰ੍ਹੀਆਂ ਮੁਟਿਆਰਾਂ ਰੋ ਕੇ ਆਪਣੇ ਦੁੱਖ ਦਾ ਇੰਝ ਪ੍ਰਗਟਾਵਾ ਕਰਦੀਆਂ ਹਨ, ਪੇਕੀਂ ਭਰਾ ਤੋਂ ਰੱਖੜੀ ਬਨ੍ਹਾਉਣ ਜਾਂਦੀਆਂ ਹਾਂ, ਉਹ ਘਰੇ ਨਹੀਂ ਮਿਲਦਾ।

ਕਿਤੇ ਆਪਣੇ ਵਰਗੇ ਨਸ਼ੇੜੀਆਂ ਨਾਲ ਬਹਿ ਕੇ ਨਸ਼ੇ ਦੇ ਟੀਕੇ ਲਾ ਰਿਹਾ ਹੁੰਦੈ। ਦਰਾਣੀਆਂ-ਜੇਠਾਣੀਆਂ ਵਿਅੰਗ ਨਾਲ ਕਹਿੰਦੀਆਂ ਨੇ, ਆਪਣੇ ਭਰਾ ਨੂੰ ਗਲੀ ਵਿੱਚੋਂ ਚੁੱਕ ਲਿਆ। ਉਹਨੂੰ ਤਾਂ ਭੋਰਾ ਸੁਰਤ ਨਹੀਂ। ਇੰਝ ਸਹੁਰੇ ਰਹਿ ਕੇ ਵੀ ਨਸ਼ੇੜੀ ਭਰਾ ਕਾਰਨ ਨਮੋਸ਼ੀ ਝੱਲਣੀ ਪੈਂਦੀ ਹੈ। ਨਸ਼ੇੜੀਆਂ ਕਾਰਨ ਔਰਤ ਨਾ ਹੀ ਘਰ ਵਿੱਚ ਸੁਰੱਖਿਅਤ ਹੈ ਅਤੇ ਨਾ ਹੀ ਬਾਹਰ। ਪਰ ਦੂਜੇ ਪਾਸੇ ਅਜਿਹੇ ਬਹੁਤ ਸਾਰੇ ਕੇਸ ਸਾਹਮਣੇ ਆ ਰਹੇ ਹਨ ਜਿੱਥੇ ਨਸ਼ਿਆਂ ਦੀ ਤਸਕਰੀ ਕਾਰਨ ਔਰਤਾਂ ਦੀ ਭੂਮਿਕਾ ਨੇ ਹੀ ਹੋਰ ਔਰਤਾਂ ਦੇ ਘਰਾਂ ਨੂੰ ਨਰਕ ਬਣਾ ਰੱਖਿਆ ਹੈ।

ਇੱਕ ਸਰਵੇਖਣ ਅਨੁਸਾਰ ਨਸ਼ਾ ਤਸਕਰੀ ਵਿੱਚ ਪੰਜਾਬੀ ਔਰਤਾਂ ਦੀ ਗ੍ਰਿਫ਼ਤਾਰੀ ਦੇਸ਼ ਭਰ ਵਿੱਚ ਸਭ ਤੋਂ ਵੱਧ ਹੈ। ਦੂਜੇ ਸ਼ਬਦਾਂ ਵਿੱਚ ਦੇਸ਼ ਦੇ ਦੂਜੇ ਸੂਬਿਆਂ ਨਾਲੋਂ ਪੰਜਾਬ ਦੀਆਂ ਔਰਤਾਂ ਨਸ਼ਾ ਤਸਕਰੀ ਵਿੱਚ ਮੋਹਰੀ ਹਨ। ਐੱਨ.ਡੀ.ਪੀ.ਐੱਸ. ਐਕਟ ਤਹਿਤ ਪਿਛਲੇ ਸਾਲ ਭਾਰਤ ਵਿੱਚ ਕੁੱਲ 9631 ਔਰਤਾਂ ਨਸ਼ਾ ਤਸਕਰੀ ਵਿਚ ਗ੍ਰਿਫ਼ਤਾਰ ਹੋਈਆਂ ਹਨ ਜਿਨ੍ਹਾਂ ਵਿੱਚ 3164 ਔਰਤਾਂ (32.85%) ਪੰਜਾਬ ਨਾਲ ਸਬੰਧਿਤ ਹਨ। ਪੰਜਾਬ ਦੇ ਦਰਜਨਾਂ ਪਿੰਡ ਅਜਿਹੇ ਹਨ ਜਿੱਥੇ ਨਸ਼ਾ ਤਸਕਰੀ ਦੇ ਜ਼ਿਆਦਾ ਕੇਸ ਔਰਤਾਂ 'ਤੇ ਬਣੇ ਹੋਏ ਹਨ। ਸਾਲ 2021 ਵਿੱਚ 1418 ਔਰਤਾਂ ਨਸ਼ਾ ਤਸਕਰੀ ਕਾਰਨ ਗ੍ਰਿਫ਼ਤਾਰ ਹੋਈਆਂ, 2022 ਵਿੱਚ 928 ਅਤੇ 2023 ਵਿਚ 788 ਔਰਤਾਂ ਨੂੰ ਇਸ ਕਾਲੇ ਧੰਦੇ ਕਾਰਨ ਗ੍ਰਿਫ਼ਤਾਰ ਕੀਤਾ ਹੈ। ਸਾਲ 2016 ਤੋਂ ਪਹਿਲਾਂ ਰਾਜਸਥਾਨ ਵਿੱਚ ਭੁੱਕੀ ਦੇ ਠੇਕੇ ਬਹੁਤ ਸਾਰੀਆਂ ਪੰਜਾਬਣ ਔਰਤਾਂ ਦੇ ਨਾਂ ਖੁੱਲ੍ਹੇ ਹੋਏ ਸਨ ਅਤੇ ਉਨ੍ਹਾਂ ਠੇਕਿਆਂ ਤੋਂ ਪੰਜਾਬ ਵਿੱਚ



ਵੀ ਭੁੱਕੀ ਅਤੇ ਅਫ਼ੀਮ ਦੀ ਸਪਲਾਈ ਕਰਨ ਵਿੱਚ ਔਰਤਾਂ ਨੇ ਅਹਿਮ ਭੂਮਿਕਾ ਨਿਭਾਈ।

ਬਹੁਤ ਸਾਰੇ ਕੇਸਾਂ ਵਿੱਚ ਨਸ਼ਾ ਤਸਕਰੀ ਕਰਦਿਆਂ ਜਦੋਂ ਪਤੀ ਜੇਲ੍ਹ ਚਲਾ ਜਾਂਦਾ ਹੈ ਤਾਂ ਪਿੱਛੋਂ ਉਸ ਦੀ ਪਤਨੀ ਇਸ ਕਾਰਜ ਨੂੰ ਸੰਭਾਲ ਲੈਂਦੀ ਹੈ। ਦੁਖਾਂਤਕ ਪੱਖ ਇਹ ਵੀ ਹੈ ਕਿ ਉਨ੍ਹਾਂ ਦੀ ਔਲਾਦ ਵੀ ਇਸ ਕੰਮ ਵਿੱਚ ਉਨ੍ਹਾਂ ਦਾ ਪੂਰਾ ਸਹਿਯੋਗ ਦਿੰਦੀ ਹੈ। ਦੂਜੇ ਸ਼ਬਦਾਂ ਵਿੱਚ ਨਸ਼ਾ ਤਸ਼ਕਰੀ ਰਾਹੀਂ ਉਹ ਸਿਰਫ਼ ਹੋਰਾਂ ਦੇ ਬੱਚਿਆਂ ਦੀ ਜ਼ਿੰਦਗੀ ਹੀ ਬਰਬਾਦ ਨਹੀਂ ਕਰਦੀਆਂ ਸਗੋਂ ਆਪਣੀ ਔਲਾਦ ਦਾ ਭਵਿੱਖ ਵੀ ਧੁਅੰਖ ਦਿੰਦੀਆਂ ਹਨ।

ਕਈ ਕੇਸ ਤਾਂ ਅਜਿਹੇ ਵੀ ਸਾਹਮਣੇ ਆਏ ਹਨ ਜਿੱਥੇ ਨਸ਼ਾ ਤਸਕਰੀ ਦੇ ਦੋਸ਼ ਵਿੱਚ ਪੁਲਿਸ ਦੀ ਰੇਡ ਸਮੇਂ ਪਤੀ-ਪਤਨੀ ਨੂੰ ਗ੍ਰਿਫ਼ਤਾਰ ਕਰ ਲਿਆ ਜਾਂਦਾ ਹੈ ਤੇ ਪਿੱਛੋਂ ਉਨ੍ਹਾਂ ਦੇ ਬੱਚੇ ਸੜਕਾਂ 'ਤੇ ਰੁਲਦੇ ਫ਼ਿਰਦੇ ਹਨ। ਭਲਾ ਅਜਿਹੀ ਹਰਾਮ ਦੀ ਕਮਾਈ ਦਾ ਫ਼ਾਇਦਾ ਹੀ ਕੀ, ਜਿੱਥੇ ਔਲਾਦ ਨੂੰ ਦਰ-ਦਰ ਦੀਆਂ ਠੋਕਰਾਂ ਖਾਣੀਆਂ ਪੈਣ? ਅਜਿਹੇ ਧੰਦੇ ਨਾਲ ਜੁੜੀਆਂ ਬਹੁਤ ਸਾਰੀਆਂ ਔਰਤਾਂ ਦੇ ਬੱਚਿਆਂ ਦਾ ਬਚਪਨ ਜੇਲ੍ਹ ਵਿੱਚ ਹੀ ਗੁਜ਼ਰਦਾ ਹੈ। ਜੇਲ੍ਹ ਵਿੱਚੋਂ ਬਾਹਰ ਨਿਕਲਣ ਤੋਂ ਬਾਅਦ ਉਹ ਵੀ ਅਪਰਾਧ ਦੀ ਦੁਨੀਆਂ ਵਿੱਚ ਸ਼ਾਮਲ ਹੋ ਜਾਂਦੇ ਹਨ। ਪਿਛਲੇ ਦਿਨੀਂ ਲੁਧਿਆਣੇ ਦੀ ਫ਼ੌਜੀ ਡਿਸਪੈਂਸਰੀ ਵਿੱਚ ਕੰਮ ਕਰਦੀ ਲੜਕੀ ਅਤੇ ਉਸ ਦੇ ਦੋ ਸਾਥੀਆਂ ਨੂੰ ਸੱਤ ਕਰੋੜ ਦੀ ਹੈਰੋਇਨ ਸਮੇਤ ਕਾਬੂ ਕੀਤਾ ਗਿਆ ਸੀ।

ਇਸੇ ਤਰ੍ਹਾਂ ਹੀ ਅੰਮ੍ਰਿਤਸਰ ਵਿਖੇ ਯੂਨੀਵਰਸਿਟੀ ਵਿੱਚ ਪੋਸਟ ਗ੍ਰੈਜੂਏਸ਼ਨ ਕਰ ਰਹੀ ਲੜਕੀ ਨੂੰ ਉਸ ਦੇ ਸਾਥੀ ਸਮੇਤ ਕਾਬੂ ਕੀਤਾ ਗਿਆ। ਉਹ ਕਾਰ ਰਾਹੀਂ ਹੈਰੋਇਨ ਸਪਲਾਈ ਕਰਨ ਲਈ ਜਾ ਰਹੇ ਸਨ।

ਜਦੋਂ ਯੂਨੀਵਰਸਿਟੀ ਵਿੱਚ ਪੜ੍ਹਦੀਆਂ ਅਜਿਹੀਆਂ ਲੜਕੀਆਂ ਨੂੰ ਇਸ ਕਾਲੇ ਧੰਦੇ ਵਿੱਚ ਫੜਿਆ ਜਾਂਦਾ ਹੈ ਤਾਂ ਸਪਸ਼ਟ ਹੁੰਦਾ ਹੈ ਕਿ ਪੰਜਾਬ ਦੀਆਂ ਯੂਨੀਵਰਸਿਟੀਆਂ ਤੇ ਕਾਲਜ ਵੀ ਨਸ਼ੇ ਦੀ ਮਾਰ ਤੋਂ ਬਚ ਨਹੀਂ ਸਕੇ। ਪਾਇਲ ਇਲਾਕੇ ਵਿੱਚ ਨਸ਼ੀਲੇ ਪਾਊਡਰ, ਡਰੱਗ ਮਨੀ ਅਤੇ ਕਾਰ ਸਮੇਤ ਲੜਕੀ ਨੂੰ ਪੁਲਿਸ ਵੱਲੋਂ ਕਾਬੂ ਕੀਤਾ ਗਿਆ। ਕਈ ਵਾਰ ਵੱਡੇ ਤਸਕਰ ਆਪ ਸਾਹਮਣੇ ਆਉਣ ਦੀ ਥਾਂ ਲੜਕੀਆਂ ਜਾਂ ਨਾਬਾਲਗ ਬੱਚਿਆਂ ਰਾਹੀਂ ਨਸ਼ੇ ਦੀ ਸਪਲਾਈ ਕਰਵਾਉਂਦੇ ਹਨ ਤਾਂ ਜੋ ਉਨ੍ਹਾਂ 'ਤੇ ਸ਼ੱਕ ਨਾ ਕੀਤਾ ਜਾਵੇ। ਹੁਸ਼ਿਆਰਪੁਰ ਜ਼ਿਲ੍ਹੇ ਦੇ ਇੱਕ ਪਿੰਡ ਵਿੱਚ ਦਸਵੀਂ ਪਾਸ ਕੁੜੀ ਨੇ ਨਸ਼ਾ ਨਾ ਮਿਲਣ ਕਾਰਨ ਫਾਹਾ ਲੈ ਲਿਆ ਸੀ। ਉਸ ਦਾ ਭਰਾ ਐੱਨ.ਡੀ.ਪੀ.ਐੱਸ. ਐਕਟ ਅਧੀਨ ਪਹਿਲਾਂ ਹੀ ਸਜ਼ਾ ਭੁਗਤ ਰਿਹਾ ਹੈ।

ਬਰਨਾਲਾ ਵਿੱਚ ਇੱਕ ਔਰਤ ਨੂੰ ਸ਼ਰਾਬ ਦੀ ਪੇਟੀ ਸਮੇਤ ਕਾਬੂ ਕੀਤਾ ਗਿਆ। ਬੀਤੇ ਵਰ੍ਹੇ 25 ਅਕਤੂਬਰ ਨੂੰ ਫ਼ਿਰੋਜ਼ਪੁਰ ਦਿਹਾਤੀ ਦੀ ਸਾਬਕਾ ਵਿਧਾਇਕਾ ਨੂੰ ਉਸ ਦੇ ਰਿਸ਼ਤੇਦਾਰ ਡਰਾਈਵਰ ਸਮੇਤ ਡਰੱਗਜ਼ ਦੀ ਖੇਪ ਸਪਲਾਈ ਕਰਦਿਆਂ ਰੰਗੇ ਹੱਥੀਂ ਫੜਿਆ ਗਿਆ। ਬਾਅਦ ਵਿੱਚ ਉਸ ਦੀ ਖ਼ਰੜ ਸਥਿਤ ਰਿਹਾਇਸ਼ ਤੋਂ 28 ਗ੍ਰਾਮ ਚਿੱਟਾ, ਇੱਕ ਲੱਖ ਛਪੰਜਾ ਹਜ਼ਾਰ ਦੀ ਡਰੱਗ ਮਨੀ ਬਰਾਮਦ ਕੀਤੀ ਗਈ। ਕੋਠੀ ਵਿੱਚ ਖੜ੍ਹੀਆਂ ਚਾਰ ਗੱਡੀਆਂ ਵੀ ਪੁਲਿਸ ਨੇ ਕਬਜ਼ੇ ਵਿੱਚ ਲੈ ਲਈਆਂ।

ਸਾਬਕਾ ਵਿਧਾਇਕ ਦੀ ਗ੍ਰਿਫ਼ਤਾਰੀ ਤੋਂ ਬਾਅਦ ਇਹ ਸਪਸ਼ਟ ਹੋ ਗਿਆ ਕਿ ਨਸ਼ੇ ਦੇ ਕਾਰੋਬਾਰ ਵਿੱਚ ਵਾਧਾ ਕਰਨ ਲਈ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਬਹੁਤ ਸਾਰੇ ਸਿਆਸੀ ਲੋਕ ਵੀ ਅਹਿਮ ਭੂਮਿਕਾ ਨਿਭਾ ਰਹੇ ਹਨ। ਪਿਛਲੇ ਦਿਨੀਂ ਨਾਭਾ ਇਲਾਕੇ ਦੀ ਲੇਡੀ ਸਰਪੰਚ ਨੂੰ ਪੁਲਿਸ ਵੱਲੋਂ ਗ੍ਰਿਫ਼ਤਾਰ ਕੀਤਾ ਗਿਆ।

ਇਹ ਲੇਡੀ ਸਰਪੰਚ ਜਿੱਥੇ ਨਸ਼ਾ ਤਸਕਰਾਂ ਦੀ ਸਰਪ੍ਰਸਤੀ ਕਰਦੀ ਸੀ ਉੱਥੇ ਹੀ ਨਸ਼ਾ ਤਸਕਰ ਦੇ ਗ੍ਰਿਫ਼ਤਾਰ ਹੋਣ 'ਤੇ ਉਸ ਕੋਲੋਂ ਮੋਟੀ ਰਕਮ ਲੈ ਕੇ ਉਸ ਦੀ ਜ਼ਮਾਨਤ ਕਰਵਾਉਣ ਦਾ ਕੰਮ ਵੀ ਕਰਦੀ ਸੀ। ਅਜਿਹਾ ਕਰਦਿਆਂ ਉਸ ਨੂੰ ਰੰਗੇ ਹੱਥੀਂ ਫੜਿਆ ਗਿਆ। ਬਹੁਤ ਸਾਰੇ ਅਜਿਹੇ ਕੇਸ ਵੀ ਸਾਹਮਣੇ ਆਏ ਹਨ ਜਿੱਥੇ ਜੇਲ੍ਹਾਂ ਵਿੱਚ ਬੈਠੇ ਨਸ਼ਾ ਤਸਕਰਾਂ ਨੇ ਮੋਬਾਈਲ ਦੇ ਸਾਧਨਾਂ ਰਾਹੀਂ ਲੱਖਾਂ ਰੁਪਏ ਆਪਣੀਆਂ ਪਤਨੀਆਂ ਦੇ ਬੈਂਕ ਖਾਤੇ ਵਿੱਚ ਟਰਾਂਸਫ਼ਰ ਕੀਤੇ ਹਨ। ਮੋਗਾ ਵਿਖੇ 40 ਗ੍ਰਾਮ ਹੈਰੋਇਨ ਤੇ ਇੱਕ ਕਿੱਲੋ 900 ਗ੍ਰਾਮ ਭੁੱਕੀ ਸਮੇਤ ਦੋ ਔਰਤਾਂ ਨੂੰ ਕਾਬੂ ਕੀਤਾ ਗਿਆ ਹੈ। ਔਰਤਾਂ ਨੇ ਆਪਣਾ ਇਹ ਸਾਮਾਨ ਵੇਚਣ ਲਈ ਕੰਡਾ ਵੀ ਨਾਲ ਹੀ ਰੱਖਿਆ ਹੋਇਆ ਸੀ।

(ਬਾਕੀ ਸਫ਼ਾ 31 'ਤੇ)

# ਸ਼ਹੀਦ ਭਗਤ ਸਿੰਘ ਦੇ ਵਿਚਾਰਾਂ ਤੋਂ ਸੇਧ ਲਵੇ ਨੌਜਵਾਨ ਪੀੜ੍ਹੀ




**ਲੋਕ ਕਹਿਤੇ ਹੈਂ ਕਿ ਅਕਸਰ ਬਦਲਤਾ ਹੈ ਜ਼ਮਾਨਾ, ਮਰਦ ਵੋ ਹੈਂ, ਜੋ ਜ਼ਮਾਨੇ ਕੋ ਬਦਲ ਦੇਤੇਂ ਹੈਂ**













ਜ਼ਿਲ੍ਹਾ ਲਾਇਲਪੁਰ ਦੇ ਪਿੰਡ ਬੰਗਾ (ਹੁਣ ਪਾਕਿਸਤਾਨ) ਵਿਖੇ 28 ਸਤੰਬਰ 1907 ਨੂੰ ਪਿਤਾ ਕਿਸ਼ਨ ਸਿੰਘ ਦੇ ਘਰ ਮਾਤਾ ਵਿਦਿਆਵਤੀ ਦੀ ਕੁਖੋਂ ਜਨਮ ਲੈਣ ਵਾਲੇ ਭਗਤ ਸਿੰਘ ਨੇ ਬਚਪਣ ਵਿੱਚ ਹੀ ਆਪਣੀ ਇਨਕਲਾਬੀ /ਕ੍ਰਾਂਤੀਕਾਰੀ ਸੋਚ ਦਾ ਉਸ ਸਮੇਂ ਹੀ ਪ੍ਰਗਟਾਵਾ ਕਰ ਦਿੱਤਾ ਸੀ,ਜਦੋਂ ਉਸਨੇ ਖੇਤਾਂ ਵਿੱਚ ਫਸਲ ਦੇ ਬੀਜ਼ਾਂ ਦੀ ਥਾਂ ਦਮੂੰਖਾਂ (ਬੰਦੂਖਾਂ)ਬੀਜਣ ਦੀ ਗਲ ਕੀਤੀ ਸੀ। ਮਾਂ ਦੀ ਗੋਦ ਹੀ ਬੱਚੇ ਦਾ ਪਹਿਲਾ ਸਕੂਲ ਤੇ ਮਾਂ ਪਹਿਲੀ ਅਧਿਆਪਕਾਂ ਹੁੰਦੀ ਹੈ, ਇਸ ਗਲ ਨੂੰ ਮਾਤਾ ਵਿਦਿਆਵਤੀ ਚੰਗੀ ਤਰਾਂ ਸਮਝਦੀ ਸੀ, ਇਸੇ ਕਾਰਨ ਹੀ ਮਾਤਾ ਵਿਦਿਆਵਤੀ ਨੇ ਵੀ ਆਪਣੇ ਨਾਂਅ ਨੂੰ ਸਾਰਥਿਕ ਕਰਦਿਆਂ ਭਗਤ ਸਿੰਘ ਨੂੰ ਬਚਪਣ ਵਿਚ ਅਜਿਹੀ ਵਿਦਿਆ ਦਿੱਤੀ ਸੀ ਕਿ ਭਗਤ ਸਿੰਘ ਜਿਥੇ ਆਪਣੀ ਭਾਰਤ ਮਾਂ ਨੂੰ ਆਜ਼ਾਦ ਕਰਵਾਉਣ ਲਈ ਭਰ ਜਵਾਨੀ ਵਿੱਚ ਹੀ ਫਾਂਸੀ ਦਾ ਰੱਸਾ ਚੁੰਮ ਗਿਆ,ਉਥੇ ਹੀ ਆਪਣੀਆ ਲਿਖਤਾਂ ਰਾਹੀਂ ਨਿਰੋਏ ਸਮਾਜ ਦੀ ਸਿਰਜਣਾ ਵਿੱਚ ਵੀ ਉੱਘਾ ਯੋਗਦਾਨ ਪਾ ਗਿਆ।

1926 ਵਿੱਚ ਲਾਹੌਰ ਵਿਖੇ ਜਦੋਂ ਭਗਤ ਸਿੰਘ ਨੇ ਨੌਜਵਾਨ ਭਾਰਤ ਸਭਾ ਦਾ ਗਠਨ ਕੀਤਾ,ਤਾਂ ਉਸਦਾ ਮੁੱਖ ਉਦੇਸ਼ ਹੀ ਭਾਰਤ ਦੇ ਨੌਜਵਾਨਾਂ ਨੂੰ ਆਜ਼ਾਦੀ ਦੇ ਅੰਦੋਲਨ ਵਿੱਚ ਸ਼ਾਮਲ ਕਰਨਾ ਸੀ। ਇਸ ਤੋਂ ਇਲਾਵਾ ਇਹ ਭਗਤ ਸਿੰਘ ਹੀ ਸੀ,ਜਿਸਨੇ ਆਪਣੀ ਨਿੱਕੀ ਜਿਹੀ ਉਮਰੇ ਹੀ ਦੇਸ਼ ਭਗਤੀ ਦੀ ਲਹਿਰ ਪੂਰੇ ਭਾਰਤ ਵਿਚ ਹੀ ਫੈਲਾ ਦਿਤੀ ਸੀ। ਅਸਲ ਵਿੱਚ ਦੇਸ਼ ਭਗਤੀ ਦੀ ਚੇਟਕ ਉਸਨੂੰ ਆਪਣੇ ਚਾਚਾ ਅਜੀਤ ਸਿੰਘ ਤੋਂ ਲੱਗੀ ਸੀ,ਜੋ ਕਿ ਪ੍ਰਸਿੱਧ ਕ੍ਰਾਂਤੀਕਾਰੀ ਸਨ,ਜਿਹਨਾਂ ਨੇ 'ਪਗੜੀ ਸੰਭਾਲ ਜੱਟਾ' ਦਾ ਨਾਅਰਾ ਦੇ ਕੇ ਲੋਕਾਂ ਨੂੰ ਸੁਚੇਤ ਕਰਨ ਦਾ ਯਤਨ ਕੀਤਾ ਸੀ। ਭਗਤ ਸਿੰਘ ਨੇ ਜਦੋਂ 'ਮੇਰਾ ਰੰਗ ਦੇ ਬਸੰਤੀ ਚੋਲਾ ਮਾਏ ਮੇਰੀਏ ' ਦਾ ਗਾਇਨ ਕੀਤਾ ਸੀ ਤਾਂ ਉਸਨੇ ਉਸ ਸਮੇਂ ਹੀ ਮਹਿਸੂਸ ਕਰ ਲਿਆ ਸੀ ਕਿ ਇੱਕ ਦਿਨ ਵਤਨ ਨੂੰ ਆਜ਼ਾਦ ਕਰਵਾਉਣ ਹਿਤ ਉਸਨੂੰ ਫਾਂਸੀ ਉਪਰ ਵੀ ਚੜਨਾ ਪਵੇਗਾ।

ਭਗਤ ਸਿੰਘ ਦੇ ਬੋਲਾਂ ਵਿੱਚ ਬਾਰੂਦ ਭਰਿਆ ਹੋਇਆ ਸੀ,ਉਸਦਾ ਜੋਸ਼ੀਲਾ ਭਾਸ਼ਣ ਸੁਣਕੇ ਸਾਰੇ ਹੀ ਦੇਸ਼ ਅੰਦਰ ਦੇਸ਼ ਭਗਤੀ ਦੀਆਂ ਚੰਗੀਆੜੀਆਂ ਫੁੱਟ ਪਈਆਂ ਸਨ। ਉਸਦੀ ਤਕਰੀਰ ਸੁਣਕੇ ਰਾਹ ਜਾਂਦੇ ਲੋਕ ਵੀ ਖੜ ਜਾਂਦੇ ਸਨ, ਇਹ ਵੱਖਰੀ ਗਲ ਹੈ ਕਿ ਉਸ ਸਮੇਂ ਭਗਤ ਸਿੰਘ ਤੇ ਉਸਦੇ ਦੇਸ਼ ਭਗਤ ਸਾਥੀ ਆਪਣੀਆਂ ਸਾਰੀਆਂ ਮੀਟਿੰਗਾਂ ਗੁਪਤ ਰੂਪ ਵਿਚ ਕਰਦੇ ਸਨ ਪਰ ਕਈ ਵਾਰ ਭਗਤ ਸਿੰਘ ਜਨਤਕ ਤੌਰ 'ਤੇ ਵੀ ਭਾਰਤੀਆਂ ਨੂੰ ਦੇਸ਼ ਦੀ ਆਜਾਦੀ ਲਈ ਲਾਮਬੰਦ ਕਰਨ ਦੀ ਬਹਾਦਰੀ ਦਿਖਾ ਜਾਂਦਾ ਸੀ। ਭਗਤ ਸਿੰਘ ਦੀਆਂ ਲਿਖਤਾਂ ਨੂੰ ਜੇ ਧਿਆਨ ਨਾਲ ਵਾਚਿਆ ਜਾਵੇ ਤਾਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਉਹ ਸਿਰਫ ਦੇਸ਼ ਭਗਤ ਹੀ ਨਹੀਂ ਸੀ ਤੇ ਸਿਰਫ ਪਿਸਤੌਲ ਚਲਾਉਣਾ ਹੀ ਨਹੀਂ ਜਾਣਦਾ,ਉਹ ਕਲਮ ਦਾ ਵੀ ਧਨੀ ਸੀ ਅਤੇ ਉਹ ਆਪਣੇ ਵਿਚਾਰਾਂ ਰਾਹੀਂ ਵੀ ਲੋਕਾਂ ਨੂੰ ਜਾਗਰੂਕ ਕਰਨਾ ਚਾਹੁੰਦਾ ਸੀ।

ਭਗਤ ਸਿੰਘ ਤੇ ਉਸਦੇ ਸਾਥੀ ਦੱਤ ਨੇ ਜਦੋਂ ਅਸੈਂਬਲੀ ਵਿੱਚ ਬੰਬ ਸੁੱਟੇ ਸਨ ਤਾਂ ਉਹਨਾਂ ਦਾ ਮਕਸਦ ਦਹਿਸ਼ਤ ਫੈਲਾਉਣਾ ਨਹੀਂ ਸੀ,ਸਗੋਂ ਉਹ ਅੰਗਰੇਜ਼ ਸਰਕਾਰ ਨੂੰ ਚਿਤਾਵਨੀ ਦੇਣ ਦੇ ਨਾਲ ਹੀ ਆਪਣੀ ਸੁੱਤੀ ਹੋਈ ਤੇ ਉਂਨੀਦੜੀ ਕੌਮ ਨੂੰ ਵੀ ਜਗਾਉਣਾ ਚਾਹੁੰਦੇ ਸੀ ਤਾਂ ਕਿ ਕੌਮ ਜਾਗ ਕੇ ਭਾਵ ਸੁਚੇਤ ਹੋ ਕੇ ਆਪਣੀ ਆਜ਼ਾਦੀ ਲਈ ਸੰਘਰਸ਼ ਕਰੇ ਤੇ ਅੰਗਰੇਜ਼ਾਂ ਨੂੰ ਭਾਰਤ ਵਿਚੋਂ ਬਾਹਰ ਕੱਢੇ ਅਤੇ ਭਾਰਤੀਆਂ ਦੇ ਮਨਾਂ ਵਿੱਚ ਵਸਿਆ ਹੋਇਆ ਅੰਗ੍ਰੇਜ ਪੁਲਿਸ ਦਾ ਡਰ ਨਿਕਲੇ। ਅੱਜ ਜੇ ਅਸੀਂ ਆਜ਼ਾਦ ਦੇਸ਼ ਦੀ ਆਜ਼ਾਦ ਫਿਜਾ ਵਿੱਚ ਜੀਅ ਰਹੇ ਹਾਂ ਤਾਂ ਇਸ ਵਿੱਚ ਭਗਤ ਸਿੰਘ ਤੇ ਉਸਦੇ ਸਾਥੀ ਦੇਸ਼ ਭਗਤਾਂ ਦੀ ਉਘੀ ਕੁਰਬਾਨੀ ਹੈ।



VOL. II. NO. 70 LAHORE, WEDNESDAY, MARCH 25, 1931. Price One Anna

BHAGAT SINGH, RAJGURU AND SUKHDEV EXECUTED.

NO "LAST INTERVIEW" WITH RELATIONS.

Shouts Emerge From Jail.

DEAD BODIES SECRETLY DISPOSED OF

Removed to Distant Place.

BHAGAT SINGH.

TRUCE TERMS NOT BEING CARRIED OUT.

Congressmen's Feeling.

TWISTED WRECKAGE OF ROYAL SCOT.

Fastest Train in World

SURGEONS USE SAWS AND KNIVES

ਜੇ ਹੁਣ ਅੱਜ ਦੇ ਸਮੇਂ ਦੀ ਗਲ ਕੀਤੀ ਜਾਵੇ ਤਾਂ ਅੱਜ ਪੰਜਾਬ ਤਾਂ ਕੀ, ਸਗੋਂ ਵਿਦੇਸ਼ਾਂ ਵਿਚ ਵੀ ਪੰਜਾਬੀ ਨੌਜਵਾਨ ਆਪਣੀਆਂ ਗੱਡੀਆਂ ਉਪਰ ਸ਼ਹੀਦ ਭਗਤ ਸਿੰਘ ਦੀ ਫੋਟੋ ਲਗਾਈ ਫਿਰਦੇ ਹਨ,ਪਰ ਹੈਰਾਨੀ ਉਦੋਂ ਹੁੰਦੀ ਹੈ ਜਦੋਂ ਇਹਨਾਂ ਨੌਜਵਾਨਾਂ ਨਾਲ ਗੱਲਬਾਤ ਕਰਕੇ ਇਹ ਪਤਾ ਚਲਦਾ ਹੈ ਕਿ ਵੱਡੀ ਗਿਣਤੀ ਇਹਨਾਂ ਨੌਜਵਾਨਾਂ ਨੂੰ ਭਗਤ ਸਿੰਘ ਦੀ ਵਿਚਾਰਧਾਰਾ ਬਾਰੇ ਹੀ ਜਾਣਕਾਰੀ ਨਹੀਂ ਹੁੰਦੀ। ਉਹ ਤਾਂ ਸਿਰਫ ਇਹ ਹੀ ਸੋਚਦੇ ਹਨ ਕਿ ਭਗਤ ਸਿੰਘ ਨੇ ਪਿਸਤੌਲ ਚਲਾਕੇ ਠਾਹ -ਠਾਹ ,ਠੂਹ ਠੂਹ ਕਰਕੇ ਅੰਗਰੇਜ ਮਾਰੇ ਸਨ। ਇਹੀ ਕਾਰਨ ਹੈ ਕਿ ਅੱਜ ਹਰ ਤੀਜੇ ਵਾਹਨ ਉਪਰ ਭਗਤ ਸਿੰਘ ਦੀ ਪਿਸਤੌਲ ਹੱਥ ਵਿੱਚ ਫੜੀ ਫੋਟੋ ਜਾਂ ਫਿਰ 'ਅੰਗਰੇਜ਼ ਖੰਘੇ ਸੀ ਤਾਂ ਹੀ ਤਾਂ ਟੰਗੇ ਸੀ ' ਵਰਗੀ ਸ਼ਬਦਾਵਲੀ ਲਿਖੀ ਮਿਲਦੀ ਹੈ। ਸ਼ਹੀਦ ਭਗਤ ਸਿੰਘ ਦੀ ਹੱਥ ਵਿਚ ਕਿਤਾਬ ਫੜੀ ਕੋਈ ਤਸਵੀਰ ਕਿਤੇ ਵੀ ਨਜ਼ਰ ਨਹੀਂ ਆਉਂਦੀ। ਹੁਣ ਤਾਂ ਇਹ ਵੀ ਹਾਲ ਹੋ ਗਿਆ ਹੈ ਕਿ ਕਈ ਕੁੜੀਆਂ ਵੀ ਅਜਿਹੀਆਂ ਟੀ ਸ਼ਰਟਾਂ ਪਾਉਂਦੀਆਂ ਹਨ ਜਿਹਨਾਂ ਉਪਰ ਲਿਖਿਆ ਹੁੰਦਾ ਹੈ ਕਿ 'ਪਹਿਲਾਂ ਪਿਆਰ ਨਾਲ, ਫੇਰ ਹਥਿਆਰ ਨਾਲ।' ਇਸਦੇ ਨਾਲ ਹੀ ਅਜਿਹੀਆਂ ਟੀ ਸ਼ਰਟਾਂ ਉਪਰ ਭਗਤ ਸਿੰਘ ਜਾਂ ਹਥਿਆਰ ਦੀ ਫੋਟੋ ਹੁੰਦੀ ਹੈ। ਕਹਿਣ ਦਾ ਭਾਵ ਇਹ ਹੈ ਕਿ ਅੱਜ ਵੱਡੀ ਗਿਣਤੀ ਨੌਜਵਾਨ ਭਗਤ ਸਿੰਘ ਦਾ ਸਿਰਫ ਹਿੰਸਾਤਮਕ ਪੱਖ ਹੀ ਵੇਖ ਰਹੇ ਹਨ ਉਹਨਾਂ ਨੂੰ ਭਗਤ ਸਿੰਘ ਦੀਆਂ ਲਿਖਤਾਂ ਤੇ ਉਸਦੀ ਵਿਚਾਰਧਾਰਾ ਬਾਰੇ ਕੋਈ ਖਾਸ ਜਾਣਕਾਰੀ ਨਹੀਂ ਹੈ। ਇਹ ਠੀਕ ਹੈ ਕਿ ਭਗਤ ਸਿੰਘ ਗਰਮ ਦਲੀ ਵਿਚਾਰਧਾਰਾ ਨਾਲ ਸਬੰਧ ਰੱਖਦਾ ਸੀ ਇਹਨਾਂ ਗਰਮਦਲੀਆਂ ਦੇ ਅਹਿਮ ਯੋਗਦਾਨ ਕਰਕੇ ਹੀ ਤਾਂ ਭਾਰਤ ਆਜ਼ਾਦ ਹੋਇਆ ਸੀ ਪਰ ਇਸਦਾ ਮਤਲਬ ਇਹ ਵੀ ਨਹੀਂ ਕਿ ਭਗਤ ਸਿੰਘ ਤੇ ਹੋਰ ਦੇਸ਼ ਭਗਤ ਚੌਵੀ ਘੰਟੇ ਹਥਿਆਰਾਂ ਨਾਲ ਫਾਇਰਿੰਗ ਹੀ ਕਰਦੇ ਰਹਿੰਦੇ ਸਨ ਜਿਵੇਂ ਕਿ ਕਈ ਨੌਜਵਾਨਾਂ ਅੱਜ ਇਸ ਤਰਾਂ ਦੀਆਂ ਤਸਵੀਰਾਂ ਜਾਂ ਸਬਦਾਵਲੀ ਲਿਖਕੇ ਸਮਝਦੇ ਹਨ। ਭਗਤ ਸਿੰਘ ਹਥਿਆਰ ਚਲਾਉਣ ਦੇ ਨਾਲ ਹੀ ਸਾਹਿਤ ਪੜਨ ਦਾ ਵੀ ਸ਼ੌਕੀਨ ਸੀ। ਉਸਨੇ ਅਨੇਕਾਂ ਹੀ ਪ੍ਰਸਿੱਧ ਲੇਖਕਾਂ ਦੀਆਂ ਪ੍ਰਸਿੱਧ ਪੁਸਤਕਾਂ ਪੜੀਆਂ ਸਨ,ਜਿਸਦਾ ਪ੍ਰਭਾਵ ਉਸਦੀਆਂ ਲਿਖਤਾਂ ਵਿਚ ਵੀ ਮਿਲਦਾ ਹੈ। ਭਗਤ ਸਿੰਘ ਦੀ ਜਦੋਂ ਗਲ ਤੁਰਦੀ ਹੈ ਤਾਂ ਅੱਜ ਵੀ ਲਹੂ ਵਿੱਚ ਚੰਗਿਆੜੀਆਂ ਭਰ ਜਾਂਦੀਆਂ ਹਨ,ਅੱਜ ਦੇ ਸਮੇਂ ਵਿੱਚ ਨਸ਼ੇ ਦੀ ਦਲ -ਦਲ ਵਿੱਚ ਫਸੀ ਨੌਜਵਾਨ ਪੀੜ੍ਹੀ ਦੇ ਚਿੱਟੇ ਹੋ ਰਹੇ ਖੂਨ ਨੂੰ ਲਾਲ ਸੂਹਾ ਕਰਕੇ ਅੱਜ ਵੀ ਭਗਤ ਸਿੰਘ ਦੀ ਅਮਰਗਾਥਾ ਇੱਕ ਚਾਨਣ-ਮੁਨਾਰਾ ਬਣਕੇ ਨੌਜਵਾਨਾਂ ਨੂੰ ਸਹੀ ਰਾਹ ਦਿਖਾ ਸਕਦੀ ਹੈ। ਸ਼ਹੀਦ ਭਗਤ ਸਿੰਘ ਦੇ ਹੌਂਸਲੇ ,ਦਲੇਰੀ ਤੇ ਬਹਾਦਰੀ ਤੋਂ ਉਸ ਸਮੇਂ ਦੀ ਜਾਲਮ ਪੁਲਿਸ ਅੰਗਰੇਜ਼ ਵੀ ਖੌਫ਼ ਖਾਂਦੀ ਸੀ ਤੇ ਭਗਤ ਸਿੰਘ ਦਾ ਨਾਂਅ ਸੁਣਦਿਆਂ ਹੀ ਅੰਗ੍ਰੇਜ ਸਿਪਾਹੀਆਂ ਤੋਂ ਲੈ ਕੇ ਅਫ਼ਸਰਾਂ ਤੱਕ ਨੂੰ ਕਾਬਾਂ ਛਿੜ ਜਾਂਦਾ ਸੀ। ਭਰਵੇਂ ਚਿਹਰੇ ਉਪਰ ਉੱਚੀ ਮੁੱਛ ਭਗਤ ਸਿੰਘ ਦੀ ਪਹਿਚਾਣ ਸੀ ਤੇ ਉਸਦਾ ਰੋਹਬਦਾਰ ਚਿਹਰਾ ਆਪਣਾ ਪ੍ਰਭਾਵ ਹਰ ਵਿਅਕਤੀ ਉਪਰ ਛੱਡ ਜਾਂਦਾ ਸੀ,ਉਸਦੀ ਜੋਸ਼ੀਲੀ ਤਕਰੀਰ ਤਾਂ ਮੁਰਦੇ ਦਿਲਾਂ ਨੂੰ ਵੀ ਜਿਉਂਦਾ ਕਰ ਦਿੰਦੀ ਸੀ। ਇਹ ਭਗਤ ਸਿੰਘ ਹੀ ਸੀ ,ਜਿਸਨੇ ਮੌਤ ਨੂੰ ਲਾੜੀ ਮੰਨਿਆਂ ਸੀ ਤੇ ਸ਼ਹੀਦਾਂ ਨੂੰ ਆਪਣੇ ਬਾਰਾਤੀ। ਹੁਣ ਮਹਾਨ ਸ਼ਹੀਦਾਂ ਦੇ ਬੁੱਤਾਂ ਨੂੰ ਸਿਰਫ ਫੁੱਲਾਂ ਦੇ ਹਾਰਾਂ ਤੱਕ ਸੀਮਿਤ ਨਹੀਂ ਰੱਖਣਾ ਚਾਹੀਦਾ, ਸਗੋਂ ਸ਼ਹੀਦਾਂ ਦੇ ਜੀਵਨ ਤੋਂ ਪ੍ਰੇਰਨਾ ਲੈ ਕੇ ਸਮਾਜ ਭਲਾਈ ਤੇ ਦੇਸ਼ ਵਿੱਚ ਫੈਲੀਆਂ ਹੋਈਆਂ ਸਮਾਜਿਕ ਅਲਾਮਤਾਂ ਦੇ ਖ਼ਾਤਮੇ ਲਈ ਜਦੋ-ਜਹਿਦ ਕਰਨ ਦਾ ਅਹਿਦ ਕਰਨਾ ਸਮੇਂ ਦੀ ਲੋੜ ਵੀ ਹੈ ਤੇ ਦੇਸ਼ ਦੀ ਆਜ਼ਾਦੀ ਲਈ ਸ਼ਹੀਦ ਹੋਣ ਵਾਲੇ ਨੌਜਵਾਨਾਂ ਪ੍ਰਤੀ ਸਾਡਾ ਫਰਜ਼ ਵੀ।

23 ਮਾਰਚ 1931 ਨੂੰ ਭਗਤ ਸਿੰਘ ਭਾਵੇਂ ਆਪਣੇ ਸਾਥੀਆਂ ਰਾਜਗੁਰੂ ਤੇ ਸੁਖਦੇਵ ਨਾਲ ਹੱਸ -ਹੱਸ ਫਾਂਸੀ ਦਾ ਰੱਸਾ ਚੁੰਮ ਗਏ ਸਨ ਪਰ ਅੱਜ ਵੀ ਉਹ ਦੁਨੀਆਂ ਭਰ ਵਿੱਚ ਵਸਦੇ ਕਰੋੜਾਂ -ਅਰਬਾਂ ਭਾਰਤੀਆਂ ਦੇ ਦਿਲਾਂ ਵਿੱਚ ਜਿਉਂਦੇ ਹਨ।




BBC

# ਕਿਰਤੀ ਇਨਕਲਾਬ ਦਾ ਪ੍ਰਤੀਕ ਸ਼ਹੀਦ ਭਗਤ ਸਿੰਘ



**ਸੁਮੀਤ ਸਿੰਘ**

ਸ਼ਹੀਦ ਭਗਤ ਸਿੰਘ ਇੱਕ ਅਜਿਹਾ ਇਨਕਲਾਬੀ ਕੌਮੀ ਸ਼ਹੀਦ ਅਤੇ ਚਿੰਤਕ ਹੋਇਆ ਹੈ ਜਿਸ ਨੂੰ ਕੌਮੀ ਤੇ ਕੌਮਾਂਤਰੀ ਪੱਧਰ 'ਤੇ ਮਾਨਤਾ ਅਤੇ ਮਾਣ-ਸਤਿਕਾਰ ਮਿਲਿਆ ਹੈ। ਮੁਲਕ ਦੀ ਆਜ਼ਾਦੀ ਲਈ ਪਾਏ ਯੋਗਦਾਨ ਅਤੇ ਮਹਾਨ ਸ਼ਹਾਦਤ ਸਦਕਾ ਹੀ ਉਸ ਨੂੰ ਸ਼ਹੀਦ-ਏ-ਆਜ਼ਮ ਕਿਹਾ ਜਾਂਦਾ ਹੈ। ਬੇਸ਼ੱਕ ਹੋਰ ਇਨਕਲਾਬੀਆਂ ਅਤੇ ਆਜ਼ਾਦੀ ਘੁਲਾਟੀਆਂ ਦੀਆਂ ਕੁਰਬਾਨੀਆਂ ਨੂੰ ਕਿਸੇ ਵੀ ਤਰ੍ਹਾਂ ਘਟਾ ਕੇ ਨਹੀਂ ਵੇਖਿਆ ਜਾ ਸਕਦਾ, ਪਰ ਉਹ ਸਮਾਜਵਾਦੀ ਇਨਕਲਾਬੀ ਹੋਣ ਦੇ ਨਾਲ-ਨਾਲ ਮਹਾਨ ਚਿੰਤਕ ਵੀ ਸੀ ਜਿਸ ਨੇ ਆਪਣੀਆਂ ਇਨਕਲਾਬੀ ਲਿਖਤਾਂ ਰਾਹੀਂ ਹਿੰਦੋਸਤਾਨੀਆਂ ਨੂੰ ਆਜ਼ਾਦੀ, ਬਰਾਬਰੀ ਅਤੇ ਸਮਾਜਿਕ ਨਿਆਂ ਪ੍ਰਾਪਤ ਕਰਨ ਲਈ ਜ਼ਾਲਮ ਬਰਤਾਨਵੀ ਹਕੂਮਤ ਵਿਰੁੱਧ ਲਾਮਬੰਦ ਕੀਤਾ।

ਅਫ਼ਸੋਸ ਦੀ ਗੱਲ ਹੈ ਕਿ ਆਜ਼ਾਦੀ ਮਗਰੋਂ ਵੱਖ- ਵੱਖ ਪਾਰਟੀਆਂ ਦੀਆਂ ਸਰਕਾਰਾਂ ਨੇ ਦੇਸ਼ ਦੀ ਆਜ਼ਾਦੀ ਲਈ ਜਾਨਾਂ ਵਾਰ ਗਏ ਇਨਕਲਾਬੀਆਂ ਅਤੇ ਆਜ਼ਾਦੀ ਘੁਲਾਟੀਆਂ ਨੂੰ ਕੌਮੀ ਪੱਧਰ 'ਤੇ ਬਣਦਾ ਮਾਣ-ਸਨਮਾਨ ਦੇਣ ਲਈ ਕਦੇ ਵੀ ਨੇਕ ਨੀਅਤੀ ਨਹੀਂ ਵਿਖਾਈ। ਇਨਕਲਾਬੀ ਯੋਧਿਆਂ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ, ਕਰਤਾਰ ਸਿੰਘ ਸਰਾਭਾ, ਦੁਰਗਾ ਭਾਬੀ, ਚੰਦਰ ਸ਼ੇਖਰ ਆਜ਼ਾਦ, ਸੁਭਾਸ਼ ਚੰਦਰ ਬੋਸ, ਸ਼ਹੀਦ ਊਧਮ ਸਿੰਘ, ਗਦਰੀ ਬਾਬੇ, ਮਦਨ ਲਾਲ ਢੀਂਗਰਾ ਅਤੇ ਹੋਰ ਲਹਿਰਾਂ ਦੇ ਸੂਰਬੀਰਾਂ ਨੇ ਆਜ਼ਾਦੀ ਪ੍ਰਾਪਤੀ ਲਈ ਅਣਥੱਕ ਘਾਲਣਾ ਘਾਲੀ।

ਦੇਸ਼ ਦੇ ਪ੍ਰਧਾਨ ਮੰਤਰੀ ਹਰ ਸਾਲ ਲਾਲ ਕਿਲੇ ਤੋਂ ਦੇਸ਼ ਵਿੱਚ ਵਿਕਾਸ ਦਰ ਤੇਜ਼ ਹੋਣ ਅਤੇ ਗ਼ਰੀਬਾਂ ਦੀ ਗਿਣਤੀ ਘਟਣ ਦੇ ਦਾਅਵੇ ਕਰਦੇ ਹਨ, ਪਰ ਅਸਲ ਵਿੱਚ ਹਾਕਮ ਜਮਾਤਾਂ ਦੀਆਂ ਲੋਕ ਵਿਰੋਧੀ ਨੀਤੀਆਂ ਕਾਰਨ ਅੱਜ ਵੀ ਦੇਸ਼ ਦੇ 70 ਕਰੋੜ ਤੋਂ ਵੱਧ ਗ਼ਰੀਬ ਤੇ ਦੱਬੇ ਕੁਚਲੇ ਵਰਗਾਂ ਦੇ ਲੋਕ ਰੋਟੀ, ਕੱਪੜਾ, ਮਕਾਨ, ਸਿੱਖਿਆ, ਸਿਹਤ, ਰੁਜ਼ਗਾਰ, ਬਿਜਲੀ, ਸਾਫ਼ ਪਾਣੀ, ਸੀਵਰੇਜ, ਸੜਕਾਂ ਅਤੇ ਹੋਰ ਬੁਨਿਆਦੀ ਸਹੂਲਤਾਂ ਲਈ ਤਰਸ ਰਹੇ ਹਨ। ਸਾਮਰਾਜ ਪੱਖੀ ਨੀਤੀਆਂ ਨੂੰ ਅਖੌਤੀ ਆਰਥਿਕ ਸੁਧਾਰਾਂ ਦਾ ਨਾਂ ਦੇ ਕੇ ਹੁਕਮਰਾਨ ਮੁਲਕ ਨੂੰ ਵਿਨਾਸ਼ ਵੱਲ ਲਿਜਾ ਰਹੇ ਹਨ। ਬਹੁਕੌਮੀ ਕੰਪਨੀਆਂ ਅਤੇ ਕਾਰਪੋਰੇਟ ਘਰਾਣਿਆਂ ਨੂੰ 7 ਲੱਖ ਕਰੋੜ ਦੀਆਂ ਸਾਲਾਨਾ ਸਬਸਿਡੀਆਂ ਦੇ ਕੇ ਅਤੇ ਇਸ ਦੇ ਉਲਟ ਆਮ ਲੋਕਾਂ ਤੋਂ ਰਸੋਈ ਗੈਸ, ਪੈਟਰੋਲ, ਡੀਜ਼ਲ, ਮਿੱਟੀ ਦਾ ਤੇਲ ਅਤੇ ਰੋਜ਼ਮਰ੍ਹਾ ਦੀਆਂ ਹੋਰ ਜ਼ਰੂਰੀ ਵਸਤਾਂ ਦੀ ਸਬਸਿਡੀ ਖ਼ਤਮ ਕਰਕੇ ਮੌਜੂਦਾ ਸਰਕਾਰਾਂ ਪਤਾ ਨਹੀਂ ਕਿਹੋ ਜਿਹੇ ਵਿਕਾਸ ਦਾ ਦਾਅਵਾ ਕਰ ਰਹੀਆਂ ਹਨ? ਦਰਅਸਲ ਵਿਕਾਸ ਦਾ ਲਾਭ ਆਮ ਲੋਕਾਂ ਦੀ ਥਾਂ ਉਨ੍ਹਾਂ ਪੂੰਜੀਪਤੀ ਘਰਾਣਿਆਂ, ਬਹੁਕੌਮੀ ਕੰਪਨੀਆਂ ਅਤੇ ਭ੍ਰਿਸ਼ਟ ਸਿਆਸਤਦਾਨਾਂ ਨੂੰ ਦਿੱਤਾ ਜਾ ਰਿਹਾ ਹੈ ਜਿਹੜੇ ਚੋਣਾਂ ਅਤੇ ਸਿਆਸੀ ਸੰਕਟ ਵੇਲੇ ਲੋਕ ਵਿਰੋਧੀ ਹਾਕਮ ਜਮਾਤਾਂ ਦਾ ਸਾਥ ਦਿੰਦੇ ਹਨ।

ਦੇਸ਼ ਦੇ ਇਨ੍ਹਾਂ ਮਹਾਨ ਸ਼ਹੀਦਾਂ ਨੂੰ ਸਮੇਂ-ਸਮੇਂ ਦੀਆਂ ਸਰਕਾਰਾਂ ਵੱਲੋਂ ਅਣਗੌਲਿਆ



ਕਰਨ ਦੇ ਪਿਛੋਕੜ ਵਿਚ ਇਹ ਤੱਥ ਸਮਝਣਾ ਜ਼ਰੂਰੀ ਹੈ ਕਿ ਸ਼ਹੀਦ ਭਗਤ ਸਿੰਘ ਤੇ ਸਾਥੀਆਂ ਦੀ ਇਨਕਲਾਬੀ ਜਥੇਬੰਦੀ ਹਿੰਦੋਸਤਾਨ ਸੋਸ਼ਲਿਸਟ ਰਿਪਬਲਿਕ ਐਸੋਸੀਏਸ਼ਨ ਅਤੇ ਮਹਾਤਮਾ ਗਾਂਧੀ ਦੀ ਅਗਵਾਈ ਹੇਠ ਕਾਂਗਰਸ ਪਾਰਟੀ ਦੇ ਅੰਗਰੇਜ਼ਾਂ ਤੋਂ ਆਜ਼ਾਦੀ ਹਾਸਲ ਕਰਨ ਦੀਆਂ ਨੀਤੀਆਂ ਅਤੇ ਢੰਗ ਤਰੀਕਿਆਂ ਵਿਚ ਕਾਫ਼ੀ ਵਿਚਾਰਧਾਰਕ ਮਤਭੇਦ ਸਨ। ਕਾਂਗਰਸ ਸਮਝਦੀ ਸੀ ਕਿ ਇਨਕਲਾਬੀ ਜਥੇਬੰਦੀਆਂ ਦੀਆਂ ਬਾਗ਼ੀ ਸਰਗਰਮੀਆਂ ਅੰਗਰੇਜ਼ਾਂ ਨਾਲ ਕੀਤੇ ਜਾਣ ਵਾਲੇ ਸਮਝੌਤਿਆਂ ਵਿੱਚ ਮੁੱਖ ਰੁਕਾਵਟ ਹਨ ਜਦੋਂਕਿ ਸ਼ਹੀਦ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਦਾ ਵਿਚਾਰ ਸੀ ਕਿ ਜ਼ਾਲਮ ਬਰਤਾਨਵੀ ਹਕੂਮਤ ਨੂੰ ਹਿੰਦੋਸਤਾਨ ਵਿਚੋਂ ਬਾਹਰ ਕੱਢਣ ਲਈ ਇਕੋ ਇੱਕ ਹਥਿਆਰ ਕਿਰਤੀ ਇਨਕਲਾਬ ਹੈ ਅਤੇ ਹੋਰ ਕੋਈ ਵੀ ਪ੍ਰੋਗਰਾਮ ਜਾਂ ਅੰਦੋਲਨ ਇਸ ਦੀ ਪੂਰਤੀ ਨਹੀਂ ਕਰ ਸਕਦਾ। ਉਨ੍ਹਾਂ ਦਾ ਇਹ ਵੀ ਮੰਨਣਾ ਸੀ ਕਿ ਇਨਕਲਾਬ ਨੂੰ ਸਦਾ ਹਥਿਆਰਬੰਦ ਇਨਕਲਾਬ ਨਾਲ ਨਹੀਂ ਜੋੜਿਆ ਜਾ ਸਕਦਾ।

ਇਸੇ ਕਾਰਨ ਗਾਂਧੀ ਇਰਵਿਨ ਸਮਝੌਤੇ ਵੇਲੇ ਮਹਾਤਮਾ ਗਾਂਧੀ ਅਤੇ ਕਾਂਗਰਸ ਨੇ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੀ ਫਾਂਸੀ ਦੀ ਸਜ਼ਾ ਮੁਆਫ਼ ਕਰਾਉਣ ਲਈ ਬਰਤਾਨਵੀ ਹਕੂਮਤ ਉਤੇ ਕੋਈ ਦਬਾਅ ਨਹੀਂ ਪਾਇਆ। ਉਂਝ ਵੀ ਸ਼ਹੀਦ ਭਗਤ ਸਿੰਘ ਬਰਤਾਨਵੀ ਹਕੂਮਤ ਤੋਂ ਕਿਸੇ ਵੀ ਤਰ੍ਹਾਂ ਦੇ ਰਹਿਮ ਜਾਂ ਮੁਆਫ਼ੀ ਮੰਗਣ ਦੇ ਸਖ਼ਤ ਖ਼ਿਲਾਫ਼ ਸੀ। ਇਸ ਦਾ ਖੁਲਾਸਾ ਉਸ ਨੇ ਜੇਲ੍ਹ ਵਿਚੋਂ ਆਪਣੇ ਪਿਤਾ ਨੂੰ ਲਿਖੇ ਪੱਤਰ ਵਿਚ ਸਪੱਸ਼ਟ ਤੌਰ 'ਤੇ ਕੀਤਾ ਸੀ।

ਸ਼ਹੀਦ ਭਗਤ ਸਿੰਘ ਦੀ ਦਿਨੋ ਦਿਨ ਵਧ ਰਹੀ ਹਰਮਨ ਪਿਆਰਤਾ ਤੋਂ ਘਬਰਾ ਕੇ ਕੁਝ ਤਾਕਤਾਂ ਸਮੇਂ-ਸਮੇਂ ਉਸ ਦੇ ਨਾਂ ਨਾਲ ਕੋਈ ਨਾ ਕੋਈ ਵਾਦ ਵਿਵਾਦ ਜੋੜੀ ਰੱਖਦੀਆਂ ਹਨ। ਸ਼ਹੀਦ ਭਗਤ ਸਿੰਘ ਦੀ ਕ੍ਰਾਂਤੀਕਾਰੀ ਵਿਚਾਰਧਾਰਾ ਅਤੇ ਕੁਰਬਾਨੀ ਤੋਂ ਭੈਅ ਖਾਣ ਵਾਲੀਆਂ ਪੂੰਜੀਵਾਦੀ ਪੱਖੀ ਜਮਾਤਾਂ ਉਸ ਨੂੰ ਹੁਣ ਤਕ ਦਹਿਸ਼ਤਪਸੰਦ ਅਤੇ ਜਜ਼ਬਾਤੀ ਨੌਜਵਾਨ ਵਜੋਂ ਹੀ ਪੇਸ਼ ਕਰਦੀਆਂ ਰਹੀਆਂ ਹਨ, ਪਰ ਹਕੀਕਤ ਇਹ ਹੈ ਕਿ ਅੰਗਰੇਜ਼ ਹਕੂਮਤ ਵਿਰੁੱਧ ਛੇੜੀ ਅਸਲੀ ਜੰਗ ਵਿਚ ਸ਼ਹੀਦ ਭਗਤ ਸਿੰਘ ਨੇ ਜਿਹੜਾ ਪਹਿਲਾ ਹਥਿਆਰ ਚੁੱਕਿਆ ਸੀ, ਉਹ ਪਿਸਤੌਲ ਨਹੀਂ ਸਗੋਂ ਕਲਮ ਸੀ ਅਤੇ ਉਸ ਦੀ ਬੌਧਿਕਤਾ ਨੇ ਹੀ ਉਸ ਵਿੱਚ ਰਾਜਸੀ ਚੇਤੰਨਤਾ ਦਾ ਵਿਕਾਸ ਕੀਤਾ ਸੀ।

ਸ਼ਹੀਦਾਂ ਦੇ ਬੁੱਤਾਂ ਉੱਤੇ ਹਰ ਸਾਲ ਹਾਰ ਪਾ ਕੇ ਅਤੇ ਲੱਛੇਦਾਰ ਭਾਸ਼ਣ ਕਰਕੇ ਮੌਜੂਦਾ ਲੋਕ ਵਿਰੋਧੀ ਤੇ ਭ੍ਰਿਸ਼ਟ ਢਾਂਚੇ ਨੂੰ ਬਦਲਿਆ ਨਹੀਂ ਜਾ ਸਕਦਾ। ਸ਼ਹੀਦ ਦੀ ਇਨਕਲਾਬੀ ਵਿਚਾਰਧਾਰਾ ਨੂੰ ਅਮਲੀ ਜਾਮਾ ਪਹਿਨਾ ਕੇ ਹੀ ਲੁੱਟ ਰਹਿਤ ਅਤੇ ਬਰਾਬਰੀ 'ਤੇ ਆਧਾਰਿਤ ਇਨਸਾਫ਼ਪਸੰਦ ਢਾਂਚਾ ਸਥਾਪਤ ਕੀਤਾ ਜਾ ਸਕਦਾ ਹੈ। ਹਾਕਮ ਜਮਾਤਾਂ ਨੂੰ ਸ਼ਹੀਦ ਭਗਤ ਸਿੰਘ ਦੀ ਇਨਕਲਾਬੀ ਤੇ ਸਮਾਜਵਾਦੀ ਵਿਚਾਰਧਾਰਾ ਨਾ ਤਾਂ ਕਦੇ ਮੁਆਫ਼ਕ ਆਈ ਹੈ ਅਤੇ ਨਾ ਹੀ ਕਦੇ ਆਵੇਗੀ। ਆਓ, ਸ਼ਹੀਦ ਭਗਤ ਸਿੰਘ ਅਤੇ ਸਾਥੀਆਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਸਮੁੱਚੀ ਮਿਹਨਤਕਸ਼ ਜਮਾਤ ਦੀ ਏਕਤਾ ਅਤੇ ਜਥੇਬੰਦਕ ਸੰਘਰਸ਼ਾਂ ਨੂੰ ਹੋਰ ਸਰਗਰਮੀ ਨਾਲ ਅੱਗੇ ਵਧਾਈਏ।

# ਜਦੋਂ ਸ਼ਹੀਦ ਊਧਮ ਸਿੰਘ ਨੇ ਮਾਈਕਲ ਉਡਵਾਇਰ ਨੂੰ ਸੋਧਿਆ...



**ਡਾ. ਗੁਰਵਿੰਦਰ ਸਿੰਘ**
ਕੋਆਰਡੀਨੇਟਰ, ਪੰਜਾਬੀ ਸਾਹਿਤ ਸਭਾ ਮੁੱਢਲੀ (ਰਜਿ.)
ਐਬਟਸਫੋਰਡ, ਕੈਨੇਡਾ
singhnewscanada@gmail.com
604-825-1550

**ਲੰਡਨ ਨੇ ਕੀਤੇ ਸਦਾ, ਹਮਲੇ ਤਾਬੜਤੋੜ,**
**ਲੰਡਨ ਜਾ ਕੇ ਸ਼ੇਰ ਨੇ, ਭਾਜੀ ਦਿੱਤੀ ਮੋੜ।**





Daily Express
Audience see revolver drama at London lecture
SIR M. O'DWYER SHOT DEAD AT CAXTON HALL
Lord Zetland and Lord Lamington wounded
HIT BY TWO SHOTS

ਮੇਰੇ ਲਈ ਉਹ ਪਲ ਇਤਿਹਾਸਕ ਸਨ, ਜਦੋਂ ਲੰਡਨ ਦੇ ਕੈਕਸਟਨ ਹਾਲ ਦੀ ਜਗ੍ਹਾ 'ਤੇ ਜਾਣ ਦਾ ਸੁਭਾਗ ਮਿਲਿਆ, ਜਿੱਥੇ ਸ਼ਹੀਦ ਊਧਮ ਸਿੰਘ ਨੇ 13 ਮਾਰਚ 1940 ਨੂੰ ਓਡਵਾਇਰ ਨੂੰ ਸੋਧਿਆ ਸੀ। ਚਾਹੇ ਉਸ ਜਗ੍ਹਾ 'ਤੇ ਸ਼ਹੀਦ ਊਧਮ ਸਿੰਘ ਦੀ ਕੋਈ ਯਾਦਗਾਰ ਸਥਾਪਤ ਨਹੀਂ ਹੋ ਸਕੀ, ਪਰ ਉਥੇ ਜਾ ਕੇ ਜੋ ਮਨ ਦੇ ਵਲਵਲੇ ਸਨ, ਉਹ ਇਸ ਲਿਖਤ ਰਾਹੀਂ ਕੀਤੇ ਹਨ। ਸਰਦਾਰ ਊਧਮ ਸਿੰਘ ਇਤਿਹਾਸ ਦਾ ਅਜਿਹਾ ਮਹਾਨ ਯੋਧਾ ਹੋਇਆ ਹੈ, ਜਿਸਨੇ ਗ਼ੁਲਾਮੀ ਦੀਆਂ ਜੰਜੀਰਾਂ ਤੋੜਨ ਅਤੇ ਬੇਗੁਨਾਹ ਲੋਕਾਂ ਦੇ ਸਮੂਹਿਕ ਕਤਲੇਆਮ ਖ਼ਿਲਾਫ਼, ਹਥਿਆਰਬੰਦ ਸੰਘਰਸ਼ ਦਾ ਰਾਹ ਅਪਨਾਇਆ। 26 ਦਸੰਬਰ 1899 ਵਿੱਚ ਪੰਜਾਬ ਦੇ ਸੁਨਾਮ ਨਗਰ ਦੇ ਗਰੀਬ ਪਰਿਵਾਰ 'ਚ ਜਨਮੇ ਊਧਮ ਸਿੰਘ (ਪਹਿਲਾਂ ਨਾਂ ਸ਼ੇਰ ਸਿੰਘ) ਬਚਪਨ ਵਿੱਚ ਹੀ ਮਾਤਾ ਅਤੇ ਪਿਤਾ ਦੇ ਦੇਹਾਂਤ ਮਗਰੋਂ 24 ਅਕਤੂਬਰ 1907 ਵਿੱਚ ਸੈਂਟਰਲ ਸਿੱਖ ਯਤੀਮਖਾਨਾ ਅੰਮ੍ਰਿਤਸਰ ਸਾਹਿਬ ਵਿਖੇ ਆ ਗਏ ਤੇ ਇਥੋਂ ਹੀ ਸਿੱਖੀ ਜੀਵਨ, ਸੇਵਾ ਤੇ ਸ਼ਹਾਦਤ ਦੀ ਪ੍ਰੇਰਨਾ ਲੈ ਕੇ ਵੱਡੇ ਹੋਏ।





ਜਲ੍ਹਿਆਂਵਾਲਾ ਬਾਗ ਦੇ ਖ਼ੂਨੀ ਸਾਕੇ ਦੌਰਾਨ ਮਨੁੱਖਤਾ ਦੇ ਡੁੱਲ੍ਹੇ ਲਹੂ ਦਾ ਹਿਸਾਬ ਚੁਕਾਉਣ ਲਈ ਊਧਮ ਸਿੰਘ ਨੇ 21 ਸਾਲ ਮਗਰੋਂ, 13 ਮਾਰਚ 1940 ਨੂੰ ਲੰਡਨ ਵਿੱਚ ਕੈਕਸਟਨ ਹਾਲ 'ਚ ਪਹੁੰਚ ਕੇ ਜ਼ਾਲਮ ਓਡਵਾਇਰ ਨੂੰ ਸੋਧਿਆ। ਸਿਤਮਜ਼ਰੀਫੀ ਇਹ ਸੀ ਕਿ ਇੱਕ ਪਾਸੇ ਪਟਿਆਲੇ ਵਾਲਾ ਰਾਜਾ ਤੇ ਮਜੀਠੀਏ ਡਾਇਰ-ਓਡਵਾਇਰ ਆਦਿ ਨੂੰ ਦਾਅਵਤਾਂ ਦੇ ਰਹੇ ਸੀ, ਦੂਜੇ ਪਾਸੇ ਸ਼ਹੀਦ ਊਧਮ ਸਿੰਘ ਜਾਨ ਦੀ ਬਾਜ਼ੀ ਲਾ ਕੇ ਓਡਵਾਇਰ ਨੂੰ ਸੋਧਣ ਲਈ ਤੱਤਪਰ ਸੀ। ਊਧਮ ਸਿੰਘ ਉਰਫ਼ ਮੁਹੰਮਦ ਸਿੰਘ ਆਜ਼ਾਦ ਨੇ 31 ਜੁਲਾਈ 1940 ਨੂੰ ਲੰਡਨ 'ਚ ਫਾਂਸੀ ਦਾ ਰੱਸਾ ਚੁੰਮਦਿਆਂ ਸ਼ਹੀਦੀ ਪਾਈ। ਸ਼ਹੀਦ ਊਧਮ ਸਿੰਘ ਸਭ ਤੋਂ ਪਹਿਲਾਂ ਗੁਰਬਾਣੀ ਤੋਂ ਪ੍ਰਭਾਵਿਤ ਸੀ, ਫਿਰ ਉਸ ਨੇ ਗ਼ਦਰ ਲਹਿਰ ਤੋਂ ਅਤੇ ਉਸਤੋਂ ਮਗਰੋਂ ਬੱਬਰ ਅਕਾਲੀ ਲਹਿਰ ਤੋਂ ਵੀ ਪ੍ਰਭਾਵ ਕਬੂਲਿਆ। ਉਸ ਦੀ ਸ਼ਖਸ਼ੀਅਤ ਉਪਰ ਸ਼ਹੀਦ ਭਗਤ ਸਿੰਘ ਦਾ ਡੂੰਘਾ ਅਸਰ ਸੀ।

ਸ਼ਹੀਦ ਊਧਮ ਸਿੰਘ ਨੇ ਆਪਣੇ ਪੱਤਰਾਂ ਵਿੱਚ ਆਰੰਭ ਇੱਕ ਓਂਕਾਰ ਨਾਲ ਕੀਤਾ ਅਤੇ ਗੁਰੂ ਅਰਜਨ ਸਾਹਿਬ ਦੀ ਬਾਣੀ ਦੀਆਂ ਤੁਕਾਂ ਵੀ ਅੰਕਿਤ ਕੀਤੀਆਂ। ਜੇਲ੍ਹ 'ਚੋਂ ਉਸਨੇ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਨੂੰ ਪੱਤਰ ਵੀ ਲਿਖਿਆ ਕਿ ਉਸ ਨੂੰ ਗੁਟਕਾ ਸਾਹਿਬ ਭੇਜੇ ਜਾਣ। ਸ਼ਹੀਦ ਊਧਮ ਸਿੰਘ ਲੰਡਨ ਸਥਿਤ ਗੁਰਦੁਆਰਾ ਸਾਹਿਬ ਵਿਖੇ ਅਕਸਰ ਲੰਗਰ ਦੀ ਸੇਵਾ ਕਰਦਾ। ਸਟਾਕਟਨ ਵਿਖੇ ਵੀ ਉਸ ਦਾ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਸਿੰਘ ਨਾਲ ਡੂੰਘਾ ਪਿਆਰ ਸੀ ਅਤੇ ਉਸ ਨੂੰ ਲਿਖੀਆਂ ਚਿੱਠੀਆਂ ਵੀ ਮਿਲਦੀਆਂ ਹਨ। ਅਦਾਕਾਰੀ ਦੇ ਸ਼ੌਕ ਅਧੀਨ ਉਸ ਨੇ ਇੰਗਲੈਂਡ ਵਿੱਚ ਦੋ ਫ਼ਿਲਮਾਂ ਐਲੀਫੈਂਟ, ਦਾ ਥੀਫ ਆਫ ਬਗਦਾਦ ਆਦਿ ਵਿੱਚ ਵੀ ਕੰਮ ਕੀਤਾ, ਜਿਸ ਦੀਆਂ ਤਸਵੀਰਾਂ ਮਿਲਦੀਆਂ ਹਨ।

ਸ਼ਹੀਦ ਊਧਮ ਸਿੰਘ ਦੇ ਅਨੇਕਾਂ ਨਾਵਾਂ 'ਚੋਂ ਇੱਕ ਖ਼ਾਸ ਨਾਮ ਮੁਹੰਮਦ ਸਿੰਘ ਆਜ਼ਾਦ ਸੀ, ਪਰ ਆਰੀਆ ਸਮਾਜ ਵਰਗੀਆਂ ਸੰਸਥਾਵਾਂ ਵੱਲੋਂ ਹਿੰਦੂਤਵੀ ਅਤੇ ਕਈ ਹੋਰਨਾਂ ਵੱਲੋਂ ਅਖੌਤੀ ਸੈਕੂਲਰ ਏਜੰਡੇ ਤਹਿਤ ਨਾਂ ਪ੍ਰਚੱਲਤ ਕਰ ਦਿੱਤਾ ਗਿਆ ਹੈ, ਰਾਮ ਮੁਹੰਮਦ ਸਿੰਘ ਆਜ਼ਾਦ। ਪਹਿਲਾਂ ਆਰੀਆ ਸਮਾਜੀ ਅਤੇ ਅਖੌਤੀ ਸੇਕੂਲਰ ਤੇ ਅੱਜ ਕੱਲ੍ਹ ਫਾਸ਼ੀਵਾਦੀ ਏਜੰਡੇ ਅਨੁਸਾਰ ਰਾਮ ਮੁਹੰਮਦ ਸਿੰਘ ਆਜ਼ਾਦ ਪ੍ਰਚਾਰਿਆ ਜਾ ਰਿਹਾ ਹੈ, ਜੋ ਕਿ ਗ਼ਲਤ ਹੈ। ਸ਼ਹੀਦ ਊਧਮ ਸਿੰਘ ਨੇ ਜਦ ਖ਼ੁਦ ਆਪਣਾ ਨਾਮ ਮੁਹੰਮਦ ਸਿੰਘ ਆਜ਼ਾਦ ਲਿਖਿਆ ਹੈ, ਤਾਂ ਸਾਨੂੰ ਕੀ ਹੱਕ ਹੈ ਉਸ ਦਾ ਨਾਮ ਵਿਗਾੜਨ ਦਾ? ਮਹਾਨ ਯੋਧੇ ਸ਼ਹੀਦ ਊਧਮ ਸਿੰਘ ਬਨਾਮ ਮੁਹੰਮਦ ਸਿੰਘ ਆਜ਼ਾਦ ਨੂੰ ਇਹ 'ਕਾਵਿ-ਬੰਦ' ਸਮਰਪਿਤ ਕਰ ਰਹੇ ਹਾਂ, ਜੋ ਇਸ ਮਹਾਨ ਯੋਧੇ ਵੱਲੋਂ ਦੁਨੀਆਂ ਦੇ ਸਭ ਤੋਂ ਵੱਡੇ ਬਸਤੀਵਾਦ ਦਾ ਕਿਲਾ ਢਾਹੁਣ ਦੀ ਗਵਾਹੀ ਭਰਦੇ ਹਨ:

ਲੰਡਨ ਬਸਤੀਵਾਦ ਦਾ, ਜਦ ਹੁੰਦਾ ਸੀ ਗੜ੍ਹ,
ਊਧਮ ਸਿੰਘ ਸਰਦਾਰ ਨੇ, ਤਦ ਭੰਨੀ ਸੀ ਤੜ੍ਹ।

# ਹਥਿਆਰ ਹੁਣ ਪੰਜਾਬੀਆਂ ਦੇ 'ਸਟੇਟਸ ਸਿੰਬਲ' ਬਣੇ

## ਪੰਜਾਬੀਆਂ ਨੇ 2017-18 ਤੋਂ ਨਵੰਬਰ 2024 ਤੱਕ ਪੰਜਾਬ ਵਿੱਚ 1786.96 ਕਰੋੜ ਦਾ ਅਸਲਾ ਖਰੀਦਿਆ







ਪੰਜਾਬ ਵਿੱਚ ਲਾਇਸੰਸੀ ਅਸਲੇ ਦੇ ਮਾਮਲੇ ਵਿੱਚ ਸਰਹੱਦੀ ਜ਼ਿਲ੍ਹੇ ਅੰਮ੍ਰਿਤਸਰ (40,212) ਅਤੇ ਗੁਰਦਾਸਪੁਰ (38,945) ਸਭ ਤੋਂ ਉੱਪਰ ਹਨ। ਸਨਅਤੀ ਜ਼ਿਲ੍ਹਾ ਲੁਧਿਆਣਾ 35, 230 ਲਾਇਸੰਸਾਂ ਨਾਲ ਸੂਚੀ ਵਿੱਚ ਤੀਜੇ ਨੰਬਰ ਉੱਤੇ ਹੈ। ਇਸ ਤੋਂ ਬਾਅਦ ਪਟਿਆਲਾ (33,147) ਚੌਥੇ ਨੰਬਰ ਉੱਤੇ ਹੈ। ਇਸ ਤੋਂ ਇਲਾਵਾ ਸੂਚੀ ਵਿੱਚ ਫ਼ਿਰੋਜ਼ਪੁਰ (30,904), ਮੋਗਾ (29,831), ਤਰਨਤਾਰਨ (27,104), ਸੰਗਰੂਰ (26,396), ਬਠਿੰਡਾ (26,381), ਸ੍ਰੀ ਮੁਕਤਸਰ ਸਾਹਿਬ (24,489), ਜਲੰਧਰ (17,116) ਫ਼ਾਜ਼ਿਲਕਾ (16,532), ਫ਼ਰੀਦਕੋਟ (15,507), ਮਾਨਸਾ (13,166), ਬਰਨਾਲਾ (11,420), ਹੁਸ਼ਿਆਰਪੁਰ (11,367) ਫ਼ਤਿਹਗੜ੍ਹ ਸਾਹਿਬ (10,753), ਮੋਹਾਲੀ (10,101), ਕਪੂਰਥਲਾ (8,479), ਰੂਪਨਗਰ (5,411), ਪਠਾਨਕੋਟ (3,696), ਸ਼ਹੀਦ ਭਗਤ ਸਿੰਘ ਨਗਰ (2,907), ਮਲੇਰਕੋਟਲਾ (332) ਸ਼ਾਮਲ ਹਨ।

ਸਾਲ 2023-24 ਵਿੱਚ ਪੰਜਾਬ ਦੇ ਲੋਕਾਂ ਨੇ 390.49 ਕਰੋੜ ਦਾ ਅਸਲਾ ਤੇ ਕਾਰਤੂਸ ਖਰੀਦੇ ਸਨ। ਔਸਤਨ ਰੋਜ਼ਾਨਾ 1.06 ਕਰੋੜ ਰੁਪਏ ਹਥਿਆਰਾਂ 'ਤੇ ਖ਼ਰਚੇ ਹਨ। ਤੱਥਾਂ ਅਨੁਸਾਰ ਸਾਲ 2017-18 ਤੋਂ ਨਵੰਬਰ 2024 ਤੱਕ ਪੰਜਾਬ ਵਿੱਚ 1786.96 ਕਰੋੜ ਦੇ ਅਸਲੇ ਤੇ ਕਾਰਤੂਸਾਂ ਦਾ ਕਾਰੋਬਾਰ ਹੋਇਆ ਹੈ ਜਿਸ ਤੋਂ ਸਰਕਾਰੀ ਖ਼ਜ਼ਾਨੇ ਨੂੰ ਵੀ 66.5 ਕਰੋੜ ਦਾ ਟੈਕਸ ਮਿਲਿਆ ਹੈ। ਪੰਜਾਬ ਵਿੱਚ 3.36 ਲੱਖ ਅਸਲਾ ਲਾਇਸੈਂਸ ਹਨ ਜਦਕਿ ਲਾਇਸੈਂਸੀ ਹਥਿਆਰਾਂ ਦੀ ਗਿਣਤੀ 4.38 ਲੱਖ ਹੈ। ਸਮੁੱਚੇ ਦੇਸ਼ ਵਿੱਚ 35.87 ਲੱਖ ਅਸਲਾ ਲਾਇਸੈਂਸ ਹਨ। ਆਬਾਦੀ ਦੇ ਲਿਹਾਜ਼ ਨਾਲ ਪੰਜਾਬ ਦੇਸ਼ ਦਾ ਮਹਿਜ਼ 2.18 ਫ਼ੀਸਦੀ ਹਿੱਸਾ ਹੈ ਪਰ ਅਸਲਾ ਲਾਇਸੈਂਸਾਂ 'ਚ ਪੰਜਾਬ ਦੀ ਦਰ 9.64 ਫ਼ੀਸਦੀ ਬਣਦੀ ਹੈ। ਪੰਜਾਬ ਵਿੱਚ ਇਸ ਵੇਲੇ 423 ਅਸਲਾ ਡੀਲਰ ਹਨ। ਸਾਲ 2017-18 ਵਿੱਚ ਪੰਜਾਬ ਵਿੱਚ ਅਸਲਾ ਕਾਰੋਬਾਰ 111.46 ਕਰੋੜ ਦਾ ਸੀ ਜੋ ਸਾਲ 2023-24 ਵਿੱਚ ਵੱਧ ਕੇ 390.49 ਕਰੋੜ ਦਾ ਹੋ ਚੁੱਕਾ ਹੈ। ਅਸਲੇ 'ਤੇ ਖਰਚਾ ਹਰ ਸਾਲ ਵਧਦਾ ਹੀ ਜਾ ਰਿਹਾ ਹੈ। ਆਰਮਜ਼ ਐਕਟ 1959 ਦੇ ਸਾਲ 2016 ਵਿੱਚ ਸੋਧੇ ਨਿਯਮਾਂ ਅਨੁਸਾਰ ਇੱਕ ਲਾਇਸੈਂਸ 'ਤੇ ਦੋ ਹਥਿਆਰ ਖਰੀਦੇ ਜਾਣ ਦੀ ਖੁੱਲ੍ਹ ਹੈ। ਸੂਬੇ ਵਿੱਚ ਅਜਿਹੇ 60,144 ਲਾਇਸੈਂਸ ਹਨ ਜਿਨ੍ਹਾਂ 'ਤੇ ਦੋ-ਦੋ ਹਥਿਆਰ ਚੜ੍ਹੇ ਹੋਏ ਹਨ।

ਪੰਜਾਬ ਵਿੱਚ ਇਸ ਵੇਲੇ ਕਾਨਪੁਰੀ ਰਿਵਾਲਵਰ ਤੇ ਕਲਕੱਤਾ ਦਾ ਪਿਸਟਲ ਕਾਫ਼ੀ ਮਕਬੂਲ ਹੈ ਜਿਨ੍ਹਾਂ ਦੀ ਕੀਮਤ 60 ਹਜ਼ਾਰ ਤੋਂ ਢਾਈ ਲੱਖ ਰੁਪਏ ਤੱਕ ਹੈ। ਕਾਨਪੁਰ ਦੀ ਆਰਡੀਨੈਂਸ ਫ਼ੈਕਟਰੀ ਵਿਚੋਂ ਸਾਲ 2013-2016 ਵਿੱਚ ਪੰਜਾਬ ਦੇ ਲੋਕਾਂ ਨੇ ਰਿਵਾਲਵਰ ਖ਼ਰੀਦਣ 'ਤੇ 100 ਕਰੋੜ ਰੁਪਏ ਖ਼ਰਚੇ ਸਨ। ਹੁਣ ਇਹ ਰਿਵਾਲਵਰ ਅਸਲਾ ਡੀਲਰਾਂ ਕੋਲ ਉਪਲਬਧ ਹੈ। ਬਠਿੰਡਾ ਦੇ ਕਪੂਰ ਗੰਨ ਹਾਊਸ ਦੇ ਤਰੁਨ ਕਪੂਰ ਦਾ ਕਹਿਣਾ ਸੀ ਕਿ ਹੁਣ ਨਵੇਂ ਅਸਲਾ ਲਾਇਸੈਂਸ ਤਾਂ ਬਣ ਨਹੀਂ ਰਹੇ ਹਨ, ਜਿਸ ਕਰਕੇ ਕਾਰੋਬਾਰ ਪ੍ਰਭਾਵਿਤ ਹੋਇਆ ਹੈ ਪਰ ਪੁਰਾਣੇ ਲਾਇਸੈਂਸੀ ਜ਼ਰੂਰ ਅਸਲੇ ਦੀ ਅਦਲਾ ਬਦਲੀ ਕਰ ਰਹੇ ਹਨ। ਕਰੋਨਾ ਵਾਲੇ ਸਾਲ 2020-21 ਵਿੱਚ ਵੀ ਸੂਬੇ ਵਿੱਚ 181.75 ਕਰੋੜ ਦਾ ਅਸਲਾ ਕਾਰੋਬਾਰ ਹੋਇਆ ਸੀ। ਪੰਜਾਬ ਵਿੱਚ ਲੋਕਾਂ ਕੋਲ ਮੌਜੂਦ 4.38 ਲੱਖ ਹਥਿਆਰਾਂ ਦਾ ਔਸਤਨ ਪ੍ਰਤੀ ਹਥਿਆਰ 80 ਹਜ਼ਾਰ ਰੁਪਏ ਵੀ ਮੁੱਲ ਮਿੱਥੀਏ ਤਾਂ ਕਰੀਬ 3500 ਕਰੋੜ ਦਾ ਲਾਇਸੈਂਸੀ ਅਸਲਾ ਲੋਕਾਂ ਦੇ ਘਰਾਂ ਵਿੱਚ ਪਿਆ ਹੈ। ਅਕਾਲੀ-ਭਾਜਪਾ ਗੱਠਜੋੜ ਦੀ ਹਕੂਮਤ ਸਮੇਂ ਸੂਬੇ ਵਿੱਚ ਥੋਕ ਵਿੱਚ ਅਸਲਾ ਲਾਇਸੈਂਸ ਬਣੇ ਸਨ। ਮਾਨਸਾ ਦੇ ਡਿਪਟੀ ਕਮਿਸ਼ਨਰ ਕੁਲਵੰਤ ਸਿੰਘ ਨੇ ਕਿਹਾ ਕਿ ਉਨ੍ਹਾਂ ਵੱਲੋਂ ਸਿਰਫ਼ ਲੋੜਵੰਦਾਂ ਦੇ ਹਰ ਮਹੀਨੇ ਅੱਠ ਤੋਂ ਦਸ ਨਵੇਂ ਲਾਇਸੈਂਸ ਬਣਾਏ ਜਾਂਦੇ ਹਨ ਜਦਕਿ ਚਾਹਵਾਨਾਂ ਦੀ ਲੰਮੀ ਕਤਾਰ ਹੈ। ਪੰਜਾਬ ਵਿੱਚ 3784 ਔਰਤਾਂ ਕੋਲ ਵੀ ਅਸਲਾ ਲਾਇਸੈਂਸ ਹਨ ਜਿਨ੍ਹਾਂ 'ਤੇ 4328 ਹਥਿਆਰ ਚੜ੍ਹੇ ਹੋਏ ਹਨ। ਪਟਿਆਲਾ ਜ਼ਿਲ੍ਹੇ ਵਿੱਚ ਸਭ ਤੋਂ ਵੱਧ 375 ਔਰਤਾਂ ਕੋਲ ਲਾਇਸੈਂਸ ਹਨ। ਪਿਛਲੇ ਸਮੇਂ ਤੋਂ ਗੈਂਗਸਟਰਾਂ ਦੀ ਦਬਿਸ਼ ਤੇ ਫ਼ਿਰੌਤੀਆਂ ਦੇ ਕੇਸ ਵਧੇ ਹਨ ਪਰ ਹਕੀਕਤ ਇਹ ਵੀ ਹੈ ਕਿ ਲਾਇਸੈਂਸੀ ਹਥਿਆਰ ਕਦੇ ਹਿਫ਼ਾਜ਼ਤ ਦੀ ਮਿਸਾਲ ਪੇਸ਼ ਨਹੀਂ ਕਰ ਸਕੇ। ਜਦੋਂ ਵੀ ਕੋਈ ਛੋਟੀ-ਵੱਡੀ ਚੋਣ ਆਉਂਦੀ ਹੈ ਤਾਂ ਗੰਨ ਹਾਊਸਿਜ਼ ਵਿੱਚ ਰਫ਼ਲ ਜਮ੍ਹਾਂ ਕਰਾਉਣੀ ਪੈਂਦੀ ਹੈ ਜਿਸ ਦਾ (ਬਾਕੀ ਸਫ਼ਾ 31 'ਤੇ)

### ਕਿਥੋਂ ਬਣਦੇ ਅਸਲਾ ਲਾਇਸੈਂਸ ?



ਅਸਲਾ ਲਾਇਸੈਂਸ ਬਣਾਉਣ ਲਈ ਸਭ ਤੋਂ ਪਹਿਲਾਂ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ/ ਜ਼ਿਲ੍ਹਾ ਮੈਜਿਸਟ੍ਰੇਟ ਤੋਂ ਲਾਇਸੈਂਸ ਦਾ ਫ਼ਾਰਮ ਲੈਣ ਲਈ ਅਰਜੀ ਦੇ ਕੇ ਮਨਜ਼ੂਰੀ ਲੈਣੀ ਪੈਂਦੀ ਹੈ। ਡਿਪਟੀ ਕਮਿਸ਼ਨਰ ਦੀ ਮਨਜ਼ੂਰੀ ਤੋਂ ਬਾਅਦ ਇੱਕ ਬਿਨੈਕਾਰ ਸੁਵਿਧਾ ਕੇਂਦਰ ਵਿੱਚੋਂ ਫ਼ਾਰਮ ਲੈ ਸਕਦਾ ਹੈ। ਅਸਲਾ ਲਾਇਸੈਂਸ ਲਈ ਲੋੜੀਂਦੇ ਦਸਤਾਵੇਜ਼ ਲਗਾਉਂਣ ਤੋਂ ਬਾਅਦ ਦਰਖਾਸਤਕਰਤਾ ਨੂੰ ਫ਼ੀਸ ਸਮੇਤ ਸੁਵਿਧਾ ਕੇਂਦਰ ਵਿੱਚ ਫ਼ਾਇਲ ਜਮਾਂ ਕਰਵਾਉਣੀ ਪੈਂਦੀ ਹੈ।

### ਪੁਲਿਸ ਜਾਂਚ ਤੋਂ ਬਾਅਦ ਲਾਇਸੈਂਸ

ਸੁਵਿਧਾ ਕੇਂਦਰ ਵਿੱਚ ਫ਼ਾਇਲ ਜਮਾਂ ਕਰਵਾਉਣ ਤੋਂ ਕੁਝ ਦਿਨ ਬਾਅਦ ਇਸ ਸਬੰਧੀ ਪੁਲਿਸ ਦੀ ਰਿਪੋਰਟ ਮੰਗੀ ਜਾਂਦੀ ਹੈ। ਜ਼ਿਲ੍ਹੇ ਦੇ ਐੱਸ.ਐੱਸ.ਪੀ. ਵੱਲੋਂ ਇਸ ਸਬੰਧੀ ਇਲਾਕੇ ਦੇ ਐੱਸ.ਐੱਚ.ਓ. ਤੋਂ ਰਿਪੋਰਟ ਲਈ ਜਾਂਦੀ ਹੈ। ਐੱਸ.ਐੱਚ.ਓ. ਵਿਆਕਤੀ ਦੇ ਘਰ ਤੱਕ ਜਾ ਕੇ ਜਾਂਚ ਕਰਦੇ ਹਨ, ਜਿਸ ਵਿੱਚ ਬਿਨੈਕਾਰ ਦੇ ਚਰਿੱਤਰ ਬਾਰੇ ਜਾਣਕਾਰੀ ਇਕੱਠੀ ਕੀਤੀ ਜਾਂਦੀ ਹੈ। ਪੁਲਿਸ ਦੀ ਰਿਪੋਰਟ ਤੋਂ ਬਾਅਦ ਜ਼ਿਲ੍ਹਾ ਮੈਜਿਸਟ੍ਰੇਟ ਲਾਇਸੈਂਸ ਜਾਰੀ ਕਰਦਾ ਹੈ। ਇੱਕ ਲਾਇਸੈਂਸ ਉੱਪਰ 2 ਹਥਿਆਰ ਹੀ ਚੜਾਏ ਜਾ ਸਕਦੇ ਹਨ। ਇਸ ਦੇ ਨਾਲ ਹੀ ਜੇਕਰ ਵਿਅਕਤੀ ਉਪਰ ਕੋਈ ਪੁਲਿਸ ਕੇਸ ਨਹੀਂ ਹੈ ਤਾਂ ਲਾਇਸੈਂਸ ਇੱਕ ਤੋਂ ਦੋ ਮਹੀਨਿਆਂ ਵਿੱਚ ਬਣ ਜਾਂਦਾ ਹੈ।

### ਫ਼ਾਇਲ ਨਾਲ ਲੱਗਣ ਵਾਲੇ ਦਸਤਾਵੇਜ਼

ਸਭ ਤੋਂ ਪਹਿਲਾਂ ਬਿਨੈਕਾਰ ਨੂੰ ਹਥਿਆਰ ਲੈਣ ਲਈ ਕਾਰਨ ਦੱਸਣਾ ਪੈਂਦਾ ਹੈ। ਇਸ ਤੋਂ ਬਾਅਦ ਫ਼ਾਇਲ ਨਾਲ ਅਧਾਰ ਕਾਰਡ, ਪੈਨ ਕਾਰਡ, ਜਨਮ ਦਾ ਸਬੂਤ, ਰਿਹਾਇਸ਼ ਦਾ ਪ੍ਰਮਾਣ-ਪੱਤਰ, ਫ਼ੋਟੋਆਂ, ਬੈਂਕ ਦੀ ਕਾਪੀ, ਆਮਦਨ ਦਾ ਸਬੂਤ, ਹਥਿਆਰ ਦੀ ਦੁਰਵਰਤੋਂ ਨਾ ਕਰਨ ਸਬੰਧੀ ਹਲਫ਼ੀਆ ਬਿਆਨ, ਘਰ ਦੀ ਰਜ਼ਿਸਟਰੀ ਅਤੇ ਜ਼ਮੀਨ ਦੀ ਫ਼ਰਦ ਆਦਿ ਲਗਾਉਣੇ ਪੈਂਦੇ ਹਨ।

ਪੰਜਾਬ ਵਿੱਚ ਹਥਿਆਰ ਦਾ ਲਾਇਸੈਂਸ ਲੈਣ ਲਈ ਬਿਨੈਕਾਰ ਨੂੰ ਡੋਪ ਟੈਸਟ ਪਾਸ ਕਰਵਾਉਣਾ ਵੀ ਲਾਜ਼ਮੀ ਹੈ। ਇਸ ਟੈਸਟ ਵਿੱਚ ਕਰੀਬ 10 ਤਰ੍ਹਾਂ ਦੇ ਨਸ਼ੀਲੇ ਪਦਾਰਥਾਂ ਦੀ ਜਾਂਚ ਕੀਤੀ ਜਾਂਦੀ ਹੈ। ਜਿੰਨ੍ਹਾਂ ਵਿੱਚ ਮੋਰਫ਼ਿਨ, ਕੋਡੀਨ, ਡੀ ਪ੍ਰੋਪੌਕਸੀਫ਼ੀਨ, ਕੋਕੀਨ, ਬਿਊਪਰੋਨੋਰਫ਼ਾਈਨ ਅਤੇ ਟ੍ਰਾਮਾਡੋਲ ਆਦਿ ਸ਼ਾਮਿਲ ਹਨ। ਡੋਪ ਟੈਸਟ ਸਰਕਾਰੀ ਹਸਪਤਾਲ ਵਿੱਚ ਕੀਤਾ ਜਾਂਦਾ ਹੈ, ਜਿਸ ਦੀ ਫ਼ੀਸ ਕਰੀਬ 1500 ਰੁਪਏ ਹੁੰਦੀ ਹੈ। ਇਸ ਦੇ ਨਾਲ ਹੀ ਪੰਜਾਬ ਦੇ ਕਈ ਜ਼ਿਲ੍ਹਿਆਂ ਵਿੱਚ ਬਿਨੈਕਾਰ ਨੂੰ 10 ਪੌਦੇ ਵੀ ਲਗਾਉਣੇ ਪੈਂਦੇ ਹਨ, ਜਿਨ੍ਹਾਂ ਦੀਆਂ ਫ਼ੋਟੋਆਂ ਫ਼ਾਇਲ ਦੇ ਨਾਲ ਲਗਾਈਆਂ ਜਾਂਦੀਆਂ ਹਨ।

# ਸਿੱਖਾਂ ਦੀ ਸ਼ਾਨ ਮੰਨੀ ਜਾਂਦੀ ਹੈ ਪੱਗ





**ਗੁਰਮੀਤ ਸਿੰਘ ਵੇਰਕਾ**

ਦਸਤਾਰ, ਪੱਗ ਜਾਂ ਪਗੜੀ ਸਿੱਖਾਂ ਦੀ ਸ਼ਾਨ ਮੰਨੀ ਜਾਂਦੀ ਹੈ ।'ਦਸਤਾਰ' ਫ਼ਾਰਸੀ ਭਾਸ਼ਾ ਦਾ ਸ਼ਬਦ ਹੈ, ਜਿਸ ਦਾ ਅਰਥ ਹੈ ਹੱਥਾਂ ਨਾਲ ਸੰਵਾਰ ਕੇ ਬੰਨ੍ਹਿਆ ਵਸਤਰ ।ਦਸਤਾਰ ਦਾ ਸਿੱਖੀ ਨਾਲ ਬੜਾ ਗੂੜ੍ਹਾ ਸਬੰਧ ਹੈ ।ਸਿਰਫ਼ ਸਿੱਖ ਧਰਮ ਹੀ ਅਜਿਹਾ ਧਰਮ ਹੈ ਜਿਸ ਵਿੱਚ ਪੱਗ ਬੰਨ੍ਹਣੀ ਜ਼ਰੂਰੀ ਹੈ ।ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਦੀ ਸਥਾਪਨਾ ਕਰਨ ਵੇਲੇ ਹਰ ਸਿੱਖ ਨੂੰ ਪੱਗ ਬੰਨ੍ਹਣ ਲਈ ਕਿਹਾ ਤਾਂ ਜੋ ਨਿਆਰਾ ਸਿੱਖ ਹਜ਼ਾਰਾਂ ਲੱਖਾਂ ਵਿਚੋਂ ਦੂਰੋਂ ਹੀ ਪਛਾਣਿਆ ਜਾ ਸਕੇ।

ਦਸਤਾਰ ਸਜਾਉਣੀ ਸਿੱਖੀ ਵਿਚ ਪ੍ਰਪੱਕ ਹੋਣ ਦੀ ਨਿਸ਼ਾਨੀ ਹੀ ਨਹੀਂ ਸਗੋਂ ਇਹ ਦਸਤਾਰ ਧਾਰਕਾਂ ਵਿੱਚ ਆਤਮ ਵਿਸ਼ਵਾਸ 'ਚ ਵੀ ਵਾਧਾ ਕਰਦੀ ਹੈ ਤੇ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਬਖ਼ਸ਼ੇ ਪੰਜ ਕਕਾਰਾਂ ਵਿਚੋਂ ਕਕਾਰ 'ਕੇਸਾਂ' ਨੂੰ ਵੀ ਸੰਭਾਲਣ ਵਿੱਚ ਮਦਦ ਕਰਦੀ ਹੈ ।



ਅੱਜ ਜਦੋਂ ਸਾਰੇ ਸੰਸਾਰ ਵਿੱਚ ਦਸਤਾਰ ਪ੍ਰਤੀ ਚੇਤਨਤਾ ਵੱਧ ਰਹੀ ਹੈ ਤਾਂ ਇਸ ਦਾ ਮੁੱਖ ਕਾਰਨ ਇਹ ਹੈ ਕਿ ਉਹ ਸਾਰੇ ਵਿਅਕਤੀ ਜੋ ਸਿੱਖ ਧਰਮ ਨੂੰ ਪਿਆਰ ਕਰਦੇ ਹਨ, ਉਨ੍ਹਾਂ ਨੇ ਅਪਣਾ ਧਿਆਨ ਦਸਤਾਰ ਵਲ ਕਰ ਲਿਆ ਹੈ । ਭਾਵੇਂ ਇਸ ਦੇ ਪਿਛੋਕੜ ਵਿੱਚ 9/11 ਦੀ ਵਾਪਰੀ ਘਟਨਾ ਤੋਂ ਬਾਅਦ ਹੋਈਆਂ ਘਟਨਾਵਾਂ ਅਤੇ ਫਰਾਂਸ ਵਿੱਚ ਦਸਤਾਰ 'ਤੇ ਲਗਾਈ ਪਾਬੰਦੀ ਹੈ। ਕਈ ਸੰਸਥਾਵਾਂ ਨੇ ਆਪੋ ਅਪਣੇ ਤਰੀਕੇ ਨਾਲ ਦਸਤਾਰ ਪ੍ਰਤੀ ਸਿੱਖਾਂ ਅਤੇ ਗ਼ੈਰ ਸਿੱਖਾਂ 'ਚ ਜਾਗਰੂਕਤਾ ਪੈਦਾ ਕਰਨ ਲਈ ਪ੍ਰੋਗਰਾਮ ਉਲੀਕੇ ਹਨ ਅਤੇ ਉਨ੍ਹਾਂ ਨੂੰ ਨੇਪਰੇ ਚਾੜ੍ਹਨ ਲਈ ਤਨਦੇਹੀ ਨਾਲ ਮਿਹਨਤ ਕਰ ਰਹੀਆਂ ਹਨ ।ਇਸੇ ਪ੍ਰਕਾਰ 'ਅਕਾਲ ਪੁਰਖ ਕੀ ਫ਼ੌਜ' ਸੰਸਥਾਂ ਵੱਲੋਂ ਦਸਤਾਰ ਸਵੈ-ਮਾਣ ਲਹਿਰ 2005 ਵਿੱਚ ਅਰੰਭੀ ਗਈ ਸੀ ਜਿਸ ਦੇ ਤਹਿਤ ਵੱਖ-ਵੱਖ ਤਰ੍ਹਾਂ ਦੇ ਪ੍ਰੋਗਰਾਮ ਉਲੀਕੇ ਗਏ ਸਨ ।ਸੰਸਥਾ ਵਲੋਂ ਕੌਮੀ ਦਸਤਾਰ ਬੰਦੀ ਸਮਾਗਮ ਕਰਵਾਇਆ ਜਾਂਦਾ ਹੈ ਜਿਸ ਤਹਿਤ ਸਮੂਹਕ ਰੂਪ ਵਿਚ ਵੱਡੇ ਸਮਾਗਮ ਕਰ ਕੇ ਬੱਚਿਆਂ ਨੂੰ ਦਸਤਾਰ ਸਜਾਉਣ ਤੇ ਸਹਿਬਜ਼ਾਦਿਆਂ ਦੇ ਵਾਰਸ ਹੋਣ ਦਾ ਅਹਿਸਾਸ ਕਰਵਾਇਆ ਜਾਂਦਾ ਹੈ । ਫ਼ਿਲਮਾਂ ਵਿੱਚ ਵੀ ਹੁਣ ਪਗੜੀ ਬੰਨ੍ਹਣ ਵਾਲੇ ਹੀਰੋ ਆ ਰਹੇ ਹਨ। ਵਿਦੇਸ਼ਾਂ ਵਿਚ ਪਗੜੀਧਾਰੀ ਸਿੱਖ ਬੱਚੇ ਬੱਚੀਆਂ ਪੁਲਿਸ ਤੇ ਮਿਲਟਰੀ ਵਿੱਚ ਭਰਤੀ ਹੋਏ ਹਨ ਜਿਸ ਨਾਲ ਸਿੱਖਾਂ ਦੀ ਪਹਿਚਾਣ ਹੋਣ ਨਾਲ ਜੋ ਨਸਲੀ ਘਟਨਾਵਾਂ ਹੁੰਦੀਆਂ ਸਨ, ਉਨ੍ਹਾਂ 'ਤੇ ਰੋਕ ਲੱਗੀ ਹੈ।

# ਸਮੇਂ ਅਨੁਸਾਰ ਬਦਲ ਗਿਆ ਭਾਰਤੀਆਂ ਦਾ ਖਾਣ-ਪੀਣ





ਕਸ਼ਮਾ ਸ਼ਰਮਾ

ਬਚਪਨ ਦੀਆਂ ਯਾਦਾਂ ਅਤੇ ਤਿਉਹਾਰਾਂ ਦੀਆਂ ਤਿਆਰੀਆਂ ਹਮੇਸ਼ਾ ਦਿਲ ਨੂੰ ਛੂਹਣ ਵਾਲੀਆਂ ਹੁੰਦੀਆਂ ਹਨ। ਮਾਂ ਹਫ਼ਤਾ ਕੁ ਪਹਿਲਾਂ ਤੋਂ ਹੀ ਇਸ ਤਿਉਹਾਰ ਦੀਆਂ ਤਿਆਰੀਆਂ ਸ਼ੁਰੂ ਕਰ ਦਿੰਦੀ ਸੀ। ਸਵੇਰ ਤੋਂ ਹੀ ਕੜਾਹੀ ਵਿੱਚ ਕਦੇ ਨਮਕੀਨ ਤਲਦੀ ਤੇ ਕਦੇ ਦਹੀਂ-ਪਕੌੜੇ ਬਣ ਰਹੇ ਹੁੰਦੇ। ਕਾਂਜੀ ਬਣਾਈ ਜਾ ਚੁੱਕੀ ਹੁੰਦੀ ਸੀ ਤੇ ਗੁਜੀਆ ਬਣਾਉਣ ਲਈ ਪੂਰੀਆਂ ਬਣਾ ਕੇ ਉਨ੍ਹਾਂ ’ਚ ਨਾਰੀਅਲ, ਕਿਸ਼ਮਿਸ਼, ਚਿਰੌਂਜੀ ਅਤੇ ਖੰਡ ਮਿਲਾ ਕੇ ਗੁਜੀਆ ਭਰਨ ਦੀ ਤਿਆਰੀ ਕੀਤੀ ਜਾ ਰਹੀ ਹੁੰਦੀ ਸੀ। ਸ਼ਾਮ ਨੂੰ ਅਕਸਰ ਗੁਆਂਢ ਦੀਆਂ ਕਈ ਔਰਤਾਂ ਮਾਂ ਦੀ ਮਦਦ ਕਰਨ ਆ ਜਾਂਦੀਆਂ ਸਨ।

ਇਹ ਔਰਤਾਂ ਭਾਵੇਂ ਫੈਮਿਨਿਜ਼ਮ ਦੀਆਂ ਕਿਤਾਬਾਂ ਨਹੀਂ ਪੜ੍ਹੀਆਂ ਸਨ ਪਰ ਉਨ੍ਹਾਂ ਵਿੱਚ ਸਮੂਹਿਕਤਾ ਸੀ ਜੋ ਇੱਕ-ਦੂਜੇ ਦੀ ਮਦਦ ਕਰਦੀਆਂ ਸਨ। ਅੱਜ-ਕੱਲ੍ਹ ਸਭ ਕੁਝ ਬਾਜ਼ਾਰ ਦੇ ਹਵਾਲੇ ਹੈ, ਕਿਸੇ ਵੀ ਤਿਉਹਾਰ ’ਤੇ ਮਠਿਆਈਆਂ, ਨਮਕੀਨ ਆਮ ਤੌਰ ’ਤੇ ਬਾਜ਼ਾਰ ਤੋਂ ਹੀ ਲਿਆਏ ਜਾਂਦੇ ਹਨ।

ਮੱਧ ਵਰਗ ਦੀਆਂ ਔਰਤਾਂ ਕੋਲ ਹੁਣ ਇੰਨਾ ਸਮਾਂ ਨਹੀਂ ਕਿ ਇਨ੍ਹਾਂ ਚੀਜ਼ਾਂ ਨੂੰ ਘਰ ਵਿੱਚ ਬਣਾਉਣ। ਜਦੋਂ ਸਭ ਕੁਝ ਬਾਜ਼ਾਰ ਵਿੱਚ ਉਪਲਬਧ ਹੈ ਤਾਂ ਘਰ ਵਿੱਚ ਬਣਾਉਣ ਦਾ ਝੰਜਟ ਕੌਣ ਲਵੇ। ਉਸ ਪੀੜ੍ਹੀ ਦੀਆਂ ਔਰਤਾਂ ਬਾਜ਼ਾਰ ਤੋਂ ਲਿਆਂਦੀਆਂ ਖਾਣ-ਪੀਣ ਦੀਆਂ ਚੀਜ਼ਾਂ ਪਸੰਦ ਨਹੀਂ ਕਰਦੀਆਂ ਸਨ। ਉਨ੍ਹਾਂ ਨੂੰ ਉਨ੍ਹਾਂ ਦੀ ਗੁਣਵੱਤਾ ’ਤੇ ਸ਼ੱਕ ਵੀ ਹੁੰਦਾ ਸੀ। ਉਸ ਸਮੇਂ ਬਾਜ਼ਾਰ ਵਿੱਚ ਗੁਜੀਆ ਮਿਲਦਾ ਵੀ ਨਹੀਂ ਸੀ।

ਹਰ ਘਰ ਵਿੱਚ ਇਸ ਨੂੰ ਬਣਾਉਣ ਦੇ ਤਰੀਕੇ ਵੀ ਵੱਖੋ-ਵੱਖਰੇ ਹੁੰਦੇ ਸਨ। ਭਾਰਤੀ ਖਾਣ-ਪੀਣ ਵਿੱਚ ਇੰਨੀ ਵਖਰੇਵਾਂ ਹੈ ਕਿ ਹੈਰਾਨੀ ਹੁੰਦੀ ਹੈ। ਹਰ ਘਰ ਦੇ ਖਾਣੇ ਵਿੱਚ ਵੱਖਰਾ ਸਵਾਦ ਹੁੰਦਾ ਹੈ। ਇਹ ਸਿਹਤ ਲਈ ਵੀ ਫ਼ਾਇਦੇਮੰਦ ਹੁੰਦਾ ਹੈ।

ਮਸਾਲਿਆਂ ਨਾਲ ਭਰੀ ਰਸੋਈ ਹਰ ਘਰ ਦਾ ਮੈਡੀਕਲ ਸਟੋਰ ਹੁੰਦੀ ਹੈ। ਪਹਿਲਾਂ ਛੋਟੀਆਂ-ਮੋਟੀਆਂ ਬਿਮਾਰੀਆਂ ਤਾਂ ਘਰੇਲੂ ਇਲਾਜ ਨਾਲ ਹੀ ਠੀਕ ਹੋ ਜਾਂਦੀਆਂ ਸਨ ਪਰ ਬਦਲੇ ਸਮੇਂ ਨੇ ਸਾਡੇ ਖਾਣ-ਪੀਣ ਦੇ ਤਰੀਕਿਆਂ ਨੂੰ ਬਦਲ ਦਿੱਤਾ ਹੈ। ਸਥਾਨਕ ਖਾਣ-ਪੀਣ ਅਤੇ ਚੀਜ਼ਾਂ ਗਾਇਬ ਹੁੰਦੀਆਂ ਜਾ ਰਹੀਆਂ ਹਨ। ਗੰਨੇ ਦੇ ਮੌਸਮ ਵਿੱਚ ਗੰਨੇ ਦੇ ਰਸ ਦੀ ਖੀਰ ਬਣਾਈ ਜਾਂਦੀ ਸੀ। ਮੱਠੀ ਜਿਹੀ ਅੱਗ ਬਾਲ ਕੇ ਚੌਲ ਬਣਾਏ ਤੇ ਖੰਡ ਮਿਲਾ ਕੇ ਖਾਂਦੇ ਸਨ। ਪਿੰਡਾਂ ਵਿੱਚ ਸਵੇਰੇ-ਸਵੇਰੇ ਕਿਸਾਨ ਲੱਸੀ ਪੀ ਕੇ ਅਤੇ ਗੁੜ ਖਾ ਕੇ ਖੇਤਾਂ ਵਿੱਚ ਕੰਮ ਕਰਨ ਚਲੇ ਜਾਂਦੇ ਸਨ ਪਰ ਪੱਛਮੀ ਰਹਿਣ-ਸਹਿਣ ਦੀ ਨਕਲ ਕਰਦੇ ਹੋਏ ਅਸੀਂ ਹੁਣ ਉੱਥੋਂ ਦੇ ਖਾਣ-ਪੀਣ ਦੀ ਵੀ ਨਕਲ ਕਰਨ ਲੱਗੇ ਹਾਂ।

ਉਹੀ ਸਾਨੂੰ ਸਭ ਤੋਂ ਵਧੀਆ ਲੱਗਦਾ ਹੈ। ਉਸੇ ਨਾਲ ਸਾਡੀ ਹੈਸੀਅਤ ਦਿਖਦੀ ਹੈ। ਸਿਹਤ ਲਈ ਉਹ ਠੀਕ ਹੈ ਵੀ ਜਾਂ ਨਹੀਂ, ਇਸ ਦੀ ਪਰਵਾਹ ਕੋਈ ਨਹੀਂ ਕਰਦਾ। ਕੁਝ ਸਾਲ ਪਹਿਲਾਂ ਇੱਕ ਵਿਦੇਸ਼ੀ ਰਸਾਲੇ ਨੇ ਲਿਖਿਆ ਸੀ ਕਿ ਭਾਰਤੀ ਖਾਣਾ ਸਾਫ਼-ਸੁਥਰੇ ਢੰਗ ਨਾਲ ਬਣਾਇਆ ਜਾਂਦਾ ਹੈ ਅਤੇ ਇਹ ਸਿਹਤ ਲਈ ਵੀ ਬਹੁਤ ਵਧੀਆ ਹੈ। ਸਾਡੇ ਕੋਲ ਇੰਨੇ ਤਰ੍ਹਾਂ ਦੇ ਪੀਣ ਵਾਲੇ ਪਦਾਰਥ ਅਤੇ ਠੰਢਾਈ ਉਪਲਬਧ ਹਨ ਪਰ ਹੁਣ ਕਾਰਬੋਨੇਟੇਡ ਡ੍ਰਿੰਕਸ ਦੇ ਸਾਹਮਣੇ ਨਾ ਇਨ੍ਹਾਂ ਨੂੰ ਕੋਈ ਪੁੱਛਦਾ ਹੈ, ਨਾ ਹੀ ਇਹ ਕਿਤੇ ਮਿਲਦੇ ਹਨ। ਇੱਥੋਂ ਤੱਕ ਕਿ ਦੂਰ-ਦਰਾਜ ਦੇ ਪਿੰਡਾਂ ਵਿੱਚ ਵੀ ਨਹੀਂ।

ਕੁਝ ਸਾਲ ਪਹਿਲਾਂ ਮੇਰਾ ਇਕ ਜਾਣਕਾਰ ਬਿਹਾਰ ਦੇ ਇੱਕ ਪਿੰਡ ਵਿੱਚ ਗਿਆ ਸੀ। ਉੱਥੇ ਉਸ ਨੇ ਭੂੰਜਾ ਖਾਣ ਦੀ ਇੱਛਾ ਜ਼ਾਹਰ ਕੀਤੀ ਤਾਂ ਪਿੰਡ ਵਿੱਚ ਰਹਿਣ ਵਾਲੇ ਉਨ੍ਹਾਂ ਦੇ ਇੱਕ ਮਿੱਤਰ-ਪਿਆਰੇ ਨੇ ਕਿਹਾ ਕਿ ਵਾਹ ਜੀ-ਵਾਹ, ਤੁਸੀਂ ਤਾਂ ਦਿੱਲੀ ਵਿੱਚ ਰਹਿ ਕੇ ਪਿਜ਼ਾ, ਬਰਗਰ, ਮੋਮੋਜ਼ ਖਾਓ ਅਤੇ ਸਾਡੇ ਤੋਂ ਉਮੀਦ ਕਰਦੇ ਹੋ ਕਿ ਅਸੀਂ ਭੂੰਜਾ ਹੀ ਖਾਂਦੇ ਰਹੀਏ। ਰੁਜੁਤਾ ਦਿਵੇਕਰ ਇੱਕ ਬਹੁਤ ਮਸ਼ਹੂਰ ਖਾਣ-ਪੀਣ ਬਾਰੇ ਮਾਹਰ ਅਤੇ ਡਾਇਟੀਸ਼ੀਅਨ ਹੈ। ਉਸ ਨੇ ਇੰਡੀਅਨ ਸੁਪਰ ਫੂਡਜ਼ ’ਤੇ ਇੱਕ ਪੁਸਤਕ ਲਿਖੀ ਹੈ। ਉਹ ਕਹਿੰਦੀ ਹੈ ਕਿ ਜਦੋਂ ਵੀ ਤੁਸੀਂ ਕੁਝ ਖਾਓ ਤਾਂ ਸੋਚੋ ਕਿ ਕੀ ਤੁਹਾਡੀ ਨਾਨੀ ਅਤੇ ਦਾਦੀ ਇਨ੍ਹਾਂ ਚੀਜ਼ਾਂ ਨੂੰ ਖਾਂਦੀਆਂ ਸਨ? ਜੇ ਨਹੀਂ, ਤਾਂ ਤੁਸੀਂ ਵੀ ਉਨ੍ਹਾਂ ਨੂੰ ਅਲਵਿਦਾ ਕਹਿ ਦਿਉ। ਉਸ ਦਾ ਮੰਨਣਾ ਹੈ ਕਿ ਉਹੀ ਖਾਓ ਜੋ ਤੁਸੀਂ ਖਾਂਦੇ ਰਹੇ ਹੋ ਕਿਉਂਕਿ ਉਸ ਦਾ ਤੁਹਾਡੇ ਜੀਨਜ਼ ਨਾਲ ਬਹੁਤ ਸਬੰਧ ਹੈ।

ਉਹ ਨਾਸ਼ਤੇ ਵਿੱਚ ਇਡਲੀ, ਪੋਹਾ, ਪਰੌਂਠਾ ਖਾਣ ਦੀ ਸਲਾਹ ਦਿੰਦੀ ਹੈ। ਉਸ ਦਾ ਮੰਨਣਾ ਹੈ ਕਿ ਜੋ ਸੁਆਦ ਨਾ ਲੱਗੇ, ਉਸ ਨੂੰ ਨਹੀਂ ਖਾਣਾ ਚਾਹੀਦਾ ਕਿਉਂਕਿ ਸਾਡਾ ਪੇਟ ਇੱਕ ਦੂਜਾ ਦਿਮਾਗ ਹੁੰਦਾ ਹੈ। ਅਸੀਂ ਕੀ ਖਾਂਦੇ ਹਾਂ, ਇਸ ਦਾ ਸਬੰਧ ਸਾਡੇ ਦਿਮਾਗ ਨਾਲ ਹੈ। ਤੁਸੀਂ ਦੇਖਿਆ ਹੋਵੇਗਾ ਕਿ ਸਾਡੇ ਜੀਵਨ ਤੋਂ ਘਿਉ ਲਗਪਗ ਗਾਇਬ ਹੋ ਗਿਆ ਹੈ। ਇਸ ਦਾ ਇੱਕ ਵੱਡਾ ਕਾਰਨ ਇਹ ਹੈ ਕਿ ਘਿਉ ਨੂੰ ਮੋਟਾਪੇ ਨਾਲ ਜੋੜ ਕੇ ਦੇਖਿਆ ਜਾਂਦਾ ਹੈ। ਤਰ੍ਹਾਂ-ਤਰ੍ਹਾਂ ਦੇ ਰੋਗਾਂ ਨੂੰ ਵਧਾਉਣ ਵਾਲਾ ਦੱਸਿਆ ਜਾਂਦਾ ਹੈ ਪਰ ਰੁਜੁਤਾ ਇਸ ਨੂੰ ਸੁਪਰ ਫੂਡ ਕਹਿੰਦੀ ਹੈ। ਹੁਣ ਤਾਂ ਬਹੁਤ ਸਾਰੇ ਡਾਕਟਰ ਵੀ ਕਹਿੰਦੇ ਹਨ ਕਿ ਭੋਜਨ ਵਿੱਚ ਘਿਉ ਜ਼ਰੂਰੀ ਹੈ। ਸੈਂਕੜੇ ਸਾਲਾਂ ਤੋਂ ਘਿਉ ਸਾਡੇ ਜੀਵਨ ਦਾ ਹਿੱਸਾ ਰਿਹਾ ਹੈ ਪਰ ਕਿਉਂਕਿ ਇਸ ਦੇ ਪਿੱਛੇ ਕੋਈ ਵੱਡਾ ਉਦਯੋਗ ਨਹੀਂ ਖੜ੍ਹਾ ਸੀ, ਇਸ ਲਈ ਇਸ ਨੂੰ ਖਾਣ-ਪੀਣ ਤੋਂ ਬੇਦਖ਼ਲ ਕਰ ਦਿੱਤਾ ਗਿਆ। ਇੱਕ ਸਮਾਂ ਸੀ ਜਦੋਂ ਰਿਫਾਇੰਡ ਤੇਲ ਨੂੰ ਸਿਹਤ ਲਈ ਬਹੁਤ ਵਧੀਆ ਦੱਸਿਆ ਜਾਂਦਾ ਸੀ ਪਰ ਹੁਣ ਇਸ ਦਾ ਵਿਰੋਧ ਵੱਡੇ ਪੱਧਰ ’ਤੇ ਹੋ ਰਿਹਾ ਹੈ। ਕਦੇ-ਕਿਤੇ ਲਿਖਿਆ ਵੇਖਿਆ ਸੀ ਕਿ ਰਿਫਾਇੰਡ ਤੇਲ ਕਦੇ ਨਾ ਖਾਓ ਕਿਉਂਕਿ ਇਸ ਵਿੱਚ 99 ਪ੍ਰਤੀਸ਼ਤ ਕੈਲੋਰੀਜ਼ ਹੁੰਦੀਆਂ ਹਨ।

ਹਰ ਤਿਉਹਾਰ ’ਤੇ ਜੋ ਪਕਵਾਨ ਬਣਾਏ ਜਾਂਦੇ ਹਨ, ਉਨ੍ਹਾਂ ਨੂੰ ਖਾਣ-ਪੀਣ ਦੇ ਆਪਣੇ ਤਰਕ ਹੁੰਦੇ ਹਨ। ਹੋਲੀ ਨੂੰ ਹੀ ਲੈ ਲਓ। ਪਹਿਲਾਂ ਇਸ ਮੌਕੇ ਜ਼ਿਆਦਾਤਰ ਘਰਾਂ ਵਿੱਚ ਗਾਜਰ, ਘੀਏ ਆਦਿ ਦੀ ਕਾਂਜੀ ਉਪਲਬਧ ਹੁੰਦੀ ਸੀ। ਪਕਵਾਨ ਦੇ ਨਾਲ ਭੋਜਨ ਵਿੱਚ ਇਸ ਨੂੰ ਵੀ ਪਰੋਸਿਆ ਜਾਂਦਾ ਸੀ ਕਿਉਂਕਿ ਪੂਰੀ-ਪਕਵਾਨ ਵਰਗੇ ਤਲੇ ਹੋਏ ਭੋਜਨ ਨੂੰ ਪਚਾਉਣ ਵਿੱਚ ਇਸ ਨੂੰ ਸਹਾਇਕ ਮੰਨਿਆ ਜਾਂਦਾ ਹੈ।

ਹਾਲਾਂਕਿ ਇਸ ਤਰ੍ਹਾਂ ਦੇ ਪਕਵਾਨ ਕਦੇ-ਕਦਾਈਂ ਹੀ ਬਣਦੇ ਸਨ। ਇਸ ਦਾ ਕਾਰਨ ਇਹ ਸੀ ਕਿ ਇਨ੍ਹਾਂ ਨੂੰ ਰੋਜ਼ ਨਹੀਂ ਖਾਧਾ ਜਾ ਸਕਦਾ। ਅੱਜ ਇਸ ਤਰ੍ਹਾਂ ਦੇ ਤਲੇ ਹੋਏ, ਵਧੇਰੇ ਚਰਬੀ ਵਾਲੇ ਪਦਾਰਥ ਰੋਜ਼ ਦੇ ਖਾਣ-ਪੀਣ ਦਾ ਹਿੱਸਾ ਹਨ ਤੇ ਇਨ੍ਹਾਂ ਵਿੱਚ ਘਿਉ ਦਾ ਇਸਤੇਮਾਲ ਨਹੀਂ ਹੁੰਦਾ। ਤੇਲ ਦਾ ਇਸਤੇਮਾਲ ਹੁੰਦਾ ਹੈ ਜੋ ਸਰੀਰ ਲਈ ਹਾਨੀਕਾਰਕ ਹੈ। ਭਾਰਤੀ ਖਾਣ-ਪੀਣ ਵਿੱਚ ਇੱਕ ਤਰ੍ਹਾਂ ਦਾ ਸੰਤੁਲਨ ਹੈ। ਬੀਤੇ ਸਮੇਂ ਵਿੱਚ ਘਰ ਦੀਆਂ ਔਰਤਾਂ ਦੀ ਪਹਿਲੀ ਚਿੰਤਾ ਪੂਰੇ ਪਰਿਵਾਰ ਦੀ ਸਿਹਤ ਹੀ ਹੁੰਦੀ ਸੀ। ਇਸ ਲਈ ਖਾਣਾ ਉਹ ਪੱਕਦਾ ਸੀ ਜੋ ਸੁਆਦੀ ਵੀ ਹੋਵੇ ਅਤੇ ਸਿਹਤ ਲਈ ਵੀ ਸਹੀ ਹੋਵੇ। ਸਮਾਂ ਆ ਗਿਆ ਹੈ ਕਿ ਭਾਰਤੀ ਖਾਣ-ਪੀਣ ਦੀਆਂ ਖ਼ਾਸੀਅਤਾਂ ਨੂੰ ਦੇਖਦੇ ਹੋਏ ਉਸ ਨੂੰ ਸੈਲੀਬ੍ਰੇਟ ਕੀਤਾ ਜਾਵੇ ਅਤੇ ਉਸ ਦੀ ਮਹੱਤਤਾ ਨੂੰ ਸਮਝਿਆ ਜਾਵੇ।

***ਲੇਖਿਕਾ ਸਾਹਿਤਕਾਰ ਹੈ**

# ਰਿਸ਼ਤੇ ਰਹਿ ਗਏ ਗਰਜ਼ਾਂ ਦੇ



ਬਲਜਿੰਦਰ ਮਾਨ

ਮਨੁੱਖ ਇੱਕ ਸਮਾਜਿਕ ਪ੍ਰਾਣੀ ਹੈ। ਇਸ ਦਾ ਗੁਜ਼ਾਰਾ ਸਮਾਜ ਤੋਂ ਬਗੈਰ ਨਹੀਂ ਹੋ ਸਕਦਾ, ਪਰ ਜਦੋਂ ਅਸੀਂ ਅਜੋਕੇ ਸਮਾਜ ’ਤੇ ਝਾਤੀ ਮਾਰਦੇ ਹਾਂ ਤਾਂ ਤਲਖ ਹਕੀਕਤਾਂ ਸਾਡੇ ਸਨਮੁੱਖ ਹੁੰਦੀਆਂ ਹਨ। ਇਹ ਹਕੀਕਤਾਂ ਉਹ ਹਨ ਜਿਨ੍ਹਾਂ ਬਾਰੇ ਸਾਧਾਰਨ ਮਨੁੱਖ ਨੇ ਕਦੀ ਅੰਦਾਜ਼ਾ ਵੀ ਨਹੀਂ ਲਾਇਆ ਹੁੰਦਾ। ਜਿਵੇਂ ਕਿ ਅੱਜਕੱਲ੍ਹ ਆਰਟੀਫੀਸ਼ੀਅਲ ਇਟੈਂਲੀਜੈਂਸ ਭਾਵ ਮਸਨੂਈ ਬੁੱਧੀ ਦੇ ਚਲਨ ਬਾਰੇ ਚਰਚਾ ਛਿੜੀ ਹੋਈ ਹੈ। ਅਜਿਹੇ ਹਾਲਾਤ ਵਿੱਚ ਮਨੁੱਖ ਦਾ ਮਨੁੱਖਤਾ ਤੋਂ ਦੂਰ ਹੋਣਾ ਕੁਦਰਤੀ ਹੈ।

ਪੁਰਾਣੇ ਸਮਿਆਂ ਦੇ ਮਨੁੱਖ ਕੋਲ ਵਿਹਲ ਬਹੁਤ ਸੀ। ਉਸ ਕੋਲ ਭੈਣ-ਭਾਈ ਅਤੇ ਯਾਰਾਂ ਦੋਸਤਾਂ ਕੋਲ ਜਾਣ ਦਾ ਸਮਾਂ ਵੀ ਸੀ। ਕਾਰਨ ਇਹ ਸੀ ਕਿ ਪੰਜਾਬੀ ਪਰਿਵਾਰ ਖੇਤੀਬਾੜੀ ਹੀ ਕਰਦੇ ਸਨ। ਖੇਤੀਬਾੜੀ ਵੀ ਕੁਦਰਤੀ। ਜਿਸ ਵਿੱਚ ਸਿਰਫ਼ ਦੋ ਫ਼ਸਲਾਂ ਹਾੜ੍ਹੀ ਅਤੇ ਸਾਉਣੀ ਦੀਆਂ ਹੀ ਲਈਆਂ ਜਾਂਦੀਆਂ ਸਨ। ਸਾਲ ਵਿੱਚੋਂ ਬਹੁਤਾ ਸਮਾਂ ਉਨ੍ਹਾਂ ਕੋਲ ਵਿਹਲ ਹੀ ਹੁੰਦੀ ਸੀ। ਕਿਸਾਨ ਮਜ਼ਦੂਰ ਦਾ ਰਿਸ਼ਤਾ ਗੂੜ੍ਹਾ ਹੁੰਦਾ ਸੀ। ਉਹ ਦੁੱਖ ਸੁੱਖ ਵਿੱਚ ਇੱਕ ਦੂਜੇ ਦੇ ਸਹਾਈ ਬਣਦੇ ਸਨ। ਜਦੋਂ ਕਿਸੇ ਰਿਸ਼ਤੇਦਾਰੀ ਵਿੱਚ ਜਾਣਾ ਤਾਂ ਬੱਸਾਂ, ਗੱਡੀਆਂ ਤੇ ਹੋਰ ਤੇਜ਼ ਸਾਧਨ ਨਹੀਂ ਸਨ ਹੁੰਦੇ। ਉਹ ਚਾਰ ਚਾਰ ਦਿਨ ਬੜੇ ਆਰਾਮ ਨਾਲ ਰਿਸ਼ਤੇਦਾਰਾਂ ਦੇ ਘਰ ਗੁਜ਼ਾਰਦੇ ਸਨ। ਇਸ ਤਰ੍ਹਾਂ ਉਨ੍ਹਾਂ ਦੇ ਸਾਰੇ ਦੁੱਖਾਂ ਦਰਦਾ ਦਾ ਨਿਵਾਰਨ ਹੋ ਜਾਂਦਾ ਸੀ। ਕਿਸੇ ਨੂੰ ਕਿਸੇ ਨਾਲ ਕੋਈ ਗਿਲਾ ਸ਼ਿਕਵਾ ਵੀ ਨਹੀਂ ਸੀ ਰਹਿੰਦਾ। ਜੇਕਰ ਅਜੋਕੇ ਸਮੇਂ ’ਤੇ ਝਾਤੀ ਮਾਰੀਏ ਤਾਂ ਆਧੁਨਿਕ ਯੰਤਰਾਂ ਨੇ ਮਨੁੱਖ ਨੂੰ ਵੀ ਮਸ਼ੀਨ ਬਣਾ ਕੇ ਰੱਖ ਦਿੱਤਾ ਹੈ।

ਜੀਵਨ ਵਿੱਚ ਸਾਦਗੀ ਖ਼ਤਮ ਹੋ ਜਾਣ ਕਾਰਨ ਸਾਡੀਆਂ ਖਾਹਿਸ਼ਾਂ ਵਿੱਚ ਬਹੁਤ ਵਾਧਾ ਹੋ ਗਿਆ ਹੈ। ਜਿਨ੍ਹਾਂ ਦੀ ਪੂਰਤੀ ਵਾਸਤੇ ਆਦਮੀ ਹਰ ਤਰ੍ਹਾਂ ਦੀ ਠੱਗੀ ਠੋਰੀ ਕਰਨ ਲਈ ਤਿਆਰ ਬਰ-ਤਿਆਰ ਹੀ ਰਹਿੰਦਾ ਹੈ। ਜਿਸ ਵਸਤੂ ਦਾ ਜ਼ਿਆਦਾ ਪ੍ਰਚਾਰ ਹੈ, ਉਸੇ ਵਸਤੂ ਦੀ ਜ਼ਿਆਦਾ ਵਿੱਕਰੀ ਹੋ ਰਹੀ ਹੈ। ਬੱਚੇ ਵੀ ਬ੍ਰਾਂਡਿਡ ਵਸਤਾਂ ਦੇ ਦੀਵਾਨੇ ਹੋਏ ਪਏ ਹਨ। ਮਾਪਿਆਂ ਦੀ ਹੈਸੀਅਤ ਉਨ੍ਹਾਂ ਨੂੰ ਖ਼ਰੀਦਣ ਦੀ ਹੋਵੇ ਜਾਂ ਨਾ ਪਰ ਉਹ ਉਸ ਦੀ ਪ੍ਰਾਪਤੀ ਦੀ ਜ਼ਿੱਦ ਜ਼ਰੂਰ ਕਰਦੇ ਹਨ। ਪੂਰਾ ਸਮਾਜ ਹੀ ਗਰਜ਼, ਕਰਜ਼ ਅਤੇ ਮਰਜ਼ ਦਾ ਸ਼ਿਕਾਰ ਹੋਇਆ ਪਿਆ ਹੈ।

ਪਹਿਲੇ ਸਮਿਆਂ ਦਾ ਮਨੁੱਖ ਸਿੱਧਾ ਸਾਦਾ ਅਤੇ ਪਰਮਾਤਮਾ ਨੂੰ ਮੰਨਣ ਵਾਲਾ ਸੀ। ਅੱਜ ਦਾ ਮਨੁੱਖ ਤੇਜ਼ ਤਰਾਰ ਬਣ ਗਿਆ ਹੈ। ਉਸ ਦੀ ਇੱਕੋ ਇੱਕ ਨੀਤੀ ਹੈ ਕਿ ਦੂਜਿਆਂ ਨੂੰ ਕਿਵੇਂ ਵਰਤਿਆ ਜਾਵੇ। ਇਸ ਵਰਤਣ ਦੀ ਚਾਹਤ ਵਾਸਤੇ ਮਨੁੱਖ ਸਾਰੇ ਨਿਯਮਾਂ ਤੇ ਕਦਰਾਂ-ਕੀਮਤਾਂ ਨੂੰ ਛਿੱਕੇ ਟੰਗ ਦਿੰਦਾ ਹੈ। ਇੱਥੋਂ ਤੱਕ ਕਿ ਜੇਕਰ ਬਾਪ ਬੱਚੇ ਦੀ ਮੰਗ ਪੂਰੀ ਨਹੀਂ ਕਰਦਾ ਤਾਂ ਉਹ ਝੱਟ ਆਖ ਦਿੰਦਾ ਹੈ, “ਜੇਕਰ ਤੁਸੀਂ ਮੇਰੀਆਂ ਲੋੜਾਂ ਪੂਰੀਆਂ ਨਹੀਂ ਸੀ ਕਰ ਸਕਦੇ ਤਾਂ ਮੈਨੂੰ ਪੈਦਾ ਹੀ ਕਿਉਂ ਕੀਤਾ?” ਬਸ ਐਨੀ ਕੁ ਕਦਰ ਰਹਿ ਗਈ ਹੈ ਰਿਸ਼ਤਿਆਂ ਦੀ। ਇਸੇ ਤਰ੍ਹਾਂ ਇੱਕ ਹੋਰ ਕਹਾਣੀ ਜੋ ਇੱਕ ਮਰੀਜ਼ ਤੇ ਡਾਕਟਰ ਦੇ ਰਿਸ਼ਤੇ ਨੂੰ ਬਿਆਨ ਕਰਦੀ ਹੋਈ ਅਜੋਕੀ ਸਥਿਤੀ ਨੂੰ ਸਪੱਸ਼ਟ ਕਰਦੀ ਹੈ, ਇਸੇ ਦੱਸਣੀ ਜ਼ਰੂਰੀ ਹੈ। ਜਦੋਂ ਇੱਕ ਬਜ਼ੁਰਗ ਡਾਕਟਰ ਨੇ ਆਪਣਾ ਕਾਰੋਬਾਰ ਆਪਣੇ ਬੇਟੇ ਨੂੰ ਸੰਭਾਲ ਦਿੱਤਾ ਤਾਂ ਉਸ ਨੇ ਬੜੇ ਮਾਣ ਨਾਲ ਆਪਣੇ ਪਿਤਾ ਨੂੰ ਦੱਸਿਆ, “ਪਿਤਾ ਜੀ ਜਿਹੜਾ ਮਰੀਜ਼ ਚਾਰ ਸਾਲ ਤੋਂ ਤੁਹਾਡੇ ਕੋਲੋਂ ਦਵਾਈ ਖਾ ਰਿਹਾ ਸੀ ਉਸ ਨੂੰ ਮੈਂ ਚਾਰ ਦਿਨ ਵਿੱਚ ਰਾਜ਼ੀ ਕਰ ਦਿੱਤਾ।” ਇਹ ਗੱਲ ਸੁਣ ਕੇ ਡਾਕਟਰ ਬਾਪ ਖ਼ੁਸ਼ ਨਹੀਂ ਹੋਇਆ ਸਗੋਂ ਨਾਰਾਜ਼ ਹੁੰਦਾ ਹੋਇਆ ਬੋਲਿਆ, “ਜਿਸ ਤੋਂ ਮੈਂ ਚਾਰ ਸਾਲ ਤੋਂ ਕਮਾਈ ਕਰਦਾ ਆ ਰਿਹਾ ਸੀ ਤੂੰ ਉਸ ਤੋਂ ਹੋਰ ਅੱਗੇ ਕਮਾਈ ਨਹੀਂ ਸੀ ਕਰ ਸਕਦਾ।” ਇਹ ਸੁਣ ਕੇ ਬੇਟਾ ਹੈਰਾਨ ਹੁੰਦਾ ਬੋਲਿਆ, “ਪਿਤਾ ਜੀ ਇਹ ਤਾਂ ਸਾਡੇ ਕਿੱਤੇ ਨਾਲ ਅਨਿਆਂ ਹੈ।” ਫਿਰ ਡਾਕਟਰ ਬਾਪ ਨੇ ਮੱਤ ਦਿੰਦਿਆ ਆਖਿਆ, “ਤੂੰ ਕਲਯੁੱਗ ਵਿੱਚ ਸਤਯੁੱਗ ਦੀਆਂ ਗੱਲਾਂ ਨਾ ਕਰ। ਜੇਕਰ ਕਾਮਯਾਬ ਹੋਣਾ ਹੈ ਤਾਂ ਮੇਰੀ ਮੰਨ।” ਇਹ ਹਾਲਤ ਹੈ ਸਾਡੇ ਸਮਾਜ ਦੀ। ਜਿਸ ਡਾਕਟਰ ਨੂੰ ਅਸੀਂ ਰੱਬ ਦਾ ਰੂਪ ਮੰਨਦੇ ਹਾਂ ਉਹ ਕਿਵੇਂ ਸਾਡੀਆਂ ਬਿਮਾਰੀਆਂ ਖ਼ਤਮ ਕਰਨ ਦੀ ਬਜਾਏ ਲੰਮੀਆਂ ਬਣਾਉਂਦੇ ਹਨ ਤਾਂ ਕਿ ਉਨ੍ਹਾਂ ਦੇ ਗਾਹਕ ਬਣੇ ਰਹੀਏ। ਭਾਵੇਂ ਇਹ ਗੱਲ ਸਭ ’ਤੇ ਲਾਗੂ ਨਹੀਂ ਹੁੰਦੀ ਪਰ ਬਹੁਲਤਾ ਇਸੇ ਪ੍ਰਕਾਰ ਦੀ ਹੈ।

ਜਿੱਧਰ ਮਰਜ਼ੀ ਦੇਖੋ ਦੁਨੀਆਂ ਕਰਜ਼ ਦੇ ਬੋਝ ਹੇਠ ਦੱਬੀ ਜਾ ਰਹੀ ਹੈ। ਇੱਥੋਂ ਤੱਕ ਕਿ ਜਿਹੜੀਆਂ ਸਰਕਾਰਾਂ ਨੇ ਸਾਡਾ ਵਿਕਾਸ ਕਰਨਾ ਸੀ, ਉਨ੍ਹਾਂ ਨੇ ਹਰ ਜਨਮ ਲੈਣ ਵਾਲੇ ਬੱਚੇ ਨੂੰ ਹੀ ਕਰਜ਼ਈ ਬਣਾਇਆ ਹੋਇਆ ਹੈ। ਸ਼ਾਇਦ ਬਹੁਤ ਥੋੜ੍ਹੇ ਵਿਅਕਤੀ ਹੋਣਗੇ ਜੋ ਗ਼ੈਰ ਉਤਪਾਦਕ ਕੰਮਾਂ ਵਾਸਤੇ ਕਰਜ਼ਾ ਲੈਣ ਤੋਂ ਗੁਰੇਜ਼ ਕਰਦੇ ਹੋਣਗੇ। ਬਸ ਉਨ੍ਹਾਂ ਨੂੰ ਸਹੂਲਤਾਂ ਚਾਹੀਦੀਆਂ ਹਨ। ਬਾਅਦ ਵਿੱਚ ਕੀ ਹੁੰਦਾ ਹੈ। ਉਸ ਬਾਰੇ ਅਸੀਂ ਸਭ ਭਲੀ ਭਾਂਤ ਜਾਣਦੇ ਹਾਂ। ਸਮਾਜਿਕ ਤਾਣਾ ਬਾਣਾ ਐਨਾ ਉਲਝਿਆ ਪਿਆ ਹੈ ਜਿਸ ਪਾਸੇ ਮਰਜ਼ੀ ਨਜ਼ਰ ਮਾਰੋ ਹਰ ਕਿਸੇ ਨੂੰ ਆਪੋ-ਧਾਪੀ ਪਈ ਹੋਈ ਹੈ। ਮਤਲਬ ਨੂੰ ਗਧੇ ਨੂੰ ਵੀ ਪਿਓ ਬਣਾਉਣ ਤੋਂ ਗੁਰੇਜ਼ ਨਹੀਂ ਕੀਤਾ ਜਾ ਰਿਹਾ।

ਪਹਿਲਾਂ ਪਹਿਲਾਂ ਇਹ ਸੁਣਦੇ ਸਾਂ ਕਿ ਵਿਦੇਸ਼ਾਂ ਵਿੱਚ ਗੱਲਬਾਤ ਅਤੇ ਖ਼ਬਰ ਸਾਰ ਲੈਣ ਦਾ ਕਿਸੇ ਕੋਲ ਵਿਹਲ ਨਹੀਂ ਹੈ, ਪਰ ਹੁਣ ਇਹ ਵਰਤਾਰਾ ਹਰ ਪਾਸੇ ਵਰਤ ਰਿਹਾ ਹੈ। ਜ਼ਿੰਦਗੀ ਰੁਝੇਵਿਆਂ ਭਰੀ ਹੋਣ ਕਰਕੇ ਮਨੁੱਖ ਕੋਲ ਆਪਣੇ ਆਪ ਦਾ ਖ਼ਿਆਲ ਰੱਖਣ ਦਾ ਵੀ ਸਮਾਂ ਨਹੀਂ ਹੈ। ਦੂਜੇ ਬੰਨੇ ਉਹ ਆਪਣਾ ਸਮਾਂ ਫੋਨ ਨਾਲ ਮੂੰਹ ਜੋੜ ਕੇ ਤਾਂ ਗੁਜ਼ਾਰ ਲੈਂਦਾ ਹੈ, ਪਰ ਕਿਸੇ ਨਾਲ ਗੱਲਬਾਤ ਕਰਨ ਨੂੰ ਤਰਜੀਹ ਨਹੀਂ ਦਿੰਦਾ। ਹੁਣ ਤਾਂ ਸਾਰੇ ਦੁੱਖ ਸੁੱਖ ਫੋਨ ’ਤੇ ਸੁਨੇਹਿਆਂ ਰਾਹੀਂ ਹੀ ਹੋਣ ਲੱਗ ਪਏ ਹਨ। ਇਨ੍ਹਾਂ ਵਿੱਚੋਂ ਉਹ ਹਮਦਰਦੀ ਨਹੀਂ ਮਿਲਦੀ ਜੋ ਕਿਸੇ ਨੂੰ ਮਿਲ ਕੇ ਪ੍ਰਾਪਤ ਹੁੰਦੀ ਹੈ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਸਾਡੇ ਰਿਸ਼ਤੇ ਹੀ ਗਰਜ਼ਾਂ ਦੇ ਰਹਿ ਗਏ ਹਨ। ਜਿਸ ਨਾਲ ਸਾਨੂੰ ਗਰਜ਼ ਹੈ, ਉਸ ਨਾਲ ਅਸੀਂ ਹਰ ਹੀਲੇ ਕੋਈ ਨਾ ਕੋਈ ਰਿਸ਼ਤਾ ਗੰਢ ਹੀ ਲੈਂਦੇ ਹਾਂ। ਜਿਸ ਨਾਲ ਗਰਜ਼ ਨਹੀਂ ਉਸ ਨੂੰ ਖੜ੍ਹਾ ਛੱਡ ਅੱਗੇ ਤੁਰ ਜਾਂਦੇ ਹਾਂ। ਜਿਨ੍ਹਾਂ ਰਿਸ਼ਤੇਦਾਰਾਂ ਦੇ ਅਸੀਂ ਕੰਮ ਨਹੀਂ ਕਰਦੇ, ਉਹ ਵੀ ਸਾਨੂੰ ਰਿਸ਼ਤੇਦਾਰ ਨਹੀਂ ਕਹਾਉਂਦੇ। ਜਦੋਂਕਿ ਪਿਆਰ ਅਤੇ ਰਿਸ਼ਤੇ ਗਰਜ਼ ਰਹਿਤ ਚਿਰਸਥਾਈ ਹੁੰਦੇ ਹਨ। ਮਤਲਬ ਦੇ ਰਿਸ਼ਤੇ ਮਤਲਬ ਨਿਕਲਣ ਦੇ ਨਾਲ ਹੀ ਖ਼ਤਮ ਹੋ ਜਾਂਦੇ ਹਨ। ਤੁਸੀਂ ਦੇਖਿਆ ਹੋਵੇਗਾ ਜਿਨ੍ਹਾਂ ਨੂੰ ਤੁਸੀਂ ਆਪਣੇ ਮਿੱਤਰ ਮੰਨਦੇ ਹੋ ਉਨ੍ਹਾਂ ਦੇ ਕੁਝ ਹੋਰ ਮਿੱਤਰ ਹੁੰਦੇ ਹਨ।

ਸਮੇਂ ਦੀ ਕਰਵਟ ਨਾਲ ਮਨੁੱਖ ਨੂੰ ਕਿਸੇ ਦੀ ਕੀਤੀ ਨੇਕੀ ਵੀ ਯਾਦ ਨਹੀਂ ਰਹਿੰਦੀ ਕਿਉਂਕਿ ਉਹ ਹੁਣ ਮਤਲਬਪ੍ਰਸਤ ਬਣ ਚੁੱਕਾ ਹੈ। ਉਹ ਭਾਰੇ ਪਾਸੇ ਨੂੰ ਹੀ ਝੁਕਦਾ ਜਾਂਦਾ ਹੈ। ਮਤਲਬ ਦੇ ਮਿੱਤਰਚਾਰੇ ਸਮਾਜ ਨੂੰ ਖੋਰਾ ਲਾ ਰਹੇ ਹਨ। ਕਰਜ਼ੇ ਮਨੁੱਖ ਨੂੰ ਖੋਖਲਾ ਕਰਕੇ ਮੌਤ ਤੱਕ ਪਹੁੰਚਾ ਰਹੇ ਹਨ। ਦਵਾਈ ਲੈਣ ਦੇ ਨਾਲ ਮਰਜ਼ ਵਧਦਾ ਜਾਂਦਾ ਹੈ ਜਦੋਂਕਿ ਇਹ ਘਟਣਾ ਚਾਹੀਦਾ ਹੈ। ਜਿਨ੍ਹਾਂ ਨੇ ਪਵਿੱਤਰ ਰਿਸ਼ਤੇ ਨਿਭਾਉਣੇ ਸਨ ਉਨ੍ਹਾਂ ਵਿੱਚੋਂ ਪਵਿੱਤਰਤਾ ਖ਼ਤਮ ਹੋ ਗਈ ਹੈ। ਸਿਰਫ਼ ਰਿਸ਼ਤੇ ਨਹੀਂ ਸਬੰਧ ਦਿਖਾਈ ਦੇ ਰਹੇ ਹਨ। ਪੂਰੇ ਸਮਾਜ ਵਿੱਚ ਭੈਣ-ਭਾਈ, ਪਿਓ-ਪੁੱਤ, ਯਾਰ-ਦੋਸਤ, ਮਾਸੀ, ਭੂਆ ਅਤੇ ਹੋਰ ਰਿਸ਼ਤਿਆਂ ਵਿੱਚ ਬੇਗਰਜ਼ ਪਿਆਰ ਨਾਂਮਾਤਰ ਹੀ ਰਹਿ ਗਿਆ ਹੈ। ਹਰ ਰਿਸ਼ਤੇ ਨੂੰ ਲੋੜਾਂ ਦੀ ਪੂਰਤੀ ਨਾਲ ਜੋੜਨ ਕਰਕੇ ਮਨੁੱਖ ਮਨੁੱਖਤਾ ਤੋਂ ਦੂਰ ਚਲਾ ਗਿਆ ਹੈ। ਅੱਜ ਲੋੜ ਹੈ ਸਾਨੂੰ ਗਰਜ਼, ਕਰਜ਼ ਅਤੇ ਮਰਜ਼ ਦੇ ਸਬੰਧ ਨੂੰ ਸਮਝ ਕੇ ਇਨ੍ਹਾਂ ਦੀ ਪਵਿੱਤਰਤਾ ਨੂੰ ਕਾਇਮ ਕਰਨ ਦੀ।

# ਖੇਤੀ ਦੇ ਡੂੰਘੇ ਹੋ ਰਹੇ ਆਰਥਿਕ ਸੰਕਟ ਨੂੰ ਬਹੁਪਰਤੀ ਨੀਤੀਆਂ ਰਾਹੀਂ ਹੱਲ ਕੀਤਾ ਜਾਵੇ

**ਡਾ. ਕੇਸਰ ਸਿੰਘ ਭੰਗੂ**
-ਸਾਬਕਾ ਡੀਨ ਅਤੇ ਪ੍ਰੋਫ਼ੈਸਰ ਪੰਜਾਬੀ ਯੂਨੀਵਰਸਿਟੀ ਪਟਿਆਲਾ।

ਹਰੀ ਕ੍ਰਾਂਤੀ ਦੇ ਸਮੇਂ 'ਚ ਪੰਜਾਬ ਦੇ ਖੇਤੀ ਸੈਕਟਰ ਨੇ ਅਥਾਹ ਵਿਕਾਸ ਕੀਤਾ। ਇਸ ਨਾਲ ਅਨਾਜਾਂ ਦੀ ਕੁਲ ਪੈਦਾਵਾਰ ਅਤੇ ਪ੍ਰਤੀ ਏਕੜ ਪੈਦਾਵਾਰ 'ਚ ਬਹੁਤ ਵਾਧਾ ਹੋਇਆ ਅਤੇ ਨਤੀਜੇ ਵਜੋਂ ਸੂਬਾ ਦੇਸ਼ ਦਾ ਅੰਨਦਾਤਾ ਬਣ ਗਿਆ, ਕਿਉਂਕਿ ਪੰਜਾਬ ਨੇ ਉਨ੍ਹਾਂ ਸਮਿਆਂ 'ਚ ਦੇਸ਼ ਦੇ ਅੰਨ ਭੰਡਾਰ 'ਚ 35-40 ਪ੍ਰਤੀਸ਼ਤ ਚੌਲਾਂ ਅਤੇ 45-70 ਪ੍ਰਤੀਸ਼ਤ ਕਣਕ ਦਾ ਯੋਗਦਾਨ ਪਾ ਕੇ ਦੇਸ਼ ਨੂੰ ਲੋੜੀਂਦੀ ਅੰਨ ਸੁਰੱਖਿਆ ਪ੍ਰਦਾਨ ਕਰਵਾਈ। ਹੁਣ ਵੀ ਪੰਜਾਬ ਲਗਭਗ 18-22 ਪ੍ਰਤੀਸ਼ਤ ਚੌਲ ਅਤੇ 45 ਪ੍ਰਤੀਸ਼ਤ ਦੇ ਨੇੜੇ ਕਣਕ ਦੇਸ਼ ਦੇ ਅੰਨ ਭੰਡਾਰ 'ਚ ਦੇ ਰਿਹਾ ਹੈ। ਪੰਜਾਬ ਦੇ ਖੇਤੀ ਸੈਕਟਰ ਦਾ ਅਥਾਹ ਵਿਕਾਸ, ਖੇਤੀ ਲਈ ਸਿੰਚਾਈ ਦੀਆਂ ਪੱਕੀਆਂ ਸਹੂਲਤਾਂ, ਉੱਤਮ ਬੀਜਾਂ, ਰਸਾਇਣਕ ਖਾਦਾਂ, ਕੀਟਨਾਸ਼ਕ ਅਤੇ ਨਦੀਨਨਾਸ਼ਕ ਦਵਾਈਆਂ, ਖੇਤੀ ਕੰਮਾਂ ਦਾ ਮਸ਼ੀਨੀਕਰਨ, ਨਵੀਆਂ ਖੇਤੀ ਅਤੇ ਖੋਜ ਤਕਨੀਕਾਂ ਅਤੇ ਪੰਜਾਬ ਦੀ ਮਿਹਨਤਕਸ਼ ਕਿਸਾਨੀ ਕਰਕੇ ਸੰਭਵ ਹੋਇਆ, ਪਰ ਹੁਣ ਪਿਛਲੇ ਸਮੇਂ ਦੌਰਾਨ ਪੰਜਾਬ 'ਚ ਖੇਤੀ ਹੇਠਲਾ ਰਕਬਾ, ਕੁੱਲ ਪੈਦਾਵਾਰ ਅਤੇ ਪ੍ਰਤੀ ਏਕੜ ਪੈਦਾਵਾਰ ਦਾ ਅਧਿਐਨ ਸਪੱਸ਼ਟ ਕਰਦਾ ਹੈ ਕਿ ਪੰਜਾਬ ਦੀ ਖੇਤੀ ਚੌਲਾਂ ਅਤੇ ਕਣਕ ਦੀ ਖੇਤੀ ਹੀ ਬਣ ਗਈ ਹੈ। ਲਗਾਤਾਰ ਲੰਮੇ ਸਮੇਂ ਲਈ ਅਪਣਾਏ ਗਏ ਇਸ ਤਰ੍ਹਾਂ ਦੇ ਫ਼ਸਲੀ ਚੱਕਰ ਕਾਰਨ ਚੌਲਾਂ ਅਤੇ ਕਣਕ ਦੀ ਕੁੱਲ ਪੈਦਾਵਾਰ ਅਤੇ ਪ੍ਰਤੀ ਏਕੜ ਪੈਦਾਵਾਰ 'ਚ ਹੀ ਖੜੋਤ ਨਹੀਂ ਆਈ, ਸਗੋਂ ਸਿੰਚਾਈ ਲਈ ਪਾਣੀ ਦੀ ਘਾਟ ਦਾ ਮੰਡਰਾਉਣਾ, ਖੇਤੀ ਲਾਗਤਾਂ ਦਾ ਹੱਦੋਂ ਵਧ ਜਾਣਾ, ਖੇਤੀ ਤੋਂ ਕਿਸਾਨਾਂ ਦੀ ਆਮਦਨ ਦਾ ਘੱਟ ਹੋਣਾ ਅਤੇ ਵਾਤਾਵਰਨ ਦੇ ਪਲੀਤ ਹੋਣ ਦੀਆਂ ਸਮੱਸਿਆਵਾਂ ਵੀ ਪੈਦਾ ਹੋ ਗਈਆਂ ਹਨ। ਨਤੀਜੇ ਵਜੋਂ ਪੰਜਾਬ ਦੀ ਖੇਤੀ ਦੇ ਸੰਕਟਗ੍ਰਸਤ ਹੋਣ ਕਾਰਨ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਵਲੋਂ ਖ਼ੁਦਕੁਸ਼ੀਆਂ ਕਰਨ ਵਰਗਾ ਦੁਖਦਾਇਕ ਵਰਤਾਰਾ ਸਾਹਮਣੇ ਆਇਆ, ਜੋ ਕਿ ਬਿਨਾਂ ਕਿਸੇ ਰੋਕ-ਟੋਕ ਤੋਂ ਨਿਰੰਤਰ ਜਾਰੀ ਹੈ। ਇਸ ਲਈ ਸਮਾਂ ਅਤੇ ਸਮੱਸਿਆ ਮੰਗ ਕਰਦੀ ਹੈ ਕਿ ਢੁੱਕਵੀਆਂ ਖੇਤੀ ਨੀਤੀਆਂ ਰਾਹੀਂ ਅਤੇ ਖੇਤੀ ਕਰਨ ਦੇ ਢੰਗ-ਤਰੀਕਿਆਂ 'ਚ ਲੋੜੀਂਦੀਆਂ ਤਬਦੀਲੀਆਂ ਕਰਕੇ ਪੰਜਾਬ ਦੀ ਖੇਤੀ ਨੂੰ ਸੰਕਟ 'ਚੋਂ ਕੱਢਿਆ ਜਾਵੇ।

ਪੰਜਾਬ ਖੇਤੀ ਦੇ ਮੌਜੂਦਾ ਸੰਕਟ ਨੂੰ ਮਾਹਿਰਾਂ ਨੇ 1980ਵਿਆਂ 'ਚ ਹੀ ਭਾਂਪ ਲਿਆ ਸੀ, ਕਿਉਂਕਿ ਉਸ ਸਮੇਂ ਖੇਤੀ ਦੀ ਉਤਪਾਦਕਤਾ 'ਚ ਖੜ੍ਹੋਤ ਆਉਣੀ ਸ਼ੁਰੂ ਹੋ ਗਈ ਸੀ। ਖੇਤੀ ਸੰਕਟ ਦੇ ਮੁੱਖ ਕਾਰਨਾਂ 'ਚ, ਖੇਤੀ ਦੀ ਉਤਪਾਦਕਤਾ 'ਚ ਖੜ੍ਹੋਤ, ਖੇਤੀ ਲਾਗਤਾਂ ਦਾ ਹੱਦੋਂ ਵਧ ਜਾਣਾ, ਕਿਸਾਨਾਂ ਦੀ ਖੇਤੀ ਤੋਂ ਆਮਦਨ ਦਾ ਘਟ ਜਾਣਾ, ਕੁਦਰਤੀ ਅਤੇ ਹੋਰ ਕਾਰਨਾਂ ਕਰਕੇ ਲਗਾਤਾਰ ਫ਼ਸਲਾਂ ਦਾ ਮਾਰੇ ਜਾਣਾ, ਖੇਤੀ ਮਸ਼ੀਨਾਂ ਦੀ ਲੋੜੋਂ ਵੱਧ ਵਰਤੋਂ ਕਰਨਾ, ਖੇਤੀ ਮਸ਼ੀਨਰੀ ਦੀ ਸਮਰੱਥਾ ਨਾਲੋਂ ਘੱਟ ਵਰਤੋਂ ਕਰਨੀ ਅਤੇ ਖੇਤੀ ਵਸਤਾਂ ਦੀਆਂ ਨਿਗੁਣੀਆਂ ਕੀਮਤਾਂ ਦੇ ਨਾਲ-ਨਾਲ ਮੰਡੀਕਰਨ ਦੀਆਂ ਸਮੱਸਿਆਵਾਂ ਸ਼ਾਮਿਲ ਹਨ। ਇਸ ਦੇ ਨਾਲ ਹੀ ਦੇਸ਼ 'ਚ ਅੰਤਰਰਾਸ਼ਟਰੀ ਸੰਸਥਾਵਾਂ ਦੇ ਦਬਾਅ ਹੇਠ ਨਵੀਆਂ ਕਿਸਾਨ ਵਿਰੋਧੀ ਨੀਤੀਆਂ ਨੂੰ ਲਾਗੂ ਕਰਨ ਨਾਲ ਪੰਜਾਬ ਖੇਤੀ ਦਾ ਸੰਕਟ ਹੋਰ ਗਹਿਰਾ ਗਿਆ। ਇਹ ਵੀ ਵਰਨਣਯੋਗ ਹੈ ਕਿ ਪਿਛਲੇ ਸਮੇਂ ਦੌਰਾਨ ਰਾਜਨੀਤਕ ਨੇਤਾਵਾਂ ਅਤੇ ਕਿਸਾਨਾਂ ਦੇ ਹਿਤਾਂ 'ਚ ਵਖਰੇਵੇਂ ਅਤੇ ਟਕਰਾਓ ਆ ਗਏ ਹਨ। ਇਸ ਦਾ ਮੁੱਖ ਕਾਰਨ ਰਾਜਨੀਤਕ ਨੇਤਾ, ਜੋ ਕਿ ਕਿਸਾਨਾਂ ਦੇ ਨੇਤਾ ਵੀ ਹੁੰਦੇ ਸੀ, ਦੀ ਆਮਦਨ ਦੇ ਸਾਧਨ ਖੇਤੀ ਤੋਂ ਬਦਲ ਕੇ ਹੋਰ ਵਪਾਰਕ ਵਸੀਲੇ ਹੋ ਗਏ ਹਨ। ਇਹ ਕਿਹਾ ਜਾ ਸਕਦਾ ਹੈ ਕਿ ਅੱਜਕੱਲ੍ਹ ਰਾਜਨੀਤਕ ਨੇਤਾਵਾਂ ਲਈ ਖੇਤੀ ਅਤੇ ਕਿਸਾਨਾਂ ਦੇ ਮਸਲੇ ਹਾਸ਼ੀਏ 'ਤੇ ਚਲੇ ਗਏ ਹਨ ਅਤੇ ਰਾਜਨੀਤਕ ਨੇਤਾ ਕੇਵਲ ਵੋਟਾਂ ਵੇਲੇ ਹੀ ਖੇਤੀ ਅਤੇ ਕਿਸਾਨ ਪੱਖੀ ਹੋਣ ਦੀ ਗੱਲ ਕਰਦੇ ਹਨ। ਇਹ ਵੀ ਸਪੱਸ਼ਟ ਹੈ ਕਿ ਖੇਤੀ ਸੰਕਟ ਦਾ ਸਭ ਤੋਂ ਮਾਰੂ ਅਸਰ ਸੀਮਾਂਤ ਅਤੇ ਛੋਟੇ ਕਿਸਾਨਾਂ ਉੱਤੇ ਹੀ ਪਿਆ ਹੈ, ਨਤੀਜੇ ਵਜੋਂ ਕਿਸਾਨੀ ਦਾ ਇਹ ਵਰਗ ਘੋਰ ਖੇਤੀ ਸੰਕਟ ਨੂੰ ਨਾ ਸਹਾਰਦਾ ਹੋਇਆ ਖ਼ੁਦਕੁਸ਼ੀਆਂ ਦੇ ਰਾਹ ਪਿਆ ਹੈ।



ਉਪਰੋਕਤ ਸਥਿਤੀ ਦੇ ਸੰਦਰਭ ਵਿਚ ਪੰਜਾਬ ਖੇਤੀ 'ਚ ਕੁਝ ਨੀਤੀਗਤ ਤਬਦੀਲੀਆਂ, ਨਵੀਆਂ ਤਕਨੀਕਾਂ ਅਤੇ ਕਾਢਾਂ ਨੂੰ ਅਪਣਾ ਕੇ ਕੁਝ ਹੱਦ ਤੱਕ ਖੇਤੀ ਸੰਕਟ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਸਭ ਤੋਂ ਪਹਿਲਾਂ ਨਵੀਂ ਬਣਨ ਵਾਲੀ ਖੇਤੀ ਨੀਤੀ 'ਚ ਕੁਝ ਖ਼ਾਸ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ ਅਤੇ ਇਸ ਦੇ ਨਾਲ ਹੀ ਕੁਦਰਤੀ ਖੇਤੀ, ਖੇਤੀ ਵਿਭਿੰਨਤਾ ਅਤੇ ਕੁਝ ਲਾਹੇਵੰਦ ਖੇਤੀ ਸਹਾਇਕ ਧੰਦਿਆਂ ਨੂੰ ਅਪਣਾਉਣਾ ਸ਼ਾਮਿਲ ਹਨ।

**ਧਿਆਨਯੋਗ ਕੁਝ ਮੁੱਦੇ :** ਸਭ ਤੋਂ ਪਹਿਲਾਂ ਸੂਬੇ ਦੀ ਖੇਤੀਬਾੜੀ ਨੀਤੀ ਬਣਾਉਣ ਸਮੇਂ ਕੁਝ ਮਹੱਤਵਪੂਰਨ ਮੁੱਦਿਆਂ ਨੂੰ ਧਿਆਨ 'ਚ ਰੱਖਦੇ ਹੋਏ ਹੀ ਨੀਤੀ ਬਣਾਉਣੀ ਚਾਹੀਦੀ ਹੈ, ਜਿਵੇਂ ਕਿ ਕੁਦਰਤੀ ਅਤੇ ਰਵਾਇਤੀ ਖੇਤੀ ਨੂੰ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ, ਪਰ ਅਜਿਹਾ ਕਰਦੇ ਸਮੇਂ ਸੂਬੇ ਤੇ ਦੇਸ਼ 'ਚ ਖਾਧ ਸੁਰੱਖਿਆ ਮੁਹੱਈਆ ਕਰਵਾਉਣ ਲਈ ਅਨਾਜ ਦੀ ਪੈਦਾਵਾਰ ਦਾ ਧਿਆਨ ਵੀ ਰੱਖਣਾ ਹੋਵੇਗਾ। ਇਸ ਕਿਸਮ ਦੀ ਖੇਤੀ ਨੂੰ ਸੂਬੇ ਦੀ ਖੇਤੀਬਾੜੀ ਨੀਤੀ ਦੇ ਅਨੁਸਾਰ ਹੀ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ ਤਾਂ ਕਿ ਕਿਸਾਨਾਂ ਨੂੰ ਕਿਸੇ ਕਿਸਮ ਦੀ ਸਮੱਸਿਆ ਦਾ ਸਾਹਮਣਾ ਨਾ ਕਰਨਾ ਪਵੇ। ਖੇਤੀਬਾੜੀ ਨੀਤੀ 'ਚ ਖੇਤੀ ਵੰਨ-ਸੁਵੰਨਤਾ ਨੂੰ ਹੁਲਾਰਾ ਦੇਣਾ ਚਾਹੀਦਾ ਹੈ ਤਾਂ ਕਿ ਝੋਨੇ ਦੀ ਥਾਂ 'ਤੇ ਬਦਲਵੀਆਂ ਫ਼ਸਲਾਂ ਬੀਜੀਆਂ ਜਾ ਸਕਣ, ਅਜਿਹਾ ਕਰਨ ਨਾਲ ਪਾਣੀ ਦੀ ਵਧੇਰੇ ਬੱਚਤ ਹੋਵੇਗੀ ਅਤੇ ਵਾਤਾਵਰਨ ਨੂੰ ਵੀ ਹੌਲ਼ੀ-ਹੌਲ਼ੀ ਵਿਗੜਨ ਤੋਂ ਬਚਾਇਆ ਜਾ ਸਕਦਾ ਹੈ, ਪਰ ਬਦਲਵੀਆਂ ਫ਼ਸਲਾਂ ਦੇ ਲਾਹੇਵੰਦ ਭਾਅ ਅਤੇ ਯਕੀਨੀ ਖਰੀਦ ਬਣਾਉਣਾ ਲਾਜ਼ਮੀ ਹੋਣਾ ਚਾਹੀਦਾ ਹੈ। ਖੇਤੀਬਾੜੀ ਨੀਤੀ ਤਹਿਤ ਸੂਬੇ 'ਚ ਪਿੰਡ ਪੱਧਰ 'ਤੇ ਸੀਵਰ ਦੇ ਪਾਣੀ ਤੋਂ ਦੇਸੀ ਖਾਦ ਤਿਆਰ ਕਰਨੀ ਚਾਹੀਦੀ ਹੈ ਅਤੇ ਸਾਫ਼ ਕੀਤਾ ਪਾਣੀ ਪਿੰਡ 'ਚ ਖੇਤੀ ਦੀ ਸਿੰਚਾਈ ਲਈ ਵਰਤਿਆ ਜਾਣਾ ਚਾਹੀਦਾ ਹੈ, ਜਿਵੇਂ ਕਿ ਪੰਜਾਬ ਵਿੱਚ ਇਸ ਕਿਸਮ ਦੀਆਂ ਕਈ ਪਿੰਡਾਂ 'ਚ ਉਦਹਾਰਨਾਂ ਮਿਲਦੀਆਂ ਹਨ। ਸੂਬੇ 'ਚ ਬਹੁਤ ਸਾਰੇ ਕਿਸਾਨਾਂ ਨੇ ਆਪਣੇ ਤੌਰ 'ਤੇ ਜਾਂ ਕੁਝ ਸੰਸਥਾਵਾਂ ਦੀ ਮਦਦ ਨਾਲ ਖੇਤੀ ਦੇ ਨਾਲ-ਨਾਲ ਖੇਤੀ ਸਹਾਇਕ ਧੰਦੇ ਅਪਣਾ ਕੇ ਆਪਣੀ ਆਮਦਨ 'ਚ ਭਾਰੀ ਵਾਧਾ ਕੀਤਾ ਹੈ, ਇਸ ਲਈ ਖੇਤੀ ਸਹਾਇਕ ਧੰਦਿਆਂ ਨੂੰ ਉਤਸ਼ਾਹਿਤ ਕਰਨ ਲਈ ਇਨ੍ਹਾਂ ਨੂੰ ਖੇਤੀਬਾੜੀ ਨੀਤੀ 'ਚ ਤਰਜੀਹ ਦਿੱਤੀ ਜਾਣੀ ਚਾਹੀਦੀ ਹੈ। ਇਨ੍ਹਾਂ ਧੰਦਿਆਂ 'ਚ ਮੁੱਖ ਤੌਰ 'ਤੇ ਡੇਅਰੀ, ਸੂਰ ਪਾਲਣ, ਮੱਛੀ ਪਾਲਣ, ਬੱਕਰੀਆਂ ਪਾਲਣ, ਸ਼ਹਿਦ ਦੀਆਂ ਮੱਖੀਆਂ ਪਾਲਣ, ਖੁੰਬਾਂ ਦੀ ਕਾਸ਼ਤ ਆਦਿ ਹਨ। ਖੇਤੀਬਾੜੀ ਨੀਤੀ ਤਹਿਤ ਇਨ੍ਹਾਂ ਧੰਦਿਆਂ ਦੇ ਉਤਪਾਦਨ ਦੀ ਯਕੀਨੀ ਖਰੀਦ ਅਤੇ ਲਾਹੇਵੰਦ ਭਾਅ ਦੇਣੇ ਬਹੁਤ ਲਾਜ਼ਮੀ ਹੋਣਾ ਚਾਹੀਦਾ ਹੈ।

ਖੇਤੀਬਾੜੀ ਨੀਤੀ ਤਹਿਤ ਸਭ ਤੋਂ ਜ਼ਰੂਰੀ ਗੱਲ ਹੈ ਕਿ ਖੇਤੀਬਾੜੀ ਖੇਤਰ 'ਚ ਸਰਕਾਰੀ ਨਿਵੇਸ਼ ਨੂੰ ਵਧਾਇਆ ਜਾਵੇ, ਜਿਸ ਨਾਲ ਸੂਬੇ 'ਚ ਖੇਤੀਬਾੜੀ ਲਈ ਯੋਗ ਮੁੱਢਲਾ ਢਾਂਚਾ ਸਮੇਂ ਦੇ ਹਾਣ ਦਾ ਵਿਕਸਤ ਕੀਤਾ ਜਾ ਸਕੇ। ਨਾਲ ਹੀ ਕਿਸਾਨਾਂ ਨੂੰ ਸਹੀ ਮਾਤਰਾ 'ਚ ਅਤੇ ਬਹੁਤ ਹੀ ਘੱਟ ਦਰਾਂ 'ਤੇ ਕਰਜ਼ੇ ਮੁਹੱਈਆ ਕਰਵਾਏ ਜਾਣੇ ਚਾਹੀਦੇ ਹਨ ਅਤੇ ਇਨ੍ਹਾਂ ਕਰਜ਼ਿਆਂ 'ਤੇ ਢੁੱਕਵੀਂਆ ਸਬਸਿਡੀਆਂ ਦਾ ਪ੍ਰਬੰਧ ਕੀਤਾ ਜਾਣਾ ਚਾਹੀਦਾ ਹੈ। ਕੁਦਰਤੀ ਜਾਂ ਹੋਰ ਕਾਰਨਾਂ ਕਰਕੇ ਫ਼ਸਲਾਂ ਦੇ ਮਾਰੇ ਜਾਣ 'ਤੇ ਕਿਸਾਨਾਂ ਨੂੰ ਢੁੱਕਵੀਂ ਆਰਥਿਕ ਮਦਦ ਦੇਣੀ ਚਾਹੀਦੀ ਹੈ, ਇਸ ਲਈ ਕਿਸਾਨ ਪੱਖੀ ਫ਼ਸਲ ਬੀਮਾ ਯੋਜਨਾ ਬਣਾਉਣੀ ਚਾਹੀਦੀ ਹੈ।

ਖੇਤੀ ਨੀਤੀ ਲਈ ਸੁਝਾਏ ਗਏ ਮੁੱਦਿਆਂ ਦੀਆਂ ਕੁਝ ਚੰਗੀਆਂ ਮਿਸਾਲਾਂ ਸੂਬੇ 'ਚ ਮਿਲਦੀਆਂ ਹਨ, ਉਨ੍ਹਾਂ ਨੂੰ ਵੀ ਧਿਆਨ 'ਚ ਰੱਖਣਾ ਚਾਹੀਦਾ ਹੈ। ਕੁਝ ਕੁ ਮਿਸਾਲਾਂ ਇਸ ਤਰ੍ਹਾਂ ਹਨ-

**ਕੁਦਰਤੀ/ਰਵਾਇਤੀ ਖੇਤੀ :** ਪੰਜਾਬ 'ਚ ਬਹੁਤ ਸਾਰੇ ਕਿਸਾਨਾਂ ਨੇ ਕੁਦਰਤੀ/ਰਵਾਇਤੀ ਖੇਤੀ ਸ਼ੁਰੂ ਕੀਤੀ ਹੈ, ਉਦਾਹਰਨ ਦੇ ਤੌਰ 'ਤੇ ਬਠਿੰਡਾ ਦੇ ਇੱਕ ਕਿਸਾਨ ਜਿਸ ਕੋਲ 11 ਕਿੱਲੇ ਜ਼ਮੀਨ ਹੈ, ਉਹ ਪਿਛਲੇ 20 ਸਾਲਾਂ ਤੋਂ ਕੁਦਰਤੀ ਅਤੇ ਰਵਾਇਤੀ ਖੇਤੀ ਕਰ ਰਿਹਾ ਹੈ। ਸ਼ੁਰੂ-ਸ਼ੁਰੂ 'ਚ ਕੁਝ ਦਿੱਕਤਾਂ ਆਈਆਂ, ਪਰ ਹੁਣ ਉਹ ਆਪਣੀ ਖੇਤੀ ਤੋਂ ਸੰਤੁਸ਼ਟ ਹੈ ਅਤੇ ਹੋਰਨਾਂ ਕਿਸਾਨਾਂ ਨੂੰ ਕੁਦਰਤੀ ਅਤੇ ਰਵਾਇਤੀ ਖੇਤੀ ਲਈ ਪ੍ਰੇਰਿਤ ਕਰਦਾ ਹੈ।

**ਖੇਤੀ ਵਿਭਿੰਨਤਾ :** ਹੁਸ਼ਿਆਰਪੁਰ ਜ਼ਿਲ੍ਹੇ ਦੇ ਭੂੰਗਾ ਬਲਾਕ ਦੇ ਢੋਲਬਾਹਾ ਨੇੜਲੇ ਪਿੰਡਾਂ ਦੇ ਕਿਸਾਨਾਂ ਨਾਲ ਗੱਲਬਾਤ ਕਰਦਿਆਂ ਪਤਾ ਲੱਗਾ ਕਿ ਉਹ ਖੇਤੀ ਵਿਭਿੰਨਤਾ ਤਹਿਤ ਪਿਆਜ਼, ਮੂੰਗਫਲੀ ਅਤੇ ਬਾਗ਼ਬਾਨੀ ਦੀਆਂ ਫ਼ਸਲਾਂ ਬੀਜ ਕੇ ਚੋਖਾ ਮੁਨਾਫ਼ਾ ਕਮਾ ਰਹੇ ਹਨ। ਇਨ੍ਹਾਂ ਕਿਸਾਨਾਂ ਨੇ ਸਿੰਚਾਈ ਲਈ ਵੀ ਫੁਆਰਾ ਅਤੇ ਡਰਿੱਪ ਵਿਧੀ ਅਪਣਾਈ ਹੈ, ਜਿਸ ਨਾਲ ਪਾਣੀ ਦੀ ਸੰਭਾਲ ਅਤੇ ਬੱਚਤ ਹੋ ਰਹੀ ਹੈ, ਇਸ ਕੰਮ ਲਈ ਸਰਕਾਰ ਵੱਲੋਂ ਸਬਸਿਡੀ ਵੀ ਦਿੱਤੀ ਗਈ ਹੈ।

**ਸੀਵਰੇਜ ਤੋਂ ਖਾਦ ਅਤੇ ਖੇਤੀ ਲਈ ਪਾਣੀ ਦੀ ਵਰਤੋਂ :** ਲੁਧਿਆਣਾ ਜ਼ਿਲ੍ਹੇ ਦੀ ਜਗਰਾਉਂ ਤਹਿਸੀਲ ਦੇ ਚਕਰ ਪਿੰਡ 'ਚ ਇੱਕ ਬਿਲਕੁਲ ਵੱਖਰੀ ਕਿਸਮ ਨਾਲ ਪੂਰੇ ਪਿੰਡ ਦੇ ਘਰਾਂ ਦਾ ਸੀਵਰੇਜ ਅਤੇ ਮੀਂਹ ਦਾ ਪਾਣੀ ਵੱਖਰੀਆਂ ਵੱਖਰੀਆਂ ਪਾਇਪਾਂ ਰਾਹੀਂ ਤਿੰਨ ਤਲਾਬਾਂ 'ਚ ਇਕੱਠਾ ਕੀਤਾ ਜਾਂਦਾ ਹੈ। ਸੀਵਰੇਜ ਦੇ ਪਾਣੀ 'ਚੋਂ ਦੇਸੀ ਰੂੜੀ ਤਿਆਰ ਕਰਕੇ ਪਿੰਡ ਦੇ ਖੇਤਾਂ 'ਚ ਪਾਈ ਜਾਂਦੀ ਹੈ ਅਤੇ ਸੀਵਰੇਜ ਦਾ ਸਾਫ਼ ਪਾਣੀ ਅਤੇ ਮੀਂਹ ਦਾ ਇਕੱਠਾ ਕੀਤਾ ਪਾਣੀ ਪੰਪਾਂ ਰਾਹੀਂ ਪਿੰਡ ਦੇ ਖੇਤਾਂ ਦੀ ਸਿੰਚਾਈ ਲਈ ਵਰਤਿਆ ਜਾਂਦਾ ਹੈ।

(ਬਾਕੀ ਸਫ਼ਾ 31 'ਤੇ)



# ਵੀਰ ਲਿਆਇਆ ਨੀ ਚੰਨ ਵਰਗੀ ਭਰਜਾਈ



ਡਾ. ਰਾਜਵੰਤ ਕੌਰ

ਪਿਛਲੇ ਦਿਨੀਂ ਭਣੇਵੇਂ ਦੇ ਵਿਆਹ 'ਤੇ ਬੇਟੀ ਨਾਲ ਗੁਰਦਾਸਪੁਰ ਜਾਣ ਦਾ ਸਬੱਬ ਬਣਿਆ। ਧੀਆਂ ਨਾਲ ਹੁੰਦੀ ਘਰ ਦੀ ਰੌਣਕ ਦਾ ਅਹਿਸਾਸ ਸ਼ਿੱਦਤ ਨਾਲ ਹੋਇਆ। ਵੀਰ, ਭਾਬੋ ਨੂੰ ਵਿਆਹ ਕੇ ਲਿਆਇਆ ਤਾਂ ਡੋਲ਼ੀਓਂ ਉਤਾਰ ਕੇ ਭਾਬੋ ਨੂੰ ਗ੍ਰਹਿ-ਪ੍ਰਵੇਸ਼ ਕਰਵਾਉਣ ਮੌਕੇ ਵੀਰ ਤੋਂ ਬਿਨਾਂ ਮੰਗਿਆਂ ਹੀ ਸ਼ਗਨ ਮਿਲ ਗਿਆ। ਬਾਰ ਰੁਕਾਈ ਵੇਲੇ ਭੈਣ ਵੱਲੋਂ ਗਾਏ ਗੀਤ 'ਵੀਰ ਲਿਆਇਆ ਨੀ ਚੰਨ ਵਰਗੀ ਭਰਜਾਈ, ਵਿਹੜੇ ਵੜਦੀ ਨੇ ਛਣਮਣ ਛਣਮਣ ਲਾਈ' ਨੇ ਸਭ ਦੇ ਚਿਹਰਿਆਂ 'ਤੇ ਰੌਣਕ ਲਿਆ ਦਿੱਤੀ। ਭਾਬੋ ਦੋ ਦਿਨਾਂ ਵਿੱਚ ਹੀ ਨਣਦ ਨਾਲ ਸਭ ਤੋਂ ਵੱਧ ਸਹਿਜ ਮਹਿਸੂਸ ਕਰਨ ਲੱਗ ਪਈ ਸੀ। ਭੈਣ ਨੂੰ ਨੂੰਹ-ਪੁੱਤ ਸਮੇਤ ਪਟਿਆਲੇ ਆਉਣ ਦਾ ਨਿਉਤਾ ਦਿੱਤਾ ਤਾਂ ਬਿਲਕੁਲ ਵੀ ਨਾ ਲੱਗਾ ਕਿ ਭੈਣਾਂ-ਭਰਾਵਾਂ 'ਚੋਂ ਨਿੱਖੜ ਕੇ ਆਈ ਕੂੰਜ ਪਹਿਲੀ ਵਾਰ ਮੇਰੇ ਕੋਲ ਆਈ ਹੈ। ਨਣਦ ਨਾਲ ਉਸ ਦੀ ਸਾਂਝ ਚਿਰੋਕਣੀ ਜਾਪੀ। ਮੈਨੂੰ ਪੈਂਤੀ ਸਾਲ ਪਹਿਲਾਂ ਹੋਇਆ ਆਪਣਾ ਵਿਆਹ ਯਾਦ ਆ ਰਿਹਾ ਸੀ। ਮੇਰੇ ਸਹੁਰੇ ਘਰ ਵੱਡਾ ਤੇ ਸੰਯੁਕਤ ਪਰਿਵਾਰ। ਡੋਲੀਉਂ ਉਤਰੀ ਤਾਂ ਰਾਤ ਨੂੰ ਨਣਦਾਂ ਨੇ ਗਿੱਧਾ ਪੁਆਇਆ। ਵਿਆਹ ਨੂੰ ਦੋ ਦਿਨ ਹੋਏ ਸਨ ਕਿ ਗੀਤਾਂ ਦੀ ਮਜਲਿਸ ਸਜਾ ਲਈ। ਸਭ ਨੇ ਕੁਝ ਨਾ ਕੁਝ ਸੁਣਾਇਆ ਤੇ ਫ਼ੇਰ ਵੀ ਸੁਣਾਉਣ ਲਈ ਆਖ ਦਿੱਤਾ। ਨਹੀਂ ਪਤਾ ਸੀ ਕਿ ਜਿਹੜੀ ਵੀ ਬੋਲੀ ਜਾਂ ਗੀਤ ਗਾਉਣਾ, ਉਨ੍ਹਾਂ ਨੇ ਆਪਣੇ ਰਿਸ਼ਤੇ ਨਾਲ ਜੋੜ ਲੈਣੈ। ਪਹਿਲੇ ਗੇੜੇ ਆਪਣੀ ਵਾਰੀ ਵੇਲੇ ਮੈਂ ਗੁਰਦਾਸ ਮਾਨ ਵਾਲਾ ਪਸੰਦੀਦਾ ਗੀਤ ਗਾਇਆ, 'ਸੱਜਣਾ ਵੇ ਸੱਜਣਾ ਤੇਰੇ ਸ਼ਹਿਰ ਵਾਲੀ ਸਾਨੂੰ .... ।' ਅਤੇ ਦੂਜੇ ਗੇੜੇ ਗੀਤ ਗਾ ਬੈਠੀ, 'ਨੀ ਨਣਾਨੇ ਬੇਈਮਾਨੇ ਅੱਖਾਂ ਫ਼ੇਰ ਗਈ ਰਕਾਨੇ...' ਬਸ ਉਦੋਂ ਤੋਂ ਲੈ ਕੇ ਹੁਣ ਤਕ ਜਦੋਂ ਵੀ ਇਕੱਠੇ ਬੈਠੇ ਉਹ ਦਿਨ ਯਾਦ ਕਰਦੇ ਹਾਂ ਤਾਂ ਖ਼ੂਬ ਤਵਾ ਲਗਦਾ ਹੈ। ਹੋਰਨਾਂ ਰਿਸ਼ਤਿਆਂ ਵਾਂਗ ਹੁਣ ਤੱਕ ਨਣਦ-ਭਰਜਾਈ ਦਾ ਰਿਸ਼ਤਾ ਵੀ ਕਦੇ ਨੋਕ-ਝੋਕ ਕਰਦਾ ਅਤੇ ਕਦੇ ਮਿਠਾਸ ਵੰਡਦਾ ਦ੍ਰਿਸ਼ਟੀਗੋਚਰ ਹੁੰਦਾ ਆ ਰਿਹਾ ਹੈ। ਬਦਲੇ ਮੰਜ਼ਰ ਵਿੱਚ ਛੋਟੇ ਪਰਿਵਾਰ ਹਨ। ਕਿਸੇ ਪਰਿਵਾਰ ਵਿੱਚ ਇੱਕ ਭੈਣ-ਭਰਾ, ਕਿਸੇ ਵਿੱਚ ਦੋ ਵੀਰੇ ਅਤੇ ਕਿਸੇ ਵਿੱਚ ਇਕਲੌਤਾ ਪੁੱਤ ਜਾਂ ਧੀ ਹੈ। ਏਕਲ ਔਲਾਦ ਦਾ ਤਾਂ ਸਹੀ ਸਮਾਜੀਕਰਨ ਵੀ ਨਹੀਂ ਹੁੰਦਾ। ਸੋ ਦਿਲ ਕੀਤਾ ਬੀਤੇ ਨੂੰ ਯਾਦ ਕਰਾਂ ਤੇ ਪਾਠਕਾਂ ਨੂੰ ਅਰਪਣ ਕਰਾਂ।

ਭੈਣ ਲਈ ਵੀਰ ਦੀ ਵਹੁਟੀ ਯਾਨੀ ਭਰਾ ਦੀ ਪਤਨੀ 'ਭਾਬੀ' ਦਾ ਦਰਜਾ ਅਤੇ ਕਿਸੇ ਔਰਤ ਲਈ ਪਤੀ ਦੀ ਭੈਣ, ਉਸ ਲਈ 'ਨਣਦ' ਦਾ ਸਥਾਨ ਰੱਖਦੀ ਹੈ। ਭਰਜਾਈ ਨੂੰ 'ਭਾਬੀ' ਅਤੇ ਨਣਦ ਨੂੰ 'ਨਣਾਨ' ਅਤੇ ਵੀ ਕਹਿ ਲਿਆ ਜਾਂਦਾ ਹੈ । ਇਉਂ ਇਹ ਰਿਸ਼ਤਾਂ ਦੋ ਔਰਤਾਂ ਦੇ ਦਰਮਿਆਨ ਦਾ ਰਿਸ਼ਤਾ ਹੈ। ਪੰਜਾਬੀ ਸੱਭਿਆਚਾਰ ਵਿੱਚ ਨਣਦ ਤੇ ਭਰਜਾਈ ਦਾ ਰਿਸ਼ਤਾ ਸੁਖਾਵਾਂ-ਅਸੁਖਾਵਾਂ ਅਤੇ ਜੇ ਹਮ-ਉਮਰ ਹੋਵੇ ਤਾਂ ਹਮਰਾਜ਼ ਵਾਲਾ ਵੀ ਬਣ ਜਾਂਦਾ ਹੈ। ਇਹ ਜ਼ਰੂਰੀ ਨਹੀਂ ਕਿ ਹਰ ਨਣਾਨ ਤੇ ਭਰਜਾਈ ਦੀ ਜ਼ਿੰਦਗੀ ਵਿੱਚ ਬਣ ਆਵੇ ਤੇ ਜਾਂ ਨਾ ਹੀ ਬਣੇ । ਇਹ ਵੀ ਜ਼ਰੂਰੀ ਨਹੀਂ ਕਿ ਉਨ੍ਹਾਂ ਦਾ ਪਿਆਰ ਹਮੇਸ਼ਾ ਹਮ-ਉਮਰ ਵਾਲਾ ਲਟਬੌਰਾ ਪਿਆਰ ਹੋਵੇ। ਭਰਜਾਈ ਨਣਾਨ ਤੋਂ ਛੋਟੀ ਹੋਵੇ ਜਾਂ ਵੱਡੀ, ਜਦੋਂ ਦੋਵੇਂ ਸਮਝਦਾਰੀ ਵਰਤਦੀਆਂ ਤਾਂ ਘਰ ਨੂੰ ਸਵਰਗ ਬਣਾ ਲੈਂਦੀਆਂ ਹਨ। ਘਰ ਦਾ ਕੰਮ ਨਿਬੇੜ ਕੇ ਕਦੇ ਨਾਲੇ ਬੁਣਦੀਆਂ ਤੇ ਕਦੇ ਦਰੀਆਂ। ਕਦੇ ਚਾਦਰ ਕੱਢਦੀਆਂ ਅਤੇ ਕਦੇ ਚਰਖਾ ਕੱਤਦੀਆਂ। ਨਣਾਨ ਦੀ ਸਰਦਾਰੀ ਵਾਲੇ ਘਰ ਬਾਰੇ ਲੋਕ-ਮਨ ਨੇ ਸਿੱਟਾ ਕੱਢਿਆ ਕਿ ਅਜਿਹੇ ਘਰ ਵਸਦੇ ਨਹੀਂ ਹੁੰਦੇ। ਅਖੇ 'ਜਿਥੇ ਨਣਦਾਂ ਦੀ ਸਰਦਾਰੀ, ਉਹ ਘਰ ਨਹੀਂ ਵਸਦੇ।' ਉਂਝ ਭਾਬੀ ਨਾਲ ਮੋਹ-ਪਿਆਰ ਦੇ ਗੀਤ ਬਚਪਨ ਤੋਂ ਲੈ ਕੇ ਸਹੁਰੇ ਘਰ ਜਾਣ ਤੇ ਵਸਣ ਤੀਕ ਗਾਏ ਜਾਂਦੇ ਰਹੇ ਹਨ।

ਵੀਰ ਦੇ ਵਿਆਹ 'ਤੇ ਭੈਣ ਦੇ ਪੱਬ ਧਰਤੀ 'ਤੇ ਨਹੀਂ ਲਗਦੇ ਭਾਬੋ ਦਾ ਡੋਲ਼ਾ ਘਰ ਦੇ ਦੁਆਰ 'ਤੇ ਪੁੱਜਣ ਸਮੇਂ ਉਹ ਹੇਅਰਿਆਂ ਰਾਹੀਂ ਆਪਣੇ ਪੇਕਿਆਂ ਦੀ ਪ੍ਰਸੰਸਾ ਕਰਦੀ ਨਹੀਂ ਥੱਕਦੀ। ਭਾਬੋ ਦਾ ਮੁੱਖ ਦੇਖ ਕੇ ਨਣਾਨ ਹੇਅਰਿਆਂ ਰਾਹੀਂ ਉਸ ਨੂੰ ਬੁੱਢ-ਸੁਹਾਗਣ ਹੋਣ ਦੀਆਂ ਅਸੀਸਾਂ ਦਿੰਦੀ ਹੈ ਅਤੇ ਆਪਣਾ ਮਨ ਵੀ ਸੀਤਲ ਕਰਦੀ ਹੈ :

ਅੱਖਾਂ ਤਾਂ ਤੇਰੀਆਂ ਮੋਟੀਆਂ ਭਾਬੋ, ਕੋਈ ਮੱਥੇ ਨੀ ਤੇਰੇ ਨੂਰ
ਸਾਡਾ ਚਿੱਤ ਦੇਖ ਕੇ ਖਿੜ ਗਿਆ, ਕੋਈ ਉਤਰੀ ਅਰਸ਼ ਦੀ
ਓਨੀ ਨਵੀਂਏ ਭਾਬੀਏ ਨੀ ਹੂਰ ।

ਨਣਦ ਭਾਵੇਂ ਛੋਟੀ ਹੋਵੇ ਜਾਂ ਵੱਡੀ, ਭਰਜਾਈ ਉਸ ਦੁਆਰਾ ਕੀਤੀ ਟੋਕ-ਟੋਕਾਈ ਨੂੰ ਘੱਟ ਹੀ ਬਰਦਾਸ਼ਤ ਕਰਦੀ ਹੈ। ਜੇ ਨਣਦ ਅਜਿਹੀ ਮਿਲ ਜਾਵੇ ਜਿਹੜੀ ਹਰ ਗੱਲ ਵਿਚ ਨੁਕਤਾਚੀਨੀ ਕਰਦੀ ਹੋਵੇ ਤਾਂ ਉਥੇ ਭਰਜਾਈ ਨੂੰ ਵਸਣਾ ਔਖਾ ਲਗਦਾ ਹੈ। ਜੇ ਕਦੇ ਕੁਦਰਤੀ ਪਤੀ ਕਿਸੇ ਗੱਲੋਂ ਉਸ ਨੂੰ ਦੋ-ਚਾਰ ਸੁਣਾ ਦਿੰਦਾ ਹੈ ਤਾਂ ਉਹ ਸਮਝਦੀ ਹੈ ਕਿ ਜ਼ਰੂਰ ਨਣਦ ਨੇ ਉਸ ਦੇ ਪਤੀ ਦੇ ਕੰਨ ਭਰੇ ਹੋਣਗੇ, 'ਸਿੱਖਿਆ ਨਣਦਾਂ ਦਾ, ਕਿਉਂ ਗੁੱਤ ਨੂੰ ਮਰੋੜੇ ਚਾੜ੍ਹੇਂ ?'




ਜਿਸ ਘਰ ਵਿੱਚ ਨਣਦ-ਭਰਜਾਈ ਦਾ ਪਿਆਰ ਗੂੜ੍ਹਾ ਹੁੰਦਾ ਹੈ, ਉਸ ਘਰ ਵਿੱਚ ਦੋਵੇਂ ਹਰ ਕੰਮ ਇਕੱਠੀਆਂ ਕਰਦੀਆਂ, ਨੱਚਦੀਆਂ-ਟੱਪਦੀਆਂ, ਹੱਸਦੀਆਂ-ਗਾਉਂਦੀਆਂ ਅਤੇ ਦੁੱਖ-ਸੁੱਖ ਸਾਂਝੇ ਕਰਦੀਆਂ ਜੀਵਨ ਬਿਤਾਉਂਦੀਆਂ ਹਨ। ਵੱਡੀ ਭਰਜਾਈ, ਨਣਦ ਨੂੰ ਮਾਂ ਜਿਹਾ ਪਿਆਰ ਦਿੰਦੀ ਹੈ ਅਤੇ ਉਸ ਨੂੰ ਘਰ ਦਾ ਕੰਮ-ਕਾਜ ਸਿਖਾਉਂਦੀ ਹੈ। ਜੇ ਨਣਦ ਚੰਗਾ ਕੰਮ ਕਰਦੀ ਹੋਵੇ ਤਾਂ ਉਸ ਨੂੰ ਲਾਡ-ਪਿਆਰ ਅਤੇ ਸ਼ਾਬਾਸ਼ ਮਿਲਦੀ ਹੈ ਪਰੰਤੂ ਜੇ ਉਹ ਕੰਮ ਸਾਫ਼-ਸੁਥਰਾ ਨਾ ਕਰੇ ਤਾਂ ਉਸ ਨੂੰ ਝਿੜਕ ਕੇ ਜਾਂ ਸਮਝਾ ਕੇ ਸਹੀ ਕੰਮ ਕਰਨ ਦੀ ਪ੍ਰੇਰਨਾ ਵੀ ਭਰਜਾਈ ਹੀ ਦਿੰਦੀ ਹੈ :

ਛੋਟੀਆਂ ਨਣਦਾਂ ਨੂੰ ,
ਨਿੱਤ ਝਿੜਕਣ ਭਰਜਾਈਆਂ।

ਜੇ ਪਤੀ ਖੇਤ ਗਿਆ ਹੁੰਦਾ ਤਾਂ ਭਰਜਾਈ, ਛੋਟੀ ਨਣਦ ਦੇ ਹੱਥ ਰੋਟੀ ਭੇਜਦੀ ਰਹੀ ਹੈ। ਇਸ ਤਰ੍ਹਾਂ ਉਹ ਆਪਣੀ ਇੱਕ ਜ਼ੁੰਮੇਵਾਰੀ ਘਟੀ ਮਹਿਸੂਸ ਕਰਦਿਆਂ ਖ਼ੁਸ਼ੀ ਵਿੱਚ ਗੀਤ ਗਾਉਂਦੀ ਫ਼ਿਰਦੀ:

ਰੋਟੀ ਲੈ ਕੇ ਖੇਤ ਨਾ ਜਾਵਾਂ, ਮੌਜ ਨਣਾਨਾਂ ਦੀ ।

ਪਰੰਤੂ ਜੇ ਕਦੇ ਉਹ ਆਪ ਵੀ ਰੋਟੀ-ਟੁੱਕ ਕਰਕੇ ਘਰ ਦੇ ਹੋਰ ਕੰਮਾਂ-ਕਾਰਾਂ ਤੋਂ ਸੁਰਖ਼ਰੂ ਹੋ ਜਾਂਦੀ ਹੈ ਤਾਂ ਨਣਦ ਦੇ ਨਾਲ ਖੇਤ ਨੂੰ ਚਲੀ ਜਾਂਦੀ ਹੈ। ਜਦੋਂ ਭਰਜਾਈ ਨਾਲ ਨਣਦ ਖ਼ੁਸ਼ੀ-ਖ਼ੁਸ਼ੀ ਖੇਤ ਦੀਆਂ ਵੱਟਾਂ 'ਤੇ ਅੱਗੇ-ਅੱਗੇ ਝੂਮਦੀ ਜਾਂਦੀ ਹੈ ਤਾਂ ਲੋਕ-ਜਜ਼ਬਾਤ ਸ਼ਬਦਾਂ ਰਾਹੀਂ ਆਪ ਮੁਹਾਰੇ ਗੀਤਾਂ ਦਾ ਬਾਣਾ ਪਹਿਨ ਲੈਂਦੇ ਹਨ :

ਅੱਗੇ ਨਣਦ ਪਿੱਛੇ ਭਰਜਾਈ
ਵੱਟੋ-ਵੱਟ ਜਾਣ ਤੁਰੀਆਂ ।

ਖੇਤ ਰੋਟੀ ਭੇਜਣ ਤੋਂ ਬਿਨਾਂ ਭਰਜਾਈ, ਨਣਦ ਦੀ ਸਹਾਇਤਾ ਨਾਲ ਹੋਰ ਵੀ ਕਈ ਨਿੱਕੇ-ਮੋਟੇ ਕੰਮ ਕਰਦੀ ਰਹਿੰਦੀ ਹੈ। ਵੱਡੀ ਭੈਣ ਗੰਗਾਨਗਰ ਵਿਆਹ ਕੇ ਗਈ ਤਾਂ ਉਥੇ ਘਰਾਂ ਵਿੱਚ ਨਲਕੇ ਨਹੀਂ ਸਨ ਲੱਗੇ ਹੁੰਦੇ। ਖੂਹ ਤੋਂ ਪਾਣੀ ਭਰ ਕੇ ਲਿਆਉਣ ਵੇਲੇ ਅਕਸਰ ਦੀਦੀ ਨੂੰ ਵੀ ਉਨ੍ਹਾਂ ਦੀ ਨਣਦ ਨੇ ਆਪਣੇ ਨਾਲ ਲੈ ਜਾਣਾ। ਦੀਦੀ ਨੇ ਦੋ ਘੜੇ ਚੁੱਕਣੇ ਤੇ ਨਣਦ ਨੂੰ ਵੀ ਦੋ ਘੜੇ ਚੁੱਕਣ ਦਾ ਗੁਰ ਸਿਖਾਉਂਦਿਆਂ ਆਖਣਾ :

ਘੜਾ ਚੁੱਕ ਕੇ ਢਾਕ 'ਤੇ ਰੱਖ ਲੈ,
ਨਣਦੇ ਚੋਬਰੀਏ ।

ਜਵਾਨੀ ਦੀ ਦਹਿਲੀਜ਼ 'ਤੇ ਕਦਮ ਰੱਖ ਰਹੀ ਨਣਦ ਜੇ ਜ਼ਿਆਦਾ ਨੱਚਦੀ-ਟੱਪਦੀ ਜਾਂ ਕੋਠੇ ਉਤੇ ਚੜ੍ਹ ਕੇ ਕਿਸੇ ਨਾਲ ਉੱਚੀ-ਉੱਚੀ ਗੱਲਾਂ ਕਰਦੀ ਤਾਂ ਉਸ ਨੂੰ ਭਰਜਾਈ ਅਜਿਹਾ ਕਰਨ ਤੋਂ ਹੋੜਦੀ ਰਹੀ ਹੈ :

ਨਾ ਚੜ੍ਹ ਕੇ ਚੁਬਾਰੇ ਉਤੇ ਕੂਕ,
ਨੀ ਨਣਦੇ ਮੋਰਨੀਏ।

ਜੇ ਕਦੇ ਭਰਜਾਈ ਨੂੰ ਨਣਾਨ ਦੇ ਆਚਰਨ 'ਤੇ ਸ਼ੱਕ ਪੈ ਜਾਵੇ ਤਾਂ ਉਹ ਨਣਦ ਨੂੰ ਸਿੱਧੇ ਰਸਤੇ ਪਾਉਣ ਤੋਂ ਕਤਰਾਉਂਦੀ ਨਹੀਂ। ਜੇ ਨਣਦ ਨੂੰ ਸਵੈ-ਵਿਸ਼ਵਾਸ ਹੋਵੇ ਕਿ ਉਹ ਕੋਈ ਅਜਿਹਾ ਕਦਮ ਨਹੀਂ ਪੁੱਟ ਰਹੀ, ਜਿਸ ਨਾਲ ਉਸ ਦੇ ਪੇਕਿਆਂ ਦੀ ਇੱਜ਼ਤ ਮਿੱਟੀ ਵਿੱਚ ਮਿਲ ਸਕਦੀ ਹੈ ਤਾਂ ਉਹ ਭਰਜਾਈ ਨੂੰ ਦਿਲੋਂ ਭਰਮ ਕੱਢਣ ਲਈ ਆਖਦੀ ਹੈ :

ਕਿਉਂ ਭਰਮ ਕਰੇ ਭਰਜਾਈਏ,
ਨਣਾਨ ਤੇਰੀ ਸਤਵੰਤੀ ।

ਭਰਜਾਈ ਪੂਰੀ ਕੋਸ਼ਿਸ਼ ਕਰਦੀ ਹੈ ਕਿ ਨਣਦ ਲਈ ਸੁਹਣੇ-ਸੁਨੱਖੇ ਵਰ ਦੀ ਚੋਣ ਕੀਤੀ ਜਾਵੇ । ਉਸ ਵਲੋਂ ਪਾਈ ਦੱਸ 'ਤੇ ਸਹੁਰੇ, ਨਣਦ ਲਈ ਮੁੰਡਾ ਵੇਖ ਆਉਂਦੇ ਹਨ। ਇੱਕ ਦਿਨ ਨਣਦ ਝਕਦੀ-ਝਕਦੀ ਭਰਜਾਈ ਨੂੰ ਪੁੱਛ ਹੀ ਬੈਠਦੀ ਹੈ ਕਿ ਜਿਹੜਾ ਉਸ ਲਈ ਮੁੰਡਾ ਪਸੰਦ ਕੀਤਾ ਗਿਆ ਹੈ, ਉਹ ਕਿਹੋ ਜਿਹਾ ਹੈ ? ਨਣਦ ਦੇ ਸ਼ੰਕਿਆਂ ਦੀ ਨਵਿਰਤੀ ਕਰਦੀ ਭਰਜਾਈ ਇੰਝ ਜਵਾਬ ਦਿੰਦੀ ਹੈ :

ਮੁੰਡਾ ਟੋਲ਼ਿਆ ਕਬੂਤਰ ਵਰਗਾ
ਨੀ ਨਣਦੇ ਗੋਲ ਗੱਪੀਏ।

ਭਰਜਾਈ, ਨਣਦ ਦੇ ਵਿਆਹ ਦੀ ਪੂਰੇ ਜ਼ੋਰ-ਸ਼ੋਰ ਨਾਲ ਤਿਆਰੀ ਕਰਦੀ ਹੈ । ਸਾਊ ਭਰਜਾਈ ਦਾਜ ਵਿੱਚ ਲਿਆਂਦੀਆਂ ਵਧੀਆ ਵਸਤਾਂ ਨਣਦ ਨੂੰ ਸੁਗਾਤ ਵਜੋਂ ਦੇ ਕੇ ਜੱਗ ਜਿਉਂਦੀ ਰਹਿ ਦੀ ਅਸੀਸ ਲੈਂਦੀ ਹੈ, ਵੀਰ ਮੇਰੇ ਨੇ ਕੁੜਤੀ ਦਿੱਤੀ ਭਾਬੋ ਨੇ ਫੁਲਕਾਰੀ, ਨੀ ਜੱਗ ਜੀ ਭਾਬੋ ਲੱਗੇ ਜਾਣ ਤੋਂ ਪਿਆਰੀ। ਕਈ ਵਾਰ ਭਰਜਾਈ ਦੇ ਦਾਜ ਵਿੱਚ ਆਈ ਚੰਗੀ ਚੀਜ਼-ਵਸਤ ਨਣਦ ਜ਼ੋਰ ਪਾ ਕੇ ਵੀ ਆਪਣੇ ਦਾਜ ਵਿੱਚ ਰੱਖਣ ਲਈ ਲੈ ਲੈਂਦੀ ਸੀ ਪਰੰਤੂ ਜੇ ਭਰਜਾਈ ਅਜਿਹੇ ਵੇਲੇ ਆਨਾ-ਕਾਨੀ ਕਰਨ ਲਗਦੀ ਹੈ ਤਾਂ ਨਣਦ ਉਸ ਨੂੰ ਪੁਰਾਣੀਆਂ ਗੱਲਾਂ ਯਾਦ ਕਰਾਉਂਦੀ ਆਖਦੀ ਹੈ ਕਿ ਪਹਿਲਾਂ ਤਾਂ ਉਹ ਉਸ ਨੂੰ ਦਾਜ ਦੇਣ ਬਾਰੇ ਵੱਡੇ-ਵੱਡੇ ਦਾਈਏ ਬੰਨ੍ਹਦੀ ਰਹਿੰਦੀ ਸੀ ਤੇ ਹੁਣ, 'ਅੱਖੀਆਂ ਹੋਰ ਹੋ ਗਈਆਂ, ਜਦੋਂ ਦਾਜ ਨਣਦ ਨੇ ਮੰਗਿਆ।'

ਉਂਝ ਵੀ ਹੋਵੇ ਸਹੁਰੇ ਘਰ ਪਹੁੰਚ ਕੇ ਨਣਦ ਨੂੰ ਭਰਜਾਈ ਦੀ ਬਹੁਤ ਯਾਦ ਆਉਂਦੀ ਹੈ। ਹਰ ਤਿੱਥ-ਤਿਉਹਾਰ 'ਤੇ ਉਹ ਭਰਾ-ਭਰਜਾਈ ਦੀ ਉਡੀਕ ਕਰਦੀ ਹੈ । ਜੇ ਨਣਾਨ ਸੁਭਾਅ ਦੀ ਚੰਗੀ ਨਾ ਹੁੰਦੀ ਤਾਂ ਭਰਜਾਈ ਉਸ ਦੀ ਨਿੰਦਾ ਕਰਨ ਵੇਲੇ ਜਾਂ ਇਸ ਅਖਾਣ ਦੀ ਜ਼ਬਾਨੀ ਆਪਣੇ ਦਿਲ ਦੀ ਭੜਾਸ ਕੱਢਦੀ ਤੇ ਜਾਂ ਇਸ ਲੋਕ-ਬੋਲੀ ਦੀ ਵਰਤੋਂ ਕਰਦੀ ਰਹੀ ਹੈ :

ਨਣਾਨੇ ਨੀ ਨਣਾਨੇ,
ਤੇਰੇ ਭੇਡ ਜਿੰਨੇ ਆਨੇ,
ਨੀ ਬਘਿਆੜ ਜਿੱਡਾ ਮੂੰਹ,
ਨੀ ਤੂੰ ਕਿਸ ਚੰਦਰੇ ਦੀ ਨੂੰਹ।
ਉੱਚੇ ਟਿੱਬੇ ਮੈਂ ਤਾਣਾ ਤਣਦੀ,
ਧਾਗੇ ਟੁੱਟ ਗਏ ਚਾਰ ।
ਇੱਕ ਮੇਰੀ ਨਣਦ ਬੁਰੀ,
ਨਣਦੋਈਆ ਠਾਣੇਦਾਰ ।

ਜੇ ਪੇਕੇ ਆਈ ਵੱਡੀ ਨਣਦ ਨੂੰ ਪਤਾ ਲੱਗ ਜਾਂਦਾ ਕਿ ਭਾਬੀ ਦੇ ਪੈਰ ਭਾਰੀ ਹਨ ਤਾਂ ਉਹ ਉਸ ਨਾਲ ਕੌਲ-ਕਰਾਰ ਕਰ ਲੈਂਦੀ ਸੀ। ਭਾਬੀ ਵਾਇਦਾ ਕਰਦੀ ਕਿ ਜੇ ਉਸ ਦੇ ਘਰ ਪੁੱਤਰ ਨੇ ਜਨਮ ਲਿਆ ਤਾਂ ਉਹ ਉਸ ਨੂੰ ਫ਼ੁੱਲ-ਝੜੀਆਂ ਬਣਵਾ ਕੇ ਦੇਵੇਗੀ, 'ਨਣਦ ਤੇ ਭਾਬੋ ਰਲ ਬੈਠੀਆਂ ਤੇ ਕੀਤੇ ਕੌਲ ਕਰਾਰ, ਜੇ ਘਰ ਜੰਮੇਗਾ ਗੀਗੜਾ ਨੀ ਬੀਬੀ ਦੇਵਾਂਗੀ ਫ਼ੁੱਲ-ਝੜੀਆਂ।' ਇੱਕ ਦਿਨ ਉਸ ਨੂੰ ਵੀਰ ਘਰ ਪੁੱਤ ਦੇ ਜਨਮ ਦੀ ਖ਼ਬਰ ਮਿਲਦੀ ਹੈ, 'ਅੱਧੀ ਅੱਧੀ ਰਾਤੀਂ ਤੇ ਪਿਛਲਾ ਈ ਪਹਿਰਾ, ਮੇਰੀ ਭਾਬੋ ਨੇ ਗੀਗੜਾ ਜੰਮਿਆ। ਲੈ ਨੀ ਭਾਬੋ ਦੇ ਫ਼ੁੱਲ-ਝੜੀਆਂ, ਅੜੀਏ ਪੂਰਾ ਤੇ ਹੋਇਆ ਇਕਰਾਰ।' ਭਤੀਜੇ ਦੀ ਪੈਦਾਇਸ਼ ਦੀ ਖ਼ਬਰ ਸੁਣ ਕੇ ਉਹ ਖ਼ੁਸ਼ੀ ਵਿੱਚ ਫ਼ੁੱਲਿਆਂ ਨਹੀਂ ਸਮਾਉਂਦੀ:

ਚੰਨ ਚੜ੍ਹਿਆ ਬਾਪ ਦੇ ਵਿਹੜੇ
ਕਿ ਵੀਰ ਘਰ ਪੁੱਤ ਜੰਮਿਆ।

ਉਹ ਖ਼ੁਸ਼ੀ-ਖ਼ੁਸ਼ੀ ਭਤੀਜਾ ਵੇਖਣ ਜਾਂਦੀ ਹੈ ਤਾਂ ਉਸ ਨੂੰ ਭਰਜਾਈ ਵੀ ਦਿਲ ਖੋਲ੍ਹ ਕੇ ਆਖਦੀ ਹੈ :

ਮੂੰਹੋਂ ਮੰਗ ਲੈ ਨਣਾਨੇ ਮੇਰੀਏ,
ਵੀਰ ਘਰ ਪੁੱਤ ਜੰਮਿਆ ।

ਉਹ ਭਾਬੀ ਨੂੰ ਕੀਤਾ ਇਕਰਾਰ ਯਾਦ ਕਰਾਉਂਦੀ ਹੈ ਪਰੰਤੂ ਭਾਬੀ ਤਰਕ ਦਿੰਦੀ ਹੈ ਕਿ ਉਸ ਦੇ ਬਾਪ ਤੇ ਵੱਡੇ ਵੀਰ ਨੇ ਫ਼ੁੱਲ-ਝੜੀਆਂ ਘੜਾ ਕੇ ਹੀ ਨਹੀਂ ਦਿੱਤੀਆਂ ਕਿਉਂਕਿ ਫ਼ੁੱਲ-ਝੜੀਆਂ ਤਾਂ ਬਾਦਸ਼ਾਹਾਂ ਦੇ ਵਿਹੜੇ ਹੁੰਦੀਆਂ ਨੇ। ਇਸ ਲਈ ਉਹ ਫ਼ੁੱਲ-ਝੜੀਆਂ ਦੀ ਜਗ੍ਹਾ ਵੀਰ ਰਾਹੀਂ ਕਦੇ ਉਸ ਨੂੰ ਤੇਵਰ, ਕਦੇ ਗਹਿਣਾ 'ਆਰਸੀ' ਅਤੇ ਕਦੇ ਬੂਰੀ ਮੱਝ ਲੈ ਲੈਣ ਦਾ ਸੁਝਾਅ ਦਿੰਦੀ ਹੈ। ਭਾਬੀ ਨੂੰ ਕੌਲ ਪੂਰਾ ਕਰਨ ਤੋਂ ਟਲਦਿਆਂ ਵੇਖ ਕੇ ਉਹ ਰੁੱਸ ਕੇ ਸਹੁਰੇ ਘਰ ਮੁੜ ਜਾਂਦੀ ਹੈ। ਦਰਾਣੀਆਂ-ਜਠਾਣੀਆਂ ਵੱਲੋਂ ਵਧਾਈ ਵਿੱਚ ਲਿਆਂਦੀਆਂ ਵਸਤਾਂ ਬਾਰੇ ਪੁੱਛਣ 'ਤੇ ਉਹ ਆਖਦੀ ਹੈ ਕਿ ਉਸ ਦਾ ਵੀਰ ਤਾਂ ਰਾਜੇ ਦਾ ਨੌਕਰ ਹੈ ਤੇ ਭਾਬੋ ਨੇ ਧੀ ਨੂੰ ਜਨਮ ਦਿੱਤਾ ਹੈ । ਪ੍ਰਦੇਸੋਂ ਵਪਾਰ ਕਰਨ ਉਪਰੰਤ ਬਾਰਾਂ ਸਾਲਾਂ ਬਾਅਦ ਵੀਰ ਘਰ ਆਉਂਦਾ ਹੈ ਤਾਂ ਉਸ ਨੂੰ ਪਤਾ ਲਗਦਾ ਹੈ ਕਿ ਉਸ ਦੀ ਭੈਣ ਅਜੇ ਵੀ ਉਨ੍ਹਾਂ ਨਾਲ ਰੁੱਸੀ ਹੋਈ ਹੈ। ਉਹ ਆਪਣੀ ਪਤਨੀ ਵੱਲੋਂ ਕੀਤਾ ਕਰਾਰ ਪੂਰਾ ਕਰਦਿਆਂ ਸੁੱਚੇ ਮੋਤੀਆਂ ਨਾਲ ਭਰੇ ਥਾਲ ਸਮੇਤ ਫ਼ੁੱਲ-ਝੜੀਆਂ ਭੇਟ ਕਰਕੇ ਆਪਣੀ ਭੈਣ ਕੋਲੋਂ ਆਪਣੇ ਪੂਰੇ ਪਰਿਵਾਰ ਲਈ ਦੁਆਵਾਂ ਲੈਂਦਾ ਹੈ :

ਭਾਈ ਭਤੀਜਾ ਮੇਰਾ ਜੁਗ ਜੁਗ ਜੀਵੇ,
ਮੇਰੀ ਭਾਬੋ ਦਾ ਅਟੱਲ ਸੁਹਾਗ।



ਹਾਲੇ ਕਿ ਨਣਦ ਭਰਜਾਈ ਦਾ ਜੋੜ ਥੋੜ੍ਹ-ਚਿਰਾ ਹੁੰਦਾ ਹੈ ਕਿਉਂਕਿ ਨਣਦ ਨੇ ਤਾਂ ਆਪਣੇ ਸਹੁਰੇ ਘਰ ਚਲੇ ਹੀ ਜਾਣਾ ਹੁੰਦਾ ਹੈ। ਓਦੂੰ ਬਾਅਦ ਤਾਂ ਉਸ ਦੀ ਜੋਗੀਆਂ ਵਾਲੀ ਫ਼ੇਰੀ ਪੈਣੀ ਹੁੰਦੀ ਹੈ। ਅਖੇ 'ਘਰ ਬਾਰ ਭਾਬੀਆਂ ਦਾ, ਜੋਗੀ ਵਾਲੀ ਨਣਦਾਂ ਦੀ ਫ਼ੇਰੀ।' ਬਹੁਤ ਸਾਰੇ ਮਾਪਿਆਂ ਨਾਲ ਇਸ ਵਿਸ਼ੇ 'ਤੇ ਗੱਲ ਕੀਤੀ ਤਾਂ ਦੁੱਖ ਹੋਇਆ ਕਿ ਹੁਣ ਤਾਂ ਮਾਪਿਆਂ ਦੀ ਸੋਚ ਹੀ ਬਦਲ ਗਈ ਹੈ ਕਿ ਧੀ ਨੂੰ ਉਸ ਘਰ ਵਿਆਹੀਏ ਜਿਥੇ ਉਸ ਦੀ ਕੋਈ ਨਣਦ ਨਾ ਹੋਵੇ। ਕਈ ਮੁਟਿਆਰਾਂ ਨਾਲ ਗੱਲ ਕੀਤੀ ਤਾਂ ਬਹੁ-ਗਿਣਤੀ ਨੇ ਮਾਪਿਆਂ ਵੱਲੋਂ ਮਿਲੇ ਸੰਸਕਾਰਾਂ ਤੇ ਵਿਚਾਰਾਂ ਦੀ ਹੀ ਤਾਈਦ ਕੀਤੀ। ਬਹੁਤ ਘੱਟ ਲੜਕੀਆਂ ਅਜਿਹੀਆਂ ਮਿਲੀਆਂ ਜਿਨ੍ਹਾਂ ਦੀ ਇੱਛਾ ਸੀ ਕਿ ਉਨ੍ਹਾਂ ਦੀ ਕੋਈ ਨਣਾਨ ਜ਼ਰੂਰ ਹੋਣੀ ਚਾਹੀਦੀ ਹੈ। ਧੀਆਂ ਦੇ ਕੁੱਖਾਂ ਵਿੱਚ ਕਤਲ ਕਰਨ ਵਾਲੇ ਕੀ ਜਾਣਨ ਰਿਸ਼ਤਿਆਂ ਦੀ ਸਾਰਥਕਤਾ ? ਕੀ ਜਾਣਨ ਰਿਸ਼ਤਿਆਂ ਦਾ ਮੋਹ ਤੇ ਨਿੱਘ। ਧੀ ਦੇ ਕਾਤਲ ਬਣ ਕੇ ਉਹ ਵਿਆਹ ਦੀ ਸੰਸਥਾ ਰਾਹੀਂ ਹੋਂਦ ਵਿੱਚ ਆਉਣ ਵਾਲੇ ਸਾਰੇ ਰਿਸ਼ਤਿਆਂ ਨੂੰ ਮਿੱਟੀ ਵਿੱਚ ਮਿਲਾ ਰਹੇ ਹਨ। ਲੋੜ ਹੈ ਅੱਜ ਦਿਲ ਦੀਆਂ ਰਮਜ਼ਾਂ ਸਾਂਝੀਆਂ ਕਰਨ ਵਾਲੇ ਨਣਦ-ਭਰਜਾਈ ਦੇ ਰਿਸ਼ਤੇ ਦੀ ਅਹਿਮੀਅਤ ਸਮਝਣ ਦੀ । ਭਵਿੱਖ ਦੇ ਰਿਸ਼ਤਿਆਂ ਦੀਆਂ ਸਿਰਜਣਹਾਰੀਆਂ ਯਾਨੀ ਧੀਆਂ ਨੂੰ ਜਨਮ ਨਹੀਂ ਦੇਵਾਂਗੇ ਤਾਂ ਭੈਣ-ਭਰਾ, ਮਾਂ-ਧੀ, ਪਿਉ-ਧੀ, ਪਤੀ-ਪਤਨੀ, ਸੱਸ-ਨੂੰਹ, ਨਣਦ-ਭਰਜਾਈ ਸਭ ਰਿਸ਼ਤਿਆਂ ਦਾ ਸੁੱਖ-ਆਨੰਦ ਮਾਣਨ ਤੋਂ ਵਾਂਝੀ ਰਹਿ ਜਾਏਗੀ ਸਾਡੀ ਅਗਲੀ ਪੀੜ੍ਹੀ। ਇਸ ਤਰ੍ਹਾਂ ਕਰਕੇ ਅਸੀਂ ਮਨੁੱਖਤਾ ਦਾ ਬੀਜ ਵੀ ਨਾਸ ਕਰ ਰਹੇ ਹੋਵਾਂਗੇ।

**ਅਸਿਸਟੈਂਟ ਪ੍ਰੋਫ਼ੈਸਰ ਅਤੇ ਸਟੇਟ ਐਵਾਰਡੀ**
**ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ।**

# ਮਹਾਨ ਸ਼ਹੀਦ ਭਾਈ ਸੁਬੇਗ ਸਿੰਘ ਤੇ ਭਾਈ ਸ਼ਾਹਬਾਜ਼ ਸਿੰਘ

ਪ੍ਰੋ. ਨਿਰਮਲ ਸਿੰਘ ਰੰਧਾਵਾ

ਸਿੱਖਾਂ ਵਿੱਚ ਸ਼ਹੀਦੀ ਦਾ ਮੁੱਢ ਪੰਜਵੇਂ ਗੁਰੂ ਅਰਜਨ ਦੇਵ ਨੇ ਲਾਹੌਰ ਵਿੱਚ ਬੰਨ੍ਹਿਆ ਸੀ। ਇਸੇ ਕਰਕੇ ਉਨ੍ਹਾਂ ਨੂੰ ਸ਼ਹੀਦਾਂ ਦੇ ਸਿਰਤਾਜ ਕਿਹਾ ਜਾਂਦਾ ਹੈ। ਲਾਹੌਰ ਵਿੱਚ ਸਿੱਖਾਂ ਦੀਆਂ ਹੋਈਆਂ ਸ਼ਹੀਦੀਆਂ ਦੀ ਸੂਚੀ ਕਾਫ਼ੀ ਲੰਮੀ ਹੈ। ਸਮੇਂ ਦੀ ਜ਼ਾਲਮ ਜ਼ਕਰੀਆ ਖਾਨ ਸਰਕਾਰ ਵੱਲੋਂ ਭਾਈ ਤਾਰੂ ਸਿੰਘ ਨੂੰ ਲਾਹੌਰ ’ਚ ਕੇਸਾਂ ਸਣੇ ਖੋਪੜੀ ਲਾਹ ਕੇ ਸ਼ਹੀਦ ਕੀਤਾ ਗਿਆ ਸੀ। ਲਾਹੌਰ ’ਚ ਹੀ ਭਾਈ ਮਨੀ ਸਿੰਘ ਨੂੰ ਬੰਦ-ਬੰਦ ਕੱਟ ਕੇ ਸ਼ਹੀਦ ਕੀਤਾ ਗਿਆ। ਇਸੇ ਲਾਹੌਰ ’ਚ ਭਾਈ ਸੁਬੇਗ ਸਿੰਘ ਤੇ ਉਨ੍ਹਾਂ ਦੇ 18 ਸਾਲ ਦੇ ਬੇਟੇ ਭਾਈ ਸ਼ਾਹਬਾਜ਼ ਸਿੰਘ ਨੂੰ ਸਮੇਂ ਦੀ ਹਕੂਮਤ ਨੇ 1745 ਈਸਵੀ ਵਿੱਚ ਚਰਖੜੀਆਂ ’ਤੇ ਚਾੜ੍ਹ ਕੇ ਸ਼ਹੀਦ ਕੀਤਾ।

ਭਾਈ ਸੁਬੇਗ ਸਿੰਘ ਲਾਹੌਰ ਦੇ ਪਿੰਡ ਜੰਬਰ ਦੇ ਰਹਿਣ ਵਾਲੇ ਸਨ। ਫ਼ਾਰਸੀ ਦੇ ਵਿਦਵਾਨ ਹੋਣ ਕਰਕੇ ਉਨ੍ਹਾਂ ਨੂੰ ਜ਼ਕਰੀਆ ਖਾਨ ਦੇ ਦਰਬਾਰ ਵਿੱਚ ਨੌਕਰੀ ਮਿਲੀ ਹੋਈ ਸੀ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਉਹ ਕੁਝ ਚਿਰ ਲਾਹੌਰ ਦੇ ਕੋਤਵਾਲ ਵੀ ਰਹੇ। ਇਸ ਦੌਰਾਨ ਉਨ੍ਹਾਂ ਕਈ ਧਾਰਮਿਕ ਯਾਦਗਾਰਾਂ ਤੇ ਗੁਰਦੁਆਰੇ ਵੀ ਬਣਵਾਏ। ਲੋਕ ਭਲਾਈ ਦੇ ਕਾਰਜ ਕਰਨ ਕਰਕੇ ਕੁਝ ਲੋਕ ਉਨ੍ਹਾਂ ਨਾਲ ਖਾਰ ਖਾਂਦੇ ਸਨ। ਲਾਹੌਰ ਦਰਬਾਰ ਦੇ ਸੂਬੇਦਾਰ ਜ਼ਕਰੀਆ ਖਾਨ ਨੇ ਮੁਗਲੀਆ ਹਕੂਮਤ ਦੇ ਬਾਦਸ਼ਾਹ ਮੁਹੰਮਦ ਸ਼ਾਹ ਰੰਗੀਲੇ ਨੂੰ ਦਿੱਲੀ ਵਿੱਚ ਚਿੱਠੀ ਭੇਜ ਕੇ ਇਸ ਮਤੇ ਦੀ ਮਨਜ਼ੂਰੀ ਲੈ ਲਈ ਸੀ ਕਿ ਸਿੱਖ ਕੌਮ ਨਾਲ ਸੁਲਾਹ ਕਰ ਲਈ ਜਾਵੇ ਤਾਂ ਕਿ ਚੈਨ ਨਾਲ ਹਿੰਦੋਸਤਾਨ ’ਤੇ ਰਾਜ ਕੀਤਾ ਜਾ ਸਕੇ। ਜ਼ਕਰੀਆ ਖਾਨ ਨੇ 29 ਮਾਰਚ 1733 ਵਿੱਚ ਭਾਈ ਸੁਬੇਗ ਸਿੰਘ ਨੂੰ ਆਪਣਾ ਖਾਸ ਨੁਮਾਇੰਦਾ (ਵਕੀਲ) ਬਣਾ ਕੇ ਸਿੱਖ ਪੰਥ ਦੇ ਜਥੇਦਾਰ ਨੂੰ ਨਵਾਬੀ ਦਾ ਖਿਤਾਬ ਅਤੇ ਵੱਡੀਆਂ ਜਗੀਰਾਂ ਨਾਲ ਨਿਵਾਜਣ ਲਈ ਲਾਹੌਰ ਤੋਂ ਅੰਮ੍ਰਿਤਸਰ ਭੇਜਿਆ ਸੀ। ਭਾਈ ਸੁਬੇਗ ਸਿੰਘ ਵੱਲੋਂ ਲਿਜਾਇਆ ਗਿਆ ‘ਨਵਾਬੀ ਦਾ ਖਿਤਾਬ’ ਪੰਥਕ ਇਕੱਠ ਵੱਲੋਂ ਸੰਗਤ ਅਤੇ ਸਰਦਾਰ ਕਪੂਰ ਸਿੰਘ ਫ਼ੈਜ਼ਲਪੁਰੀਆ ਨੂੰ ਦਿੱਤਾ ਗਿਆ। ਸਿੱਖ ਇਤਿਹਾਸ ਵਿੱਚ ਭਾਈ ਸੁਬੇਗ ਸਿੰਘ ਨੂੰ ‘ਵਕੀਲ’ ਪਦ ਨਾਲ ਵੀ ਯਾਦ ਕੀਤਾ ਜਾਂਦਾ ਹੈ।



ਸਮੇਂ ਨੇ ਜਦੋਂ ਕਰਵਟ ਬਦਲੀ ਤਾਂ ਭਾਈ ਸੁਬੇਗ ਸਿੰਘ ਦੇ ਸੁਖੀ ਵੱਸਦੇ ਪਰਿਵਾਰ ਵਿੱਚ ਦੁੱਖਾਂ ਦੇ ਪਹਾੜ ਉਸ ਵੇਲੇ ਟੁੱਟ ਪਏ ਜਦੋਂ ਉਨ੍ਹਾਂ ਦੇ 18 ਸਾਲ ਦੇ ਨੌਜਵਾਨ ਪੁੱਤਰ ਭਾਈ ਸ਼ਾਹਬਾਜ਼ ਸਿੰਘ ਨੇ ਮਦਰੱਸੇ ਪੜ੍ਹਦੇ ਸਮੇਂ ਮੌਲਵੀ ਨੂੰ ਸਿੱਖ ਧਰਮ ਦੀ ਮਰਿਆਦਾ ਤੋਂ ਜਾਣੂ ਕਰਵਾਇਆ। ਇਸ ਮਗਰੋਂ ਚਰਚਾ ’ਚੋ ਹਾਰੇ ਤੇ ਆਪਣੀ ਹੇਠੀ ਸਮਝਦੇ ਹੋਏ ਮੌਲਵੀ ਨੇ ਭਾਈ ਸ਼ਾਹਬਾਜ਼ ਸਿੰਘ ਨੂੰ ਇਸਲਾਮ ਦੀ ਤੌਹੀਨ ਕਰਨ ਦੀਆਂ ਝੂਠੀਆਂ ਤੋਹਮਤਾਂ ਲਾ ਕੇ ਕੈਦ ਕਰਵਾ ਦਿੱਤਾ। ਥੋੜੇ ਸਮੇਂ ਬਾਅਦ ਉਨ੍ਹਾਂ ਦੇ ਪਿਤਾ ਭਾਈ ਸੁਬੇਗ ਸਿੰਘ ਨੂੰ ਵੀ ਬਿਨਾਂ ਕਸੂਰ ਕੈਦ ਕਰ ਲਿਆ ਗਿਆ। ਲਾਹੌਰ ਦਰਬਾਰ ਵਿੱਚ ਭਾਈ ਸੁਬੇਗ ਸਿੰਘ ਨਾਲ ਖਾਰ ਖਾਣ ਵਾਲੇ ਲੋਕਾਂ ਨੇ ਇਸ ਮੌਕੇ ਦਾ ਫ਼ਾਇਦਾ ਉਠਾਉਂਦਿਆਂ ਪਿਉ-ਪੁੱਤਰ ਨੂੰ ਇਸਲਾਮ ਕਬੂਲ ਕਰਵਾਉਣ ਲਈ ਹਾਕਮਾਂ ਨੂੰ ਉਕਸਾਇਆ। ਭਾਈ ਸੁਬੇਗ ਸਿੰਘ ਤੇ ਭਾਈ ਸ਼ਾਹਬਾਜ਼ ਸਿੰਘ ਨੇ ਇਸਲਾਮ ਧਰਮ ਕਬੂਲ ਕਰਨ ਨਾਲੋਂ ਮੌਤ ਨੂੰ ਗਲੇ ਲਗਾਉਣ ਨੂੰ ਪਹਿਲ ਦਿੱਤੀ। ਭਾਈ ਸੁਬੇਗ ਸਿੰਘ ਦੇ ਨਜ਼ਦੀਕੀਆਂ ਨੇ ਭਾਈ ਜੀ ਨੂੰ ਸਲਾਹ ਦਿੱਤੀ, “ਆਪਣੇ ਇਕਲੌਤੇ ਪੁੱਤਰ ਦੀ ਜਾਨ ਬਖਸ਼ੀ ਕਰਵਾਉਣ ਲਈ ਹਕੂਮਤ ਦੀਆਂ ਸ਼ਰਤਾਂ ਮੰਨ ਲਵੋ ਤਾਂ ਜੋ ਆਪ ਜੀ ਦੀ ਅੰਸ਼ ਚੱਲਦੀ ਰਹੇ।” ਗੁਰੂ ਗੋਬਿੰਦ ਸਿੰਘ ਦੇ ਲਾਡਲੇ ਸਿੰਘ ਭਾਈ ਸੁਬੇਗ ਸਿੰਘ ਨੇ ਜੋ ਜਵਾਬ ਦਿੱਤਾ ਉਸ ਬਾਰੇ ਭਾਈ ਰਤਨ ਸਿੰਘ ਭੰਗੂ ਨੇ ਆਪਣੀ ਲਿਖਤ ‘ਪੰਥ ਪ੍ਰਕਾਸ਼’ ਗ੍ਰੰਥ ’ਚ ਬਹੁਤ ਸੋਹਣਾ ਜ਼ਿਕਰ ਕੀਤਾ ਹੈ, “ਸਿਖਨ ਕਾਜ ਸੁ ਗੁਰੂ ਸਵਾਰੇ, ਸੀਸ ਦੀਓ ਨਿਜ ਸੈਣ ਪ੍ਰਵਾਰੇ। ਹਮ ਕਾਰਨ ਗੁਰ ਕੁਲਹਿ ਗਵਾਈ, ਹਮ ਕੁਲ ਰਾਖੈ ਕੌਣ ਬਡਾਈ।” ਕਾਜੀ ਵੱਲੋਂ ਸੁਣਾਏ ਹੁਕਮ ਅਨੁਸਾਰ ਦੋਵਾਂ ਪਿਉ-ਪੁੱਤਰਾਂ ਨੂੰ ਜ਼ਾਲਮਾਂ ਨੇ ਤਿੱਖੇ ਦੰਦਿਆਂ ਵਾਲੀਆਂ ਦੋ ਵੱਖ ਵੱਖ ਚਰਖੜੀਆਂ ’ਤੇ ਚਾੜ੍ਹ ਕੇ ਕਈ ਵਾਰ ਘੁਮਾਇਆ। ਪਿਉ-ਪੁੱਤਰ ਜ਼ਰਾ ਵੀ ਨਾ ਡੋਲੇ। ਦੋਵੇਂ ਨਿਰਭੈ ਯੋਧੇ ਅਕਾਲ ਅਕਾਲ ਦੇ ਜੈਕਾਰੇ ਛੱਡਦੇ ਅਤੇ ਵਾਹਿਗੁਰੂ ਦੇ ਸਿਮਰਨ ਕਰਦੇ ਰਹੇ:

ਚਰਖੜੀ ਚਾੜ੍ਹ ਫ਼ਿਰ ਬਹੁਤ ਘੁਮਾਇਆ।
ਵਾਹਿਗੁਰੂ ਤਿਨ ਨਾਹਿ ਭੁਲਾਇਆ।

ਇਸ ਤਰ੍ਹਾਂ 1745 ਈਸਵੀ ਨੂੰ ਲਾਹੌਰ ਵਿੱਚ ਪਿਉ-ਪੁੱਤਰ ਨੂੰ ਚਰਖੜੀਆਂ ’ਤੇ ਚਾੜ੍ਹ ਕੇ ਬੇ-ਰਹਿਮੀ ਨਾਲ ਸ਼ਹੀਦ ਕੀਤਾ ਗਿਆ। ਇਸੇ ਲਾਹੌਰ ਦੀ ਧਰਤੀ ’ਤੇ ਉਬਲਦੀ ਤੇਗ ’ਚ ਬਹਿ ਕੇ, ਬੰਦ ਬੰਦ ਕਟਵਾ ਕੇ ਅਤੇ ਖੋਪੜੀਆਂ ਲੁਹਾ ਕੇ ਸ਼ਹੀਦ ਹੋਣ ਵਾਲੀ ਸ਼ਹੀਦੀ ਪਰੰਪਰਾ ਨੂੰ ਹੋਰ ਪਰਪੱਕ ਕਰ ਗਏ। ਪਿਉ-ਪੁੱਤਰ ਸ਼ਹੀਦ ਭਾਈ ਸੁਬੇਗ ਸਿੰਘ ਅਤੇ ਭਾਈ ਸ਼ਾਹਬਾਜ਼ ਸਿੰਘ ਦੀ ਲਾਸ਼ਾਨੀ ਸ਼ਹੀਦੀ ਨੂੰ ਰੋਜ਼ਾਨਾ ਸਿੱਖ ਅਰਦਾਸ ਵਿੱਚ, ‘ਜਿਨ੍ਹਾਂ ਸਿੰਘਾਂ-ਸਿੰਘਣੀਆਂ ਨੇ ਧਰਮ ਹੇਤ ਸੀਸ ਦਿੱਤੇ, ਬੰਦ-ਬੰਦ ਕਟਾਏ, ਖੋਪਰੀਆਂ ਲੁਹਾਈਆਂ, ਚਰਖੜੀਆਂ ’ਤੇ ਚੜ੍ਹੇ, ਆਰਿਆਂ ਨਾਲ ਚਿਰਾਏ ਗਏ, ਗੁਰਦੁਆਰਿਆਂ ਦੀ ਸੇਵਾ ਲਈ ਕੁਰਬਾਨੀਆਂ ਕੀਤੀਆਂ, ਧਰਮ ਨਹੀ ਹਾਰਿਆ, ਸਿੱਖੀ ਕੇਸਾਂ ਸੁਆਸਾਂ ਨਾਲ ਨਿਭਾਈ, ਤਿਨ੍ਹਾਂ ਦੀ ਕਮਾਈ ਦਾ ਧਿਆਨ ਧਰਕੇ ਬੋਲੋ ਜੀ ਵਾਹਿਗੁਰੂ’ ਸਤਿਕਾਰਤ ਸ਼ਬਦਾਂ ਰਾਹੀਂ ਯਾਦ ਕੀਤਾ ਜਾਂਦਾ ਹੈ।

# ਨਾਨਕ ਬਾਣੀ ਦੀ ਪ੍ਰਸੰਗਿਕਤਾ ਨੂੰ ਸਮਝਣ ਦੀ ਲੋੜ



ਡਾ. ਨਵਜੋਤ
(ਪ੍ਰਿੰਸੀਪਲ, ਲਾਇਲਪੁਰ ਖ਼ਾਲਸਾ ਕਾਲਜ ਫਾਰ ਵਿਮਨ, ਜਲੰਧਰ)।

ਜਗਤ ਗੁਰੂ ਬਾਬਾ ਨਾਨਕ ਦੇ ਜੀਵਨ ਫ਼ਲਸਫ਼ੇ, ਵਿਚਾਰਧਾਰਾ ਤੇ ਉਨ੍ਹਾਂ ਦੀਆਂ ਰਮਜ਼ਾਂ ’ਤੇ ਗੱਲ ਕਰਨੀ ਕੋਈ ਸੌਖਾ ਕੰਮ ਨਹੀਂ ਹੈ। ਖ਼ਾਸ ਕਰਕੇ ਉਦੋਂ ਜਦੋਂ ਪੜ੍ਹਨ ਵਾਲੇ ਸਾਰੇ ਹੀ ਜ਼ਹੀਨ ਇਨਸਾਨ ਹੋਣ। ਨਿਮਾਣਿਆਂ, ਨਿਤਾਣਿਆਂ ਨਾਲ ਖੜ੍ਹਨ ਵਾਲਾ ਗੁਰੂ ਪੰਜਾਬੀਆਂ ਜਾਂ ਭਾਰਤੀਆਂ ਦਾ ਹੀ ਨਹੀਂ ਸਗੋਂ ਸਮੁੱਚੇ ਜਗਤ ਦਾ ਗੁਰੂ ਸੀ। ਉਹ ਨਾਨਕ ਸ਼ਾਹ ਫ਼ਕੀਰ ਇੱਕ ਅਜ਼ੀਮ ਸ਼ਖ਼ਸੀਅਤ ਸਨ ਜਿਨ੍ਹਾਂ ਸਦੀਆਂ ਪਹਿਲਾਂ ਸ਼ਬਦ ਤੇ ਤਰਕ ਦੀ ਸ਼ਕਤੀ ਨਾਲ ਇਤਿਹਾਸ ਦਾ ਰੁਖ਼ ਬਦਲ ਦਿੱਤਾ। ਉਹ ਅਰਾਜਕਤਾ ਦਾ ਯੁੱਗ ਸੀ। ਅਜਿਹਾ ਸਮਾਂ ਜਦੋਂ ਸਮਾਜ ਨੈਤਿਕ, ਬੌਧਿਕ ਤੇ ਆਰਥਿਕ ਪੱਖੋਂ ਪਤਨ ਦੀ ਕਗਾਰ ’ਤੇ ਸੀ।

ਧਰਮ ਦੇ ਨਾਂ ’ਤੇ ਪਾਖੰਡ ਦਾ ਬੋਲਬਾਲਾ ਸੀ। ਦੋ ਵਿਰੋਧੀ ਧਰਮਾਂ ਤੇ ਵਿਰੋਧੀ ਸੰਸਕ੍ਰਿਤੀਆਂ ਵਿੱਚ ਵਿਚਰਦਿਆਂ ਵੀ ਗੁਰੂ ਜੀ ਨੇ ਜਾਤ-ਪਾਤ ਤੇ ਧਾਰਮਿਕ ਕੱਟੜਤਾ ਦੀ ਵਲਗਣ ਵਿੱਚ ਫਸੀ ਲੋਕਾਈ ਨੂੰ ਸਹਿਣਸ਼ੀਲਤਾ, ਮਾਨਵਤਾ, ਭਾਈਚਾਰਕ ਸਾਂਝ ਤੇ ਬਰਾਬਰੀ ਦਾ ਸੁਨੇਹਾ ਦਿੱਤਾ। ਹਾਕਮਾਂ ਦੇ ਸ਼ੋਸ਼ਣ ਦਾ ਸ਼ਿਕਾਰ ਹੋ ਰਹੀ ਗਿਆਨ ਵਿਹੂਣੀ ਲੋਕਾਈ ਨੂੰ ਉਨ੍ਹਾਂ ਦੇ ਦੁੱਖਾਂ-ਤਕਲੀਫ਼ਾਂ ਤੋਂ ਜਾਣੂ ਹੀ ਨਹੀਂ ਕਰਵਾਇਆ ਸਗੋਂ ਦਸਤਗੀਰ ਬਣ ਕੇ ਸ਼ੋਸ਼ਣਕਾਰੀ ਤਾਕਤਾਂ ਵਿਰੁੱਧ ਸੰਘਰਸ਼ ਆਰੰਭਣ ਤੋਂ ਪਹਿਲਾਂ ਜਾਗਰੂਕਤਾ ਪੈਦਾ ਕਰਨ ਦਾ ਯਤਨ ਵੀ ਕੀਤਾ। ਦੱਬੇ-ਕੁਚਲੇ ਲੋਕਾਂ ’ਚ ਹੱਕ ਹਾਸਲ ਕਰਨ ਲਈ ਚੇਤਨਾ ਦਾ ਬੀਜ ਵੀ ਬੀਜਿਆ। ਨੂਰ ਦੇ ਉਸ ਭਰ ਵਹਿੰਦੇ ਦਰਿਆ ਕੋਲ ਅੰਤਾਂ ਦੀ ਰਹਿਤਲੀ ਸੂਝ ਸੀ। ਬਾਬਾ ਨਾਨਕ ਨੰਗੇ ਪੈਰੀਂ ਹਜ਼ਾਰਾਂ ਮੀਲ ਪੈਂਡਾ ਤਹਿ ਕਰਦਾ ਹੈ। ਉੱਖੜੇ ਰਾਹਾਂ ਦੇ ਪਾਂਧੀ ਦੀਆਂ ਉਦਾਸੀਆਂ ਨੂੰ ਅੰਧ ਭਗਤ ਅੱਖਾਂ ਬੰਦ ਕਰਕੇ ਪਲਾਂ-ਛਿਣਾਂ ਵਿੱਚ ਕਿਤੇ ਦਾ ਕਿਤੇ ਪਹੁੰਚਦਾ ਦਰਸਾ ਕੇ ਬਾਬੇ ਦੀ ਸਾਰੀ ਘਾਲਣਾ ਨੂੰ ਖੋਰਾ ਲਗਾਉਣ ਦਾ ਯਤਨ ਕਰ ਰਹੇ ਹਨ। ਉਨ੍ਹਾਂ ਹੱਦਾਂ-ਸਰਹੱਦਾਂ ਦੀਆਂ ਬੰਦਿਸ਼ਾਂ ਤੋੜ ਕੇ ਪੂਰੀ ਦੁਨੀਆਂ ਨੂੰ ਵਿਸ਼ਵੀਕਰਨ ਦਾ ਸੁਨੇਹਾ ਦਿੱਤਾ। ਧਰਤੀ ਦੀ ਇਸ ਪਰਿਕਰਮਾ ਦੌਰਾਨ ਗੁਰੂ ਜੀ ਨੇ ਗੋਸ਼ਟਾਂ ਵੀ ਕੀਤੀਆਂ, ਸਿੱਧਾਂ-ਯੋਗੀਆਂ ਨਾਲ ਸੰਵਾਦ ਰਚਾ ਕੇ ਕੁੱਲ ਆਲਮ ਫਤਿਹ ਕੀਤਾ। ਜਾਤ-ਪਾਤ ਤੇ ਉਚ-ਨੀਚ ਦਾ ਪ੍ਰਭਾਵ ਲੋਕਾਂ ਦੇ ਮਨਾਂ ਵਿੱਚੋਂ ਕੱਢਣ ਲਈ ਸਿੱਧ ਗੋਸ਼ਟ ਰਾਹੀਂ ਆਤਮਿਕ ਜੀਵਨ ਦੀਆਂ ਡੂੰਘੀਆਂ ਰਮਜ਼ਾਂ ਨੂੰ ਸਮਝਾਇਆ। ਰਾਜੇ ਸੀਹ ਮੁਕਦਮ ਕੁਤੇ ਕਹਿ ਬਾਬੇ ਨਾਨਕ ਨੇ ਰਾਜ ਸੱਤਾ ਦੇ ਨਸ਼ੇ ’ਚ ਮਗਰੂਰ ਬਾਦਸ਼ਾਹਤ ਨੂੰ ਵੰਗਾਰਿਆ ਸੀ। ਧਰਮੀ ਬਾਬਾ ਨਾਨਕ ਹੱਕ-ਸੱਚ ਦਾ ਪਹਿਰੇਦਾਰ ਸੀ। ਮਜ਼ਲੂਮਾਂ ਦੀ ਬੁਲੰਦ ਆਵਾਜ਼ ਸੀ ਬਾਬਾ ਨਾਨਕ। ਨਿੱਜੀ ਤੌਰ ’ਤੇ ਉਹ ਨਾ ਬਾਬਰ ਦਾ ਵਿਰੋਧੀ ਸੀ ਤੇ ਨਾ ਹੀ ਕਿਸੇ ਦੇਸ਼ ਜਾਂ ਕੌਮ ਦਾ। ਪਰ ਜਦੋਂ ਮਾਨਵਤਾ ਨੂੰ ਖ਼ਤਰਾ ਭਾਸਿਆ ਤਾਂ ਨਫ਼ੇ-ਨੁਕਸਾਨ ਦੀ ਪਰਵਾਹ ਕੀਤੇ ਬਗੈਰ ਜਬਰ-ਜ਼ੁਲਮ ਤੇ ਤਸ਼ੱਦਦ ਦੇ ਖ਼ਿਲਾਫ਼ ਆਪਣੀ ਆਵਾਜ਼ ਬੁਲੰਦ ਕੀਤੀ।

ਬਾਬੇ ਨਾਨਕ ਦੀਆਂ ਰਚਨਾਵਾਂ ਵਿੱਚ ਉਸ ਸਮੇਂ ਦੀ ਨਿਆਂ ਪ੍ਰਣਾਲੀ ਵਿੱਚ ਵਿਆਪਕ ਭ੍ਰਿਸ਼ਟਾਚਾਰ ਬੇਬਾਕੀ ਨਾਲ ਉਭਾਰਿਆ ਗਿਆ ਹੈ। ਸਮਾਜਿਕ ਨਾਬਰਾਬਰੀ ਖ਼ਿਲਾਫ਼ ਮਨੁੱਖੀ ਅਧਿਕਾਰਾਂ ਲਈ ਉਨ੍ਹਾਂ ਸਦਾ ਆਵਾਜ਼ ਬੁਲੰਦ ਕੀਤੀ ਪਰ ਐਨੀਆਂ ਸਦੀਆਂ ਬੀਤ ਜਾਣ ਤੋਂ ਬਾਅਦ ਵੀ ਮਨੁੱਖ ਦੀ ਮਨੁੱਖ ਹੱਥੋਂ ਲੁੱਟ ਬਾਦਸਤੂਰ ਜਾਰੀ ਹੈ। ਉਨ੍ਹਾਂ ਇੱਕ ਜੋਤ ਤੋਂ ਚਾਨਣ ਲੈ ਕੇ ਆਪਸੀ ਭਾਈਚਾਰੇ ਦੀਆਂ ਗੰਢਾਂ ਨੂੰ ਮਜ਼ਬੂਤ ਕਰਨ ਦੀ ਕੋਸ਼ਿਸ਼ ਕੀਤੀ। ਨਾ ਹਮ ਹਿੰਦੂ ਨ ਮੁਸਲਮਾਨ ਦਾ ਇਲਾਹੀ ਫਰਮਾਨ ਸਾਨੂੰ ਅਹਿਸਾਸ ਕਰਵਾਉਂਦਾ ਹੈ ਕਿ ਅਸੀਂ ਹਿੰਦੂ, ਮੁਸਲਿਮ, ਸਿੱਖ, ਈਸਾਈ ਹੋਣ ਤੋਂ ਪਹਿਲਾਂ ਇਨਸਾਨ ਹਾਂ। ਇਨਸਾਨੀਅਤ ਹੀ ਸਾਡਾ ਅਸਲ ਧਰਮ ਹੈ ਤੇ ਮਾਨਵਤਾ ਸਾਡਾ ਕਰਮ ਹੈ। ਦੁੱਖ ਦੀ ਗੱਲ ਇਹ ਹੈ ਕਿ ਹੁਣ ਇਸ ਧਰਤੀ ’ਤੇ ਇਨਸਾਨ ਪੈਦਾ ਨਹੀਂ ਹੁੰਦੇ। ਹਿੰਦੂ, ਮੁਸਲਿਮ, ਸਿੱਖ ਤੇ ਈਸਾਈ ਜੰਮਦੇ ਹਨ। ਅੱਜ ਆਪਣੇ ਧਰਮ ਤੱਕ ਹੀ ਸੀਮਤ ਅਖੌਤੀ ਧਾਰਮਿਕ ਲੋਕ ਆਪਣੇ ਧਰਮ ਨੂੰ ਹੀ ਸੱਚਾ-ਸੁੱਚਾ ਮੰਨਦੇ ਹਨ। ਸਮਝ ਨਹੀਂ ਲੱਗਦੀ ਆਪਣੇ ਧਰਮ ਅਸਥਾਨ ’ਤੇ ਬੈਠਾ ਬੰਦਾ ਕਿਸੇ ਦੂਜੇ ਧਰਮ ਦੇ ਬੰਦੇ ਦੇ ਖ਼ੂਨ ਦਾ ਪਿਆਸਾ ਕਿਵੇਂ ਹੋ ਜਾਂਦਾ ਹੈ? ਉਦੋਂ ਉਸ ਦੇ ਧਰਮ ਵੱਲੋਂ ਸਿਖਾਈ ਸ਼ਾਂਤੀ ਫਿਰ ਕਿੱਥੇ ਗਾਇਬ ਹੋ ਜਾਂਦੀ ਹੈ? ਵੇਈਂ ਨਦੀ ਵਿੱਚ ਟੁੱਭੀ ਮਾਰ ਕੇ ਸੁਲਤਾਨਪੁਰ ਲੋਧੀ ਤੋਂ ਨਾ ਕੋ ਹਿੰਦੂ ਨਾ ਮੁਸਲਮਾਨ ਦੇ ਇਲਾਹੀ ਪੈਗ਼ਾਮ ਨਾਲ ਆਪਣੀਆਂ ਉਦਾਸੀਆਂ ਸ਼ੁਰੂ ਕਰਨ ਵਾਲੇ ਬਾਬੇ ਦੇ ਸਿਧਾਂਤਾਂ ਨੂੰ ਅੱਜ ਅਸੀਂ ਤਿਲਾਂਜਲੀ ਦਿੰਦੇ ਜਾ ਰਹੇ ਹਾਂ।

ਬਾਬੇ ਦੇ ਰੋਸੁ ਨ ਕੀਜੈ ਉਤਰੁ ਦੀਜੈ ਦੇ ਕਥਨ ਨੂੰ ਵਿਸਾਰੀ ਬੈਠੇ ਹਾਂ। ਬਾਬਾ ਨਾਨਕ ਨੇ ਹਜ਼ਾਰਾਂ ਸਾਲਾਂ ਤੋਂ ਮਰਦ ਦੀ ਗੁਲਾਮੀ ਦੀਆਂ ਜ਼ੰਜੀਰਾਂ ਵਿੱਚ ਜਕੜੀ ਔਰਤ ਨੂੰ ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ਕਹਿ ਕੇ ਵਡਿਆਇਆ। ਇਹ ਰਚਨਾ ਸ਼ਖ਼ਸੀ ਆਜ਼ਾਦੀ ਤੇ ਬਰਾਬਰੀ ਦਾ ਬਿੰਬ ਸਿਰਜਦੀ ਹੈ। ਇਹ ਉਹ ਸਮਾਂ ਸੀ ਜਦੋਂ ਜਾਗੀਰਦਾਰੀ ਸਮਾਜ ਵਿੱਚ ਔਰਤ ਪ੍ਰਤੀ ਨਾਂਹ-ਪੱਖੀ ਸੋਚ ਭਾਰੂ ਸੀ। ਇੱਥੇ ਹੀ ਬਸ ਨਹੀਂ, ਆਪਣੀ ਰਚਨਾ ਵਿੱਚ ਆਪਣੇ-ਆਪ ਨੂੰ ਨਾਰੀ ਦੇ ਰੂਪ ਵਿੱਚ ਪੇਸ਼ ਕਰ ਕੇ ਉਨ੍ਹਾਂ ਦੁਨੀਆਂ ਦੀ ਅੱਧੀ ਵਸੋਂ ਭਾਵ ਬੇਵੱਸ ਤੇ ਲਾਚਾਰ ਔਰਤ ਨੂੰ ਸਤਿਕਾਰ ਵੀ ਦਿੱਤਾ ਤੇ ਉਸ ਯੁੱਗ ਦੀ ਰਵਾਇਤ ਨੂੰ ਤੋੜਦਿਆਂ ਨਾਰੀ-ਮਰਦ ਦੀ ਸਮਾਨਤਾ ਨੂੰ ਵੀ ਉਘਾੜਿਆ। ਉਸ ਦੌਰ ’ਚ ਇਹ ਇੱਕ ਕ੍ਰਾਂਤੀਕਾਰੀ ਸੁਨੇਹਾ ਸੀ। ਸੰਗੀਤ ਉਨ੍ਹਾਂ ਲਈ ਰੂਹ ਦੀ ਖ਼ੁਰਾਕ ਸੀ। ਕੁਦਰਤ ਨੂੰ ਜਿੰਨਾ ਬਾਬੇ ਨਾਨਕ ਨੇ ਗਾਇਆ, ਇਹ ਨਿਆਮਤ ਸ਼ਾਇਦ ਹੀ ਕਿਸੇ ਹੋਰ ਸ਼ਾਇਰ ਦੇ ਹਿੱਸੇ ਆਈ ਹੋਵੇ। ਪਰ ਅੱਜ ਆਪਣੀ ਵਿਰਾਸਤ ’ਤੇ ਫ਼ਖ਼ਰ ਕਰਨ ਵਾਲੇ ਬਾਬੇ ਦੇ ਅਖੌਤੀ ਭਗਤਾਂ ਨੇ ਵਾਤਾਵਰਨ ਨੂੰ ਜ਼ਹਿਰੀਲਾ ਕਰ ਕੇ ਇਸ ਦੇ ਵਿਗਾੜ ਵਿੱਚ ਸਭ ਤੋਂ ਵੱਡੀ ਭੂਮਿਕਾ ਨਿਭਾਈ ਹੈ। ਅਣਖ ਵਾਲੀ ਜ਼ਿੰਦਗੀ ਜਿਊਣ ਤੇ ਗੁਲਾਮੀ ਵਾਲੀ ਜ਼ਿੰਦਗੀ ਨੂੰ ਲਾਹਨਤ ਕਹਿਣ ਵਾਲੇ ਗੁਰੂ ਦੇ ਆਪੇ ਸਜੇ ਧਰਮ ਦੇ ਰਾਖਿਆਂ ਨੇ ਜਿਸ ਹੱਦ ਤੱਕ ਅੱਜ ਸਿਆਸਤਦਾਨਾਂ ਦੀ ਗੁਲਾਮੀ ਕਬੂਲ ਕਰ ਲਈ ਹੈ, ਉਸ ’ਤੇ ਸੱਚੀਂ ਸ਼ਰਮਿੰਦਗੀ ਮਹਿਸੂਸ ਹੁੰਦੀ ਹੈ। ਉਮਰ ਦੇ ਆਖ਼ਰੀ ਪੜਾਅ ’ਤੇ ਗੁਰੂ ਨਾਨਕ ਨੇ ਕਿਰਤ ਦੇ ਜਿਸ ਸੰਕਲਪ ਨੂੰ ਅਪਣਾਇਆ ਸੀ, ਉਨ੍ਹਾਂ ਦਾ ਮਕਸਦ ਕਿਰਤ ਕਰਨ ਤੇ ਵੰਡ ਕੇ ਛਕਣ ਦਾ ਸੁਨੇਹਾ ਦੇਣਾ ਵੀ ਸੀ। ਸਪਸ਼ਟ ਹੈ ਕਿ ਕਿਰਤ ਕਰਨ ਵਾਲੇ ਹੱਥ ਹੀ ਵੰਡਣ ਦੀ ਤੌਫ਼ੀਕ ਰੱਖਣਗੇ।

ਬਾਬੇ ਨੇ ਜੋ ਕਿਹਾ, ਉਸ ’ਤੇ ਅਮਲ ਕਰ ਕੇ ਦਿਖਾਇਆ। ਅਫ਼ਸੋਸ! ਅੱਜ ਸਾਡੇ ਬੁਹਤੇ ਨੌਜਵਾਨ ਮੁੰਡਿਆਂ-ਕੁੜੀਆਂ ਦੇ ਹੱਥ ਕਿਰਤ ਤੋਂ ਕੋਹਾਂ ਦੂਰ ਨਸ਼ੇ ਦੇ ਟੀਕੇ ਫੜੀ ਦਿਸਦੇ ਹਨ। ਆਦਮ-ਬੋ, ਆਦਮ-ਬੋ ਕਰਦਾ ਕਾਰਪੋਰੇਟ ਸੈਕਟਰ ਸਿਹਤ, ਸਿੱਖਿਆ ਤੇ ਬਾਜ਼ਾਰ ’ਤੇ ਪੂਰੀ ਤਰ੍ਹਾਂ ਕਾਬਜ਼ ਹੋਣ ਤੋਂ ਬਾਅਦ ਹੁਣ ਕਿਸਾਨਾਂ ਦੀਆਂ ਜ਼ਮੀਨਾਂ ਹੜੱਪਣ ਲਈ ਕਮਰ ਕੱਸ ਚੁੱਕਾ ਹੈ। ਪਦਾਰਥਵਾਦ ਦੀ ਅੰਨ੍ਹੀ ਦੌੜ ਤੇ ਰਿਸ਼ਤਿਆਂ ਦੇ ਬਦਲਦੇ ਸਮੀਕਰਨਾਂ ਦੇ ਦੌਰ ’ਚ ਰਿਸ਼ਤਿਆਂ ਦੀ ਪਾਕੀਜ਼ਗੀ ਨੂੰ ਸਮਝਣ ਲਈ ਵੀ ਬੇਬੇ ਨਾਨਕੀ ਦੇ ਵੀਰ ਨੂੰ ਸਮਝਣ ਦੀ ਲੋੜ ਹੈ। ਸਾਹਿਤ, ਸਾਹਿਤਕਾਰ ਤੇ ਸਮਾਜ ਦੇ ਰਿਸ਼ਤੇ ਨੂੰ ਸਮਝਣ ਲਈ ਅਨਿਆਂ ਖ਼ਿਲਾਫ਼ ਸ਼ਬਦੀ ਨਸ਼ਤਰ ਚਲਾਉਣੇ ਸਿੱਖਣ ਲਈ ਨਾਨਕ ਬਾਣੀ ਨੂੰ ਆਧਾਰ ਬਣਾਇਆ ਜਾ ਸਕਦਾ ਹੈ। ਇਹ ਬਾਣੀ ਸਾਨੂੰ ਕ੍ਰਾਂਤੀਕਾਰੀ ਸੋਝੀ ਬਖ਼ਸ਼ਦੀ ਹੈ। ਰਾਜਨੀਤਕ ਚੇਤਨਾ ਦੀ ਸੂਝ ਸਾਨੂੰ ਬਾਬਾ ਨਾਨਕ ਦੇ ਵਿਚਾਰਾਂ ਤੋਂ ਹੀ ਮਿਲੀ ਹੈ ਤੇ ਮਿਲੇਗੀ ਕਿਉਂਕਿ ਇਸ ਸਮੁੱਚੀ ਰਚਨਾ ਦਾ ਮੂਲ ਸੁਭਾਅ ਸਥਾਪਤੀ ਦੇ ਵਿਰੋਧ ’ਚ ਖੜ੍ਹਨ ਲਈ ਸਾਡੇ ਅੰਦਰ ਹਿੰਮਤ ਪੈਦਾ ਕਰਦਾ ਹੈ। ਗੁਰੂ ਦੀ ਬਾਣੀ ਹਰ ਯੁੱਗ ’ਚ ਤਾਨਾਸ਼ਾਹੀ ਲਈ ਵੰਗਾਰ, ਲੋਕ ਵਿਰੋਧੀ ਨੀਤੀਆਂ ਨੂੰ ਨੱਥ ਪਾਉਣ ਤੇ ਲੋਕ ਸ਼ਕਤੀ ਨੂੰ ਸੰਗਠਿਤ ਕਰਨ ਵਾਲੀ ਹੈ। ਜ਼ਿੰਦਗੀ ਦੇ ਗੂੜ੍ਹ ਗਿਆਨ ਨੂੰ ਸਮਝਣ ਲਈ ਅਧਿਆਤਮਕਤਾ ਦੇ ਸ਼ਿਖ਼ਰ ’ਤੇ ਪੁੱਜਾ ਕੋਈ ਪਰਮ ਮਨੁੱਖ ਜਦੋਂ ਮਾਨਵੀ ਦਰਦ ਦੀ ਵਿਆਖਿਆ ਇੰਨੇ ਭਾਵੁਕ ਅਤੇ ਸੰਵੇਦਨਸ਼ੀਲ ਅੰਦਾਜ਼ ’ਚ ਕਰੇ ਤਾਂ ਉਨ੍ਹਾਂ ਲਈ ਅਦਬ-ਸਤਿਕਾਰ ਤੇ ਸ਼ਰਧਾ ਆਪ-ਮੁਹਾਰੇ ਫੁੱਟ ਪੈਂਦੀ ਹੈ।

ਅੱਜ ਫਿਰ ਧਾਰਮਿਕ ਅਸਹਿਣਸ਼ੀਲਤਾ, ਔਰਤ ਨਾਲ ਹੁੰਦੀ ਬੇਹੁਰਮਤੀ, ਨਸ਼ਿਆਂ ਵਿਚ ਗਰਕਦੀ ਨੌਜਵਾਨੀ, ਖੇਤੀ ਦਾ ਸੰਕਟ ਤੇ ਪੰਜਾਬੀਆਂ ਦਾ ਪਰਵਾਸ ਡੂੰਘੀ ਚਿੰਤਾ ਦੇ ਵਿਸ਼ੇ ਹਨ। ਅੱਜ ਜੰਗਾਂ-ਯੁੱਧਾਂ ਦੇ ਮਨੁੱਖ ਮਾਰੂ ਹਾਲਾਤ ਵਿੱਚ ਗੁਰੂ ਜੀ ਦੀ ਵਿਸ਼ਵ ਵਿਆਪੀ ਸੋਚ ਨੂੰ ਵੱਡੇ ਪੱਧਰ ’ਤੇ ਉਭਾਰਨ ਤੇ ਉਸਾਰਨ ਦੀ ਲੋੜ ਹੈ। ਉਨ੍ਹਾਂ ਦੇ ਸਰਬੱਤ ਦੇ ਭਲੇ ਦੇ ਸੰਕਲਪ ਨੂੰ ਸਮਝ ਕੇ ਸਰਬੱਤ ਦਾ ਭਲਾ ਕਹਿਣ ਨਹੀਂ ਸਗੋਂ ਸਰਬੱਤ ਦਾ ਭਲਾ ਕਰਨ ਵਿੱਚ ਯਕੀਨ ਰੱਖੀਏ। ਉਸ ਬ੍ਰਹਿਮੰਡੀ ਨਾਗਰਿਕ ਦੇ ਫ਼ਿਕਰਾਂ ਨੂੰ ਜਾਣਨ-ਸਮਝਣ ਤੇ ਉਨ੍ਹਾਂ ’ਤੇ ਅਮਲ ਕਰਨ ਦੀ ਜ਼ਰੂਰਤ ਹੈ। ਜਿਸ ਏਕਤਾ ਦੇ ਸੂਤਰ ਵਿੱਚ ਉਨ੍ਹਾਂ ਸਾਨੂੰ ਸਭ ਨੂੰ ਪਰੋਣ ਦੀ ਕੋਸ਼ਿਸ਼ ਕੀਤੀ, ਉਸ ਉੱਪਰ ਅਮਲ ਕਰਦਿਆਂ ਨਿਰਭੈ ਹੋ ਕੇ ਧਾਰਮਿਕ ਸਹਿਣਸ਼ੀਲਤਾ ਵਾਲਾ ਮਾਹੌਲ ਸਿਰਜੀਏ। ਨਵੀਂ ਪੀੜ੍ਹੀ ਨੂੰ ਕਿਰਤ ਨਾਲ ਜੋੜੀਏ। ਜਾਤ-ਪਾਤ, ਵਰਣ-ਆਸ਼ਰਮ ਦੀਆਂ ਹੱਦਾਂ ਨੂੰ ਤੋੜੀਏ। ਅੱਜ ਬਾਬੇ ਨੂੰ ਅਦਬ ਤੇ ਸਤਿਕਾਰ ਨਾਲ ਯਾਦ ਕਰਨਾ ਹੀ ਕਾਫ਼ੀ ਨਹੀਂ, ਉਸ ਦੇ ਸੱਚੇ ਪੈਰੋਕਾਰ ਬਣਨ ਲਈ ਆਓ! ਉਨ੍ਹਾਂ ਦੇ ਫ਼ਲਸਫ਼ੇ ਨੂੰ ਹੱਡੀਂ-ਹੰਢਾਅ ਕੇ ਉਸ ਬਾਣੀ ਤੋਂ ਸੇਧ ਲੈਂਦਿਆਂ ਸੁਚੱਜੇ ਸਮਾਜ ਦਾ ਨਵਾਂ ਮਾਡਲ ਸਿਰਜਣ ਦਾ ਅਹਿਦ ਲਈਏ।

## 19 ਮਾਰਚ ਜੋਤੀ ਜੋਤਿ ਦਿਵਸ 'ਤੇ ਵਿਸ਼ੇਸ਼

# ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਜੰਗੀ ਜੀਵਨ



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਸਾਹਿਬ ਜੀ ਨੇ ਲੋਕ ਭਲਾਈ ਦੇ ਸੰਕਲਪ ਤਹਿਤ ਚਾਰੋ ਦਿਸ਼ਾਵਾਂ ਵਿੱਚ 'ਉਦਾਸੀਆਂ' ਕੀਤੀਆਂ। ਅੱਗੇ ਸਾਰੇ ਗੁਰੂ ਸਾਹਿਬਾਨ ਜੀ ਨੇ ਇਸ ਕਾਰਜ ਨੂੰ ਜਾਰੀ ਰੱਖਦਿਆਂ ਧਰਮ ਪ੍ਰਚਾਰ ਲਈ ਦੂਰ ਦੂਰ ਤੱਕ ਪ੍ਰਚਾਰਕ ਦੌਰੇ ਕੀਤੇ। ਗੁਰੂ ਅਰਜਨ ਦੇਵ ਸਾਹਿਬ ਜੀ ਨੇ ਵੀ ਪ੍ਰਚਾਰਕ ਦੌਰ ਕੀਤੇ। ਪ੍ਰਿਥੀ ਚੰਦ ਦੀ ਗੁਰਗੱਦੀ ਤੋਂ ਵਾਂਝੇ ਰਹਿਣ ਦੀ ਈਰਖਾ ਵੀ ਨਾਲ-ਨਾਲ ਚੱਲਦੀ ਰਹੀ। ਗੁਰੂ ਅਰਜਨ ਦੇਵ ਸਾਹਿਬ ਜਦੋਂ ਅੰਮ੍ਰਿਤਸਰ ਤੋਂ ਪ੍ਰਚਾਰਕ ਦੌਰਾ ਸ਼ੁਰੂ ਕਰਕੇ ਗੋਇੰਦਵਾਲ, ਕਰਤਾਰਪੁਰ ਤੋਂ ਹੁੰਦੇ ਹੋਏ ਵਾਪਿਸ ਅੰਮ੍ਰਿਤਸਰ ਪਹੁੰਚੇ ਤਾਂ ਉਥੇ ਨੇੜਲੇ ਪਿੰਡ ਵਡਾਲੀ ਵਿਖੇ ਬਾਲ ਗੁਰੂ ਹਰਿਗੋਬਿੰਦ ਜੀ ਦਾ ਆਗਮਨ 5 ਜੁਲਾਈ 1595 ਨੂੰ ਹੋਇਆ।

ਆਪ ਜੀ ਦੀ ਵਿਦਿਆ ਅਤੇ ਸ਼ਸਤਰਾਂ ਦੀ ਸਿਖਲਾਈ ਬਾਬਾ ਬੁੱਢਾ ਜੀ ਦੀ ਨਿਗਰਾਨੀ ਹੇਠ ਹੋਈ। ਆਪ ਜਲਦੀ ਹੀ ਨਿਪੁੰਨ ਮਹਾਂਬਲੀ ਯੋਧਾ ਬਣ ਗਏ। ਜਦੋਂ ਆਪ ਜੀ ਦੀ ਉਮਰ ਗਿਆਰਾਂ ਕੁ ਸਾਲ ਸੀ ਤਦ ਹੀ ਬਾਦਸ਼ਾਹ ਜਹਾਂਗੀਰ ਨੇ ਧਾਰਮਿਕ ਈਰਖਾ ਹੇਠ ਗੁਰੂ ਅਰਜਨ ਦੇਵ ਸਾਹਿਬ ਜੀ ਨੂੰ ਲਾਹੌਰ ਤਲਬ ਕੀਤਾ। ਸਮਰੱਥ ਗੁਰੂ ਜਾਣ ਗਏ ਸਨ ਕਿ ਉਹਨਾਂ ਨੇ ਵਾਪਸ ਨਹੀਂ ਆਉਣਾ। ਆਉਣ ਵਾਲੇ ਸਮੇਂ ਵਿੱਚ ਜ਼ੁਲਮ ਵਿਰੁੱਧ ਹਥਿਆਰ ਚੁੱਕਣੇ ਪੈਣਗੇ। ਉਹਨਾਂ ਬਾਲ ਗੁਰੂ ਹਰਿਗੋਬਿੰਦ ਜੀ ਨੂੰ ਸੁਚੇਤ ਕੀਤਾ ਕਿ ਗੁਰਗੱਦੀ 'ਤੇ ਸ਼ਸਤਰਧਾਰੀ ਹੋ ਕੇ ਬੈਠਣਾ ਹੈ। ਦੁਸ਼ਮਣ ਖ਼ਿਲਾਫ਼ ਫ਼ੌਜ ਵੀ ਰੱਖਣੀ ਹੈ। ਇਸੇ ਫ਼ੌਜੀ ਕਾਰਵਾਈ ਨੂੰ ਅੱਗੇ ਜਾ ਕੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਫ਼ੌਜੀ ਖ਼ਾਲਸੇ ਦਾ ਰੂਪ ਦਿੱਤਾ।

ਗੁਰੂ ਹਰਿਗੋਬਿੰਦ ਸਾਹਿਬ ਜੀ 25 ਮਈ 1606 ਨੂੰ ਗੁਰਗੱਦੀ 'ਤੇ ਬਿਰਾਜਮਾਨ ਹੋਏ। ਚੜ੍ਹਦੀਕਲਾ ਅਤੇ ਸਰਬੱਤ ਦੇ ਭਲੇ ਦੇ ਰਾਹ ਤੁਰਨ ਲਈ ਆਪ ਜੀ ਨੇ ਦੋ ਤਲਵਾਰਾਂ ਮੀਰੀ ਅਤੇ ਪੀਰੀ ਧਾਰਨ ਕਰ ਲਈਆਂ। ਗੁਰੂ ਜੀ ਨੇ ਸੰਗਤਾਂ ਨੂੰ ਨਗਦ ਭੇਟਾ ਦੇਣ ਦੇ ਨਾਲ ਚੰਗੇ ਸ਼ਸਤਰ, ਚੰਗੇ ਘੋੜੇ ਅਤੇ ਜਵਾਨ ਭੇਂਟ ਕਰਨ ਲਈ ਕਿਹਾ। ਗੁਰੂ ਜੀ ਨੇ ਸਿੱਖਾਂ ਨੂੰ ਸ਼ਿਕਾਰ ਖੇਡਣ ਅਤੇ ਸ਼ਸਤਰ ਵਿਦਿਆ, ਘੋੜ ਸਵਾਰੀ ਦੇ ਅਭਿਆਸਾਂ ਨਾਲ ਸੂਰਮਿਆਂ ਦੀ ਫ਼ੌਜ ਬਣਾ ਲਈ। ਮਾਲਵੇ ਤੇ ਦੋਆਬੇ ਦੇ 500 ਜਵਾਨ ਗੁਰੂ ਜੀ ਦੀ ਮਦਦ ਵਿੱਚ ਅੱਗੇ ਆਏ। ਗੁਰੂ ਜੀ ਦੇ ਸਮਾਜਿਕ ਕੰਮਾਂ ਜਿਵੇਂ ਬਿਪਤਾ ਅਤੇ ਕਾਲ ਦੇ ਸਮੇਂ ਸੰਗਤਾਂ ਦੀ ਸੇਵਾ ਕਰਨ ਅਤੇ ਸਾਂਝੀਵਾਲਤਾ ਦੇ ਉਪਦੇਸ਼ ਤੋਂ ਪ੍ਰਭਾਵਿਤ ਹੋ ਕੇ ਕਈ ਮੁਸਲਮਾਨ ਵੀ ਗੁਰੂ ਜੀ ਦੀ ਫ਼ੌਜ ਵਿੱਚ ਭਰਤੀ ਹੋ ਗਏ।

ਸੰਨ 1609 ਵਿੱਚ ਗੁਰੂ ਜੀ ਨੇ ਅਕਾਲ ਤਖ਼ਤ ਸਾਹਿਬ ਦੀ ਉਸਾਰੀ ਹਰਿਮੰਦਰ ਸਾਹਿਬ ਜੀ ਦੇ ਸਾਹਮਣੇ ਕਰ ਲਈ। ਸੂਰਮਿਆਂ ਵਿੱਚ ਬੀਰ ਰਸ ਭਰਨ ਲਈ ਯੋਧਿਆਂ ਦੀਆਂ ਵਾਰਾਂ ਦਾ ਗਾਇਨ ਸ਼ੁਰੂ ਕੀਤਾ। ਪਹਿਲਾ ਢਾਡੀ ਅਬਦੁੱਲਾ ਸੀ। ਗੁਰੂ ਜੀ ਦੀ ਵਧਦੀ ਹਰਮਨ ਪਿਆਰਤਾ ਤੋਂ ਜਹਾਂਗੀਰ ਔਖਾ ਸੀ। ਜਿੰਨਾ ਨਾਲ ਬੜਾ ਮਾੜਾ ਸਲੂਕ ਹੋ ਰਿਹਾ ਸੀ, ਉਹ ਸਾਰੇ ਗੁਰੂ ਜੀ ਦੇ ਸਤਸੰਗੀ ਬਣ ਗਏ। ਫ਼ਕੀਰ ਮੀਆਂ ਮੀਰ ਦੇ ਕਹਿਣ 'ਤੇ ਗੁਰੂ ਜੀ ਦੀ ਰਿਹਾਈ ਦੇ ਹੁਕਮ ਹੋਏ। ਗੁਰੂ ਜੀ ਨੇ 52 ਰਾਜੇ ਵੀ ਰਿਹਾਅ ਕਰਨ 'ਤੇ ਸਹਿਮਤੀ ਦਿੱਤੀ। ਬਾਦਸ਼ਾਹ ਨੂੰ 52 ਰਾਜੇ ਵੀ ਰਿਹਾਅ ਕਰਨੇ ਪਏ। ਉਪਰੰਤ ਗੁਰੂ ਜੀ ਦਰਬਾਰ ਸਾਹਿਬ ਅੰਮ੍ਰਿਤਸਰ ਪੁੱਜੇ ਤਾਂ ਉਸ ਦਿਨ ਨੂੰ ਬੰਦੀ ਛੋੜ ਦਿਵਸ ਮਨਾਇਆ ਜਾਂਦਾ ਹੈ।

ਗੁਰੂ ਜੀ ਦਾ ਜੰਗੀ ਜੀਵਨ : ਅੰਮ੍ਰਿਤਸਰ ਦੀ ਜੰਗ: ਮੁਗਲ ਬਾਦਸ਼ਾਹ ਜਹਾਂਗੀਰ ਦੀ 1627 ਵਿੱਚ ਮੌਤ ਹੋ ਗਈ, ਉਸ ਦਾ ਪੁੱਤਰ ਸ਼ਾਹ ਜਹਾਂ ਤਖ਼ਤ 'ਤੇ ਬੈਠਾ। ਸਮੇਂ ਦੇ ਹਾਕਮਾਂ ਨੇ ਸਿੱਖਾਂ ਦੇ ਵਿਰੁੱਧ ਉਸ ਦੇ ਕੰਨ ਭਰੇ। ਉਹ ਸਿੱਖਾਂ ਨਾਲ ਟੱਕਰ ਲੈਣ ਦਾ ਬਹਾਨਾ ਲੱਭਦਾ ਸੀ। 1628 ਨੂੰ ਅੰਮ੍ਰਿਤਸਰ ਦੇ ਨੇੜੇ ਗੁਮਟਾਲਾ ਵਿਖੇ ਸ਼ਾਹੀ ਸ਼ਿਕਾਰ ਖੇਡਿਆ ਜਾ ਰਿਹਾ ਸੀ, ਉਧਰ ਹੀ ਸਿੱਖਾਂ ਦਾ ਅਭਿਆਸੀ ਜਥਾ ਵੀ ਸ਼ਿਕਾਰ ਖੇਡ ਰਿਹਾ ਸੀ। ਬਾਦਸ਼ਾਹ ਦਾ ਇੱਕ ਬਾਜ਼ ਸਿੱਖਾਂ ਦੇ ਹੱਥ ਆ ਗਿਆ। ਬਾਦਸ਼ਾਹ ਦੇ ਸ਼ਿਕਾਰੀ ਬੜੇ ਰੋਹਬ ਨਾਲ ਬਾਜ਼ ਵਾਪਿਸ ਮੰਗਣ ਆਏ। ਸਿੱਖਾਂ ਨੇ ਬਾਜ਼ ਨਾ ਮੋੜਿਆ, ਬਾਦਸ਼ਾਹ ਸ਼ਾਹ ਜਹਾਨ ਨੇ ਗੁਰੂ ਜੀ ਨੂੰ ਗ੍ਰਿਫ਼ਤਾਰ ਕਰਕੇ ਲਾਹੌਰ ਲਿਆਉਣ ਲਈ ਮੁਖਲਿਸ ਖਾਂ ਦੀ ਕਮਾਨ ਹੇਠ ਸੱਤ ਹਜ਼ਾਰ ਦੀ ਫ਼ੌਜ ਭੇਜੀ।

ਗੁਰੂ ਜੀ ਆਪਣੀ ਸਪੁੱਤਰੀ ਬੀਬੀ ਵੀਰੋ ਜੀ ਦੇ ਵਿਆਹ ਦੀ ਤਿਆਰੀ ਵਿੱਚ ਸਨ। ਗੁਰੂ ਜੀ ਦੀ ਕੋਈ ਜੰਗੀ ਤਿਆਰੀ ਵੀ ਨਹੀਂ ਸੀ। ਜੰਗੀ ਸਮਾਨ ਵੀ ਕਾਫ਼ੀ ਨਹੀਂ ਸੀ। ਮੁਗਲਾਂ ਨੇ ਪਹਿਲਾਂ ਲੋਹਗੜ੍ਹ ਦੇ ਕਿਲੇ 'ਤੇ ਹਮਲਾ ਕੀਤਾ। ਥੋੜੇ ਜਿਹੇ ਸਿੱਖਾਂ ਨੇ ਸਖ਼ਤ ਮੁਕਾਬਲਾ ਕੀਤਾ। ਮੁਗਲਾਂ ਨੇ ਸ਼ਹਿਰ ਨੂੰ ਲੁੱਟਿਆ। ਉਹਨਾਂ ਨੇ ਗੁਰੂ ਜੀ ਦੀ ਜਾਇਦਾਦ ਅਤੇ ਪਵਿੱਤਰ ਨਿਵਾਸ ਨੂੰ ਵੀ ਲੁੱਟਿਆ। ਦੂਸਰੇ ਦਿਨ ਲੜਾਈ ਪਿਪਲੀ ਸਾਹਿਬ ਦੇ ਕੋਲ ਖ਼ਾਲਸਾ ਕਾਲਜ ਵਾਲੀ ਥਾਂ 'ਤੇ ਹੋਈ। ਗੁਰੂ ਜੀ ਦੇ ਨਾਲ ਸੂਰਬੀਰ ਯੋਧੇ ਭਾਈ ਬਿਧੀ ਚੰਦ, ਭਾਈ ਜੇਠਾ ਅਤੇ ਪੈਂਦੇ ਖਾਂ ਆਦਿ ਸਨ। ਸਿੰਘਾਂ ਨੇ ਮੁਗਲਾਂ ਨੂੰ ਬਹੁਤ ਭਜਾਇਆ। ਤੀਸਰੇ ਦਿਨ ਦੀ ਲੜਾਈ ਵਿੱਚ ਭਾਰੀ ਕਤਲੇਆਮ ਹੋਇਆ। ਗੁਰੂ ਜੀ ਨੇ ਲੱਕੜ ਦੀ ਤੋਪ ਚਲਾਈ। ਦੁਸ਼ਮਣ ਦੀ ਗਿਣਤੀ ਵਧੇਰੇ ਸੀ। ਗੁਰੂ ਜੀ ਕੋਲ 700 ਸਿਪਾਹੀ ਸਨ। ਗੁਰੂ ਜੀ ਨੇ ਆਪਣਾ ਪ੍ਰਵਾਰ ਸੁਰੱਖਿਅਤ ਝਬਾਲ ਭੇਜ ਦਿੱਤਾ। ਘਮਸਾਨ ਦੀ ਜੰਗ ਵਿੱਚ ਮੁਗਲਾਂ ਦੇ ਪੈਰ ਉਖੜ ਗਏ। ਗੁਰੂ ਜੀ ਨੇ ਖੰਡੇ ਨਾਲ ਮੁਖਲਿਸ ਖਾਂ ਦੇ ਟੋਟੇ ਕਰ ਦਿੱਤੇ। ਉਸ ਦੇ ਮਰਨ 'ਤੇ ਮੁਗਲ ਫ਼ੌਜ ਮੈਦਾਨ ਛੱਡ ਗਈ। ਮੁਗਲਾਂ ਅਤੇ ਸਿੱਖਾਂ ਦੀ ਇਸ ਪਹਿਲੀ ਹਥਿਆਰਬੰਦ ਜੰਗ ਵਿੱਚ ਗੁਰੂ ਜੀ ਦੀ ਪਹਿਲੀ ਜਿੱਤ ਸੀ। ਅਗਲੇ ਦਿਨ ਗੁਰੂ ਜੀ ਨੇ ਬੀਬੀ ਵੀਰੋ ਦਾ ਵਿਆਹ ਝਬਾਲ ਦੇ ਚੌਧਰੀ ਭਾਈ ਲੰਗਾਹ ਦੇ ਘਰ ਕਰ ਦਿੱਤਾ। ਇਸ ਪਹਿਲੀ ਜੰਗ ਦੀ ਯਾਦ ਵਿੱਚ ਗੁਰਦੁਆਰਾ ਸੰਗਰਾਵਾਂ ਸਾਹਿਬ ਸੁਸ਼ੋਭਿਤ ਹੈ।

**ਹਰਿਗੋਬਿੰਦਪੁਰ ਦੀ ਜੰਗ** (1630) : ਅੰਮ੍ਰਿਤਸਰ ਦੀ ਜੰਗ ਤੋਂ ਬਾਅਦ ਗੁਰੂ ਜੀ ਅੰਮ੍ਰਿਤਸਰ ਛੱਡ ਕੇ ਜਲੰਧਰ ਦੋਆਬੇ ਵਾਲੇ ਕਰਤਾਰਪੁਰ ਸਾਹਿਬ ਚਲੇ ਗਏ। ਉਥੋਂ ਆਪ ਗੁਰਦਾਸਪੁਰ ਦੇ ਨਗਰ ਗੋਬਿੰਦਪੁਰ ਗਏ। ਗੁਰੂ ਅਰਜਨ ਦੇਵ ਸਾਹਿਬ ਨੇ ਇਹ ਨਗਰ ਵਸਾਇਆ ਸੀ ਕਿਉਂਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਇਸ ਨਗਰ ਦਾ ਵਿਸਥਾਰ ਕੀਤਾ ਤਾਂ ਇਸ ਦਾ ਨਾਉਂ ਹਰਿਗੋਬਿੰਦਪੁਰ ਪੈ ਗਿਆ। ਇੱਥੋਂ ਦਾ ਮਾਲੀਆ ਅਧਿਕਾਰੀ ਭਗਵਾਨ ਦਾਸ ਘਰੋੜ ਸਿੱਖਾਂ ਨਾਲ ਈਰਖਾ ਕਰਦਾ ਸੀ। ਸੰਨ 1630 ਵਿੱਚ ਉਹ ਇੱਕ ਜੰਗ ਵਿੱਚ ਮਾਰਿਆ ਗਿਆ ਸੀ। ਉਸ ਦੇ ਪੁੱਤਰ ਰਤਨ ਚੰਦ ਨੇ ਜਲੰਧਰ ਦੇ ਫ਼ੌਜਦਾਰ ਅਬਦੁੱਲਾਂ ਖਾਂ ਪਾਸੋਂ ਮਦਦ ਮੰਗੀ। ਉਸ ਨੇ ਚੜ੍ਹਾਈ ਕਰ ਦਿੱਤੀ। ਤਿੰਨ ਦਿਨ ਸਖ਼ਤ ਜੰਗ ਹੋਈ। ਅਬਦੁੱਲਾ ਖਾਂ ਤੇ ਰਤਨ ਚੰਦ ਨੂੰ ਗੁਰੂ ਜੀ ਨੇ ਮਾਰ ਮੁਕਾਇਆ। ਜਲੰਧਰ ਦੀ ਫ਼ੌਜ ਮੈਦਾਨ ਛੱਡ ਗਈ। ਗੁਰੂ ਜੀ ਨੇ ਜੰਗੀ ਸ਼ਹੀਦਾਂ ਦਾ ਸਸਕਾਰ ਕੀਤਾ, ਜਿੱਥੇ ਗੁਰਦੁਆਰਾ ਦਮਦਮਾ ਸਾਹਿਬ ਸੁਸ਼ੋਭਿਤ ਹੈ।

**ਮਹਿਰਾਜ ਦੀ ਜੰਗ।** (1631) : ਕਾਬਲ ਦਾ ਮਸੰਦ ਗੁਰੂ ਜੀ ਵਾਸਤੇ ਬਹੁਤ ਹੀ ਵਧੀਆ ਨਸਲ ਦੇ ਘੋੜੇ ਲੈ ਆਇਆ। ਲਾਹੌਰ ਦੇ ਸੂਬੇਦਾਰ ਨੇ ਉਹ ਘੋੜੇ ਖੋਹ ਲਏ। ਭਾਈ ਬਿਧੀ ਚੰਦ ਆਪਣੀ ਜੁਗਤ ਨਾਲ ਉਹ ਘੋੜੇ ਵਾਪਿਸ ਲੈ ਆਇਆ। ਲਲਾਬੇਗ ਅਤੇ ਕਰਮਬੇਗ ਦੀ ਕਮਾਨ ਹੇਠ 20 ਕੁ ਹਜ਼ਾਰ ਦੀ ਫ਼ੌਜ ਗੁਰੂ ਜੀ ਦੇ ਵਿਰੁੱਧ ਚੜ੍ਹ ਆਈ। ਸ਼ਾਹੀ ਫ਼ੌਜ 1631 ਵਿੱਚ ਸਤਲੁਜ ਤੋਂ ਪਾਰ ਆਈ। ਗੁਰੂ ਜੀ ਨੇ ਮਹਿਰਾਜ ਦੇ ਨੇੜੇ ਨਥਾਣੇ ਦੀ ਢਾਬ ਮੋਰਚੇ ਲਾ ਲਏ। ਦੋ ਦਿਨ ਦੀ ਸਖ਼ਤ ਜੰਗ ਵਿੱਚ ਲੋਥਾਂ ਦੇ ਢੇਰ ਲੱਗ ਗਏ। ਲੱਲਾ ਬੇਗ ਨੇ ਗੁਰੂ ਜੀ ਨੂੰ ਆਹ ਮੋ ਸਾਹਮਣੇ ਜੰਗ ਕਰਨ ਲਈ ਲਲਕਾਰਿਆ। ਪਹਿਲਾਂ ਤੀਰਾਂ ਨਾਲ ਜੰਗ ਹੋਈ। ਫਿਰ ਤਲਵਾਰਾਂ ਨਾਲ। ਲੱਲਾਬੇਗ ਮਾਰਿਆ ਗਿਆ। ਉਸ ਦੀ ਫ਼ੌਜ ਵੀ ਭੱਜ ਗਈ। ਇਸ ਜੰਗ ਵਿੱਚ 1200 ਸਿੰਘ ਸ਼ਹੀਦ ਹੋਏ। ਸ਼ਾਹੀ ਫ਼ੌਜ ਦਾ ਇਸ ਤੋਂ ਵੀ ਵੱਧ ਨੁਕਸਾਨ ਹੋਇਆ। ਸ਼ਹੀਦ ਸਿੰਘਾਂ ਦਾ ਸਸਕਾਰ ਕੀਤਾ। ਜੰਗ ਦੀ ਜਗ੍ਹਾ 'ਤੇ ਗੁਰੂ ਜੀ ਨੇ ਤਾਲ ਬਣਾਇਆ।

**ਕਰਤਾਰਪੁਰ ਦੀ ਜੰਗ** (1634): ਮਹਿਰਾਜ ਦੀ ਜੰਗ ਤੋਂ ਬਾਅਦ ਗੁਰੂ ਜੀ ਕਰਤਾਰਪੁਰ ਜਲੰਧਰ ਚਲੇ ਗਏ। ਕੁਝ ਸਮਾਂ ਪਹਿਲਾਂ ਵੀ ਜਦੋਂ ਗੁਰੂ ਜੀ ਕਰਤਾਰਪੁਰ ਠਹਿਰੇ ਸਨ ਤਾਂ ਉਹਨਾਂ ਕੁਝ ਮੁਸਲਮਾਨ ਪਠਾਣ ਨੌਕਰ ਰੱਖੇ ਸਨ। ਇਹਨਾਂ ਵਿੱਚ ਪੈਂਦੇ ਖਾਂ ਵੀ ਗੁਰੂ ਜੀ ਦਾ ਵਫ਼ਾਦਾਰ ਸੀ। ਪਿਪਲੀ ਸਾਹਿਬ-ਅੰਮ੍ਰਿਤਸਰ ਦੀ ਜੰਗ ਵਿੱਚ ਇਸ ਨੇ ਚੰਗੇ ਜੰਗੀ ਜੌਹਰ ਵਿਖਾਏ ਸਨ। ਫਿਰ ਉਸ ਨੂੰ ਹੰਕਾਰ ਹੋ ਗਿਆ ਕਿ ਗੁਰੂ ਜੀ ਦੀ ਜੰਗੀ ਸ਼ਕਤੀ ਉਸ ਦੇ ਕਰਕੇ ਹੀ ਹੈ। ਗੁਰੂ ਜੀ ਨੇ ਉਸ ਨੂੰ ਨੌਕਰੀ ਤੋਂ ਕੱਢ ਦਿੱਤਾ। ਉਹ ਬਾਦਸ਼ਾਹ ਕੋਲ ਜਾ ਨੌਕਰ ਹੋਇਆ। ਉਸ ਨੇ ਬਾਦਸ਼ਾਹ ਨੂੰ ਗੁਰੂ ਜੀ ਵਿਰੁੱਧ ਤਗੜੀ ਫ਼ੌਜ ਭੇਜਣ ਲਈ ਉਕਸਾਇਆ। ਸ਼ਾਹੀ ਫ਼ੌਜ ਦੀ ਕਮਾਨ ਕਾਲ਼ੇ ਖਾਂ ਕੋਲ ਸੀ। ਕਾਲ਼ੇ ਖਾਂ ਅੰਮ੍ਰਿਤਸਰ ਦੀ ਜੰਗ ਵਿੱਚ ਮਾਰੇ ਗਏ ਮੁਖਲਿਸ ਖਾਂ ਦਾ ਭਰਾ ਸੀ। ਪੈਂਦੇ ਖਾਂ ਅਤੇ ਜਲੰਧਰ ਦਾ ਫ਼ੌਜਦਾਰ ਕਤੱਬ ਖਾਂ ਉਸ ਦੇ ਸਹਾਇਕ ਸਨ।

ਸੰਨ 1634 ਵਿੱਚ ਕਰਤਾਰਪੁਰ ਦੀ ਜੰਗ ਹੋਈ। ਸ਼ਾਹੀ ਫ਼ੌਜ ਨੇ ਸ਼ਹਿਰ ਨੂੰ ਘੇਰਾ ਪਾ ਲਿਆ। ਸਿੰਘਾਂ ਨੇ ਕਮਾਲ ਦੇ ਜੰਗੀ ਜੌਹਰ ਵਿਖਾਏ। ਇਸ ਧਰਮ ਜੰਗ ਦੀ ਅਗਵਾਈ ਬਾਬਾ ਗੁਰਦਿਤਾ ਜੀ ਅਤੇ ਭਾਈ ਬਿਧੀ ਚੰਦ ਜੀ ਕਰ ਰਹੇ ਸਨ। ਸਿੰਘਾਂ ਨੇ ਸ਼ਾਹੀ ਫ਼ੌਜ ਨੂੰ ਭੜਥੂ ਪਾ ਦਿੱਤਾ। ਬਾਲ ਗੁਰੂ ਤੇਗ ਬਹਾਦਰ ਜੀ ਵੀ 14 ਕੁ ਸਾਲਾਂ ਦੇ ਸਨ। ਕਮਾਲ ਦੀ ਬਹਾਦਰੀ ਨਾਲ ਲੜੇ। ਘਮਸਾਨ ਦੀ ਜੰਗ ਵਿੱਚ ਕਾਲੇ ਖਾਂ, ਅਸਮਾਨ ਖਾਂ ਆਦਿ ਪਠਾਣ ਮਾਰੇ ਗਏ। ਪੈਂਦੇ ਖਾਂ ਦੀ ਗੁਰੂ ਜੀ ਨਾਲ ਹੱਥੋਂ ਹੱਥ ਜੰਗ ਹੋਈ। ਗੁਰੂ ਜੀ ਨੇ ਉਸ ਨੂੰ ਪਹਿਲਾਂ ਵਾਰ ਕਰਨ ਅਤੇ ਸਾਰਾ ਗੁੱਸਾ ਕੱਢ ਲੈਣ ਦਾ ਮੌਕਾ ਦਿੱਤਾ। ਉਸ ਦੇ ਸਾਰੇ ਵਾਰ ਨਾਕਾਮ ਹੋਏ। ਗੁਰੂ ਜੀ ਨੇ ਤਲਵਾਰ ਨਾਲ ਅਜਿਹਾ ਵਾਰ ਕੀਤਾ ਕਿ ਉਹ ਗੁਰੂ ਜੀ ਦੇ ਚਰਨਾ ਵਿੱਚ ਡਿੱਗ ਪਿਆ। ਗੁਰੂ ਜੀ ਨੇ ਕਿਹਾ ਕਿ ਹੁਣ ਆਪਣੇ ਧਰਮ ਦੀਆਂ ਕਲਮਾਂ ਪੜ੍ਹਨ ਦਾ ਵੇਲਾ ਹੈ। ਉਹ ਆਖਰੀ ਸਾਹਾਂ 'ਤੇ ਸੀ। ਗੁਰੂ ਜੀ ਨੇ ਧੁੱਪ ਤੋਂ ਬਚਾਉਣ ਲਈ ਆਪਣੀ ਢਾਲ ਨਾਲ ਉਸ ਦੇ ਚਿਹਰੇ 'ਤੇ ਛਾਂ ਕੀਤੀ। ਉਸ ਨੇ ਕਿਹਾ ਕਿ ਗੁਰੂ ਜੀ ਤੁਹਾਡੀ ਤਲਵਾਰ ਹੀ ਮੇਰਾ ਕਲਮਾ ਤੇ ਮੁਕਤੀ ਦਾਤਾ ਹੈ। ਪੈਂਦੇ ਖਾਂ ਦੇ ਮਰਨ 'ਤੇ ਸ਼ਾਹੀ ਫ਼ੌਜ ਵਿੱਚ ਭਗਦੜ ਮੱਚ ਗਈ, ਉਹ ਨੱਸ ਗਏ। ਗੁਰੂ ਜੀ ਪਰਿਵਾਰ ਸਮੇਤ ਕੀਰਤਪੁਰ ਨੂੰ ਤੁਰ ਪਏ।

**ਕੀਰਤਪੁਰ ਦੀ ਜੰਗ** (1634): ਇਹ ਜੰਗ ਗੁਰੂ ਜੀ ਦੇ ਜੰਗੀ ਜੀਵਨ ਦੀ ਆਖ਼ਰੀ ਜੰਗ ਸੀ। ਸੰਨ 1634 ਦੀ ਇਹ ਜੰਗ ਪਡਿਆਲਾ ਜੰਗ ਕਰਕੇ ਵੀ ਜਾਣੀ ਜਾਂਦੀ ਹੈ। **(ਬਾਕੀ ਸਫ਼ਾ 31 'ਤੇ)**







# ਜਾਨਲੇਵਾ ਹੋ ਸਕਦੈ ਵਾਤਾਵਰਣ ਪ੍ਰਦੂਸ਼ਣ



ਕੁਝ ਸਮਾਂ ਪਹਿਲਾਂ ਆਈ ਸੰਯੁਕਤ ਰਾਸ਼ਟਰ ਦੀ ਇੱਕ ਰਿਪੋਰਟ ਵਿੱਚ ਕਿਹਾ ਗਿਆ ਸੀ ਕਿ ਅੰਦਰੂਨੀ ਅਤੇ ਬਾਹਰੀ ਹਵਾ ਪ੍ਰਦੂਸ਼ਣ ਕਾਰਨ ਹਰ ਸਾਲ ਲਗਭਗ 70 ਲੱਖ ਲੋਕ ਸਮੇਂ ਤੋਂ ਪਹਿਲਾਂ ਹੀ ਮਰ ਜਾਂਦੇ ਹਨ, ਜਿਨ੍ਹਾਂ ਵਿੱਚ 6 ਲੱਖ ਬੱਚੇ ਵੀ ਸ਼ਾਮਲ ਹਨ। ਇਸ ਜਾਣਕਾਰੀ ਦੇ ਆਧਾਰ ’ਤੇ ਹੀ ਅਸੀਂ ਅੰਦਾਜ਼ਾ ਲਗਾ ਸਕਦੇ ਹਾਂ ਕਿ ਵਾਤਾਵਰਣ ਪ੍ਰਦੂਸ਼ਣ ਸਾਡੀ ਸਿਹਤ ਲਈ ਕਿੰਨਾ ਜ਼ਹਿਰ ਬਣਦਾ ਜਾ ਰਿਹਾ ਹੈ। ਅੱਜ ਹਵਾ ਤੋਂ ਲੈ ਕੇ ਪਾਣੀ, ਫਲ ਅਤੇ ਸਬਜ਼ੀਆਂ, ਇੱਥੋਂ ਤੱਕ ਕਿ ਰੋਜ਼ਾਨਾ ਦੀਆਂ ਚੀਜ਼ਾਂ ਵੀ ਪ੍ਰਦੂਸ਼ਿਤ ਹੋ ਗਈਆਂ ਹਨ ਅਤੇ ਕਈ ਬਿਮਾਰੀਆਂ ਦਾ ਘਰ ਬਣ ਗਈਆਂ ਹਨ।

### ਪ੍ਰਦੂਸ਼ਿਤ ਹਵਾ ਕਾਰਨ ਹੋਣ ਵਾਲੀਆਂ ਬਿਮਾਰੀਆਂ

ਪ੍ਰਦੂਸ਼ਿਤ ਹਵਾ ਵਿੱਚ ਸਾਹ ਲੈਣ ਨਾਲ ਨਾ ਸਿਰਫ਼ ਸਾਹ ਦੀਆਂ ਬਿਮਾਰੀਆਂ ਹੁੰਦੀਆਂ ਹਨ ਸਗੋਂ ਮੌਤ ਵੀ ਹੁੰਦੀ ਹੈ। ਜਦੋਂ ਹਵਾ ਵਿੱਚ ਪ੍ਰਦੂਸ਼ਕਾਂ ਦੀ ਗਿਣਤੀ ਬਹੁਤ ਜ਼ਿਆਦਾ ਵਧ ਜਾਂਦੀ ਹੈ, ਤਾਂ ਸਾਹ ਲੈਣ ਵਿੱਚ ਕਈ ਸਮੱਸਿਆਵਾਂ ਤੋਂ ਇਲਾਵਾ ਅੱਖਾਂ ਵਿੱਚ ਜਲਨ ਅਤੇ ਖੁਜਲੀ ਸ਼ੁਰੂ ਹੋ ਜਾਂਦੀ ਹੈ। ਦਮੇ ਤੋਂ ਇਲਾਵਾ ਸਾਹ ਦੀਆਂ ਕਈ ਬਿਮਾਰੀਆਂ ਪੈਦਾ ਹੁੰਦੀਆਂ ਹਨ। ਸਾਲ 2017 ਵਿੱਚ ਹਵਾ ਪ੍ਰਦੂਸ਼ਣ ਕਾਰਨ ਕਰੀਬ 12.4 ਲੱਖ ਮੌਤਾਂ ਹੋਈਆਂ। ਅੱਜ ਲੋਕ ਤਣਾਅ, ਡਿਪਰੈਸ਼ਨ, ਸ਼ੂਗਰ ਅਤੇ ਹਾਰਟ ਅਟੈਕ ਵਰਗੀਆਂ ਬਿਮਾਰੀਆਂ ਦੀ ਲਪੇਟ ਵਿੱਚ ਹਨ, ਜਿਨ੍ਹਾਂ ਦਾ ਜਨਮ ਹਵਾ ਪ੍ਰਦੂਸ਼ਣ ਹੈ। ਇਕ ਤਾਜ਼ਾ ਅਧਿਐਨ ਮੁਤਾਬਕ ਟ੍ਰੈਫ਼ਿਕ ਨਾਲ ਸਬੰਧਿਤ ਪ੍ਰਦੂਸ਼ਣ ਦਾ ਬੱਚਿਆਂ ਦੇ ਦਿਮਾਗ ’ਤੇ ਬੁਰਾ ਪ੍ਰਭਾਵ ਪੈਂਦਾ ਹੈ ਅਤੇ ਇਹ ਕਈ ਮਾਨਸਿਕ ਵਿਗਾੜਾਂ ਨੂੰ ਜਨਮ ਦਿੰਦਾ ਹੈ। ਇਕ ਹੋਰ ਅਧਿਐਨ ਮੁਤਾਬਕ ਪ੍ਰਦੂਸ਼ਣ ਕਾਰਨ ਗਰਭਪਾਤ ਦਾ ਵੀ ਖਤਰਾ ਰਹਿੰਦਾ ਹੈ।

### ਪ੍ਰਦੂਸ਼ਣ ਦੇ ਮੁੱਖ ਕਾਰਨ

ਹਵਾ ਪ੍ਰਦੂਸ਼ਣ ਦੇ ਕਈ ਕਾਰਨ ਹਨ, ਜਿਨ੍ਹਾਂ ਵਿੱਚੋਂ ਮੁੱਖ ਕਾਰਖ਼ਾਨਿਆਂ ਅਤੇ ਕਾਰਖ਼ਾਨਿਆਂ ਵਿੱਚੋਂ ਨਿਕਲਦਾ ਧੂੰਆਂ, ਸਸਪੈਂਡਡ ਪਾਰਟੀਕੁਲੇਟ ਮੈਟਰ, ਲੀਡ ਅਤੇ ਨਾਈਟ੍ਰੋਜਨ ਆਕਸਾਈਡ ਆਦਿ ਹਨ।

ਕੂੜਾ ਵਾਤਾਵਰਣ ਨੂੰ ਪ੍ਰਦੂਸ਼ਿਤ ਕਰਨ ਵਿੱਚ ਵੀ ਅਹਿਮ ਭੂਮਿਕਾ ਨਿਭਾ ਰਿਹਾ ਹੈ। ਕੂੜਾ-ਕਰਕਟ ਨੂੰ ਵੱਖ-ਵੱਖ ਥਾਂਵਾਂ ’ਤੇ ਸਾੜਨ ਅਤੇ ਸੁੱਟਣ ਨਾਲ ਕਈ ਹਾਨੀਕਾਰਕ ਗੈਸਾਂ ਪੈਦਾ ਹੁੰਦੀਆਂ ਹਨ ਅਤੇ ਸਾਫ਼ ਹਵਾ ਵਿੱਚ ਰਲਣ ’ਤੇ ਇਸ ਨੂੰ ਜ਼ਹਿਰੀਲਾ ਬਣਾ ਦਿੰਦੀਆਂ ਹਨ।

ਜਿਸ ਤਰ੍ਹਾਂ ਸਿਹਤਮੰਦ ਜੀਵਨ ਜਿਊਣ ਲਈ ਸਾਫ਼ ਹਵਾ ਦੀ ਲੋੜ ਹੁੰਦੀ ਹੈ, ਉਸੇ ਤਰ੍ਹਾਂ ਸਾਫ਼ ਪਾਣੀ ਦੀ ਵੀ ਲੋੜ ਹੁੰਦੀ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ‘ਪਾਣੀ ਹੀ ਜੀਵਨ ਹੈ’ ਪਰ ਅੱਜ ਇਹ ਪਾਣੀ ਕਈ ਭਿਆਨਕ ਬਿਮਾਰੀਆਂ ਨੂੰ ਜਨਮ ਦੇ ਰਿਹਾ ਹੈ। ਇਸ ਦਾ ਕਾਰਨ ਪਾਣੀ ਦਾ ਪ੍ਰਦੂਸ਼ਣ ਹੈ।

ਫੈਕਟਰੀਆਂ ਅਤੇ ਕਾਰਖ਼ਾਨਿਆਂ ਵਿੱਚੋਂ ਨਿਕਲਣ ਵਾਲਾ ਕੂੜਾ ਦਰਿਆਵਾਂ ਵਿੱਚ ਸੁੱਟਿਆ ਜਾਂਦਾ ਹੈ। ਗੰਦੇ ਨਾਲਿਆਂ ਵਿੱਚੋਂ ਨਿਕਲਣ ਵਾਲਾ ਪਾਣੀ ਦਰਿਆਵਾਂ ਵਿੱਚ ਰਲ ਕੇ ਇਸ ਨੂੰ ਪ੍ਰਦੂਸ਼ਿਤ ਕਰਦਾ ਹੈ। ਇਹ ਪ੍ਰਦੂਸ਼ਿਤ ਪਾਣੀ ਡਾਇਰੀਆ, ਟਾਈਫ਼ਾਈਡ ਅਤੇ ਹੈਜ਼ਾ ਵਰਗੀਆਂ ਕਈ ਬਿਮਾਰੀਆਂ ਫੈਲਾਉਂਦਾ ਹੈ।

### ਵਾਤਾਵਰਣ ਪ੍ਰਦੂਸ਼ਣ ਨੂੰ ਰੋਕਣ ਲਈ ਕੀ ਕਰਨਾ ਹੈ

ਵਾਤਾਵਰਣ ਨੂੰ ਬਚਾਉਣ ਲਈ ਸਰਕਾਰ ਨੂੰ ਕੁਝ ਨੀਤੀਆਂ ਬਣਾਉਣੀਆਂ ਚਾਹੀਦੀਆਂ ਹਨ, ਪਰ ਇਸ ਤੋਂ ਇਲਾਵਾ ਸਾਨੂੰ ਆਪਣੇ ਪੱਧਰ ’ਤੇ ਵੀ ਕੁਝ ਕਦਮ ਚੁੱਕਣੇ ਚਾਹੀਦੇ ਹਨ। ਜਿਵੇਂ ਕਿ:

ਗਿੱਲਾ ਕੂੜਾ ਅਤੇ ਸੁੱਕਾ ਕੂੜਾ ਵੱਖ-ਵੱਖ ਡਸਟਬਿਨਾਂ ਵਿੱਚ ਰੱਖੋ। ਫਲ, ਸਬਜ਼ੀਆਂ ਜਾਂ ਚੀਜ਼ਾਂ ਜੋ ਰੀਸਾਈਕਲ ਕੀਤੀਆਂ ਜਾ ਸਕਦੀਆਂ ਹਨ, ਨੂੰ ਹਰੇ ਡਸਟਬਿਨ ਵਿੱਚ ਪਾਓ ਅਤੇ ਪਲਾਸਟਿਕ, ਕੱਚ, ਪੋਲੀਥੀਨ ਵਰਗੀਆਂ ਚੀਜ਼ਾਂ ਨੂੰ ਨੀਲੇ ਡਸਟਬਿਨ ਵਿੱਚ ਪਾਓ।

# ਨੱਕ ਤੱਕ ਆਇਆ ਬੁੱਢਾ ਦਰਿਆ ਦਾ ਪ੍ਰਦੂਸ਼ਣ





ਕਰਨਲ (ਰਿਟਾ.) ਜਸਜੀਤ ਸਿੰਘ ਗਿੱਲ

ਸਤਲੁਜ ਦਰਿਆ ਦੀ ਸਹਾਇਕ ਨਦੀ ਬੁੱਢਾ ਦਰਿਆ ਦੇ ਪ੍ਰਦੂਸ਼ਣ ਦੀ ਇੱਕ ਉਲਝੀ ਸਮੱਸਿਆ ਉਦੋਂ ਫ਼ੈਸਲਾਕੁਨ ਪੜਾਅ ’ਤੇ ਪਹੁੰਚ ਗਈ ਜਦੋਂ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਡਾਈਂਗ ਇਕਾਈਆਂ ਨੂੰ ਆਪਣਾ ਅਣਸੋਧਿਆ ਪਾਣੀ ਦਰਿਆ ਵਿੱਚ ਪਾਉਣੋਂ ਬੰਦ ਕਰਨ ਦੇ ਹੁਕਮ ਦੇ ਦਿੱਤੇ। ਲੁਧਿਆਣਾ, ਦੱਖਣੀ ਪੰਜਾਬ ਅਤੇ ਰਾਜਸਥਾਨ ਦੇ ਹਜ਼ਾਰਾਂ ਲੋਕਾਂ ਨੇ ‘ਕਾਲੇ ਪਾਣੀਆਂ ਦਾ ਮੋਰਚਾ’ ਬੈਨਰ ਹੇਠ ਇਕੱਤਰ ਹੋ ਕੇ ਲੁਧਿਆਣਾ ਦੇ ਬੁੱਢਾ ਦਰਿਆ ਵਿਚਲੇ ਹੱਦ ਦਰਜੇ ਦੇ ਪ੍ਰਦੂਸ਼ਣ ਖ਼ਿਲਾਫ਼ ਆਵਾਜ਼ ਉਠਾਈ ਸੀ। ਉਨ੍ਹਾਂ ਦੀ ਮੰਗ ਹੈ ਕਿ ਸਨਅਤੀ ਇਕਾਈਆਂ ਵੱਲੋਂ ਪੀਣ ਅਤੇ ਸਿੰਜਾਈ ਲਈ ਵਰਤੇ ਜਾਂਦੇ ਪਾਣੀ ਦਾ ਪ੍ਰਦੂਸ਼ਣ ਬੰਦ ਕੀਤਾ ਜਾਵੇ।

ਅਫ਼ਸੋਸਨਾਕ ਗੱਲ ਇਹ ਹੈ ਕਿ ਵੱਖ-ਵੱਖ ਸਮਿਆਂ ’ਤੇ ਆਈਆਂ ਸਰਕਾਰਾਂ ਅਤੇ ਨਾਲ ਹੀ ਸਿਆਸੀ ਪਾਰਟੀਆਂ ਦੀ ਰਾਜਸੀ ਇੱਛਾ ਨਾ ਹੋਣ ਕਰ ਕੇ ਇਹ ਸਮੱਸਿਆ ਬਣੀ ਹੋਈ ਹੈ ਕਿਉਂਕਿ ਉਨ੍ਹਾਂ ਨੂੰ ਚੋਣਾਂ ਲੜਨ ਵਾਸਤੇ ਸਨਅਤਾਂ ਤੋਂ ਫ਼ੰਡ ਖੁੱਸ ਜਾਣ ਦਾ ਡਰ ਹੈ ਹਾਲਾਂਕਿ ਪਾਣੀ ਦੇ ਪ੍ਰਦੂਸ਼ਣ ਕਰ ਕੇ ਦੋ ਕਰੋੜ ਤੋਂ ਵੱਧ ਲੋਕਾਂ ਦਾ ਜੀਵਨ ਪ੍ਰਭਾਵਿਤ ਹੋ ਰਿਹਾ ਹੈ। ਹਰ ਰੋਜ਼ ਲੱਖਾਂ ਲਿਟਰ ਅਣਸੋਧਿਆ ਸੀਵਰੇਜ ਸਿੱਧਾ ਬੁੱਢਾ ਦਰਿਆ ਵਿੱਚ ਪਾਇਆ ਜਾ ਰਿਹਾ ਹੈ।

ਇਸ ਤੋਂ ਪਹਿਲਾਂ ਲੁਧਿਆਣਾ ਨਗਰ ਨਿਗਮ ਨੇ ਗੰਦੇ ਪਾਣੀ ਦੀ ਸੁਧਾਈ ਲਈ ਇੰਟਰਮੀਡੀਏਟ ਪੰਪਿੰਗ ਸਟੇਸ਼ਨ (ਆਈ.ਪੀ.ਐੱਸ.) ਦੀ ਉਸਾਰੀ ਸ਼ੁਰੂ ਕਰਵਾਈ ਸੀ ਪਰ ਜ਼ਮੀਨ ਦੇ ਵਿਵਾਦ ਕਾਰਨ ਇਹ ਪ੍ਰਾਜੈਕਟ ਅੱਧ ਵਿਚਾਲੇ ਹੀ ਠੱਪ ਕਰ ਦਿੱਤਾ ਗਿਆ। ਬੁੱਢਾ ਦਰਿਆ ਦੇ ਦੋਵੇਂ ਪਾਸੀਂ ਜ਼ਮੀਨ ਉੱਪਰ ਬਹੁਤ ਜ਼ਿਆਦਾ ਕਬਜ਼ੇ ਹੋ ਚੁੱਕੇ ਹਨ। ਇਸ ਦਾ ਕੇਸ ਸੁਪਰੀਮ ਕੋਰਟ ਵਿੱਚ ਲਟਕ ਰਿਹਾ ਹੈ।

ਕਾਮਨ ਐਫ਼ਲੂਐਂਟ ਟ੍ਰੀਟਮੈਂਟ ਪਲਾਂਟ (ਸੀ.ਈ.ਟੀ.ਪੀ.) ਲੱਗਿਆ ਹੋਣ ਦੇ ਬਾਵਜੂਦ ਡਾਈਂਗ ਇੰਡਸਟਰੀ ਵੱਲੋਂ ਸਿੱਧੇ ਅਤੇ ਅਸਿੱਧੇ ਤੌਰ ’ਤੇ ਦਰਿਆ ਨੂੰ ਪ੍ਰਦੂਸ਼ਿਤ ਕੀਤਾ ਜਾ ਰਿਹਾ ਹੈ। ਕੇਂਦਰੀ ਅਤੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡਾਂ ਦੀਆਂ ਰਿਪੋਰਟਾਂ ਮੁਤਾਬਿਕ ਸਨਅਤ ਵੱਲੋਂ ਛੱਡਿਆ ਜਾਂਦਾ ਪਾਣੀ ਉਨ੍ਹਾਂ ਦੇ ਪੈਮਾਨਿਆਂ ’ਤੇ ਪੂਰਾ ਨਹੀਂ ਉੱਤਰਦਾ। ਇਸ ਕਰ ਕੇ ਮੌਜੂਦਾ ਸੰਕਟ ਪੈਦਾ ਹੋਇਆ ਹੈ। ਬਹੁਤ ਸਾਰੀਆਂ ਇਕਾਈਆਂ ਹਾਲੇ ਵੀ ਮਿਉਂਸਿਪਲ ਸੀਵਰੇਜ ਨਾਲ ਜੁੜੀਆਂ ਹੋਈਆਂ ਹਨ ਅਤੇ ਅਧਿਕਾਰੀਆਂ ਨੇ ਇਸ ਅਸਿੱਧੇ ਪ੍ਰਦੂਸ਼ਣ ਪ੍ਰਤੀ ਅੱਖਾਂ ਮੀਟੀਆਂ ਹੋਈਆਂ ਹਨ।

ਇਸ ਦਾ ਇਕਮਾਤਰ ਸੰਭਵ ਹੱਲ ਇਹ ਹੈ ਕਿ ਡਾਈਂਗ ਸਨਅਤ ਦੇ ਸੀਈਟੀਪੀਜ਼ ਲਈ ਜ਼ੀਰੋ ਲਿਕੁਇਡ ਡਿਸਚਾਰਜ (ਜ਼ੈਡ.ਐੱਲ.ਡੀ.) ਤਕਨਾਲੋਜੀ ਅਪਣਾਈ ਜਾਵੇ ਅਤੇ ਇਨ੍ਹਾਂ ਪਲਾਂਟਾਂ ਦੇ ਪਾਣੀ ਦੀ ਮੁੜ ਵਰਤੋਂ ਕੀਤੀ ਜਾਵੇ ਜਿਵੇਂ ਕਿ ਮਦਰਾਸ ਹਾਈਕੋਰਟ ਦੇ ਹੁਕਮਾਂ ਤੋਂ ਬਾਅਦ ਤਿਰੂਪੁਰ (ਤਾਮਿਲਨਾਡੂ) ਦੀ ਡਾਈਂਗ ਸਨਅਤ ਵੱਲੋਂ ਕੀਤਾ ਜਾਂਦਾ ਹੈ। 28 ਜਨਵਰੀ, 2011 ਨੂੰ ਮਦਰਾਸ ਹਾਈਕੋਰਟ ਨੇ ਤਿਰੂਪੁਰ ਦੀਆਂ 700 ਤੋਂ ਵੱਧ ਡਾਈਂਗ ਅਤੇ ਇਕਾਈਆਂ ਅਤੇ ਐਫ਼ਲੂਐਂਟ ਟ੍ਰੀਟਮੈਂਟ ਪਲਾਂਟ ਬੰਦ ਕਰਨ ਦਾ ਹੁਕਮ ਦਿੱਤਾ ਸੀ। ਇਸ ਨੇ ਸਨਅਤ ਨੂੰ ਜ਼ੈਡਐੱਲਡੀ ਤਕਨਾਲੋਜੀ ਨੂੰ ਧਾਰਨ ਕਰਨ ਦੇ ਨਿਰਦੇਸ਼ ਵੀ ਦਿੱਤੇ ਸਨ।

ਬੁੱਢਾ ਦਰਿਆ ਨੂੰ ਬਚਾਉਣ ਲਈ ਵੀ ਸਨਅਤ ਅਤੇ ਸਰਕਾਰ ਨੂੰ ਮਿਲ ਕੇ ਜ਼ੈੱਡ.ਐੱਲ.ਡੀ. ਤਕਨਾਲੋਜੀ ਅਪਣਾਉਣ ਦਾ ਖ਼ਾਕਾ ਤਿਆਰ ਕਰਨਾ ਚਾਹੀਦਾ ਹੈ ਜਿਸ ਵਾਸਤੇ ਕੇਂਦਰ ਸਰਕਾਰ ਤੋਂ ਵੀ ਮਦਦ ਮੰਗੀ ਜਾਣੀ ਚਾਹੀਦੀ ਹੈ। ਲੁਧਿਆਣਾ ਵਿੱਚ ਕਰੀਬ 2800 ਇਲੈਕਟਰੋਪਲੇਟਿੰਗ ਇਕਾਈਆਂ ਹਨ ਜਿਨ੍ਹਾਂ ’ਚੋਂ 1700 ਰਜਿਸਟਰਡ ਹਨ ਅਤੇ 300 ਇਕਾਈਆਂ ਦੀ ਰਜਿਸਟਰੇਸ਼ਨ ਦੀ ਕਤਾਰ ਵਿੱਚ ਲੱਗੀਆਂ ਹੋਈਆਂ ਹਨ ਜਦੋਂਕਿ ਬਾਕੀ ਦੀਆਂ ਇਕਾਈਆਂ ਗ਼ੈਰ-ਕਾਨੂੰਨੀ ਢੰਗ ਨਾਲ ਚੱਲ ਰਹੀਆਂ ਹਨ। ਰਜਿਸਟਰਡ ਇਕਾਈਆਂ ਵਲੋਂ 1.25 ਰੁਪਏ ਫ਼ੀ ਲਿਟਰ ਦੀ ਅਦਾਇਗੀ ਨਾਲ ਆਪਣੀ ਰਹਿੰਦ ਖੂੰਹਦ/ਵੇਸਟ ਵਾਟਰ ਨੂੰ ਟ੍ਰੀਟ ਕਰਵਾਇਆ ਜਾਂਦਾ ਹੈ। ਉਂਝ, ਇਨ੍ਹਾਂ ਇਕਾਈਆਂ ਦੇ ਮਾਲਕਾਂ ਦਾ ਦਾਅਵਾ ਹੈ ਕਿ ਲਗਭਗ 90 ਫ਼ੀਸਦ ਗੰਦਾ ਪਾਣੀ ਸਿੱਧੇ ਤੌਰ ’ਤੇ ਸੀਵਰੇਜ ਵਿੱਚ ਪਾ ਦਿੱਤਾ ਜਾਂਦਾ ਹੈ ਜਾਂ ਰਿਵਰਸ ਬੋਰਿੰਗ ਰਾਹੀਂ ਜ਼ਮੀਨ ਵਿੱਚ ਪਾਇਆ ਜਾਂਦਾ ਹੈ ਜਿਸ ਨਾਲ ਧਰਤੀ ਹੇਠਲੇ ਪਾਣੀ ਦੇ ਭੰਡਾਰ ਬਰਬਾਦ ਹੋ ਰਹੇ ਹਨ ਜਿਵੇਂ ਕਿ ਜ਼ੀਰਾ ਡਿਸਟਿਲਰੀ ਦੇ ਮਾਮਲੇ ਵਿੱਚ ਦੇਖਿਆ ਗਿਆ ਸੀ।



ਡਾਈਂਗ ਸਨਅਤ ਤੋਂ ਇਲਾਵਾ, ਸ਼ੀਟ ਮੈਟਲ ਇੰਡਸਟਰੀ ਵੱਲੋਂ ਵੀ ਦਰਿਆ ਨੂੰ ਪਲੀਤ ਕੀਤਾ ਜਾ ਰਿਹਾ ਹੈ ਜਿਸ ਵੱਲ ਅਜੇ ਬਹੁਤਾ ਧਿਆਨ ਨਹੀਂ ਦਿੱਤਾ ਗਿਆ। ਡਾਈਂਗ ਇੰਡਸਟਰੀ ਵੱਲੋਂ ਦੋਸ਼ ਲਾਇਆ ਜਾਂਦਾ ਹੈ ਕਿ ਸ਼ੀਟ ਮੈਟਲ ਇੰਡਸਟਰੀ ਇਹ ਪ੍ਰਦੂਸ਼ਣ ਫ਼ੈਲਾ ਰਹੀ ਹੈ ਕਿਉਂਕਿ ਇਸ ਵਿੱਚ ਹਾਈਡਰੋਕਲੋਰਿਕ ਐਸਿਡ (ਐੱਚ.ਸੀ.ਐੱਲ.) ਦੀ ਵਰਤੋਂ ਕੀਤੀ ਜਾਂਦੀ ਹੈ ਲੁਧਿਆਣਾ ਵਿੱਚ ਅਜਿਹਾ ਕੋਈ ਟ੍ਰੀਟਮੈਂਟ ਪਲਾਂਟ ਨਹੀਂ ਹੈ ਜੋ ਐੱਚ.ਸੀ.ਐੱਲ. ਨਾਲ ਪਲੀਤ ਹੋਏ ਪਾਣੀ ਨੂੰ ਸੋਧ ਸਕੇ। ਸ਼ੀਟ ਮੈਟਲ ਇੰਡਸਟਰੀ ਵੱਲੋਂ ਕਰੀਬ ਦੋ ਲੱਖ ਲਿਟਰ ਐਚ.ਸੀ.ਐਲ. ਐਸਿਡ ਵਾਲਾ ਪਾਣੀ ਸੀਵਰੇਜ ਵਿੱਚ ਸਿੱਧੇ ਤੌਰ ’ਤੇ ਪਾਇਆ ਜਾਂਦਾ ਹੈ। ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਅਧਿਕਾਰੀਆਂ ਵੱਲੋਂ ਭ੍ਰਿਸ਼ਟਾਚਾਰ ਕਰਨ ਦੇ ਇਲਜ਼ਾਮ ਮਾਮਲਿਆਂ ਨੂੰ ਹੋਰ ਵੀ ਗੁੰਝਲਦਾਰ ਬਣਾ ਰਹੇ ਹਨ। ਉਤਪਾਦਨ ਰੋਕਣਾ ਸਨਅਤਾਂ ਦੇ ਵੱਸ ’ਚ ਨਹੀਂ ਹੈ ਤੇ ਇਸ ਦੇ ਨਾਲ ਹੀ, ਉਹ ਪ੍ਰਦੂਸ਼ਣ ਬੋਰਡ ਦੇ ਨਿਯਮਾਂ ਨੂੰ ਵੀ ਨਹੀਂ ਮੰਨਣਾ ਚਾਹੁੰਦੇ ਕਿਉਂਕਿ ਉਹ ਦਾਅਵਾ ਕਰਦੇ ਹਨ ਕਿ ਉਨ੍ਹਾਂ ਨੂੰ ਅਜੇ ਵੀ ਪੀ.ਪੀ.ਸੀ.ਬੀ. ਅਧਿਕਾਰੀਆਂ ਨੂੰ ਰਿਸ਼ਵਤ ਦੇਣੀ ਪੈ ਰਹੀ ਹੈ। ਸੀਵਰੇਜ ਟਰੀਟਮੈਂਟ ਪਲਾਂਟਾਂ (ਐੱਸ.ਟੀ.ਪੀਜ਼) ਵਿੱਚ ਭਾਰੀਆਂ ਧਾਤੂਆਂ ਜਿਵੇਂ ਕਿ ਕਰੋਮੀਅਮ, ਨਿਕਲ, ਸੀਸਾ (ਲੈੱਡ) ਤੇ ਤਾਂਬੇ ਦੀ ਮੌਜੂਦਗੀ ਕੁਝ ਗ਼ਲਤ ਹੋਣ ਵੱਲ ਇਸ਼ਾਰਾ ਕਰਦੀਆਂ ਹਨ। ਇਨ੍ਹਾਂ ਦੀ ਸ਼ਨਾਖਤ ਲੈਬ ਟੈਸਟਾਂ ਵਿੱਚ ਹੋਈ ਹੈ। ਜ਼ਿਆਦਾਤਰ ਸਨਅਤਾਂ ਆਪਣੇ ਪ੍ਰਦੂਸ਼ਿਤ ਪਾਣੀ ਨੂੰ ਸੀਵਰੇਜ ਵਿੱਚ ਪਾ ਰਹੀਆਂ ਹਨ। ਸੰਕਟ ਹੋਰ ਵੀ ਗਹਿਰਾ ਹੋ ਗਿਆ ਹੈ ਕਿਉਂਕਿ ਬੁੱਢੇ ਦਰਿਆ ਦੀ ਐੱਸ.ਟੀ.ਪੀ. ਸਿਰਫ਼ ਸੀਵਰੇਜ ਸਾਫ਼ ਕਰ ਸਕਦੀ ਹੈ, ਰਸਾਇਣ ਨਹੀਂ। ਇੱਕੋ-ਇੱਕ ਹੱਲ ਮੌਜੂਦਾ ਤੇ ਭਵਿੱਖ ਵਿੱਚ ਲੱਗਣ ਵਾਲੀਆਂ ਯੂਨਿਟਾਂ ਤੇ ਹੋਰ ਅਜਿਹੇ ਕਲੱਸਟਰਾਂ ਨੂੰ ਇੱਕ ਵੱਖਰੇ ਇਲਾਕੇ ਵਿੱਚ ਤਬਦੀਲ ਕਰਨਾ ਹੈ, ਜੋ ਸ਼ਹਿਰ ਤੋਂ ਦੂਰ ਹੋਣ, ਜਿੱਥੇ ਇਨ੍ਹਾਂ ਨੂੰ ਸਿੱਧੇ ਤੌਰ ’ਤੇ ਟਰੀਟਮੈਂਟ ਪਲਾਂਟ ਨਾਲ ਜੋੜਿਆ ਜਾ ਸਕੇ। ਜ਼ੈੱਡ.ਐੱਲ.ਡੀ. ਤਕਨੀਕ ਨਾਲ ਲੈਸ ਆਧੁਨਿਕ ਉਦਯੋਗਿਕ ਕਲੱਸਟਰ ਤੇ ਹੋਰ ਟਰੀਟਮੈਂਟ ਪਲਾਂਟ ਲੋੜੀਂਦੇ ਹਨ। ਨਹੀਂ ਤਾਂ ਗਿਆਸਪੁਰਾ ਵਰਗੀਆਂ ਹੋਰ ਤ੍ਰਾਸਦੀਆਂ ਕਦੇ ਵੀ ਵਾਪਰ ਸਕਦੀਆਂ ਹਨ। ਇਸ ਹਾਦਸੇ ਵਿਚ, ਇਲਾਕੇ ’ਚ 11 ਵਿਅਕਤੀ ਸੀਵਰੇਜ ਤੋਂ ਲੀਕ ਹੋਈ ਗੈਸ ਨਾਲ ਮਾਰੇ ਗਏ ਸਨ।

ਉਦਯੋਗਿਕ ਇਕਾਈਆਂ ਤੋਂ ਇਲਾਵਾ, ਹੈਬੋਵਾਲ, ਤਾਜਪੁਰ ਦੇ ਹੋਰ ਇਲਾਕਿਆਂ ’ਚ ਪੈਂਦੀਆਂ ਡੇਅਰੀਆਂ ਬੁੱਢਾ ਦਰਿਆ ਦੀਆਂ ਮਿਉਂਸਿਪਲ ਹੱਦਾਂ ਦੇ ਨਾਲ-ਨਾਲ ਜਾਂ ਉਲਟ ਦਿਸ਼ਾ ਵਿੱਚ ਸਥਿਤ ਹਨ ਤੇ ਇਹ ਜਾਨਵਰਾਂ ਦੇ ਮਲ ਨੂੰ ਸਿੱਧੇ ਤੌਰ ’ਤੇ ਦਰਿਆ ਜਾਂ ਅਸਿੱਧੇ ਤੌਰ ’ਤੇ ਸੀਵਰੇਜ ਸਿਸਟਮ ਵਿੱਚ ਪਾ ਰਹੀਆਂ ਹਨ। ਨਤੀਜੇ ਵਜੋਂ, ਐੱਸ.ਟੀ.ਪੀਜ਼ ਸ਼ਾਇਦ ਜਲਦੀ ਹੀ ਕੰਮ ਕਰਨਾ ਬੰਦ ਕਰ ਦੇਣਗੀਆਂ। ਡੇਅਰੀ ਦੇ ਪਾਣੀ ਨੂੰ ਸਾਫ਼ ਕਰਨ ਲਈ ਬਣੇ ਨਵੇਂ ਪਲਾਂਟ ਵੀ ਸ਼ਾਇਦ ਜਲਦੀ ਹੀ ਕੰਮ ਕਰਨਾ ਬੰਦ ਕਰ ਦੇਣਗੇ। ‘ਮਿਉਂਸਿਪਲ ਸੌਲਿਡ ਵੇਸਟ ਮੈਨੇਜਮੈਂਟ ਨਿਯਮ, 2016’ ਮੁਤਾਬਿਕ ਡੇਅਰੀਆਂ ਨਿਗਮ ਦੀਆਂ ਹੱਦਾਂ ਵਿੱਚ ਨਹੀਂ ਹੋ ਸਕਦੀਆਂ। ਠੋਸ ਕੂੜਾ ਕਚਰਾ -ਜਿਸ ਵਿਚ ਘਰੇਲੂ ਕੂੜਾ, ਪਲਾਸਟਿਕ, ਬੁੱਚੜਖਾਨਿਆਂ ਦਾ ਗੰਦ, ਟੈਕਸਟਾਈਲ ਦੀ ਰਹਿੰਦ-ਖੂੰਹਦ ਤੇ ਮ੍ਰਿਤਕ ਜਾਨਵਰ ਸ਼ਾਮਿਲ ਹਨ- ਦਰਿਆ ਦੇ ਆਲੇ-ਦੁਆਲੇ ਦੇ ਇਲਾਕਿਆਂ ਤੋਂ ਵਿੱਚ ਪੈ ਕੇ ਇਸ ਦੇ ਪ੍ਰਵਾਹ ਨੂੰ ਰੋਕ ਰਹੇ ਹਨ।

(ਬਾਕੀ ਸਫ਼ਾ 31 ’ਤੇ)

TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035

# 'ਹਨੇਰੇ 'ਚ ਚਾਨਣ'

**ਸਨੇਹਇੰਦਰ ਸਿੰਘ ਮੀਲੂ**



ਮੱਲ੍ਹੀ ਸਾਹਿਬ! ਮੈਨੂੰ ਪਤਾ ਲੱਗਿਆ ਹੈ ਕਿ ਮੇਰਾ ਮਕਾਨ ਮਾਲਕ ਜੋਗਾ ਸਿਹੁੰ ਕਾਹਲੋਂ ਤੁਹਾਡੇ ਮਿੱਤਰ ਧਿਆਨ ਸਿਹੁੰ ਦੀ ਗੱਲ ਮੰਨਦਾ ਹੈ। ਥੋੜ੍ਹਾ ਹੀ ਸਮਾਂ ਪਹਿਲਾਂ ਮਿਲਦੇ-ਜੁਲਦੇ ਵਿਚਾਰਾਂ ਕਰਕੇ ਮੇਰੇ ਮਿੱਤਰ ਬਣੇ ਚਾਨਣ ਸਿੰਘ ਨੇ ਬੜੀ ਹੀ ਉਮੀਦ ਅਤੇ ਉਦਾਸ ਸੁਰ ਵਿੱਚ ਇੱਕ ਦਿਨ ਮੰਡੀ ਦਾ ਮੋੜ ਮੁੜਦੇ ਨੂੰ ਮੈਨੂੰ ਕਿਹਾ।

ਕੀ ਗੱਲ ਹੋਗੀ ਬਾਈ ਜੀ? ਮੈਂ ਉਸ ਨੂੰ ਪੁੱਛਿਆ। ਖ਼ਾਲੀ ਕਰ ਦੇਵੇ, ਮੈਂ ਦੁਬਾਰਾ ਨਹੀਂ ਕਹਿਣਾ। ਉਹ ਕਾਫ਼ੀ ਪ੍ਰੇਸ਼ਾਨ ਦਿੱਸ ਰਿਹਾ ਸੀ।

ਬਾਈ ਸਿਆਂ ਕੋਈ ਗੱਲ ਨਹੀਂ, ਤੂੰ ਬੇਫ਼ਿਕਰ ਹੋ ਜਾ, ਕਾਹਤੋਂ ਚਿੰਤਾ ਕਰਦਾ ਏਂ! ਥੋਡੇ ਅਰਗੇ ਬੰਦੇ ਇਹੋ ਜਿਹੀਆਂ ਗੱਲਾਂ ਤੋਂ ਐਵੇਂ ਨ੍ਹੀਂ ਘਬਰਾਉਂਦੇ ਹੁੰਦੇ। ਕੋਈ ਨਾ ਕਿਸੇ ਦਿਨ ਮਿਲ ਕੇ ਕਰਦੇ ਆਂ ਜੋਗਾ ਸਿੰਘ ਕਾਹਲੋਂ ਨਾਲ ਗੱਲ, ਐਂ ਕਿਵੇਂ ਕਰਾ ਲਊ ਤੈਥੋਂ ਕਮਰਾ ਖ਼ਾਲੀ ਸਾਡੇ ਹੁੰਦਿਆਂ, ਕਾਹਲੋਂ ਸਾਥੋਂ ਬਾਹਰ ਨ੍ਹੀਂ। ਮੈਂ ਬੜੇ ਮਾਣ ਜਿਹੇ ਨਾਲ ਕਿਹਾ। ਕਿਉਂਕਿ ਧਿਆਨ ਸਿੰਘ ਦੀ ਮਾਰਫ਼ਤ ਸ਼ਹਿਰ ਦਾ ਸਿਰਕੱਢ ਸਿਆਸੀ ਬੰਦਾ ਕਾਹਲੋਂ ਮੇਰਾ ਜਾਣੂ ਸੀ। ਚਾਨਣ ਸਿੰਘ ਉਸ ਦੇ ਮਕਾਨ ਵਿੱਚ ਰਹਿ ਰਿਹਾ ਹੈ। ਇਸ ਦੀ ਮੈਨੂੰ ਜਾਣਕਾਰੀ ਨਹੀਂ ਸੀ। ਮੇਰੇ ਵੱਲੋਂ ਭਰੋਸੇ ਭਰੇ ਸ਼ਬਦ ਸੁਣ ਕੇ ਚਾਨਣ ਸਿੰਘ ਦੀਆਂ ਅੱਖਾਂ ਵਿੱਚ ਥੋੜੀ ਜਿਹੀ ਚਮਕ ਆ ਗਈ। ਕੱਲਾ-ਕਾਰਾ ਬੰਦਾ ਘਬਰਾ ਤਾਂ ਜਾਂਦਾ ਈ ਏ ਮੱਲ੍ਹੀ ਸਾਹਿਬ! ਵੈਸੇ ਸ਼ੰਘਰਸ਼ੀ ਰਾਹਾਂ 'ਤੇ ਤਾਂ ਜੋਗਾ ਸਿੰਘ ਕਾਹਲੋਂ ਮੇਰਾ ਸਮਕਾਲੀ ਰਿਹਾ ਹੈ। ਪਰ ਅੱਜਕੱਲ੍ਹ ਉਹ ਮੇਰਾ ਮਕਾਨ ਮਾਲਕ ਹੈ। ਹੁਣ ਉਹ ਮੇਰੀ ਘੱਟ-ਵੱਧ ਈ ਸੁਣਦਾ ਹੈ। ਇਸ ਲਈ ਹੁਣ ਮੈਨੂੰ ਕੋਈ ਬਦਲ ਨਹੀਂ ਸੀ ਦਿੱਸ ਰਿਹਾ। ਇਸ ਲਈ ਥੋਡੇ ਨਾਲ ਗੱਲ ਕੀਤੀ ਹੈ। ਥੋਨੂੰ ਪਤਾ ਈ ਹੈ, ਅੱਗੇ ਠੰਡ ਵੀ ਵੱਧ ਰਹੀ ਹੈ।

ਮੈਂ ਤਾਂ ਸਾਰੀ ਉਮਰ ਜਥੇਬੰਦਕ ਤੌਰ 'ਤੇ ਲੋਕਾਂ ਲਈ ਸੰਘਰਸ਼ ਹੀ ਕੀਤਾ ਹੈ। ਉਨ੍ਹਾਂ ਲਤਾੜੇ ਲੋਕਾਂ ਦੇ ਹੱਕਾਂ ਅਤੇ ਹਿੱਤਾਂ ਲਈ ਲੜਦਾ ਰਿਹਾ। ਸਾਰੀ ਉਮਰ ਨਿੱਜ ਨੂੰ ਛੱਡ ਕੇ ਪਰ ਵੱਲ ਹੀ ਤੁਰਿਆ ਰਿਹਾ। ਮੈਂ ਕਦੇ ਪਿੱਛੇ ਮੁੜ ਕੇ ਨਹੀਂ ਵੇਖਿਆ ਏਸੇ ਕਰਕੇ ਤਾਂ ਅੱਜ ਤੱਕ ਮੈਂ ਆਪਣੇ ਰਹਿਣ ਲਈ ਕੋਈ ਛੱਤ ਵੀ ਨਹੀਂ ਬਣਾ ਸਕਿਆ। ਤਾਹੀਂਓ ਤਾਂ ਅੱਜ ਕਿਰਾਏਦਾਰ ਬਣਿਆ ਬੈਠਾ ਹਾਂ। ਹੁਣ ਤਾਂ ਦਿਨ ਰਾਤ ਮੈਂ ਆਪਣੇ-ਆਪ ਨਾਲ ਹੀ ਸੰਘਰਸ਼ੀਲ ਰਹਿੰਦਾ ਹਾਂ ਮੱਲੀ ਸਾਹਿਬ! ਚਾਨਣ ਸਿੰਘ ਜਿਵੇਂ ਡੂੰਘੇ ਖ਼ੂਹ ਵਿੱਚੋਂ ਬੋਲਿਆ ਹੋਵੇ। ਵਰਤਮਾਨ ਵਿੱਚ ਤਾਂ ਕਾਹਲੋਂ ਤਕੜੇ ਸਿਆਸੀ ਨੇਤਾਵਾਂ ਵਿੱਚ ਗਿਣਿਆ ਜਾਂਦਾ ਹੈ ਪਰ ਉਹ ਚਾਨਣ ਸਿੰਘ ਵਰਗੇ ਸਧਾਰਣ ਬੰਦੇ ਦਾ ਸਮਕਾਲੀ ਹੈ ਇਸ ਦੀ ਜਾਣਕਾਰੀ ਮੈਨੂੰ ਨਹੀਂ ਸੀ।

ਮੈਂ ਚਾਨਣ ਸਿੰਘ ਨੂੰ ਦਿੱਲੋਂ ਹੌਸਲਾ ਦੇ ਕੇ ਅਤੇ ਮੁੜ ਮਿਲਣ ਦੇ ਵਾਅਦੇ ਨਾਲ ਆਪਣੇ ਦਫ਼ਤਰ ਨੂੰ ਚਾਲੇ ਪਾ ਦਿੱਤੇ ।

ਮੇਰੀ ਜੌਬ ਵਿੱਚ ਜ਼ਿਆਦਾਤਰ ਫੀਲਡ ਵਰਕ ਹੀ ਹੁੰਦਾ ਹੈ ਪਰ ਹਫ਼ਤੇ ਦਸੀਂ ਦਿਨੀਂ ਮੇਰਾ ਮੰਡੀ ਵਿੱਚ ਚੱਕਰ ਲੱਗਦਾ ਰਹਿੰਦਾ ਹੈ। ਮੈਂ ਆਪਣੇ ਦਫ਼ਤਰ ਵਿੱਚ ਸਰਵੇ ਰਿਪੋਰਟ ਦੇਣ ਲਈ ਆਉਂਦਾ-ਜਾਂਦਾ ਹੀ ਰਹਿੰਦਾ ਹਾਂ, ਏਥੇ ਹੀ ਮੈਨੂੰ ਚਾਨਣ ਸਿੰਘ ਲੰਘਦਾ-ਵੜਦਾ, ਅਕਸਰ ਕਦੇ-ਕਦਾਈਂ ਮਿਲ ਜਾਂਦਾ ਹੈ। ਉਸਨੇ ਬਹੁਤ ਵਾਰ ਮੈਨੂੰ ਆਪਣੇ ਕਮਰੇ ਵਿੱਚ ਚਾਹ ਲਈ ਵੀ ਸੱਦਿਆ ਪਰ ਮੈਂ ਹਰ ਵਾਰ ਫੇਰ ਕਦੀ ਆਉਣ ਦਾ ਕਹਿ, ਬਾਹਰ ਖੋਖੇ ਉੱਪਰ ਹੀ ਚਾਹ-ਪਾਣੀ ਪੀ ਅਤੇ ਉਸਦੇ ਨਾਲ ਗੱਲਬਾਤ ਕਰ, ਆਪਣਾ ਦਫ਼ਤਰੀ ਕੰਮਕਾਜ ਨਿਬੇੜ, ਆਪਣੇ ਘਰ ਮੁੜ ਆਉਂਦਾ। ਚਾਨਣ ਸਿੰਘ ਇਸ ਵਕਤ ਬਿਲਕੁੱਲ ਹੀ ਇਕੱਲਾ ਹੈ। ਉਹ ਰੋਟੀ-ਪਾਣੀ ਹੋਟਲ 'ਤੇ ਹੀ ਖਾਂਦਾ-ਪੀਂਦਾ ਹੈ। ਉਸ ਦਾ ਰੋਜ਼ ਦਾ ਰੁਝੇਵਾਂ ਉਸਦੇ ਆਪਣੇ ਮਿੱਤਰ ਦੀ ਕਲਾ-ਕਿਰਤਾਂ ਦੀ ਦੁਕਾਨ ਖੋਲ੍ਹਣ ਨਾਲ ਸ਼ੁਰੂ ਹੁੰਦਾ ਹੈ। ਫਿਰ ਸਾਰਾ ਦਿਨ ਉਹ ਦੁਕਾਨ 'ਤੇ ਉਨ੍ਹਾਂ ਨਾਲ ਕੰਮ-ਕਾਜ ਵਿੱਚ ਹੱਥ ਵਟਾਉਂਦਾ ਰਹਿੰਦਾ ਹੈ। ਕਦੇ-ਕਦਾਈਂ ਲਾਗਲੇ ਪਿੰਡ ਮੂੰਹ ਬੋਲੀ ਆਪਣੀ ਭੈਣ ਕੋਲ ਜਾ ਆਉਂਦਾ ਹੈ। ਕਿਸੇ ਵੇਲੇ ਉਸ ਨੇ ਸ਼ਹਿਰ ਵਿੱਚ ਦੁਕਾਨ ਦੇ ਲਾਗੇ ਹੀ ਰਹਿਣ ਲਈ ਦੋ ਕਮਰਿਆਂ ਵਾਲਾ ਇੱਕ ਸਾਦਾ ਜਿਹਾ ਮਕਾਨ ਕਿਰਾਏ 'ਤੇ ਲਿਆ ਸੀ। ਜਿੱਥੇ ਉਹ ਰਾਤ ਨੂੰ ਇਕੱਲਤਾ ਨਾਲ ਰੂਬਰੂ ਹੁੰਦਾ, ਨੀਂਦ ਦੀ ਬੁੱਕਲ ਵਿੱਚ ਜਾ ਵੜਦਾ। ਸਰੀਰਕ ਤੰਦਰੁਸਤੀ ਲਈ ਉਹ ਸਵੇਰੇ-ਸਵੇਰੇ ਯੋਗਾ ਵੀ ਕਰਦਾ। ਉਹ ਮਕਾਨ ਸ਼ਾਇਦ ਹੁਣ ਕਾਹਲੋਂ ਨੇ ਖ਼ਰੀਦ ਲਿਆ ਹੈ।

ਦੋ ਦਿਨ ਦੁਕਾਨ ਕੋਲ ਲੱਗਦੀ ਕਿਸਾਨ ਮੰਡੀ ਵਿੱਚ ਚਾਨਣ ਸਿੰਘ ਆਪਣੇ ਚਚੇਰੇ ਭਰਾ ਕੋਲ ਬੈਠ ਕਦੇ-ਕਦਾਈਂ ਆਪਣੇ ਪਿੰਡ ਦੀਆਂ ਪੁਰਾਣੀਆਂ ਪੇਂਡੂ ਯਾਦਾਂ ਸਾਂਝੀਆਂ ਕਰ ਕੇ ਆਪਣਾ ਦਿਲ ਫਰੋਲ ਲੈਂਦਾ।

ਮੱਲ੍ਹੀ ਸਾਹਿਬ! ਹੁਣ ਮੈਂ ਰਾਤ ਦੇ ਹਨੇਰੇ ਵਿੱਚ 'ਕੱਲਾ ਨਹੀਂ ਹੁੰਦਾ। ਮੇਰੇ ਨਾਲ ਮੇਰਾ ਅਤੀਤ ਹੁੰਦਾ ਹੈ, ਮੇਰਾ ਸੰਘਰਸ਼ਸ਼ੀਲ ਅਨੁਭਵ ਹੁੰਦਾ ਹੈ, ਪੁਰਾਣੀਆਂ ਯਾਦਾਂ ਸਮੇਤ ਹੋਰ ਵੀ ਬਹੁਤ ਕੁਝ ਮੇਰੇ ਨਾਲ ਹੁੰਦਾ ਹੈ। ਜਿਨ੍ਹਾਂ ਨੂੰ ਮੈਂ ਕਲਮਬੰਦ ਕਰਦਾ ਰਹਿੰਦਾ ਹਾਂ।

ਇੱਕ ਦਿਨ ਉਸਨੇ ਮੈਨੂੰ ਚਾਹ ਪੀਂਦਿਆਂ ਦੱਸਿਆ ਸੀ ਕਿ ਸਾਡਾ ਪਰਿਵਾਰ ਪੜ੍ਹਿਆ-ਲਿਖਿਆ ਸਮਝਦਾਰ ਹੋਣ ਦੇ ਬਾਵਜੂਦ ਸਾਡੇ ਘਰ-ਪਰਿਵਾਰ ਵਿੱਚ ਕੋਈ ਸਿਆਣਾ ਆਗੂ ਨਾ ਬਣਿਆ। ਪਿਓ ਨੇ ਕੋਈ ਬਹੁਤੀ ਪਰਿਵਾਰਕ ਜ਼ਿੰਮੇਵਾਰੀ ਨਾ ਸਮਝੀ। ਵੱਡੇ ਭਰਾ ਨੇ ਕਿਸੇ ਅਣਬੁੱਝੇ, ਅਣਸੁਲਝੇ ਡਰ ਕਾਰਨ ਆਪਣੇ-ਆਪ ਨੂੰ ਸਦਾ ਲਈ ਖ਼ਤਮ ਕਰ ਲਿਆ। ਜ਼ਮੀਨ ਕੰਡੀਆਂ ਦੇ ਭਾਅ ਵੇਚ ਵੱਟ ਲਈ ਗਈ। ਮੈਂ ਬਾਹਰ ਰਹਿਣ ਕਰਕੇ ਘਰ-ਪਰਿਵਾਰ ਵੱਲ ਬਹੁਤਾ ਧਿਆਨ ਹੀ ਨਹੀਂ ਦੇ ਸਕਿਆ, ਏਸੇ ਕਰਕੇ ਹੁਣ ਬਿਲਕੁਲ ਈ ਘਰੋਂ ਬੇਘਰ ਹੋਇਆ ਇਕੱਲਾਪਨ ਹੰਢਾਅ ਰਿਹਾ ਹਾਂ। ਵੈਸੇ ਮੈਨੂੰ ਹੁਣ ਸਮਝ ਪਈ ਆ, ਬਈ ਦਾਣਾ ਪਾਣੀ ਬੰਦੇ ਦੇ ਜਿਊਣ ਲਈ ਜ਼ਿੰਦਗੀ ਵਿੱਚ ਖਾਸੇ ਮਾਇਨੇ ਰੱਖਦਾ ਹੈ।

ਉਹ ਕਿਵੇਂ? ਮੈਂ ਜਗਿਆਸੂ ਭਾਵ ਨਾਲ ਉਸਨੂੰ ਟੋਕਦਿਆਂ ਪੁੱਛਿਆ।

ਲਓ ਸੁਣੋ ਜੀ, ਵੈਸੇ ਤਾਂ ਮੈਂ ਰੋਟੀ ਅਤੇ ਚਾਹ ਪਾਣੀ ਹੋਟਲ 'ਤੇ ਹੀ ਖਾ ਪੀ ਲੈਂਦਾ ਹਾਂ। ਪਰ ਹਰ ਸ਼ਨੀਵਾਰ ਦੀ ਸਵੇਰ ਨੂੰ ਮੇਰਾ ਛੋਟਾ ਭਰਾ ਮੇਰੇ ਲਈ ਪਿੰਡੋਂ ਦਾਲ-ਰੋਟੀ ਦੇ ਜਾਂਦਾ ਹੈ। ਉਹ ਦਾਲ-ਰੋਟੀ ਮੈਂ ਸਵੇਰੇ, ਦੁਪਹਿਰੇ ਅਤੇ ਸ਼ਾਮ ਨੂੰ ਖਾ ਲੈਂਦਾਂ ਹਾਂ। ਉਹ ਦਾਲ-ਰੋਟੀ ਮੇਰੇ ਜੱਦੀ ਘਰ ਦੇ ਪਾਣੀ ਵਿੱਚ ਗੁੰਨ ਕੇ ਪੱਕੀ ਅਤੇ ਬਣਾਈ ਹੁੰਦੀ ਹੈ। ਉਸੇ ਘਰ ਦੇ ਪਾਣੀ ਨਾਲ ਬਣੀ ਦਾਲ-ਸਬਜ਼ੀ ਦਾ ਸਰੂਰ, ਸਕੂਨ ਅਤੇ ਸੁਆਦ ਦਾ ਅਨੰਦ ਮੈਨੂੰ ਪੂਰਾ ਹਫ਼ਤਾ ਰਹਿੰਦਾ ਹੈ ਕਿਉਂਕਿ ਉਹ ਮੇਰੇ ਆਪਣੇ ਖ਼ੂਨ ਨੇ ਬਣਾ ਕੇ ਲਿਆਂਦੀ ਹੁੰਦੀ ਹੈ। ਏਨਾ ਕਹਿੰਦਿਆਂ ਉਸਦੀਆਂ ਅੱਖਾਂ ਵਿੱਚੋਂ ਹੰਝੂ ਪਰਲ-ਪਰਲ ਵਹਿ ਤੁਰੇ ਅਤੇ ਫੇਰ ਕਾਫ਼ੀ ਦੇਰ ਤੱਕ ਉਸ ਦੇ ਕੋਲੋਂ ਬੋਲਿਆ ਨਹੀਂ ਗਿਆ।

ਪਿੰਡ ਵਾਲੇ ਉਸ ਘਰ-ਪਰਿਵਾਰ ਵਿੱਚ ਅਜੇ ਤੇਰੀ ਚੋਗ ਖਿੱਲਰੀ ਪਈ ਆ ਬਾਈ ਚਾਨਣ ਸਿੰਆਂ! ਮੈਂ ਉਸਨੂੰ ਹੌਂਸਲਾ ਦਿੰਦਿਆ ਕਿਹਾ।

ਹਾਂ ਜੀ...। ਭਾਵੁਕ ਹੋਣ ਕਰਕੇ ਉਸਦੇ ਕੋਲੋਂ ਮਸਾਂ ਹੀ ਬੋਲ ਹੋਇਆ।

ਹਾਂ ਸੱਚ! ਬਾਈ ਜੀ, ਤੁਸੀਂ ਜ਼ਿਆਦਾਤਰ ਪੈਦਲ ਹੀ ਹੁੰਦੇ ਓ। ਮੈਂ ਗੱਲ ਦਾ ਰੁਖ ਬਦਲਦਿਆਂ ਚਾਨਣ ਸਿੰਘ ਨੂੰ ਕਿਹਾ।

ਹਾਂ ਮੱਲ੍ਹੀ ਸਾਹਿਬ।

ਉਹ ਹੋ! ਮੈਨੂੰ ਸਾਹਿਬ ਨਾ ਕਿਹਾ ਕਰ ਬਾਈ ਸਿੰਆਂ, ਆਪਾਂ ਭਰਾ ਹਾਂ, ਮਿੱਤਰ ਆਂ। ਮੈ ਉਸ ਨੂੰ ਟੋਕਿਆ।

ਉਸ ਨੇ ਹੱਸ ਕੇ ਗੱਲ ਅੱਗੇ ਤੋਰੀ।

ਹਾਂ ਜੀ, ਪੈਦਲ ਤੁਰਨ-ਫਿਰਨ ਨਾਲ ਸਰੀਰ ਫਿੱਟ ਰਹਿੰਦਾ ਬੰਦੇ ਦਾ, ਪੈਰਾਂ ਤੋਂ ਲੈ ਕੇ ਸਿਰ-ਦਿਮਾਗ ਤੱਕ ਦਾ ਕੁਨੈਕਸ਼ਨ ਧਰਤੀ ਨਾਲ ਜੁੜਿਆ ਰਹਿੰਦਾ ਹੈ। ਸਰੀਰ ਊਰਜਾਵਾਨ ਰਹਿੰਦਾ ਹੈ। ਮੇਰਾ ਕੰਮ ਈ ਬਸ ਹੱਸਣਾ, ਤੁਰਨਾ, ਦੌੜਨਾ ਅਤੇ ਲੋਕਾਂ ਦੇ ਹੱਕਾਂ ਹਿੱਤਾਂ ਲਈ ਲੜਨਾ ਅਤੇ ਕਮਜ਼ੋਰ ਲਈ ਧਿਰ ਬਣ ਖੜ੍ਹਨਾ ਹੀ ਰਿਹਾ ਹੈ ਹੁਣ ਤੱਕ। ਚਾਨਣ ਨੇ ਦਿਲ ਦੀ ਇਕ ਹੋਰ ਗੱਲ ਮੇਰੇ ਨਾਲ ਸਾਂਝੀ ਕਰਕੇ ਮਨ ਹਲਕਾ ਕੀਤਾ।

ਦਿਨ ਲੰਘਦੇ ਗਏ। ਇੱਕ ਦਿਨ ਮੈਨੂੰ ਦਫਤਰੋਂ ਨਿਕਲਦੇ ਨੂੰ ਸ਼ਾਮ ਨੂੰ ਚਾਨਣ ਸਿੰਘ ਟੱਕਰ ਗਿਆ। ਕਮਰੇ ਵਿੱਚ ਨਾਲ ਚੱਲਣ ਦੀ ਜ਼ਿਦ ਕਰਦਾ ਕਹਿਣ ਲੱਗਿਆ ਮੱਲ੍ਹੀ ਜੀ, ਮੈਂ ਕਹਾਣੀ ਵੀ ਲਿਖਦਾ ਹਾਂ ਅਤੇ ਕੁਝ ਗੀਤ ਵੀ ਲਿਖੇ ਹਨ। ਮੈਂ ਤੁਹਾਨੂੰ ਅੱਜ ਆਪਣੀਆਂ ਲਿਖੀਆਂ ਕੁਝ ਕਹਾਣੀਆਂ ਪੜ੍ਹਾਉਣਾ ਚਾਹੁੰਦਾ ਹਾਂ। ਇਹ ਚਾਨਣ ਸਿੰਘ ਦਾ ਹੋਰ ਰੂਪ ਸੀ। ਜਿਸ ਨੂੰ ਸੁਣ ਕੇ ਸਾਹਿਤ ਪ੍ਰੇਮੀ ਹੋਣ ਕਰ ਕੇ ਮੈਂ ਉਸ ਨੂੰ ਨਾਂਹ ਨਾ ਕਰ ਸਕਿਆ।

ਜਦੋਂ ਉਸ ਨੇ ਕਮਰੇ ਦਾ ਜਿੰਦਾ ਖੋਲਿਆ ਤਾਂ ਮੇਰੇ ਪੱਲੇ ਆਈ ਥੋੜ੍ਹੀ ਨਿਰਾਸ਼ਾ ਨੇ ਵੀ ਉਸਦਾ ਇਕੱਲਾਪਣ ਪ੍ਰਤੱਖ ਦਿਖਾਇਆ। ਜੋਗਾ ਸਿੰਘ ਕਾਹਲੋਂ ਨੇ ਪਤਾ ਨੀ ਸ਼ਹਿਰ ਵਿੱਚ ਕਿੰਨੇ ਕੁ ਪਲਾਟ ਤੇ ਮਕਾਨ ਬਣਾ ਰੱਖੇ ਹਨ। ਕਈ ਆਗੂ ਸੁਆਰਥ ਵੱਸ ਹੋ ਆਪਣਾ ਅੱਗਾ ਸਾਂਭਦੇ, ਸੁਆਰਦੇ ਅਤੇ ਸੁਧਾਰਦੇ ਹਨ ਤੇ ਇੱਕ ਉਸਦਾ ਹੀ ਸਾਥੀ ਰਹਿ ਚੁੱਕਾ ਚਾਨਣ ਸਿੰਘ ਹੈ! ਮੈਂ ਮਨਬਚਨੀ ਕਰਦਿਆਂ ਉਸਦੇ ਕਮਰੇ ਅੰਦਰ ਦਾਖਲ ਹੋਇਆ।

ਉੱਥੇ ਇੱਕ ਮੇਜ਼ ਅਤੇ ਇੱਕ ਬਿਨਾਂ ਢੋਅ ਤੋਂ ਕੁਰਸੀ, ਜ਼ਮੀਨ ਉੱਤੇ ਗੱਦਾ, ਨਾਲ ਬਿਸਤਰਾ ਵਿਛਿਆ ਹੋਇਆ ਅਤੇ ਛੋਟਾ ਜਿਹਾ ਸਿੰਗਲ ਬੈੱਡ ਵੀ ਇੱਕ ਪਾਸੇ ਪਿਆ ਸੀ। ਮੂਹਰਲੇ ਕਮਰੇ ਵਿੱਚ ਹਨੇਰਾ ਸੀ। ਚੜ੍ਹਦੇ ਵੱਲ ਦੇ ਕਮਰੇ ਵਿੱਚ ਜਾ ਕੇ ਉਸ ਨੇ ਮੋਮਬੱਤੀ ਜਗਾਈ। ਉਸ ਜਗਦੀ ਬੱਤੀ ਦਾ ਚਾਨਣ ਛਣ ਕੇ ਮੂਹਰਲੇ ਕਮਰੇ ਅੰਦਰ ਆ ਰਿਹਾ ਸੀ।

ਆਓ-ਆਓ, ਮੱਲ੍ਹੀ ਸਾਹਿਬ ਬੈਠੋ, ਧੰਨ ਭਾਗ ਤੁਸੀਂ ਆਏ ਹੋ। ਮੈਨੂੰ ਕਮਰੇ ਅੰਦਰ ਦਾਖ਼ਲ ਹੁੰਦੇ ਨੂੰ ਵੇਖ ਚਾਨਣ ਸਿੰਘ ਖ਼ੁਸ਼ੀ ਵਿੱਚ ਉਛਲਿਆ। ਚਾਹ ਪਾਣੀ ਪੀਣ ਉਪਰੰਤ ਉਸ ਨੇ ਕੁਝ ਲਿਖਤਾਂ ਮੇਰੇ ਨਾਲ ਸਾਂਝੀਆਂ ਕੀਤੀਆਂ। ਜਿਨ੍ਹਾਂ ਵਿਚੋਂ ਉਸ ਦੀ ਭਾਵੁਕਤਾ ਅਤੇ ਅਨੁਭਵ ਦੀ ਗਹਿਰਾਈ ਝਲਕਦੀ ਸੀ। ਹਨੇਰੇ ਵਿੱਚ ਬੈਠੇ ਚਾਨਣ ਸਿੰਘ ਦੇ ਮਨ ਮਸਤਕ ਵਿਚੋਂ ਮੈਨੂੰ ਉਸਾਰੂ ਸੋਚ ਨਾਲ ਭਰੀ ਰੋਸ਼ਨੀ ਅੰਗੜਾਈ ਲੈਂਦੀ ਦਿਖ ਰਹੀ ਸੀ। ਉਸ ਵੇਲੇ ਮੈਨੂੰ ਚਾਨਣ ਸਿੰਘ ਹਨੇਰੇ ਵਿੱਚ ਬੈਠਾ, ਹੋਰ ਰੌਸ਼ਨ ਹੁੰਦਾ ਦਿਖਾਈ ਦੇਣ ਲੱਗਿਆ ਜਦੋਂ ਉਸਨੇ ਲੰਮੀ ਹੇਕ ਲਾ ਇਕੱਲੇਪਣ ਨੂੰ ਦੂਰ ਕਰਦਿਆ ਅਤੇ ਹਨੇਰੇ ਨੂੰ ਚੀਰਦਿਆਂ, ਮਸਤੀ ਵਿੱਚ ਆ ਕੇ ਇੱਕ ਇਨਕਲਾਬੀ ਗੀਤ ਦੇ ਬੋਲਾਂ ਨੂੰ ਛੂਹਿਆ, ਉਸ ਸਮੇਂ ਮੈਨੂੰ ਉਸਦੇ ਕਮਰੇ ਅੰਦਰ ਇੱਕ ਧੜਕਦੀ ਸੰਘਰਸ਼ੀ ਰੂਹ ਸੰਗੀਤਮਈ ਹੁੰਦੀ ਮਹਿਸੂਸ ਹੋਣ ਲੱਗੀ। ਮੈਨੂੰ ਇੰਝ ਲੱਗਿਆ ਜਿਵੇਂ ਜੋਗਾ ਸਿੰਘ ਕਾਹਲੋਂ ਜਾਇਦਾਦਾਂ ਨੂੰ ਜੱਫੇ ਮਾਰਦਾ ਕਿਸੇ ਜੋਗਾ ਨਾ ਰਿਹਾ ਹੋਵੇ। ਇਸ ਦੇ ਉਲਟ ਉਸਦਾ ਸਾਥੀ ਨਾਂ ਦਾ ਹੀ ਚਾਨਣ ਨਹੀਂ, ਸਗੋਂ ਚਾਨਣ ਵੰਡ ਵੀ ਰਿਹਾ ਹੋਵੇ।

## ਮਿੰਨੀ ਕਹਾਣੀਆਂ

### ਧੁੜਧੁੜੀ

**ਨੀਲ ਕਮਲ ਰਾਣਾ**

ਡਿਊਟੀ ਜਾਣ ਲਈ ਕਾਹਲੇ ਨੌਕਰੀਪੇਸ਼ਾ ਨੂੰਹ-ਪੁੱਤ ਨੇ ਫ਼ਟਾਫ਼ਟ ਫ਼ਾਰਮ ਭਰ ਕੇ ਬਿਰਧ ਆਸ਼ਰਮ ਦੇ ਪ੍ਰਬੰਧਕ ਹੱਥ ਫ਼ੜਾ ਦਿੱਤਾ। ਕਦੇ ਵਾਰ-ਵਾਰ ਘੜੀ ਵੱਲ ਤੇ ਕਦੇ ਫ਼ਾਰਮ ਦੀ ਘੋਖ ਪੜਤਾਲ ਕਰਦੇ ਪ੍ਰਬੰਧਕ ਨੂੰ ਵਿਆਕੁਲਤਾ ਨਾਲ ਦੇਖਦੇ ਨੂੰਹ-ਪੁੱਤ ਨੂੰ ਬਜ਼ੁਰਗ ਦੀਆਂ ਪਥਰਾਈਆਂ ਅੱਖਾਂ ਲਗਾਤਾਰ ਤਾੜ ਰਹੀਆਂ ਸਨ। ਗਹਿਰ ਗੰਭੀਰ ਹੋਏ ਬੈਠੇ ਬਜ਼ੁਰਗ ਦੇ ਝੁਰੜੀਆਂ ਭਰੇ ਚਿਹਰੇ 'ਤੇ ਅਚਾਨਕ ਹਲਕੀ ਜਿਹੀ ਮੁਸਕੁਰਾਹਟ ਉੱਭਰੀ ਜਿਵੇਂ ਅਤੀਤ ਦੇ ਝਰੋਖੇ 'ਚੋਂ ਆਪਣੇ ਇਕਲੌਤੇ ਲਾਡਲੇ ਪੁੱਤਰ ਦੇ ਬਚਪਨ ਦੀ ਕੋਈ ਪਿਆਰੀ ਜਿਹੀ ਸ਼ਰਾਰਤ ਦਿਸ ਗਈ ਹੋਵੇ। ਫ਼ਿਰ ਅਗਲੇ ਹੀ ਪਲ ਉਹ ਇਸ ਤਰ੍ਹਾਂ ਤ੍ਰਭਕਿਆ ਜਿਵੇਂ ਕਿਸੇ ਨੇ ਮੋਢਾ ਫ਼ੜ ਚੰਗੀ ਤਰ੍ਹਾਂ ਝੰਜੋੜ ਕੇ ਉਸ ਨੂੰ ਮੁੜ ਵਰਤਮਾਨ ਦੀ ਤਲਖ਼ ਹਕੀਕਤ ਨਾਲ ਰੂ-ਬ-ਰੂ ਕਰਵਾ ਦਿੱਤਾ ਹੋਵੇ। ਚਿਹਰੇ 'ਤੇ ਮੁੜ ਸ਼ਿਕਨ ਦਾ ਪਸਾਰ ਹੋ ਗਿਆ। ਆਪਣੇ ਵਜੂਦ ਨੂੰ ਸਾਵਾਂ ਜਿਹਾ ਕਰਨ ਦੀ ਕੋਸ਼ਿਸ਼ 'ਚ ਉਸ ਇੱਕ ਠੰਢਾ ਸਾਹ ਭਰਿਆ ਤੇ ਕੰਬਦੇ ਹੱਥਾਂ ਨਾਲ ਸਾਹਮਣੇ ਪ੍ਰਬੰਧਕ ਦੇ ਮੇਜ਼ ਤੋਂ ਦੋ ਫ਼ਾਰਮ ਚੁੱਕ ਬੇਹੱਦ ਧੀਮੀ ਆਵਾਜ਼ 'ਚ ਪੁੱਤਰ ਨੂੰ ਸੰਬੋਧਨ ਹੋਇਆ, "ਇਹ ਸਾਂਭ ਕੇ ਰੱਖ ਲਉ।" "ਅ.. ਅਸੀਂ ਕੀ ਕਰਨਾ.. ਇਨ੍ਹਾਂ ਦਾ?" ਅਣਕਿਆਸਾ ਜਿਹਾ ਵਰਤਾਰਾ ਦੇਖ ਹੱਦੋਂ ਵੱਧ ਹੈਰਾਨ ਹੋਏ ਨੂੰਹ-ਪੁੱਤ ਦੇ ਮੂੰਹੋਂ 'ਕੱਠਿਆਂ ਹੀ ਨਿਕਲ ਗਿਆ। "ਇਹ ਫ਼ਾਰਮ ਤੁਸੀਂ ਘਰੋਂ ਹੀ ਭਰ ਲਿਆਇਓ, ਦੇਖੋ ਅੱਜ ਇੱਥੇ ਤੁਹਾਡਾ ਕਿੰਨਾ ਕੀਮਤੀ ਸਮਾਂ ਜ਼ਾਇਆ ਹੋ ਗਿਆ। ਵੈਸੇ ਮੇਰੀ ਤਾਂ ਕਿਸਮਤ ਚੰਗੀ ਹੀ ਜਾਣੋ, ਜੋ ਮੇਰੀ ਔਲਾਦ ਮੇਰਾ ਫ਼ਾਰਮ ਭਰਨ ਆ ਗਈ। ਕੀ ਪਤਾ ਕੱਲ੍ਹ ਤੁਹਾਡੀ ਔਲਾਦ ਕੋਲ ਐਨਾ ਸਮਾਂ....।" ਬਜ਼ੁਰਗ ਦੀ ਅਧੂਰੀ ਛੱਡੀ ਗੱਲ ਨੇ ਜਿਵੇਂ ਉਨ੍ਹਾਂ ਦਾ ਡਰਾਵਣਾ ਭਵਿੱਖ ਸਾਖਸ਼ਾਤ ਸਾਹਮਣੇ ਪੇਸ਼ ਕਰ ਦਿੱਤਾ, ਜਿਸਨੂੰ ਦੇਖ ਦੋਵਾਂ ਨੂੰ ਧੁੜਧੁੜੀ ਆ ਗਈ।

* * *



### ਸਿਆਣਾ

**ਵੀਰ ਸਿੰਘ ਥਿੰਦ**

ਘਰੋਂ ਭਾਵੇਂ ਅਸੀਂ ਸਾਰੇ ਭਰਾ ਵੱਖ ਹੋ ਚੁੱਕੇ ਹਾਂ ਪਰ ਵਿਹੜਾ ਸਾਡਾ ਹਾਲੇ ਵੀ ਇੱਕੋ ਹੈ। ਸਾਡੇ ਸਾਰੇ ਘਰਾਂ ਦੇ ਜੀਅ ਅਕਸਰ ਹੀ ਇਕੱਠੇ ਬੈਠਦੇ ਹਾਂ ਪਰ ਕਈ ਵਾਰ ਥੋੜ੍ਹਾ ਗੁੱਸਾ ਗਿਲਾ ਵੀ ਹੋ ਜਾਂਦਾ ਹੈ। ਘਰ ਦੇ ਛੋਟੇ ਬੱਚੇ ਸਾਰੇ ਘਰਾਂ ਵਿੱਚ ਭੱਜੇ ਫ਼ਿਰਦੇ ਹਨ। ਪਤਾ ਹੀ ਨਹੀਂ ਲਗਦਾ ਕਦੋਂ ਕਿਧਰੋਂ ਰੋਟੀ ਖਾ ਕੇ ਆ ਜਾਣ ਜਾਂ ਕਿੱਧਰ ਸੌਂ ਜਾਣ। ਇਸ ਗੱਲ ਦੀ ਸਾਨੂੰ ਬੜੀ ਖ਼ੁਸ਼ੀ ਹੁੰਦੀ ਹੈ। ਬੱਚੇ ਚਾਹੁੰਦੇ ਹਨ ਕਿ ਸ਼ਾਮ ਨੂੰ ਅਸੀਂ ਸਾਰੇ ਇਕੱਠੇ ਬੈਠ ਕੇ ਰੋਟੀ ਖਾਈਏ ਅਤੇ ਗੱਲਾਂ ਮਾਰੀਏ।

ਅੱਜ ਕਿਸੇ ਗੱਲ ਤੋਂ ਥੋੜ੍ਹਾ ਮਨ ਮੁਟਾਅ ਹੋਇਆ ਅਤੇ ਮੈਂ ਮੇਰੀ ਪਤਨੀ ਨੂੰ ਆਖਿਆ, "ਲਿਆ ਮੈਂ ਤਾਂ ਅੰਦਰ ਬੈਠ ਕੇ ਹੀ ਰੋਟੀ ਖਾਵਾਂਗਾ।" ਪਰ ਮੇਰਾ ਮੁੰਡਾ ਸੀ ਕਿ ਜ਼ਿੱਦ ਕਰ ਰਿਹਾ ਸੀ ਬਈ ਰੋਟੀ ਬਾਹਰ ਬੈਠ ਕੇ ਖਾਣੀ ਹੈ। ਮੈਂ ਕਈ ਵਾਰ ਆਖਿਆ, ਪਰ ਉਹ ਨਾ ਮੰਨਿਆ। ਮੈਂ ਖਿੱਝ ਗਿਆ ਅਤੇ ਗੁੱਸੇ ਵਿੱਚ ਵੱਟ ਕੇ ਚਪੇੜ ਮਾਰੀ, "ਨਾ ਤੂੰ ਜ਼ਿਆਦਾ ਸਿਆਣਾ ਐਂ, ਸਾਨੂੰ ਅਕਲ ਸਿਖਾਏਂਗਾ!" ਉਹ ਰੋਂਦਾ-ਰੋਂਦਾ ਮਾਂ ਕੋਲ ਚਲਾ ਗਿਆ ਅਤੇ ਬੋਲਿਆ, "ਮੈਨੂੰ ਪਤਾ ਤਾਂ ਲੱਗੇ ਕਿ ਬਾਹਰ ਰੋਟੀ ਕਿਉਂ ਨਹੀਂ ਖਾਣੀ।"

"ਬੇਟਾ, ਹਾਲੇ ਤੂੰ ਜਵਾਕ ਐਂ, ਤੈਨੂੰ ਨਹੀਂ ਪਤਾ ਇਨ੍ਹਾਂ ਗੱਲਾਂ ਦਾ। ਸਿਆਣਿਆਂ ਦੀਆਂ ਗੱਲਾਂ ਮੰਨੀ ਦੀਆਂ ਹੁੰਦੀਆਂ ਨੇ। ਜਦੋਂ ਤੂੰ ਸਿਆਣਾ ਹੋ ਗਿਆ ਤਾਂ ਤੈਨੂੰ ਆਪੇ ਪਤਾ ਲੱਗ ਜੂ," ਮੇਰੀ ਪਤਨੀ ਨੇ ਸਮਝਾਇਆ।

"ਅੱਛਾ! ਤਾਂ ਸਿਆਣੇ ਬੰਦੇ ਇਉਂ ਕਰਦੇ ਹੁੰਦੇ ਨੇ? ਜੇ ਮੈਂ ਵੱਡਾ ਹੋ ਕੇ ਇਹੋ ਜਿਹਾ ਸਿਆਣਾ ਬਣਨਾ ਹੈ ਤਾਂ ਫ਼ਿਰ ਮੈਂ ਕਮਲਾ ਈ ਠੀਕ ਆਂ। ਆਵਦੀ ਸਿਆਣਪ ਆਵਦੇ ਕੋਲ ਰੱਖੋ," ਤੇ ਉਹ ਰੋਂਦਾ-ਰੋਂਦਾ ਬਾਹਰ ਵੱਲ ਹੋ ਲਿਆ।

ਮੈਂ ਉਸ ਦੀ ਗੱਲ ਸੁਣ ਇਕਦਮ ਘਾਬਰ ਗਿਆ ਅਤੇ ਹੁਣ ਮੇਰੇ ਅੰਦਰ ਪਛਤਾਵੇ ਦੇ ਬੱਦਲ ਘਿਰਨ ਲੱਗੇ।

* * *

### ਫ਼ਰਿਸ਼ਤਾ

**ਪੋਲੀ ਬਰਾੜ**

ਸਮੇਂ ਦੀ ਤਬਦੀਲੀ ਨੇ ਇਨਸਾਨ ਨੂੰ ਸਵਾਰਥੀ ਬਣਾ ਦਿੱਤਾ ਹੈ। ਕੁਝ ਉਦਾਹਰਣਾਂ ਦਰਸਾਉਂਦੀਆਂ ਹਨ ਕਿ ਕਲਯੁਗ ਵਿੱਚ ਵੀ ਅਜਿਹੇ ਜੀਵ ਹਨ ਜੋ ਬਿਨਾਂ ਕਿਸੇ ਫ਼ਾਇਦੇ ਤੋਂ ਦੂਜਿਆਂ ਦੀ ਸਹਾਇਤਾ ਕਰਨ ਲਈ ਤਤਪਰ ਰਹਿੰਦੇ ਹਨ। ਦਰਅਸਲ, ਇਹ ਗੱਲ ਉਨ੍ਹਾਂ ਦਿਨਾਂ ਦੀ ਹੈ ਜਦੋਂ ਚੰਡੀਗੜ੍ਹ ਦੀ ਉਸਾਰੀ ਜ਼ੋਰਾਂ ਸ਼ੋਰਾਂ ਨਾਲ ਚੱਲ ਰਹੀ ਸੀ। ਸਾਡੇ ਘਰ ਦੇ ਨਾਲ ਹੀ ਨਵੇਂ ਘਰ ਬਣ ਰਹੇ ਸਨ। ਪਾਣੀ ਵਰਤਣ ਲਈ ਇੱਕ ਟੋਇਆ ਪੁੱਟਿਆ ਹੋਇਆ ਸੀ। ਉਸ ਦਿਨ ਉਹ ਨੱਕੋ ਨੱਕ ਭਰਿਆ ਹੋਇਆ ਸੀ। ਅਸੀਂ ਭੈਣ ਭਰਾ ਉਸ ਦੇ ਇਰਦ ਗਿਰਦ ਖੇਡ ਰਹੇ ਸਾਂ। ਅਚਾਨਕ ਇੱਕ ਬੱਚੇ ਨੇ ਮੇਰੀ ਛੋਟੀ ਭੈਣ ਜੋ ਉਸ ਵੇਲੇ ਦਸ ਕੁ ਸਾਲ ਦੀ ਹੋਵੇਗੀ, ਨੂੰ ਪਾਣੀ ਵਿੱਚ ਧੱਕਾ ਦੇ ਦਿੱਤਾ। ਮੇਰੀ ਵਿਚਕਾਰਲੀ ਭੈਣ ਨੇ ਉੱਚੀ ਉੱਚੀ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ। ਵਾਹਿਗੁਰੂ ਦੀ ਕਰਨੀ ਇੱਕ ਨੌਜਵਾਨ ਕੋਟ ਪੈਂਟ, ਟਾਈ ਅਤੇ ਸੋਹਣੀ ਦਸਤਾਰ ਸਜਾਈ ਹੋਈ ਦਿਸਿਆ। ਸ਼ਾਇਦ ਉਹ ਉੱਥੋਂ ਲੰਘ ਰਿਹਾ ਸੀ। ਉਹ ਅੱਖ ਦੇ ਫ਼ੋਰ ਵਿੱਚ ਪਾਣੀ ਵਿੱਚ ਕੁੱਦ ਗਿਆ ਤੇ ਮੇਰੀ ਭੈਣ ਨੂੰ ਬਾਹਰ ਕੱਢ ਲਿਆਇਆ। ਬੀਜੀ ਵੀ ਪਹੁੰਚ ਗਏ। ਉਸ ਫ਼ਰਿਸ਼ਤੇ ਅਤੇ ਬੀਜੀ ਨੇ ਮੇਰੀ ਭੈਣ ਦਾ ਪਾਣੀ ਬਾਹਰ ਕੱਢਿਆ। ਉਸ ਨੂੰ ਹੋਸ਼ ਆ ਗਈ ਅਤੇ ਉਹ ਬਚ ਗਈ। ਨੌਜਵਾਨ ਨੇ ਸਾਨੂੰ ਧੰਨਵਾਦ ਕਰਨ ਦਾ ਮੌਕਾ ਹੀ ਨਾ ਦਿੱਤਾ। ਸਾਨੂੰ ਪਤਾ ਵੀ ਨਾ ਲੱਗਿਆ ਕਿ ਪਾਣੀ ਵਿੱਚ ਬੁਰੀ ਤਰ੍ਹਾਂ ਭਿੱਜਿਆ ਹੋਇਆ ਉਹ ਉੱਥੋਂ ਚਲਾ ਗਿਆ। ਉਸ ਦੀ ਸ਼ਕਲ ਸੂਰਤ ਮੈਨੂੰ ਅਜੇ ਵੀ ਪੂਰੀ ਤਰ੍ਹਾਂ ਯਾਦ ਹੈ। ਉਸ ਫ਼ਰਿਸ਼ਤੇ ਨੇ ਮੇਰੀ ਉਸ ਭੈਣ ਨੂੰ ਬਚਾਇਆ ਜੋ ਹਰ ਇੱਕ ਦੇ ਦੁੱਖ ਸੁਖ ਵਿੱਚ ਚੱਟਾਨ ਵਾਂਗ ਖੜ੍ਹਦੀ ਹੈ।

# ਮੇਰੀ ਕਲਮ

## ਸੁੱਤੀ ਖ਼ਲਕਤ

**ਕੇਵਲ ਸਿੰਘ ਰੱਤੜਾ**

ਲੱਗਦਾ ਸੀ ਧਰਵਾਸ ਕਿ, ਪੈ ਜਾਊ ਬੂਰ ਦੁਆਵਾਂ ਨੂੰ
ਮਲ੍ਹਮ ਨਹੀਂ ਪਰ ਲੂਣ ਮਿਲ ਗਿਆ ਰੂਹ ਤੇ ਘਾਵਾਂ ਨੂੰ।
ਪਹਿਰੇਦਾਰ ਜੋ ਕਾਲੇ ਦੌਰ ਸੀ ਖੜ੍ਹਾ ਬਰੂਹਾਂ ’ਤੇ,
ਦਿਨ ਦੀਵੀਂ ਹੀ ਵੈਣੀਂ ਪਾ ਗਿਆ ਘਰ ਦੇ ਚਾਵਾਂ ਨੂੰ।
ਗੁੱਸੇ ਵਿੱਚ ਤਾਂ ਧਰਮ ਗੁਰੂ ਵੀ ਪਾਗਲ ਹੋ ਜਾਂਦੇ
ਬੇਪਰਦਾ ਹੋ ਗਾਲ੍ਹਾਂ ਕੱਢਦੇ, ਧੀਆਂ ਮਾਵਾਂ ਨੂੰ।
ਨਹੀਂ ਸੀ ਸੋਚਿਆ ਪੁੱਤ ਹੀ ਨਿਕਲੂ ਕਾਤਲ ਬਾਪੂ ਦਾ,
ਸ਼ੱਕੀ ਨਜ਼ਰੇ ਦੇਖਣ ਲੱਗ ਪਏਂ ਸਕੇ ਭਰਾਵਾਂ ਨੂੰ।
ਸਾਰੇ ਪਾਸੇ ਭੋਲੇ ਹੀ ਲੁੱਟੇ ਜਾਣ ਸਿਆਸਤ ਤੋਂ,
ਮਿੱਠੀ ਜੀਭ ਨਾ ਕੋਇਲਾਂ ਕਰਨ ਬੇਨਸਲੇ ਕਾਵਾਂ ਨੂੰ।
ਵਕਤ ਹੁੰਦਾ ਸੀ ਖ਼ਬਰ ਮੌਤ, ਤੋਂ ਦਿਲ ਹੁੰਦਾ ਇਨਕਾਰੀ,
ਯਮਦੂਤਾਂ ਦੇ ਪਹਿਰੇ ਦਾ ਨਹੀਂ ਇਲਮ ਹਵਾਵਾਂ ਨੂੰ।
ਦੁਨੀਆਂ ਦਾ ਹਰ ਕੋਨਾ, ਹੇਠਾਂ ਮਾਰ ਐਟਮੀ ਦੇ,
ਕਿੰਨੇ ਚਿਰ ਲਈ ਕਰ ਲਉਗੇ ਮਜ਼ਬੂਤ ਗੁਫ਼ਾਵਾਂ ਨੂੰ।
ਸੌਖੇ ਵਿਸ਼ੇ ਨੇ ਤਿੱਤਲੀ, ਜ਼ੁਲਫਾਂ ਫੁੱਲਾਂ ਲਈ ਲਿਖਣਾ
ਮੁੱਦੇ, ਹਾਅਵੇ, ਹੱਕ ਨਹੀਂ ਭਾਉਂਦੇਸਾਹਿਤ ਸਭਾਵਾਂ ਨੂੰ।
ਲੋਕ ਰਾਜ ਵਿੱਚ ਤਾਨਾਸ਼ਾਹੀ ਜੇ ਪਲ ਗਈ ‘ਰੱਤੜਾ’
ਸੁੱਤੀ ਖ਼ਲਕਤ ਮਰ ਜਾਊ ਆਪੇ ਮਾਰ ਆਸ਼ਾਵਾਂ ਨੂੰ।

## ਪਤਾ ਨਹੀਂ

**ਸਵਜੀਤ**

ਲੁਕਿਆ, ਬਚਿਆ, ਡਰਿਆ, ਭੱਜਿਆ, ਓਦਰਿਆ, ਘਬਰਾਇਆ।
ਪਤਾ ਨਹੀਂ ਮੈਂ ਝਕਦਾ-ਝਕਦਾ ਕਿੱਥੋਂ ਤੱਕ ਜਾ ਆਇਆ।
ਘਰ ਦੀ ਕੀ ਪ੍ਰੀਭਾਸ਼ਾ ਹੋਵੇ ਤੇ ਪਰਦੇਸ ਕੀ ਹੋਇਆ,
ਵਿੱਚ ਪਹਾੜਾਂ ਬੈਠਾ ਹਾਂ ਮੈਂ ਲੂਆਂ ਦਾ ਤਿਰਹਾਇਆ।
ਕਾਗਜ਼, ਕਲਮ, ਦਵਾਤ, ਸਿਆਹੀ ਕਿਸਦੀ ਸੀ ਮੈਂ ਵਰਤੀ ?
ਕਿਸਦਾ ਖ਼ੂਨ ਪਸੀਨਾ ਡੁੱਲ੍ਹਿਆ ਜੋ ਮੇਰਾ ਸਰਮਾਇਆ ?
ਮੇਰੇ ਥੱਲੇ ਬੈਠਣ ਵਾਲੇ ਮੇਰੇ ਉੱਤੇ ਚੀਕਣ,
ਮੈਂ ਚੋਂਦੀ ਛੱਤਰੀ ਹਾਂ ਮੇਰਾ ਫ਼ੱਟ ਕਿਸਨੇ ਸਿਲਵਾਇਆ।
ਦਿਨ ਵੇਲ਼ੇ ਫ਼ੁੱਲ ਚੜ੍ਹਦਾ ਅੱਜਕੱਲ੍ਹ, ਰਾਤੀਂ ਮਹਿੰਦੀ ਪੱਤਾ
ਹੱਥ ’ਤੇ ਸੂਰਜ ਕਿਸਨੇ, ਮੱਥੇ ’ਤੇ ਚੰਨ ਕਿਸ ਖੁਣਵਾਇਆ ?

## ਪ੍ਰੇਰਨਾ

**ਜਸਵੀਰ ਸਿੰਘ ਮੋਰੋਂ**

ਮਰਨੇ ਲਈ ਹਨ, ਬਹੁਤ ਸਕੀਮਾਂ,
ਜੀਣੇ ਲਈ ਕੋਈ ਜੁਗਤਾਂ ਘੜੀਏ।
ਇੱਕ ਸੰਘਰਸ਼, ਇਹ ਸਾਡਾ ਜੀਵਨ,
ਜਿੱਤਣ ਲਈ, ਚਲੋ ਆਪਾਂ ਲੜੀਏ।
ਕਿਸਮਤ ਤਾਈਂ, ਨਾ ਕੋਸਦੇ ਰਹੀਏ,
ਕਰਕੇ ਮਿਹਨਤ, ਪੈਰਾਂ ’ਤੇ ਖੜ੍ਹੀਏ।
ਜੇ ਹਾਰ ਮਿਲੇ, ਨਾ ਹਾਰ ਕੇ ਬਹੀਏ,
ਫਿਰ ਕੋਸ਼ਿਸ਼ ਕਰ, ਸਫ਼ਲਤਾ ਫੜੀਏ।
ਇਹ ਸਮਾਂ ਕਦੇ ਨਾ, ਟਿਕ ਕੇ ਬਹਿੰਦਾ,
ਨਾ ਭਾਵਨਾਵਾਂ ਦੇ, ਵਹਿਣ ’ਚ ਹੜ੍ਹੀਏ।
ਕਦੇ ਨਿਰਾਸ਼ਾ ਨਾਲ ਨਾ, ਲਾਈਏ ਯਾਰੀ,
ਉਮੀਦਾਂ ਦੇ ਨਾਲ ਹੀ, ਸਦਾ ਜਾ ਖੜ੍ਹੀਏ।
ਸਾਨੂੰ ਮਿਲ ਜਾਂਦਾ ਹੈ, ਬਹੁਤ ਹੌਸਲਾ,
ਜਦ ਮਹਾਨ ਲੋਕਾਂ ਦੇ, ਜੀਵਨ ਪੜ੍ਹੀਏ।
ਜਸਵੀਰ ਮੋਰੋਂ, ਬਣ ਜਾਏ ਪ੍ਰੇਰਨਾ,
ਇਉਂ ਆਪਣੀ ਜਿੰਦ ਨੂੰ ਘੜੀਏ।

## ਕਿਉਂ ?

**ਰਵਨਜੋਤ ਕੌਰ ਸਿੱਧੂ ਰਾਵੀ**

ਭੁੱਖ ਦਾ ਮਾਰਾ ਦਰ ਦਰ ਭਟਕੇਂ
ਸਭ ਨੂੰ ਆਖੇਂ ਰੱਜੇ ਕਿਉਂ ?
ਕਿਰਤ ਕਰਦਾ ਸੈਂ ਹੱਥ ਖੁੱਲ੍ਹੇ ਸੀ
ਫਿਰ ਵੀ ਲੱਗਣ ਬੱਝੇ ਕਿਉਂ ?
ਸੱਚ ਤੇਰਾ ਸੀ ਜੇ ਸਭ ਨੂੰ ਪਤਾ
ਫਿਰ ਵੀ ਝੂਠ ਤੋਂ ਭੱਜੇਂ ਕਿਉਂ ?
ਜੇ ਡਰਦਾ ਸੈਂ ਤੂੰ ਕੰਡਿਆਂ ਤੋਂ ਵੀ
ਫਿਰ ਫੁੱਲਾਂ ਤੋਂ ਫੱਟ ਵੀ ਲੱਗੇ ਕਿਉਂ ?
ਦਿਲ ਤੁੜਵਾ ਕੇ ਵੀ ਖ਼ੈਰਾਂ ਮੰਗੇ
ਜ਼ਖ਼ਮਾਂ ਦੀ ਮੱਲਮ ਫਿਰ ਲੱਭੇਂ ਕਿਉਂ ?
ਸ਼ਾਂਤ ਸੀ ਕਦੇ ਸਮੁੰਦਰ ਵਰਗਾ
ਹੁਣ ਦਿਲ ’ਚੋਂ ਭਾਂਬੜ ਕੱਢੇਂ ਕਿਉਂ ?
ਪਤਾ ਇਸ਼ਕ ਕਿਸੇ ਦੇ ਰਾਸ ਨਾ ਆਇਆ
ਹੁਣ ਕਿਸਮਤ ਸਹਾਰੇ ਛੱਡੇਂ ਕਿਉਂ ?
ਕਦੇ ਮਰਦਾ ਸੈਂ ਰਿਸ਼ਤੇ ਟੁੱਟ ਨਾ ਜਾਵਣ
ਹੁਣ ਹੱਥੀਂ ਉਨ੍ਹਾਂ ਦੀ ਜੜ੍ਹ ਵੱਢੇਂ ਕਿਉਂ ?

## .ਫਰਕ

**ਜਗਜੀਤ ਸਿੰਘ ਲੱਡਾ**

ਓਏ ਸੱਜਣਾ ! ਜੱਫ਼ੀ, ਜੱਫ਼ੀ ਵਿੱਚ ਫ਼ਰਕ ਹੁੰਦਾ ਏ।
ਹਰ ਜੱਫ਼ੀ ’ਚ ਭਰਿਆ ਨਹੀਓਂ ਠਰਕ ਹੁੰਦਾ ਏ।
ਓਏ ਸੱਜਣਾ ! ਜੱਫ਼ੀ, ਜੱਫ਼ੀ ਵਿੱਚ ਫ਼ਰਕ ਹੁੰਦਾ ਏ।
ਮਾਂ ਦੀ ਜੱਫ਼ੀ, ਭੈਣ ਦੀ ਜੱਫ਼ੀ ਤੇ ਧੀ ਦੀ ਜੱਫ਼ੀ,
ਇਨ੍ਹਾਂ ਦੀ ਜੱਫ਼ੀ ’ਚ ਮੋਹ ਦਾ ਅਰਕ ਹੁੰਦਾ ਏ।
ਓਏ ਸੱਜਣਾ ! ਜੱਫ਼ੀ, ਜੱਫ਼ੀ ਵਿੱਚ ਫ਼ਰਕ ਹੁੰਦਾ ਏ।
ਪਿਓ ਦੀ ਜੱਫ਼ੀ, ਭਰਾ ਦੀ ਜੱਫ਼ੀ, ਪੁੱਤ ਦੀ ਜੱਫ਼ੀ,
ਇਸ ਤੋਂ ਦੂਰ ਹੋਇਆਂ ਬੇੜਾ ਗਰਕ ਹੁੰਦਾ ਏ।
ਓਏ ਸੱਜਣਾ ! ਜੱਫ਼ੀ, ਜੱਫ਼ੀ ਵਿੱਚ ਫ਼ਰਕ ਹੁੰਦਾ ਏ।
ਯਾਰ ਦੀ ਜੱਫ਼ੀ, ਪਿਆਰ ਦੀ ਜੱਫ਼ੀ, ਨਾਰ ਦੀ ਜੱਫ਼ੀ
ਇਸ ਜੱਫ਼ੀ ਤੋਂ ਚਾਹ ਕੇ ਵੀ ਨਾ ਸਰਕ ਹੁੰਦਾ ਏ।
ਓਏ ਸੱਜਣਾ ! ਜੱਫ਼ੀ, ਜੱਫ਼ੀ ਵਿੱਚ ਫ਼ਰਕ ਹੁੰਦਾ ਏ।
ਰਿਸ਼ਤੇਦਾਰਾਂ ਤੇ ਸਾਥੀਆਂ ਦੀ ਜੱਫ਼ੀ ਛੱਡਿਆਂ,
ਸੁਣਿਆ ‘ਲੱਡੇ’ ਨੇ ਕਿ ਮਿਲਦਾ ਨਰਕ ਹੁੰਦਾ ਏ।
ਓਏ ਸੱਜਣਾ ! ਜੱਫ਼ੀ, ਜੱਫ਼ੀ ਵਿੱਚ ਫ਼ਰਕ ਹੁੰਦਾ ਏ।



## ਇੱਕ ਮਾਂ ਆਖਦੀ

**ਗਗਨਦੀਪ ਸਿੰਘ ਬੁਗਰਾ**

ਜਦ ਮਾਂ ਬੋਲੀ ਭੁੱਲੀ ਮੇਰੇ ਪੁੱਤ ਨੂੰ,
ਮੈਂ ਖ਼ੁਸ਼ ਹੋਈ,
ਪੜ੍ਹ-ਲਿਖ ਗਿਆ ਮੇਰਾ ਲਾਲ।
ਫ਼ਿਰ ਉਸਨੂੰ ਆਪਣੀ ਮਾਂ ਧਰਤੀ ਭੁੱਲੀ,
ਮੈਂ ਬਾਗੋ-ਬਾਗ,
ਤਰੱਕੀ ਕਰ ਗਿਆ ਮੇਰਾ ਪੁੱਤ।
ਹੁਣ ਉਹ ਮੈਨੂੰ ਭੁੱਲ ਗਿਆ,
ਮੈਂ ਭੁੱਬਾਂ ਮਾਰੀਆਂ।
ਅੱਜ ਮੈਨੂੰ ਅਹਿਸਾਸ ਹੋਇਆ,
ਪਹਿਲੀਆਂ ਦੋ ਵੀ ਰੋਈਆਂ ਹੋਣਗੀਆਂ ਮੇਰੇ ਵਾਂਗੂੰ।

## .ਗ਼ਜ਼ਲ

**ਪਰਮਜੀਤ ਸਿੰਘ ਨਿੱਕੇ ਘੁੰਮਣ**

ਹਰ ਤਰਫ਼ ਹੀ ਬੇਬਸੀ, ਬੇਚੈਨੀਆਂ ਦਾ ਦੌਰ ਹੈ
ਹਰ ਨਜ਼ਰ ਖ਼ਾਮੋਸ਼ ਹੈ ਪਰ ਹਰ ਜ਼ਿਹਨ ’ਚ ਸ਼ੋਰ ਹੈ।
ਮਤਲਬੀ ਨੇ ਯਾਰ ਬੇਲੀ, ਰਿਸ਼ਤੇ-ਨਾਤੇ ਝੂਠ ਨੇ
ਥਾਂ-ਕੁਥਾਂ ਹੈ ਟੁੱਟ ਗਈ, ਜੋ ਪ੍ਰੇਮ ਵਾਲੀ ਡੋਰ ਹੈ।
ਭੋਲਾ ਚਿਹਰਾ, ਬੋਲ ਮਿੱਠੇ, ਪਾਕ ਹੈ ਕਿਰਦਾਰ ਵੀ
ਜ਼ਿਕਰ ਜਿਸਦਾ ਹੋ ਰਿਹੈ, ਉਹ ਤੂੰ ਨਹੀਂ, ਕੋਈ ਹੋਰ ਹੈ।
ਮੁੱਕ ਗਏ ਨੇ ਬਾਗ਼ ਸਭ ਤੇ ਮੁੱਕ ਗਈਆਂ ਨੇ ਕੋਇਲਾਂ
ਹੁਣ ਬਰਸਦਾ ਸਾਵਣ ਨਹੀਂ, ਨਾ ਪੈਲਾਂ ਪਾਉਂਦਾਮੋਰ ਹੈ।
ਮੁਸ਼ਕਿਲਾਂ, ਰੁਕਾਵਟਾਂ ਤੇ ਦੁੱਖ ਭਰੇ ਨੇ ਰਾਹ ਵੀ
ਇਹ ਜ਼ਿੰਦਗੀ ਓਸੇ ਦੀ ਹੈ, ਜੋ ਨਾ ਕਰੇ ਕੁਝ ਗ਼ੌਰ ਹੈ।
ਮੈਂ ਨਹੀਂ ਪੀਤੀ ਹੈ ਦਿਲਬਰ, ਤੂੰ ਪਿਲਾਈ ਸੀ ਜੋ ਮੈਅ
ਰਾਹ ਫਿਰ ਈਮਾਨ ’ਤੇ, ਕਿਉਂ ਡਗਮਗਾਉਂਦੀ ਤੋਰ ਹੈ ?
ਛੱਡ ਪਰ੍ਹੇ ਕਿ ਇਸ਼ਕ ਦਾ, ਹੁਣ ਕੀ ਹੈ ਰੋਣਾ ਰੋਵਣਾ
ਪੱਕ ਗਏ ਹੁਣ ਵਾਲ ਨੇ, ਉੱਡਣ ਨੂੰ ਫਿਰਦਾ ਭੌਰ ਹੈ।

## ਦੁਨੀਆਂ

**ਗੁਰਜੀਤ ਟਿਵਾਣਾ**

ਇੱਥੇ ਅੱਕਾਂ ਦੇ ਬੂਟਿਆਂ ਨੂੰ ਕੌਣ ਪੂਜਦਾ,
ਹੁੰਦੀ ਕਦਰ ਤਾਂ ਪਿੱਪਲ ਤੇ ਬੋਹੜ ਦੀ ਏ।
ਇੱਥੇ ਪੱਥਰਾਂ ਦੀ ਹੁੰਦੀ ਏ ਨਿੱਤ ਪੂਜਾ,
ਇਨਸਾਨੀਅਤ ਨੂੰ ਪੈਰਾਂ ’ਚ ਰੋਲਦੀ ਏ।
ਕਦਰ ਪੈਸੇ ਦੀ ਦਿਨੋਂ ਦਿਨ ਵਧੀ ਜਾਵੇ,
ਰਿਸ਼ਤੇ ਨਾਤੇ ਨੂੰ ਪੈਸੇ ਨਾਲ ਤੋਲਦੀ ਏ।
ਬੰਦੇ ਦੇ ਦੇਖ ਮਾੜੇ ਹਾਲਾਤ ਯਾਰੋ,
ਲੰਘ ਜਾਂਦੇ ਨੇ ਆਪਣੇ ਵੀ ਕੋਲ ਦੀ ਏ।
ਟਾਈਮ ਸਦਾ ਨਾ ਇੱਕੋ ਜਿਹਾ ਰਹੇ ਟਿਵਾਣੇ,
ਦਰਵਾਜ਼ੇ ਮਿਹਨਤ ਹੀ ਕਾਮਯਾਬੀ ਦੇ ਖੋਲ੍ਹਦੀ ਏ।

## .ਗ਼ਜ਼ਲ

**ਰੋਜ਼ੀ ਸਿੰਘ**

ਉਸ ਦੇ ਮੁੱਖ ਤੋਂ ਨਜ਼ਰ ਹਟਾਉਣਾ ਔਖਾ ਏ,
ਉਸਦੀ ਯਾਦ ਤੋਂ ਬਚ ਕੇ ਆਉਣਾ ਔਖਾ ਏ।
ਉਸ ਦੀ ਗਲੀ ’ਚ ਗੇੜੇ ਭਾਵੇਂ ਲਾ ਆਈਏ,
ਪਰ ਉਸ ਦਾ ਬੂਹਾ ਖੜਕਾਉਣਾ ਔਖਾ ਏ।
ਉਹ ਤਾਂ ਮੇਰੇ ਖ਼ਾਬਾਂ ਦੀ ਸਹਿਜ਼ਾਦੀ ਹੈ ਪਰ,
ਵਿੱਚ ਹਕੀਕਤ ਉਸ ਨੂੰ ਪਾਉਣਾ ਔਖਾ ਏ।
ਸੌਖਾ ਤਾਂ ਨਹੀਂ ਦਿਲ ’ਚੋਂ ਉਸਨੂੰ ਕੱਢ ਦੇਣਾ,
ਪਰ ਚੰਦਰੇ ਦਿਲ ਨੂੰ ਸਮਝਾਉਣਾ ਔਖਾ ਏ।
ਜਿਹੜੇ ਪੱਤਣ ਤਰਦੇ ਉਨ੍ਹਾਂ ਦੇ ਲਈ ਵੀ,
ਨੈਣਾਂ ਦੇ ਵਿੱਚ ਡੁਬਕੀ ਲਾਉਣਾ ਔਖਾ ਏ।
ਉਲਫ਼ਤ ਦੇ ਨੇ ਰਾਗ ਅਵੱਲੇ ਇਨ੍ਹਾਂ ਨੂੰ,
ਦੋਸਤ ਮੇਰੇ ਸੁਰ ਵਿੱਚ ਗਾਉਣਾ ਔਖਾ ਏ।
ਪਿਆਰ ਮੁਹੱਬਤ, ਯਾਰੀ ਪਾਉਣੀ ਸੌਖੀ ਏ,
ਸੱਚਾ ਸੁੱਚਾ ਇਸ਼ਕ ਨਿਭਾਉਣਾ ਔਖਾ ਏ।

* * *

## ਬਲ.ਖ਼ ਬੁਖਾਰੇ ਤੋਂ ਮੋੜਾ

**ਤਰਲੋਚਨ ਸਿੰਘ ਦੁਪਾਲ ਪੁਰ**

ਛੱਜੂ ਤੁਰ ਪੈਂਦੇ ਬਲਖ਼-ਬੁਖਾਰਿਆਂ ਨੂੰ
ਬਾਹਰ ਜਾਣ ਦਾ ਮਚਿਆ ਹੜਕੰਪ ਹੋਵੇ।
ਜੂਆ ਖੇਡਣ ਦੇ ਵਾਂਗ ਉਹ ਚੱਲ ਪੈਂਦੇ
ਲਾਉਣੀ ਡੌਂਕੀ ਜਾਂ ਟੱਪਣਾ ਡੰਪ ਹੋਵੇ।
ਕੋਈ ਸੁਣਦਾ ਨਾ ਕਰੜੇ ਕਾਨੂੰਨ-ਕਾਇਦੇ
ਪੁੱਠੀ ਹੱਥ-ਕੜੀ ਵਾਲਾ ਭੂ-ਕੰਪ ਹੋਵੇ।
ਸੱਚ ਦੀ ਰੌਸ਼ਨੀ ਵੱਲ ਨੂੰ ਦੇਖਦੇ ਨਹੀਂ
ਬਲ਼ ਰਿਹਾ ਡਿਪੋਰਟਾਂ ਦਾ ਲੈਂਪ ਹੋਵੇ।
ਮੁੜ ਫਿਰ ਧਰਤੀ ’ਤੇ ਲੱਗਦੇ ਪੈਰ ਔਖੇ
ਜੜ੍ਹੋਂ ਉੱਖੜਨ ਦਾ ਲੱਗਾ ਜੇ ਜੰਪ ਹੋਵੇ।
ਰਾਸ਼ਟਰਪਤੀ ਸਮੁੰਦਰੋਂ ਪਾਰ ਦਾ ਐ
ਵਿੱਚ ਪੰਜਾਬ ਦੇ ‘ਟਰੰਪ-ਟਰੰਪ’ ਹੋਵੇ।

## ਮੰਡੀ ਜੰਗ

**ਰਵਿੰਦਰ ਸਿੰਘ ਕੁੰਦਰਾ**
ਕਵੈਂਟਰੀ, ਯੂ.ਕੇ.
07748772308



ਠੰਡੀ ਜੰਗ ਤੋਂ ਮੰਡੀ ਜੰਗ ਦਾ,
ਬਦਲਿਆ ਖੇਲ੍ਹ ਅਨੋਖਾ ਹੈ,
ਕੀ ਇਹ ਬਿਲਕੁਲ ਸੱਚ ਹੋ ਰਿਹੈ,
ਜਾਂ ਫਿਰ ਨਜ਼ਰ ਦਾ ਧੋਖਾ ਹੈ ?
ਅੱਸੀ ਸਾਲ ਦੀ ਠੰਡੀ ਦੁਸ਼ਮਣੀ,
ਕਰੋੜਾਂ ਜਾਨਾਂ ਹੜੱਪ ਗਈ,
ਮੰਦਹਾਲੀ ਦੀ ਹਾਲਤ ’ਚ ਰਹਿ ਕੇ,
ਕਿੰਨੀ ਜਨਤਾ ਤੜਪ ਗਈ।
ਹਥਿਆਰਾਂ ਦੇ ਪਹਾੜਾਂ ਨੇ ਮਿਲ ਕੇ,
ਲੋਕਾਂ ਦਾ ਪੈਸਾ ਡਕਾਰ ਲਿਆ,
ਧਰਤੀ ’ਤੇ ਸਵਰਗ ਦਾ ਸੁਪਨਾ,
ਲੋਕਾਂ ਮਨਾਂ ਤੋਂ ਵਿਸਾਰ ਲਿਆ।
ਸਮਾਜਵਾਦ ਤੇ ਸਾਮਰਾਜ ਦੇ,
ਮਖੌਟੇ ਪਲਾਂ ਵਿੱਚ ਉਤਰ ਗਏ,
ਇੱਕ ਦੂਜੇ ਦੀ ਪਿੱਠ ਲਾਉਣ ਦੇ,
ਨਾਹਰੇ ਪਤਾ ਨਹੀਂ ਕਿੱਧਰ ਗਏ।
ਕੋਈ ਕਿਸ ਕਿਸ ਦਾ ਦੋਸਤ ਏ,
ਕੌਣ ਅੱਜ ਕਿਸ ਦਾ ਦੁਸ਼ਮਣ ਏ,
ਅੱਜ ਸੁਰਜਨ ਸਭ ਦਾ ਪੈਸਾ ਏ,
ਤੇ ਪੈਸਾ ਹੀ ਬੱਸ ਦੁਰਜਨ ਏ।
ਟੈਕਸਾਂ ਦੀ ਲੁੱਟ ਖਸੁੱਟ ਦੇ ਵਿੱਚ,
ਆਮ ਆਦਮੀ ਲੁੱਟਿਆ ਗਿਆ,
ਗਰੀਬੀ ਦੇ ਤਾਬੂਤ ’ਚ ਸਮਝੋ,
ਆਖਰੀ ਕਿੱਲ ਵੀ ਠੁਕਿਆ ਗਿਆ।
ਸਿਰ ਫਿਰੇ ਸਿਰਫ ਇੱਕ ਬੰਦੇ ਨੇ,
ਦੁਨੀਆਂ ਸਾਰੀ ਹਿਲਾ ਦਿੱਤੀ,
ਅਰਥ ਸ਼ਾਸਤਰ ਦੀ ਹਰੇਕ ਯੂਨੀਵਰਸਿਟੀ,
ਮੁੜ ਤੋਂ ਪੜ੍ਹਨੇ ਪਾ ਦਿੱਤੀ।
ਠੰਡੀ ਜੰਗ ਤੋਂ ਮੰਡੀ ਜੰਗ ਹੁਣ,
ਕਿੱਥੇ ਜਾ ਕੇ ਰੁਕਦੀ ਹੈ ?
ਹਰ ਜ਼ੁਬਾਨ ਤੇ ਚੱਲਦੀ ਹਰ ਗੱਲ,
ਇਸ ਸਵਾਲ ’ਤੇ ਮੁੱਕਦੀ ਹੈ।

# ਭਾਰਤੀ ਹਾਕੀ ਨੇ 100 ਸਾਲ ਪੂਰੇ ਹੋਣ ਦਾ ਜਸ਼ਨ ਮਨਾਇਆ

## ਦੇਸ਼ ਦੇ ਸ਼ਾਨਦਾਰ ਹਾਕੀ ਸਿਤਾਰਿਆਂ, ਅਧਿਕਾਰੀਆਂ ਅਤੇ ਮਹਾਨ ਹਸਤੀਆਂ ਦਾ ਸਨਮਾਨ

ਹਾਕੀ ਇੰਡੀਆ ਦੇ ਸੱਤਵੇਂ ਸਲਾਨਾ ਐਵਾਰਡ 2024 ਨੇ ਭਾਰਤੀ ਹਾਕੀ ਨਾਲ ਜੁੜੇ ਲੋਕਾਂ ਨੂੰ ਇੱਕ ਵਾਰ ਫਿਰ ਇਕੱਠਾ ਕੀਤਾ। ਰਾਸ਼ਟਰੀ ਮਹਾਂਸੰਘ ਨੇ ਦੇਸ਼ ਦੇ ਸ਼ਾਨਦਾਰ ਹਾਕੀ ਸਿਤਾਰਿਆਂ, ਅਧਿਕਾਰੀਆਂ ਅਤੇ ਮਹਾਨ ਹਸਤੀਆਂ ਦਾ ਸਨਮਾਨ ਕੀਤਾ, ਜਿਨ੍ਹਾਂ ਨੇ ਇਸ ਖੇਡ ਵਿਚ ਬੇਹੱਦ ਯੋਗਦਾਨ ਪਾਇਆ ਹੈ ਅਤੇ ਸਾਲ ਦਰ ਸਾਲ ਦੇਸ਼ ਨੂੰ ਮਾਣ ਦਿਵਾਇਆ ਹੈ।



ਸੱਤਵੇਂ ਸਲਾਨਾ ਐਵਾਰਡ 2024 ਵਿਚ ਭਾਰਤੀ ਹਾਕੀ ਨੇ 100 ਸਾਲ ਪੂਰੇ ਹੋਣ ਦਾ ਜਸ਼ਨ ਮਨਾਇਆ। ਹਾਕੀ ਇੰਡੀਆ ਨੇ 1975 ਵਿਸ਼ਵ ਕੱਪ ਜਿੱਤਣ ਵਾਲੀ ਟੀਮ ਦੇ ਮੈਂਬਰਾਂ ਨੂੰ ਹਾਕੀ ਇੰਡੀਆ ਮੇਜਰ ਧਿਆਨਚੰਦ ਲਾਈਫਟਾਈਮ ਅਚੀਵਮੈਂਟ ਐਵਾਰਡ ਨਾਲ 50 ਲੱਖ ਰੁਪਏ ਦੇ ਨਕਦ ਇਨਾਮ ਨਾਲ ਸਨਮਾਨਿਤ ਕੀਤਾ। ਇਸੇ ਤਰ੍ਹਾਂ, ਕਪਤਾਨ ਹਰਮਨਪ੍ਰੀਤ ਸਿੰਘ ਅਤੇ ਸਵਿਤਾ ਪੁਨੀਆ ਨੂੰ ਪਲੇਅਰ ਆਫ ਦ ਈਅਰ ਦਾ ਖਿਤਾਬ ਦਿੱਤਾ ਗਿਆ।

**ਕੁੱਲ ਐਵਾਰਡ ਰਕਮ 12 ਕਰੋੜ ਰੁਪਏ**

ਇਹ ਵੀ ਦੱਸਣਾ ਬਣਦਾ ਹੈ ਕਿ ਭਾਰਤੀ ਹਾਕੀ ਵਿੱਚ 12 ਕਰੋੜ ਰੁਪਏ ਦੀ ਰਿਕਾਰਡ ਐਵਾਰਡ ਰਕਮ ਰੱਖੀ ਗਈ, ਜੋ ਕਿ ਹਾਕੀ ਇੰਡੀਆ ਸਲਾਨਾ ਐਵਾਰਡ ਦੇ ਇਤਿਹਾਸ ਵਿੱਚ ਸਭ ਤੋਂ ਵੱਡੀ ਰਕਮ ਰਹੀ। ਸਵਿਤਾ ਅਤੇ ਹਰਮਨਪ੍ਰੀਤ ਸਿੰਘ ਨੂੰ ਕ੍ਰਮਵਾਰ ਔਰਤ ਅਤੇ ਪੁਰਸ਼ ਵਰਗ ਵਿੱਚ ਸਾਲ 2024 ਦੇ ਸਰਬੋਤਮ ਖਿਡਾਰੀ ਲਈ ਹਾਕੀ ਇੰਡੀਆ ਬਲਬੀਰ ਸਿੰਘ ਸੀਨੀਅਰ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ।

**ਸ਼੍ਰੀਜੇਸ਼ ਨੂੰ ਮਿਲਿਆ ਖਾਸ ਸਨਮਾਨ**

ਇਸੇ ਦੌਰਾਨ, ਇੰਡੀਆ ਹਾਕੀ ਟੀਮ ਤੋਂ ਰਿਟਾਇਰ ਹੋ ਚੁੱਕੇ ਪੀ.ਆਰ. ਸ਼੍ਰੀਜੇਸ਼ ਨੂੰ ਐਫ.ਆਈ.ਐਚ. ਪੁਰਸ਼ ਗੋਲਕੀਪਰ ਆਫ ਦ ਈਅਰ 2024 ਦੇ ਰੂਪ ਵਿੱਚ 5 ਲੱਖ ਰੁਪਏ ਦੀ ਇਨਾਮੀ ਰਕਮ ਨਾਲ ਸਨਮਾਨਿਤ ਕੀਤਾ ਗਿਆ। ਦੀਪਿਕਾ ਨੂੰ ਬਿਹਾਰ ਔਰਤ ਏਸ਼ਿਆਈ ਚੈਂਪੀਅਨਜ਼ ਟਰਾਫੀ 2024, ਰਾਜਗੀਰ ਵਿੱਚ ਸਭ ਤੋਂ ਵੱਧ ਗੋਲ ਸਕੋਰ ਕਰਨ ਅਤੇ ਟੂਰਨਾਮੈਂਟ ਦੀ ਸਰਬੋਤਮ ਖਿਡਾਰੀ ਲਈ 1 ਲੱਖ ਰੁਪਏ ਦਾ ਐਵਾਰਡ ਦਿੱਤਾ ਗਿਆ।

ਹਾਕੀ ਇੰਡੀਆ ਸਲਾਨਾ ਐਵਾਰਡ 2024 ਦੇ ਜੇਤੂਆਂ ਦੀ ਸੂਚੀ:

ਹਾਕੀ ਇੰਡੀਆ ਮੇਜਰ ਧਿਆਨਚੰਦ ਲਾਈਫਟਾਈਮ ਅਚੀਵਮੈਂਟ ਪੁਰਸਕਾਰ: 1975 ਵਿਸ਼ਵ ਕੱਪ ਜੇਤੂ ਟੀਮ

ਹਾਕੀ ਇੰਡੀਆ ਬਲਬੀਰ ਸਿੰਘ ਸੀਨੀਅਰ ਐਵਾਰਡ ਸਾਲ ਦੇ ਸਰਬੋਤਮ ਖਿਡਾਰੀ (ਪੁਰਸ਼): ਹਰਮਨਪ੍ਰੀਤ ਸਿੰਘ

ਹਾਕੀ ਇੰਡੀਆ ਬਲਬੀਰ ਸਿੰਘ ਸੀਨੀਅਰ ਐਵਾਰਡ- ਸਾਲ ਦੀ ਸਰਬੋਤਮ ਖਿਡਾਰੀ (ਮਹਿਲਾ): ਸਵਿਤਾ ਪੁਨੀਆ

ਸਾਲ ਦੇ ਸਰਬੋਤਮ ਗੋਲਕੀਪਰ ਲਈ ਹਾਕੀ ਇੰਡੀਆ ਬਲਜੀਤ ਸਿੰਘ ਪੁਰਸਕਾਰ: ਸਵਿਤਾ ਪੁਨੀਆ

ਹਾਕੀ ਇੰਡੀਆ ਪਰਗਟ ਸਿੰਘ ਡਿਫੈਂਡਰ ਆਫ ਦ ਈਅਰ ਪੁਰਸਕਾਰ: ਅਮਿਤ ਰੋਹਿਦਾਸ

ਹਾਕੀ ਇੰਡੀਆ ਅਜੀਤ ਪਾਲ ਸਿੰਘ ਐਵਾਰਡ (ਸਾਲ ਦਾ ਸਰਬੋਤਮ ਮਿਡਫੀਲਡਰ): ਹਾਰਦਿਕ ਸਿੰਘ

ਹਾਕੀ ਇੰਡੀਆ ਧਨਰਾਜ ਪਿੱਲੈ ਐਵਾਰਡ (ਸਾਲ ਦਾ ਸਰਬੋਤਮ ਫਾਰਵਰਡ): ਅਭਿਸੇਕ

ਹਾਕੀ ਇੰਡੀਆ ਅਸੁੰਤਾ ਲਾਕੜਾ ਐਵਾਰਡ – ਸਾਲ ਦੀ ਉਭਰਦੀ ਹੋਈ ਖਿਡਾਰੀ (ਮਹਿਲਾ–ਅੰਡਰ 21): ਦੀਪਿਕਾ

ਹਾਕੀ ਇੰਡੀਆ ਜੁਗਰਾਜ ਸਿੰਘ ਐਵਾਰਡ ਫਾਰ ਅਪਕਮਿੰਗ ਪਲੇਅਰ ਆਫ ਦ ਈਅਰ (ਪੁਰਸ਼–ਅੰਡਰ 21): ਅਰਜੀਤ ਸਿੰਘ ਹੁੰਦਲ

**ਸਟਾਫ ਨੂੰ ਵੀ ਮਿਲਿਆ ਇਨਾਮ**

ਇਸ ਤੋਂ ਇਲਾਵਾ, ਅਰਜੀਤ ਸਿੰਘ ਹੁੰਦਲ ਨੂੰ ਜੂਨੀਅਰ ਪੁਰਸ਼ ਏਸ਼ੀਆ ਕੱਪ 2024, ਮਸਕਟ, ਓਮਾਨ ਵਿੱਚ ਪਲੇਅਰ ਆਫ ਦ ਟੂਰਨਾਮੈਂਟ ਜਿੱਤਣ ਲਈ 1 ਲੱਖ ਰੁਪਏ ਦਾ ਐਵਾਰਡ ਵੀ ਦਿੱਤਾ ਗਿਆ। ਚੀਨ ਵਿੱਚ ਕਰਵਾਇਆ ਗਿਆ ਪੁਰਸ਼ ਏਸ਼ਿਆਈ ਚੈਂਪੀਅਨਜ਼ ਟਰਾਫੀ 2024 ਅਤੇ ਬਿਹਾਰ ਦੇ ਰਾਜਗੀਰ ਵਿੱਚ ਕਰਵਾਇਆ ਗਿਆ ਔਰਤ ਏਸ਼ਿਆਈ ਚੈਂਪੀਅਨਜ਼ ਟਰਾਫੀ 2024 ਦੀ ਖਿਤਾਬ ਜਿੱਤਣ ਵਾਲੀ ਟੀਮਾਂ ਨੂੰ ਹਰ ਖਿਡਾਰੀ ਨੂੰ 3 ਲੱਖ ਰੁਪਏ ਅਤੇ ਹਰ ਸਹਿਯੋਗੀ ਸਟਾਫ ਨੂੰ 1.5 ਲੱਖ ਰੁਪਏ ਦਾ ਇਨਾਮ ਦਿੱਤਾ ਗਿਆ।

**ਸਹਿਯੋਗੀ ਸਟਾਫ ਨੂੰ ਮਿਲੀ ਖਾਸ ਪਛਾਣ**

ਇਸ ਦੌਰਾਨ, ਜੂਨੀਅਰ ਪੁਰਸ਼ ਏਸ਼ੀਆ ਕੱਪ 2024 ਅਤੇ ਜੂਨੀਅਰ ਔਰਤ ਏਸ਼ੀਆ ਕੱਪ 2025 ਦੀ ਜੇਤੂ ਟੀਮਾਂ ਨੂੰ ਉਨ੍ਹਾਂ ਦੀਆਂ ਉਪਲਬਧੀਆਂ ਦੇ ਸਨਮਾਨ ਵਿਚ ਹਰ ਖਿਡਾਰੀ ਨੂੰ 2 ਲੱਖ ਰੁਪਏ ਅਤੇ ਹਰ ਸਹਿਯੋਗੀ ਸਟਾਫ ਨੂੰ 1 ਲੱਖ ਰੁਪਏ ਦਿੱਤੇ ਗਏ। ਰਿਪੁਦਮਨ ਸ਼ਰਮਾ ਨੂੰ ਸਾਲ 2024 ਦੇ ਸਰਬੋਤਮ ਅੰਪਾਇਰ/ਅੰਪਾਇਰ ਮੈਨੇਜਰ ਦਾ ਐਵਾਰਡ ਮਿਲਿਆ।

# ਭਾਰਤੀ ਹਾਕੀ ਲਈ ਮਾਣਮੱਤਾ ਪਲ਼

## ਹਾਕੀ ਦਾ ਆਲਮੀ ਚੈਂਪੀਅਨ ਬਣਨ ਦੀ ਗੋਲਡਨ ਜੁਬਲੀ

ਨਵਦੀਪ ਸਿੰਘ ਗਿੱਲ

ਭਾਰਤ ਨੇ ਵਿਸ਼ਵ ਹਾਕੀ ’ਤੇ ਲੰਬਾ ਸਮਾਂ ਰਾਜ ਕੀਤਾ ਹੈ। ਉਲੰਪਿਕ ਖੇਡਾਂ ਵਿੱਚ ਤਾਂ ਪੰਜ ਦਹਾਕਿਆਂ ਤੱਕ ਭਾਰਤੀ ਟੀਮ ਨੇ ਕਿਸੇ ਨੂੰ ਨੇੜੇ ਨਹੀਂ ਲੱਗਣ ਦਿੱਤਾ। ਉਲੰਪਿਕ ਖੇਡਾਂ ਵਿੱਚ ਹਾਕੀ ਮੁਕਾਬਲਿਆਂ ਦੀ ਸ਼ੁਰੂਆਤ 1908 ਵਿੱਚ ਹੋਈ ਸੀ ਅਤੇ 1928 ਤੋਂ ਨਿਰੰਤਰ ਉਲੰਪਿਕ ਖੇਡਾਂ ਵਿੱਚ ਹਾਕੀ ਦੇ ਮੁਕਾਬਲੇ ਕਰਵਾਏ ਜਾ ਰਹੇ ਹਨ। ਉਲੰਪਿਕ ਖੇਡਾਂ ਵਿੱਚ ਭਾਰਤ ਨੇ ਹੁਣ ਤੱਕ 8 ਸੋਨੇ, ਇੱਕ ਚਾਂਦੀ ਅਤੇ ਚਾਰ ਕਾਂਸੀ ਦੇ ਮੈਡਲਾਂ ਸਣੇ ਕੁੱਲ 13 ਵਾਰ ਤਗ਼ਮੇ ਜਿੱਤੇ ਹਨ। ਵਿਸ਼ਵ ਕੱਪ ਮੁਕਾਬਲਿਆਂ ਦੇ ਲਿਹਾਜ਼ ਨਾਲ ਭਾਰਤ ਦਾ ਹੱਥ ਤੰਗ ਰਿਹਾ ਹੈ।

ਹਾਕੀ ਵਿਸ਼ਵ ਕੱਪ ਦੀ ਸ਼ੁਰੂਆਤ 1971 ਵਿੱਚ ਸਪੇਨ ਦੇ ਸ਼ਹਿਰ ਬਾਰਸੀਲੋਨਾ ਤੋਂ ਹੋਈ ਸੀ। ਸੰਨ 1971 ਵਿੱਚ ਪਹਿਲੀ ਵਾਰ ਸ਼ੁਰੂ ਹੋਏ ਇਨ੍ਹਾਂ ਮੁਕਾਬਲਿਆਂ ਵਿੱਚ ਭਾਰਤ ਨੇ ਹੁਣ ਤੱਕ ਸਿਰਫ਼ ਇੱਕੋ ਵਾਰ ਸੋਨ ਤਗ਼ਮਾ ਜਿੱਤਿਆ ਹੈ। ਇੱਕ-ਇੱਕ ਵਾਰ ਚਾਂਦੀ ਤੇ ਕਾਂਸੀ ਦਾ ਮੈਡਲ ਜਿੱਤਿਆ ਹੈ। ਸੰਨ 1975 ਵਿੱਚ ਭਾਰਤ ਹਾਕੀ ਵਿੱਚ ਵਿਸ਼ਵ ਚੈਂਪੀਅਨ ਬਣਿਆ ਸੀ ਅਤੇ ਹੁਣ ਤੱਕ ਉਸ ਵੱਲੋਂ ਜਿੱਤਿਆ ਇਹ ਪਲੇਠਾ ਤੇ ਇਕਲੌਤਾ ਵਿਸ਼ਵ ਖਿਤਾਬ ਹੈ। ਬੀਤੀ ਪੰਦਰਾਂ ਮਾਰਚ ਨੂੰ ਹਾਕੀ ਵਿੱਚ ਆਲਮੀ ਚੈਂਪੀਅਨ ਬਣਨ ਦੀ ਗੋਲਡਨ ਜੁਬਲੀ ਮਨਾਈ ਗਈ ਹੈ।

ਭਾਰਤੀ ਹਾਕੀ ਦੀ 70 ਦੇ ਦਹਾਕੇ ਤੋਂ ਪਹਿਲਾਂ ਉਲੰਪਿਕ ਖੇਡਾਂ ਵਿੱਚ ਪੂਰੀ ਚੜ੍ਹਤ ਸੀ। ਸੰਨ 1928 ਤੋਂ ਨਿਰੰਤਰ ਸੱਤ ਸੋਨੇ ਅਤੇ ਇਕ ਚਾਂਦੀ ਦਾ ਤਗ਼ਮਾ ਜਿੱਤਣ ਵਾਲੀ ਭਾਰਤੀ ਹਾਕੀ ਟੀਮ 1968 ਵਿੱਚ ਪਹਿਲੀ ਵਾਰ ਉਲੰਪਿਕਸ ਦੇ ਫਾਈਨਲ ਵਿੱਚ ਪੁੱਜਣ ਤੋਂ ਅਜਿਹੀ ਖੁੰਝੀ ਕਿ 1980 ਦੀਆਂ ਮਾਸਕੋ ਉਲੰਪਿਕ ਖੇਡਾਂ ਨੂੰ ਛੱਡ ਕੇ ਭਾਰਤ ਨੇ ਕਦੇ ਵੀ ਉਲੰਪਿਕ ਖੇਡਾਂ ਦਾ ਫਾਈਨਲ ਨਹੀਂ ਖੇਡਿਆ। ਸੰਨ 1971 ਵਿੱਚ ਬਾਰਸੀਲੋਨਾ ਵਿਖੇ ਵਿਸ਼ਵ ਕੱਪ ਵਿੱਚ ਭਾਰਤ ਨੇ ਕਾਂਸੀ ਦਾ ਮੈਡਲ ਜਿੱਤਿਆ ਸੀ। ਸੰਨ 1973 ਵਿੱਚ ਹਾਲੈਂਡ ਦੇ ਸ਼ਹਿਰ ਐਮਸਟਲਵੀਨ ਵਿਖੇ ਦੂਜਾ ਵਿਸ਼ਵ ਕੱਪ ਖੇਡਿਆ ਗਿਆ।

ਭਾਰਤੀ ਟੀਮ ਨੇ ਫਾਈਨਲ ਵਿੱਚ ਦਾਖ਼ਲਾ ਪਾਇਆ ਅਤੇ ਫਾਈਨਲ ਵਿੱਚ ਮੇਜ਼ਬਾਨ ਹਾਲੈਂਡ ਖ਼ਿਲਾਫ਼ ਸੁਰਜੀਤ ਸਿੰਘ ਦੇ ਦੋ ਗੋਲਾਂ ਦੀ ਬਦੌਲਤ ਇੱਕ ਵਾਰ 2-0 ਦੀ ਲੀਡ ਵੀ ਬਣਾ ਲਈ ਸੀ ਪਰ ਫਿਰ ਡੱਚ ਟੀਮ ਨੇ ਬਰਾਬਰੀ ਕਰ ਲਈ ਅਤੇ ਅੰਤ ਟਾਈਬ੍ਰੇਕਰ ਵਿੱਚ ਭਾਰਤ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ।

ਸੰਨ 1975 ਵਿੱਚ ਮਲੇਸ਼ੀਆ ਦੇ ਸ਼ਹਿਰ ਕੁਆਲਾਲੰਪਰ ਵਿਖੇ ਖੇਡੇ ਗਏ ਤੀਜੇ ਵਿਸ਼ਵ ਕੱਪ ਵਿੱਚ ਭਾਰਤੀ ਹਾਕੀ ਟੀਮ ਕੋਚ ਅਜੀਤਪਾਲ ਸਿੰਘ ਦੀ ਕਪਤਾਨੀ ਹੇਠ ਹਿੱਸਾ ਲੈਣ ਪੁੱਜੀ। ਟੀਮ ਦੇ ਕੋਚ ਜੀ.ਐੱਸ. ਬੋਧੀ ਅਤੇ ਮੈਨੇਜਰ ਬਲਬੀਰ ਸਿੰਘ ਸੀਨੀਅਰ ਸਨ। ਪੰਜਾਬ ਦੇ ਖੇਡ ਵਿਭਾਗ ਵੱਲੋਂ ਟੀਮ ਦਾ ਕੈਂਪ ਚੰਡੀਗੜ੍ਹ ਵਿਖੇ ਲਗਾਇਆ ਗਿਆ ਸੀ। ਵਿਸ਼ਵ ਕੱਪ ਵਿੱਚ ਭਾਰਤੀ ਟੀਮ ਪੂਲ ਬੀ ਵਿੱਚ ਸੀ ਜਿੱਥੇ ਭਾਰਤ ਨੂੰ ਕੁਝ ਮੈਚਾਂ ’ਚ ਕਰੜੀ ਚੁਣੌਤੀ ਮਿਲੀ। ਅਰਜਨਟੀਨਾ ਖ਼ਿਲਾਫ਼ ਮੈਚ ਵਿੱਚ ਭਾਰਤ ਨੂੰ 1-2 ਦੀ ਹਾਰ ਮਿਲੀ ਜਦਕਿ ਆਸਟ੍ਰੇਲੀਆ ਨਾਲ 1-1 ਦੀ ਬਰਾਬਰੀ ਉੱਤੇ ਮੈਚ ਖੇਡਿਆ। ਘਾਨਾ ਨੂੰ 7-0, ਇੰਗਲੈਂਡ ਨੂੰ 2-1 ਤੇ ਪੱਛਮੀ ਜਰਮਨੀ ਨੂੰ 3-1 ਗੋਲਾਂ ਨਾਲ ਹਰਾ ਕੇ ਭਾਰਤ ਨੇ ਲੀਗ ਵਿੱਚ ਗੋਲ ਔਸਤ ਦੇ ਹਿਸਾਬ ਨਾਲ ਟਾਪ ਕੀਤਾ। ਭਾਰਤੀ ਟੀਮ ਦਾ ਸੈਮੀ ਫਾਈਨਲ ਵਿੱਚ ਮੁਕਾਬਲਾ ਮੇਜ਼ਬਾਨ ਮਲੇਸ਼ੀਆ ਨਾਲ ਹੋਇਆ। ਅਖ਼ੀਰਲੇ ਪਲਾਂ ਵਿੱਚ ਭਾਰਤ ਇੱਕ ਗੋਲ ਨਾਲ ਪਿੱਛੇ ਚੱਲ ਰਿਹਾ ਸੀ। ਮੈਚ ਦੇ 66ਵੇਂ ਮਿੰਟ ਵਿੱਚ ਭਾਰਤ ਨੂੰ ਮਿਲੇ ਪੈਨਲਟੀ ਕਾਰਨਰ ’ਤੇ ਬੈਂਚ ਤੋਂ ਉੱਠ ਕੇ ਗਏ ਅਸਲਮ ਸ਼ੇਰ ਖ਼ਾਨ ਨੇ ਆਪਣਾ ਤਵੀਤ ਚੁੰਮ ਕੇ ਅਜਿਹੀ ਹਿੱਟ ਜੜੀ ਕਿ ਸਕੋਰ 2-2 ਨਾਲ ਬਰਾਬਰ ਹੋ ਗਿਆ। ਵਾਧੂ ਸਮੇਂ ਵਿੱਚ ਗਏ ਮੈਚ ਵਿੱਚ ਉੱਡਣੇ ਘੋੜੇ ਦੇ ਨਾਂ ਨਾਲ ਜਾਣੇ ਜਾਂਦੇ ਭਾਰਤ ਦੇ ਲੈਫਟ ਵਿੰਗਰ ਹਰਚਰਨ ਸਿੰਘ ਨੇ 79ਵੇਂ ਮਿੰਟ ਵਿੱਚ ਗੋਲਡਨ ਗੋਲ ਕਰ ਕੇ ਭਾਰਤ ਨੂੰ 3-2 ਦੀ ਜਿੱਤ ਦਿਵਾ ਦਿੱਤੀ।



ਫਾਈਨਲ ਮੁਕਾਬਲਾ ਪਾਕਿਸਤਾਨ ਨਾਲ ਸੀ। ਸੰਨ 1964 ਦੇ ਟੋਕੀਓ ਉਲੰਪਿਕਸ ਤੇ 1960 ਦੇ ਰੋਮ ਉਲੰਪਿਕਸ ਵਿੱਚ ਦੋਵੇਂ ਗੁਆਂਢੀ ਮੁਲਕ ਆਹਮੋ-ਸਾਹਮਣੇ ਸਨ। ਭਾਰਤੀ ਟੀਮ ਬੁਲੰਦ ਹੌਸਲੇ ਨਾਲ ਮੈਦਾਨ ਵਿੱਚ ਉਤਰੀ। ਪਾਕਿਸਤਾਨ ਨੇ ਜ਼ਾਹਿਦ ਸ਼ੇਖ ਦੇ ਗੋਲ ਨਾਲ ਸ਼ੁਰੂਆਤੀ ਪਲਾਂ ਵਿੱਚ ਲੀਡ ਲੈ ਲਈ। ਦੂਜੇ ਅੱਧ ਵਿੱਚ ਸੁਰਜੀਤ ਸਿੰਘ ਨੇ ਭਾਰਤ ਨੂੰ ਬਰਾਬਰੀ ਦਿਵਾਈ ਅਤੇ ਫਿਰ 51ਵੇਂ ਮਿੰਟ ਵਿੱਚ ਮੇਜਰ ਧਿਆਨ ਚੰਦ ਦੇ ਫਰਜ਼ੰਦ ਅਸ਼ੋਕ ਕੁਮਾਰ ਨੇ ਗੋਲ ਕਰ ਕੇ ਭਾਰਤ ਨੂੰ 2-1 ਦੀ ਲੀਡ ਦਿਵਾ ਦਿੱਤੀ ਜੋ ਅੰਤ ਤੱਕ ਬਰਕਰਾਰ ਰਹੀ।

ਭਾਰਤ ਨੇ 1964 ਦੇ ਟੋਕੀਓ ਉਲੰਪਿਕਸ ਤੋਂ ਬਾਅਦ ਵਿਸ਼ਵ ਹਾਕੀ ’ਤੇ ਬਾਦਸ਼ਾਹਤ ਕਾਇਮ ਕੀਤੀ ਅਤੇ ਆਪਣਾ ਪਹਿਲਾ ਵਿਸ਼ਵ ਕੱਪ ਸੋਨ ਤਗ਼ਮਾ ਵੀ ਜਿੱਤਿਆ। ਭਾਰਤੀ ਟੀਮ ਦੀ ਜਿੱਤ ਵਿੱਚ ਪੰਜਾਬ ਦੇ ਖਿਡਾਰੀਆਂ ਦਾ ਵੱਡਾ ਯੋਗਦਾਨ ਰਿਹਾ। ਕੋਚ, ਮੈਨੇਜਰ ਤੋਂ ਇਲਾਵਾ ਕਪਤਾਨ ਅਜੀਤਪਾਲ ਸਿੰਘ ਵੀ ਪੰਜਾਬੀ ਸੀ। ਇਸ ਤੋਂ ਇਲਾਵਾ ਭਾਰਤੀ ਟੀਮ ਵਿੱਚ ਖੇਡੇ ਪੰਜਾਬੀ ਖਿਡਾਰੀਆਂ ਵਿੱਚੋਂ ਮਹਿੰਦਰ ਸਿੰਘ ਮੁਣਸ਼ੀ ਨੇ ਚਾਰ ਅਤੇ ਸੁਰਜੀਤ ਸਿੰਘ ਤੇ ਹਰਚਰਨ ਸਿੰਘ ਨੇ ਦੋ-ਦੋ ਗੋਲ ਵੀ ਕੀਤੇ। ਵਰਿੰਦਰ ਸਿੰਘ, ਓਂਕਾਰ ਸਿੰਘ ਵੀ ਟੀਮ ਦਾ ਅਹਿਮ ਹਿੱਸਾ ਸਨ।

ਹੋਰਨਾਂ ਖਿਡਾਰੀਆਂ ਵਿੱਚ ਅਸ਼ੋਕ ਕੁਮਾਰ, ਅਸ਼ੋਕ ਦੀਵਾਨ, ਲੈਜ਼ਲੀ ਫਰਨਾਂਡੀਜ਼, ਅਸਲਮ ਸ਼ੇਰ ਖਾਨ, ਬੀ.ਪੀ. ਗੋਵਿੰਦਾ, ਵੀਜੇ ਫਿਲਪਿਸ, ਐੱਚ.ਸਿੰਘ, ਮਾਈਕਲ ਕਿੰਡੋ, ਸ਼ਿਵਾਜੀ ਪਵਾਰ, ਬੀਪੀ ਕਲੱਈਆ ਸ਼ਾਮਲ ਸਨ।

ਸੰਨ 1975 ਵਿੱਚ ਹੋਏ ਹਾਕੀ ਵਿਸ਼ਵ ਕੱਪ ਦੀ ਜਿੱਤ ਭਾਰਤੀ ਖੇਡ ਪ੍ਰੇਮੀਆਂ ਦੇ ਚੇਤਿਆਂ ਵਿੱਚ ਸੁਨਹਿਰੀ ਯਾਦ ਬਣ ਕੇ ਵਸੀ ਹੋਈ ਹੈ। ਅੱਜ ਵੀ ਜਦੋਂ ਭਾਰਤੀ ਹਾਕੀ ਦੇ ਇਨ੍ਹਾਂ ਸਿਤਾਰਿਆਂ ਅਜੀਤਪਾਲ ਸਿੰਘ, ਹਰਚਰਨ ਸਿੰਘ, ਅਸ਼ੋਕ ਕੁਮਾਰ, ਅਸਲਮ ਸ਼ੇਰ ਖਾਨ ਨੂੰ ਮਿਲੀਦਾ ਤਾਂ ਉਨ੍ਹਾਂ ਦੇ ਇਸ ਜਿੱਤ ਨੂੰ ਯਾਦ ਕਰਕੇ ਰੌਂਗਟੇ ਖੜ੍ਹੇ ਹੋ ਜਾਂਦੇ ਹਨ। ਸਾਡੇ ਕੋਲੋਂ ਵਿਛੜੇ ਖਿਡਾਰੀਆਂ ਮਹਿੰਦਰ ਸਿੰਘ ਮੁਣਸ਼ੀ ਤੇ ਸੁਰਜੀਤ ਸਿੰਘ ਦੀ ਯਾਦ ਵਿੱਚ ਹਾਕੀ ਟੂਰਨਾਮੈਂਟ ਕਰਵਾਏ ਜਾਂਦੇ ਹਨ। ਬੀਤੇ ਸਾਲ ਸੁਰਜੀਤ ਹਾਕੀ ਟੂਰਨਾਮੈਂਟ ਦੇ ਫਾਈਨਲ ਦੌਰਾਨ ਸੁਰਜੀਤ ਹਾਕੀ ਸੁਸਾਇਟੀ ਵੱਲੋਂ 1975 ’ਚ ਖੇਡੇ ਗਏ ਵਿਸ਼ਵ ਕੱਪ ਹਾਕੀ ਟੂਰਨਾਮੈਂਟ ਦੇ ਵਿਜੇਤਾ ਖਿਡਾਰੀਆਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਟੁੱਟ ਭਰਾਵਾਂ ਵੱਲੋਂ ਉਨ੍ਹਾਂ ਨੂੰ ਬਦਾਮਾਂ ਦੀਆਂ ਬੋਰੀਆਂ ਨਾਲ ਸਨਮਾਨਿਆ ਗਿਆ। ਹਾਕੀ ਖਿਡਾਰੀਆਂ ਤੋਂ ਇਲਾਵਾ ਇਸ ਜਿੱਤ ਦੀ ਲਾਈਵ ਕੁਮੈਂਟਰੀ ਕਰਨ ਵਾਲੇ ਭਾਰਤ ਦੇ ਮਹਾਨ ਕੁਮੈਂਟੇਟਰ ਜਸਦੇਵ ਸਿੰਘ ਦਾ ਸਤਿਕਾਰ ਵੀ ਖਿਡਾਰੀਆਂ ਵਾਂਗ ਕੀਤਾ ਜਾਂਦਾ ਹੈ। ਭਾਰਤੀ ਹਾਕੀ ਟੀਮ ਦੇ ਵਿਸ਼ਵ ਚੈਂਪੀਅਨ ਬਣਨ ਦੀ ਗੋਲਡਨ ਜੁਬਲੀ ਮੌਜੂਦਾ ਟੀਮ ਲਈ ਪ੍ਰੇਰਨਾ ਦਾ ਸਰੋਤ ਹੈ।

# ਸਾਹਿਤਕ ਗੀਤਾਂ ਦਾ ਰਚੇਤਾ ਗੁਲਜ਼ਾਰ

## ਐਂਵੇਂ ਨਹੀਂ ਦੁਨੀਆਂ ਕਹਿੰਦੀ ਕਿ... ਗੁਲਜ਼ਾਰ ਦੇ ਦਿਲ ਵਿੱਚ ਇੱਕ ਵੱਡੀ ਅੱਗ ਹੈ



ਦੁਸ਼ਯੰਤ

ਜਦੋਂ ਭਾਰਤ ਵਿੱਚ ਗੁਲਜ਼ਾਰ ਸਾਹਿਬ ਨੂੰ ਗਿਆਨਪੀਠ ਪੁਰਸਕਾਰ ਦੇਣ ਦਾ ਐਲਾਨ ਕੀਤਾ ਗਿਆ, ਤਾਂ ਰਲਵੇਂ ਮਿਲਵੇਂ ਪ੍ਰਤੀਕਰਮ ਆਉਣੇ ਸੁਭਾਵਿਕ ਸਨ। 'ਗੀਤਕਾਰ ਗੁਲਜ਼ਾਰ ਨੂੰ ਉਰਦੂ ਲਈ 'ਗਿਆਨਪੀਠ' ਨਾਲ ਸਨਮਾਨਿਤ ਕੀਤਾ ਗਿਆ ਹੈ। ਸ਼ਬਦਾਂ ਦੇ ਇਸ ਸਮੂਹ ਵਿੱਚ 'ਗੀਤਕਾਰ' ਸ਼ਬਦ ਦੀ ਮਜ਼ਬੂਤ ਮੌਜੂਦਗੀ ਧਿਆਨ ਦੇਣ ਯੋਗ ਹੈ। ਪਹਿਲੀ ਵਾਰ, ਭਾਰਤ ਤੋਂ ਇੱਕ ਸਿਨੇਮਾ ਲੇਖਕ ਚੁਣਿਆ ਗਿਆ ਹੈ ਅਤੇ ਉਸਨੂੰ ਰਸਮੀ ਤੌਰ 'ਤੇ 'ਸਾਹਿਤਕ ਵਿਅਕਤੀ' ਜਾਂ 'ਲੇਖਕ' ਵਜੋਂ ਨਹੀਂ, ਸਗੋਂ 'ਗੀਤਕਾਰ' ਵਜੋਂ ਸੰਬੋਧਿਤ ਕੀਤਾ ਗਿਆ ਹੈ। ਜਦੋਂ ਰਵਿੰਦਰ ਕਾਲੀਆ ਗਿਆਨਪੀਠ ਦੇ ਡਾਇਰੈਕਟਰ ਅਤੇ ਇਸਦੇ ਮੈਗਜ਼ੀਨ 'ਨਈ ਗਿਆਨੋਦਿਆ' ਦੇ ਸੰਪਾਦਕ ਸਨ, ਗੁਲਜ਼ਾਰ ਸਾਹਿਬ ਨੇ ਇੱਕ ਛੋਟਾ ਜਿਹਾ ਨਿਯਮਤ ਕਾਲਮ ਸ਼ੁਰੂ ਕੀਤਾ ਸੀ। ਖ਼ੁਸ਼ਬੂ ਆਈ ਕਿ ਪੰਜਾਬੀ ਸੱਭਿਆਚਾਰ ਮੈਨੂੰ ਆਪਣੇ ਕਲਾਵੇ ਵਿੱਚ ਲੈ ਰਿਹਾ ਹੈ। ਦੂਜਾ, ਮੈਨੂੰ ਇੱਕ ਪ੍ਰੇਰਨਾ ਮਿਲੀ ਕਿ ਗੁਲਜ਼ਾਰ ਸਾਹਿਬ ਨੂੰ ਗਿਆਨਪੀਠ ਪੁਰਸਕਾਰ ਮਿਲਣ ਵਾਲਾ ਹੈ। ਖ਼ੈਰ, ਇਹ ਉਦੋਂ ਨਹੀਂ ਹੋਇਆ ਸੀ, ਪਰ ਇਹ ਹੁਣ ਹੋਇਆ ਹੈ। ਜਦੋਂ ਇਹ ਹੋਇਆ, ਇਹ ਚੰਗਾ ਹੈ।

**ਬੌਬ ਡਿਲਨ ਅਤੇ ਗੁਲਜ਼ਾਰ:** ਇੱਕ ਰੁਝਾਨ ਦੇ ਤੌਰ 'ਤੇ ਇਹ ਬੌਬ ਡਿਲਨ ਨੂੰ ਨੋਬਲ ਸਾਹਿਤ ਪੁਰਸਕਾਰ ਮਿਲਣ ਵਰਗਾ ਹੈ। ਫ਼ਿਲਮੀ ਗੀਤਾਂ ਨੂੰ ਸਾਹਿਤਕ ਪ੍ਰਵਾਨਗੀ ਮਿਲਦੀ ਹੈ। ਇਹ ਉਰਦੂ ਵਿੱਚ ਸ਼ਾਨਦਾਰ ਫ਼ਿਲਮੀ ਗੀਤ ਲਿਖਣ ਲਈ ਇੱਕ ਸਨਮਾਨ ਹੈ। ਯਾਦ ਰੱਖੋ, ਜਦੋਂ ਬੌਬ ਦੇ ਨੋਬਲ ਪੁਰਸਕਾਰ ਦਾ ਐਲਾਨ ਕੀਤਾ ਗਿਆ ਸੀ, ਤਾਂ ਕਮੇਟੀ ਨੇ ਐਲਾਨ ਕਰਨ ਲਈ ਵਾਧੂ ਸਮਾਂ ਲਿਆ ਸੀ। ਇਸਦਾ ਅਰਥ ਇਹ ਕੱਢਿਆ ਗਿਆ ਕਿ ਪਰੰਪਰਾ ਨੂੰ ਤੋੜਨ ਵਾਲੀ ਘੋਸ਼ਣਾ ਕਰਨ ਦੀ ਹਿੰਮਤ ਜੁਟਾਉਣ ਵਿੱਚ ਸਮਾਂ ਲੱਗਿਆ।

**ਗੁਲਜ਼ਾਰ ਦਾ ਵਿਰੋਧ**

ਇੱਕ ਸੀਨੀਅਰ ਹਿੰਦੀ ਕਵੀ ਨੇ ਗੁਲਜ਼ਾਰ ਦੀ ਬੌਬ ਨਾਲ ਤੁਲਨਾ ਨੂੰ ਹਾਸੋਹੀਣਾ ਕਿਹਾ। ਪਰ ਜਨਤਕ ਸਮਰਥਨ ਅਤੇ ਵਿਰੋਧ ਦੇ ਪਹਿਲੂ ਪੂਰੀ ਦੁਨੀਆਂ ਜਾਂ ਜ਼ਿੰਦਗੀ ਨਹੀਂ ਹਨ। ਹਾਲਾਂਕਿ, ਗੁਲਜ਼ਾਰ ਦੀਆਂ ਲਿਖਤਾਂ ਵਿੱਚ ਇਨ੍ਹਾਂ ਪਹਿਲੂਆਂ ਦੀ ਮੌਜੂਦਗੀ ਨੂੰ ਪੂਰੀ ਤਰ੍ਹਾਂ ਰੱਦ ਕਰਨਾ ਜਲਦਬਾਜ਼ੀ ਹੋਵੇਗੀ। ਕੋਵਿਡ ਦੇ ਦਿਨਾਂ ਦੌਰਾਨ ਵਿਸ਼ਾਲ ਭਾਰਦਵਾਜ ਨਾਲ ਆਇਆ ਉਸਦਾ ਸੁਤੰਤਰ ਗੀਤ 'ਧੂਪ ਆਨੇ ਦੋ' ਆਪਣੇ ਸਮੇਂ ਦਾ ਇੱਕ ਰਾਜਨੀਤਕ ਵਿਰੋਧ ਹੈ।

**ਦੂਜੇ ਕਵੀਆਂ ਦੀ ਈਰਖ਼ਾ:** ਕੁਝ ਸਾਹਿਤਕਾਰ ਉਸਨੂੰ ਗਿਆਨਪੀਠ ਦੇਣ ਦੇ ਵਿਚਾਰ ਨੂੰ ਹਜ਼ਮ ਨਹੀਂ ਕਰ ਪਾ ਰਹੇ। ਇਹ ਵੀ ਇੱਕ ਅਜੀਬ ਵਿਡੰਬਨਾ ਹੈ। ਉਸਦਾ ਮੁੱਖ ਕੰਮ ਦਾ ਖੇਤਰ ਸਿਨੇਮਾ ਰਿਹਾ ਹੈ ਅਤੇ ਸਿਨੇਮਾ ਇੱਕ ਪ੍ਰਸਿੱਧ ਮਾਧਿਅਮ ਹੈ। ਮਸ਼ਹੂਰ ਹੋਣ ਲਈ ਇੱਕ ਖਾਸ ਕੀਮਤ ਚੁਕਾਉਣੀ ਪੈਂਦੀ ਹੈ। ਉਦਾਹਰਣ ਵਜੋਂ, ਸਿਨੇਮਾ ਦੇ ਲੇਖਕ ਨੂੰ ਸਾਹਿਤਕਾਰਾਂ ਤੋਂ ਸਿੱਧੇ ਜਾਂ ਅਸਿੱਧੇ ਤੌਰ 'ਤੇ ਈਰਖਾ ਦਾ ਸਾਹਮਣਾ ਕਰਨਾ ਪੈਂਦਾ ਹੈ। ਉਰਦੂ ਵਿੱਚ ਘੱਟ ਜਾਂ ਵੱਧ ਸਵੀਕ੍ਰਿਤੀ ਰਹੀ ਹੈ, ਪਰ ਹਿੰਦੀ ਵਿੱਚ ਵਿਅਕਤੀ ਨੂੰ ਤੁਰੰਤ ਅਤੇ ਹਮੇਸ਼ਾ ਲਈ ਬਾਹਰ ਸੁੱਟ ਦਿੱਤਾ ਜਾਂਦਾ ਹੈ।

**ਅੱਜ ਦਾ ਮੀਰ:** ਕੁਝ ਦਿਨ ਪਹਿਲਾਂ, ਜਦੋਂ ਰਖਸ਼ੰਦਾ ਜਲੀਲ ਦੁਆਰਾ ਉਨ੍ਹਾਂ ਦੀਆਂ ਸੰਗ੍ਰਹਿਤ ਰਚਨਾਵਾਂ ਦਾ ਅੰਗਰੇਜ਼ੀ ਅਨੁਵਾਦ ਜੈਪੁਰ ਸਾਹਿਤ ਉਤਸਵ ਦੇ ਸਾਹਮਣੇ ਵਾਲੇ ਲਾਅਨ ਵਿੱਚ ਜਾਰੀ ਕੀਤਾ ਜਾ ਰਿਹਾ ਸੀ, ਤਾਂ ਰਖਸ਼ੰਦਾ ਨੇ ਉਨ੍ਹਾਂ ਨੂੰ ਅੱਜ ਦੇ ਯੁੱਗ ਦਾ ਮੀਰ ਤਕੀ ਮੀਰ ਕਿਹਾ। ਕੁਝ ਸਮੇਂ ਬਾਅਦ, ਗੁਲਜ਼ਾਰ ਸਾਹਿਬ ਸਪੀਕਰਸ ਲਾਉਂਜ ਵਿੱਚ ਅੰਗਰੇਜ਼ੀ ਲੇਖਕ ਨਮਿਤਾ ਗੋਖਲੇ ਨਾਲ ਨੌਜਵਾਨ ਲੇਖਕ ਈਰਾ ਟਾਕ ਦੇ ਨਵੇਂ ਨਾਵਲ ਨੂੰ ਲਾਂਚ ਕਰ ਰਹੇ ਸਨ ਅਤੇ ਲੇਖਕ ਤੋਂ ਆਟੋਗ੍ਰਾਫ਼ ਮੰਗ ਰਹੇ ਸਨ। ਇਹ ਉਨ੍ਹਾਂ ਦੀ ਜੀਵਨ ਊਰਜਾ ਵੀ ਹੈ, ਇਹ ਵੀ ਕਿ ਉਹ ਮੀਰ ਤੋਂ ਨਵੀਂ ਪੀੜ੍ਹੀ ਤੱਕ ਇੱਕ ਲੜੀ ਬਣਾਉਂਦੇ ਹਨ।

**ਗੁਲਜ਼ਾਰ ਬਾਰੇ ਸਵਾਲ:** ਭਾਵੇਂ ਉਹ ਖ਼ੁਦ ਇੱਕ ਸਕੂਲ ਹੈ, ਸਿਨੇਮਾ ਦਾ, ਸਾਹਿਤ ਦਾ ਅਤੇ ਕਵਿਤਾ ਦਾ ਵੀ। ਮੈਨੂੰ ਯਾਦ ਹੈ ਕਿ ਜੈਪੁਰ ਦੇ ਇੱਕ ਸਮਾਗਮ ਵਿੱਚ ਸ਼ੀਨ ਕਾਫ਼ ਨਿਜ਼ਾਮ ਨੇ ਸਟੇਜ ਤੋਂ ਕਿਹਾ ਸੀ ਕਿ ਜੇ ਗੁਲਜ਼ਾਰ ਸਿਨੇਮਾ ਦਾ ਸ਼ਖ਼ਸ ਨਾ ਹੁੰਦਾ, ਤਾਂ ਕੀ ਸਾਡੇ ਵਿੱਚੋਂ ਕੋਈ ਉਸਦੀ ਕਵਿਤਾ ਸੁਣਦਾ? ਜਦੋਂ ਕਿ ਮੇਰੇ ਆਪਣੇ ਅਨੁਭਵ ਵਿੱਚ, ਗੁਲਜ਼ਾਰ ਸਾਹਿਬ ਨੇ ਕਈ ਵਾਰ ਸਟੇਜ 'ਤੇ ਸ਼ੀਨ ਕਾਫ਼ ਨਿਜ਼ਾਮ ਸਾਹਿਬ ਪ੍ਰਤੀ ਆਪਣਾ ਸਤਿਕਾਰ ਪ੍ਰਗਟ ਕੀਤਾ ਹੈ।

**ਮੁੱਖ ਧਾਰਾ ਨੂੰ ਚੁਣੌਤੀ:** ਇੱਕ ਅਜਿਹੇ ਸਮੇਂ ਜਦੋਂ ਮੁੱਖ ਧਾਰਾ ਹਿੰਦੀ ਕਵਿਤਾ ਨੇ ਤੁਕਾਂਤਬੱਧ ਕਵਿਤਾ/ਗੀਤਾਂ ਨੂੰ ਰੱਦ ਕਰਨਾ ਸ਼ੁਰੂ ਕਰ ਦਿੱਤਾ ਹੈ, ਦੇਸ਼ ਦੀ ਸਰਵਉੱਚ ਸਾਹਿਤਕ ਸੰਸਥਾ ਦੁਆਰਾ ਇਸ ਤਰੀਕੇ ਨਾਲ ਉਸੇ ਗੀਤਕਾਰੀ ਦੇ ਸਿਨੇਮੈਟਿਕ ਰੂਪ ਨੂੰ ਪ੍ਰਦਾਨ ਕਰਨਾ ਉਸ ਮੁੱਖ ਧਾਰਾ ਲਈ ਵੀ ਇੱਕ ਸਕਾਰਾਤਮਕ ਚੁਣੌਤੀ ਹੈ।

**ਸੀਮਾਵਾਂ ਤੋਂ ਪਰੇ:** ਗਿਆਨਪੀਠ ਗੁਲਜ਼ਾਰ ਸਾਹਿਬ ਨੂੰ ਸ਼ਬਦਾਂ ਦੀ ਯਾਤਰਾ ਲਈ ਇੱਕ ਪੁਰਸਕਾਰ ਹੈ ਜੋ ਸ਼ੈਲੀਆਂ ਅਤੇ ਮਾਧਿਅਮਾਂ ਦੀਆਂ ਸੀਮਾਵਾਂ ਨੂੰ ਪਾਰ ਕਰਦਾ ਹੈ ਅਤੇ ਨਾ ਸਿਰਫ਼ ਸਮੇਂ ਤੋਂ ਪਰੇ, ਸਗੋਂ ਦੇਸ਼ ਤੋਂ ਵੀ ਪਰੇ ਆਪਣੀ ਜਗ੍ਹਾ ਬਣਾਉਂਦਾ ਹੈ। ਜਦੋਂ ਉਨ੍ਹਾਂ ਦੇ ਸ਼ਬਦਾਂ ਦੀ ਰੌਸ਼ਨੀ ਗ਼ਾਲਿਬ, ਟੈਗੋਰ, ਅੰਮ੍ਰਿਤਾ ਪ੍ਰੀਤਮ ਅਤੇ ਉੱਤਰ-ਪੂਰਬ ਦੇ ਕਵੀਆਂ ਨੂੰ ਹਿੰਦੀ-ਹਿੰਦੁਸਤਾਨੀ ਵਿੱਚ ਲਿਆਉਂਦੀ ਹੈ, ਤਾਂ ਉਹ ਸਾਡੇ ਸਾਹਮਣੇ ਇੱਕ ਵੱਖਰੀ ਚਮਕ ਨਾਲ ਇੱਕ ਸੁੰਦਰ ਨਵੇਂ ਅਵਤਾਰ ਵਿੱਚ ਪ੍ਰਗਟ ਹੁੰਦੇ ਹਨ। ਮੇਰਾ ਮੰਨਣਾ ਹੈ ਕਿ ਅੱਜ ਵੀ ਉਹ ਲੇਖਕਾਂ ਅਤੇ ਆਲੋਚਕਾਂ ਕੋਲ ਆਪਣੇ ਕੰਮ ਦੀ ਜਾਂਚ ਕਰਨ ਲਈ ਨਹੀਂ ਜਾਂਦੇ; ਉਹ ਸਿਰਫ਼ ਜਨਤਕ ਪ੍ਰਵਾਨਗੀ ਦੁਆਰਾ ਹੀ ਪ੍ਰਸਿੱਧੀ ਪ੍ਰਾਪਤ ਕਰਦੇ ਹਨ।

**ਗੀਤਾਂ ਦਾ ਸੈਂਟਾ ਕਲਾਜ਼:** ਗੁਲਜ਼ਾਰ, ਜੋ ਹਮੇਸ਼ਾ ਚਿੱਟੇ ਕੱਪੜੇ ਪਹਿਨੇ ਦਿਖਾਈ ਦਿੰਦੇ ਹਨ, ਸੱਚਮੁੱਚ ਗੀਤਾਂ ਦਾ ਸੈਂਟਾ ਕਲਾਜ਼ ਹੈ। ਗੁਲਜ਼ਾਰ ਸਾਹਿਬ ਇਸ ਲਈ ਵੀ ਮਸ਼ਹੂਰ ਹਨ ਕਿਉਂਕਿ ਉਹ ਇਸ ਸਾਂਚੇ ਨੂੰ ਤੋੜਦੇ ਹਨ। 82 ਸਾਲ ਦੀ ਉਮਰ ਵਿੱਚ, ਉਸਨੇ ਆਪਣਾ ਪਹਿਲਾ ਨਾਵਲ 'ਦੋ ਲੋਗ' ਲਿਖਿਆ। ਇਸ ਨਾਵਲ ਵਿੱਚ ਲੋਕਾਂ ਲਈ ਉਸਦੇ ਸਮਰਥਨ ਦੀ ਉਦਾਹਰਣ ਵੇਖੋ, 'ਇਸ ਦੇਸ਼ ਵਿੱਚ ਪਤਾ ਨਹੀਂ ਕਦੋਂ ਘੜਾ ਗੁੜਗੁੜਾਉਣ ਲੱਗ ਪੈਂਦਾ ਹੈ। ਇੱਥੋਂ ਦੀ ਸਿਆਸਤ ਚੌਪਾਲ ਦੇ ਹੁੱਕੇ ਵਰਗੀ ਹੈ, ਜਿਸਦੇ ਮੂੰਹ ਵਿੱਚ ਪਾਈਪ ਹੁੰਦੀ ਹੈ, ਉਹ ਜ਼ਿੰਮੀਦਾਰ ਬਣ ਜਾਂਦਾ ਹੈ।' ਇਹ ਇੱਕ ਪਾਤਰ, ਜਾਫ਼ਰ ਮੀਆਂ, ਦਾ ਬਿਆਨ ਹੈ, ਜੋ ਇਸਦੇ ਆਖਰੀ ਪੰਨਿਆਂ 'ਤੇ ਹੈ। ਉਹ ਇਸ ਢਾਂਚੇ ਨੂੰ ਇਸ ਤਰ੍ਹਾਂ ਤੋੜਦਾ ਹੈ ਕਿ ਇੱਕ ਦਿਨ ਉਹ ਸਿਨੇਮਾ ਤੋਂ ਸੰਨਿਆਸ ਲੈ ਲੈਂਦਾ ਹੈ ਅਤੇ ਆਪਣੇ ਆਪ ਨੂੰ ਸਾਹਿਤ ਲਈ ਸਮਰਪਿਤ ਕਰ ਦਿੰਦਾ ਹੈ ਅਤੇ ਸਿਨੇਮਾ ਵਿੱਚ ਆਪਣੇ ਤਜ਼ਰਬੇ ਨਾਲ ਸਾਹਿਤ ਨੂੰ ਇਸ ਤਰ੍ਹਾਂ ਅਮੀਰ ਬਣਾਉਂਦਾ ਹੈ ਕਿ ਉਹ ਹਿੰਦੀ-ਹਿੰਦੁਸਤਾਨੀ-ਉਰਦੂ-ਭਾਰਤੀ ਅੰਗਰੇਜ਼ੀ ਸਾਹਿਤਕ ਪਾਠਕਾਂ ਦਾ ਪਿਆਰਾ ਬਣ ਜਾਂਦਾ ਹੈ।








## ਅੱਜ ਦੇ ਫ਼ਿਲਮੀ ਮਾਹੌਲ ਤੋਂ ਕੁਝ ਵੱਖਰੀ ਸੋਚ ਰੱਖਦੀ ਹੈ

# ਪ੍ਰੀਤੀ ਸਪਰੂ

70 ਦੇ ਦਹਾਕੇ ਵਿੱਚ ਸਿਰਫ਼ 13 ਸਾਲ ਦੀ ਉਮਰ ਵਿੱਚ ਫ਼ਿਲਮੀ ਦੁਨੀਆਂ ਵਿੱਚ ਕਦਮ ਰੱਖਣ ਵਾਲੀ ਪ੍ਰੀਤੀ ਸਪਰੂ ਅੱਜ ਦੇ ਫ਼ਿਲਮੀ ਮਾਹੌਲ ਤੋਂ ਕੁਝ ਵੱਖਰੀ ਸੋਚ ਰੱਖਦੀ ਹੈ। ਉਨ੍ਹਾਂ ਦੀ ਸੋਸ਼ਲ ਲਾਈਫ਼ ਤੋਂ ਲੈ ਕੇ ਫ਼ਿਲਮੀ ਦੁਨੀਆਂ ਨਾਲ ਸਬੰਧਤ ਕਈ ਮਾਮਲਿਆਂ 'ਤੇ ਉਨ੍ਹਾਂ ਨਾਲ ਗੱਲ ਹੋਈ। ਪੇਸ਼ ਹਨ ਉਨ੍ਹਾਂ ਨਾਲ ਸਬੰਧਤ ਗੱਲਬਾਤ ਦੇ ਮੁੱਖ ਅੰਸ਼ :

**?ਕਈ ਸਾਲ ਫ਼ਿਲਮੀ ਦੁਨੀਆਂ ਵਿੱਚ ਧਮਾਲ ਮਚਾਉਣ ਤੋਂ ਬਾਅਦ ਅੱਜਕੱਲ੍ਹ ਤੁਸੀਂ ਕੀ ਕਰ ਰਹੇ ਹੋ?**

-ਮੈਂ ਪੰਜਾਬੀ ਫ਼ਿਲਮਾਂ ਤੋਂ ਆਪਣਾ ਕੈਰੀਅਰ ਸ਼ੁਰੂ ਕੀਤਾ ਸੀ, ਜਿਸ ਵਿੱਚ ਮੈਂ ਕਈ ਹਿੱਟ ਫ਼ਿਲਮਾਂ ਦਿੱਤੀਆਂ। ਸਿਰਫ਼ 13 ਸਾਲ ਦੀ ਬਹੁਤ ਛੋਟੀ ਉਮਰ ਵਿੱਚ ਮੈਂ ਫ਼ਿਲਮਾਂ ਵਿੱਚ ਕੰਮ ਸ਼ੁਰੂ ਕਰ ਦਿੱਤਾ ਸੀ। ਇਸ ਦੌਰਾਨ ਜਦੋਂ ਪੰਜਾਬ ਵਿੱਚ ਅੱਤਵਾਦ ਆਇਆ, ਓਦੋਂ ਵੀ ਮੈਂ ਡਰੀ ਨਹੀਂ ਅਤੇ ਉਸ ਸਮੇਂ ਵੀ ਮੈਂ ਫ਼ਿਲਮਾਂ ਕਰ ਰਹੀ ਸੀ। ਉਸ ਤੋਂ ਬਾਅਦ ਥੋੜ੍ਹੀ ਚਿੰਤਾ ਵਿੱਚ ਪੈ ਗਈ ਕਿ ਸਾਡੇ ਪੰਜਾਬੀ ਸੱਭਿਆਚਾਰ ਦਾ ਕੀ ਹੋਵੇਗਾ, ਜਿਸ ਤੋਂ ਬਾਅਦ ਮੈਂ ਇੱਕ ਫ਼ਿਲਮ ਸ਼ੁਰੂ ਕੀਤੀ 'ਕੁਰਬਾਨੀ ਜੱਟ ਦੀ', ਜਿਸ ਵਿੱਚ ਗੁਰਦਾਸ ਮਾਣ ਹੀਰੋ ਸਨ। ਹੁਣ ਵੀ ਮੈਂ ਕੁਝ ਫ਼ਿਲਮਾਂ ਕਰ ਰਹੀ ਹਾਂ, ਨਾਲ ਹੀ ਸੋਸ਼ਲ ਕੰਮ ਵੀ ਕਰ ਰਹੀ ਹਾਂ। ਮੈਨੂੰ ਗੁਰੂ ਸਾਹਿਬਾਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਗਿਆਨ ਪ੍ਰਾਪਤ ਹੋਇਆ ਅਤੇ ਗੁਰੂ ਸਾਹਿਬਾਨ ਨੇ ਮੈਨੂੰ ਚੁਣਿਆ ਸੀ। ਮੇਰਾ ਉਨ੍ਹਾਂ ਨਾਲ ਬੇਹੱਦ ਲਗਾਅ ਹੋ ਗਿਆ ਹੈ।

**?ਕਹਿੰਦੇ ਹਨ ਕਸ਼ਮੀਰ ਤੋਂ ਲੈ ਕੇ ਕੰਨਿਆਕੁਮਾਰੀ ਤੱਕ ਤੁਹਾਡਾ ਲਿੰਕ ਹੈ, ਕਿੰਨੀ ਸਹੀ ਹੈ ਇਹ ਗੱਲ?**

-ਜੀ, ਮੇਰੇ ਪਿਤਾ ਜੀ ਕਸ਼ਮੀਰੀ ਸਨ ਅਤੇ ਮਾਤਾ ਕੰਨੜ ਸੀ। ਇਸੇ ਕਾਰਨ ਮੇਰਾ ਲਿੰਕ ਕਸ਼ਮੀਰ ਤੋਂ ਲੈ ਕੇ ਕੰਨਿਆਕੁਮਾਰੀ ਤੱਕ ਕਿਹਾ ਜਾਂਦਾ ਹੈ। ਉਸ ਤੋਂ ਬਾਅਦ ਮੇਰੇ ਪਤੀ ਪੰਜਾਬੀ ਹਨ, ਜੋ ਕਿ ਜਲੰਧਰ ਤੋਂ ਹਨ। ਮੇਰੀ ਦਿਲੀ ਇੱਛਾ ਸੀ ਕਿ ਮੈਂ ਇੱਕ ਪੰਜਾਬੀ ਨਾਲ ਵਿਆਹ ਕਰਵਾਵਾਂ।

**?ਤੁਸੀਂ 70 ਦੇ ਦਹਾਕੇ ਤੋਂ ਫ਼ਿਲਮਾਂ ਵਿਚ ਹੋ, ਓਦੋਂ ਅਤੇ ਹੁਣ ਦੇ ਦੌਰ ਵਿੱਚ ਕੀ ਫ਼ਰਕ ਆਇਆ ਹੈ?**

-ਮੈਂ ਲੱਗਭਗ 25 ਸਾਲ ਫ਼ਿਲਮਾਂ ਵਿੱਚ ਅਦਾਕਾਰਾ ਦੇ ਤੌਰ 'ਤੇ ਕੰਮ ਕੀਤਾ ਹੈ। ਉਦੋਂ ਤੇ ਹੁਣ ਦੀ ਫ਼ਿਲਮ ਮੇਕਿੰਗ ਵਿੱਚ ਬਹੁਤ ਫ਼ਰਕ ਹੈ। ਮੈਂ ਜੋ ਇਸ ਸਮੇਂ ਫ਼ਿਲਮਾਂ ਬਣਾ ਰਹੀ ਹਾਂ ਅਤੇ ਮੇਰੀ ਕੋਸ਼ਿਸ਼ ਹੋਵੇਗੀ ਕਿ ਮੈਂ ਉਹੀ ਫ਼ਿਲਮਾਂ ਬਣਾਵਾਂ, ਜਿਵੇਂ ਪੁਰਾਣੇ ਸਮੇਂ ਵਿੱਚ ਬਣਦੀਆਂ ਹੁੰਦੀਆਂ ਸਨ। ਇਹ ਜੋ ਵੈਨਿਟੀ ਵੈਨ ਦਾ ਕਲਚਰ ਚੱਲਿਆ ਹੈ, ਇਹ ਅੱਜ ਦੀਆਂ ਫ਼ਿਲਮਾਂ ਵਿੱਚ ਹੈ, ਪਰ ਪੁਰਾਣੇ ਦੌਰ ਵਿੱਚ ਇਹ ਸਭ ਸਹੂਲਤਾਂ ਨਹੀਂ ਸਨ। ਮੈਂ ਉਸ ਦੌਰ ਵਿੱਚ ਪਿੰਡ-ਪਿੰਡ ਸ਼ੂਟਿੰਗ ਕੀਤੀ ਅਤੇ ਇਸ ਦੌਰਾਨ ਖਾਣਾ ਵੀ ਪਿੰਡ ਦੇ ਲੋਕਾਂ ਦੇ ਘਰਾਂ ਵਿੱਚ ਖਾਧਾ। ਹੁਣ ਤਾਂ ਇੱਕ ਸ਼ਾਟ ਦੇਣ ਤੋਂ ਬਾਅਦ ਫ਼ਿਲਮ ਸਟਾਰ ਵੈਨਿਟੀ ਵਿੱਚ ਚਲੇ ਜਾਂਦੇ ਹਨ, ਨਾਲ ਬਾਊਂਸਰ ਦੇ ਤੌਰ 'ਤੇ ਸੁਰੱਖਿਆ ਮੁਲਾਜ਼ਮ ਹੁੰਦੇ ਹਨ, ਓਦੋਂ ਅਜਿਹਾ ਕੁਝ ਨਹੀਂ ਹੁੰਦਾ ਸੀ।

**?ਪੰਜਾਬ ਵਿੱਚ ਜ਼ਿਆਦਾਤਰ ਫ਼ਿਲਮਾਂ ਕਾਮੇਡੀ ਬਣ ਰਹੀਆਂ ਹਨ, ਤੁਸੀਂ ਇਸ ਨੂੰ ਕਿੰਨਾ ਉਚਿਤ ਮੰਨਦੇ ਹੋ?**

-ਇਹ ਤੁਹਾਡੀ ਗੱਲ ਸਹੀ ਹੈ, ਅੱਜ ਕੱਲ੍ਹ ਜ਼ਿਆਦਾਤਰ ਫ਼ਿਲਮਾਂ ਕਾਮੇਡੀ ਹੀ ਬਣ ਰਹੀਆਂ ਹਨ। ਪੰਜਾਬ ਵਿੱਚ ਐਕਸ਼ਨ ਅਤੇ ਕਾਮੇਡੀ ਦੋਵੇਂ ਚਲਦੀਆਂ ਹਨ, ਇਸ ਲਈ ਮੈਂ ਐਕਸ਼ਨ ਫ਼ਿਲਮਾਂ ਵੀ ਕਰ ਰਹੀ ਹਾਂ। ਕਾਮੇਡੀ ਦਾ ਇੱਕ ਦੌਰ ਆਇਆ ਸੀ ਅਤੇ ਹੁਣ ਲੋਕ ਇਸ ਚੀਜ਼ ਤੋਂ ਅੱਕ ਚੁੱਕੇ ਹਨ। ਲੋਕ ਹੁਣ ਨਵੇਂ ਚਿਹਰੇ ਦੇਖਣਾ ਚਾਹੁੰਦੇ ਹਨ ਅਤੇ ਵੱਖਰੇ ਕੰਸੈਪਟ ਨੂੰ ਪਸੰਦ ਕਰ ਰਹੇ ਹਨ। ਮੇਰੇ ਜ਼ਮਾਨੇ ਵਿੱਚ ਵੀ ਮੇਰੀ ਫ਼ਿਲਮ ਵਿੱਚ ਕਾਮੇਡੀ ਕਲਾਕਾਰ ਮੇਹਰ ਮਿੱਤਲ ਹੁੰਦੇ ਸਨ, ਉਸ ਦੌਰ ਵਿੱਚ ਵੀ ਕਾਮੇਡੀ ਟੱਚ ਦਿੱਤਾ ਜਾਂਦਾ ਸੀ।

**?ਅੱਜਕੱਲ ਚੱਲ ਰਹੇ ਰੈਪ ਗੀਤਾਂ ਵਿੱਚ ਅਸ਼ਲੀਲਤਾ 'ਤੇ ਤੁਸੀਂ ਕੀ ਕਹੋਗੇ?**

-ਇਹ ਜ਼ਰੂਰ ਹੈ ਕਿ ਨਵੀਂ ਪੀੜ੍ਹੀ ਨੂੰ ਕੁਝ ਇਸ ਵਿੱਚ ਦਿਖਿਆ, ਇਸ ਲਈ ਉਨ੍ਹਾਂ ਨੇ ਇਸ ਨੂੰ ਖੂਬ ਲਾਈਕ ਕੀਤਾ, ਪਰ ਉਹ ਇਨ੍ਹਾਂ ਚੀਜ਼ਾਂ ਨੂੰ ਪਸੰਦ ਨਹੀਂ ਕਰਦੇ। ਅੱਜ ਵੀ ਜੇਕਰ ਪੁਰਾਣੀਆਂ ਫ਼ਿਲਮਾਂ ਦੇ ਗਾਣੇ ਲਗਾ ਦਿਓ, ਉਹ ਜ਼ਿਆਦਾ ਸੁਰੀਲੇ ਹਨ। ਹਾਂ, ਇਹ ਗੱਲ ਹੈ ਕਿ ਅੱਜਕੱਲ ਦਿਲਜੀਤ ਦੋਸਾਂਝ ਦੇ ਗਾਣੇ ਭਾਵੇਂ ਮਾਡਰਨ ਵੀ ਹੋਣ ਪਰ ਚੰਗੇ ਹੁੰਦੇ ਹਨ ਅਤੇ ਪੰਜਾਬੀ ਸੱਭਿਆਚਾਰ ਨੂੰ ਦਰਸਾਉਂਦੇ ਹਨ ਅਤੇ ਖੂਬ ਸੁਣੇ ਜਾਂਦੇ ਹਨ।

**?ਅੱਜਕੱਲ ਹਨੀ ਸਿੰਘ ਅਤੇ ਬਾਦਸ਼ਾਹ ਦੇ ਗਾਣਿਆਂ ਦੀ ਸ਼ਬਦਾਵਲੀ ਨੂੰ ਲੈ ਕੇ ਸਵਾਲ ਖੜ੍ਹੇ ਹੋ ਰਹੇ ਹਨ, ਤੁਹਾਡੀ ਕੀ ਸਲਾਹ ਹੈ?**

-ਇਨ੍ਹਾਂ ਦਾ ਸਾਰਿਆਂ ਦਾ ਵੱਖਰਾ-ਵੱਖਰਾ ਸਟਾਈਲ ਹੈ। ਪਰ ਮੇਰੀ ਅਜਿਹੇ ਗਾਣਿਆਂ ਵਿੱਚ ਕੁਝ ਜ਼ਿਆਦਾ ਰੁਚੀ ਨਹੀਂ ਹੈ, ਮੈਂ ਅਜਿਹੇ ਗਾਣੇ ਨਹੀਂ ਸੁਣਦੀ, ਮੈਂ ਜ਼ਿਆਦਾਤਰ ਗੁਰਦਾਸ ਮਾਣ, ਹੰਸਰਾਜ ਹੰਸ ਅਤੇ ਸਰਤਾਜ ਵਰਗੇ ਗਾਇਕਾਂ ਦੇ ਗਾਣੇ ਸੁਣਦੀ ਹਾਂ, ਜਿਨ੍ਹਾਂ ਨੇ ਪੰਜਾਬੀ ਸੰਗੀਤ ਦੀ ਦੁਨੀਆਂ ਨੂੰ ਸਮਾਂ ਅਤੇ ਵੈਲਿਊਜ਼ ਦਿੱਤੀ ਹੈ।

**?ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹਾਦਤ ਵਰ੍ਹੇ ਨੂੰ ਲੈ ਕੇ ਜੋ ਖਾਸ ਆਯੋਜਨ ਹੋ ਰਿਹਾ ਹੈ, ਉਹ ਕੀ ਹੈ?**

-ਗੁਰੂ ਸਾਹਿਬ ਨੇ ਪ੍ਰਚਾਰ ਲਈ ਮੈਨੂੰ ਚੁਣਿਆ, ਇਸ ਦੇ ਲਈ ਮੈਂ ਉਨ੍ਹਾਂ ਦੀ ਸ਼ੁੱਕਰਗੁਜ਼ਾਰ ਹਾਂ। ਮੇਰਾ ਗੁਰੂ ਸਾਹਿਬ ਨਾਲ ਖਾਸ ਕੁਨੈਕਸ਼ਨ ਰਿਹਾ ਹੈ। ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਦਾ 350ਵਾਂ ਵਰ੍ਹਾ ਮਨਾਇਆ ਜਾ ਰਿਹਾ ਹੈ। ਇਸ ਸਬੰਧ ਵਿੱਚ ਇੱਕ ਲਾਈਟ ਅਤੇ ਸਾਊਂਡ ਸ਼ੋਅ ਅਤੇ ਸਾਰੇ 10 ਗੁਰੂ ਸਾਹਿਬਾਨ 'ਤੇ ਸ਼ਾਟ ਫ਼ਿਲਮ ਕੀਤੀ ਜਾ ਰਹੀ ਹੈ, ਜਿਸ ਦਾ ਮੰਚਨ ਸਭ ਤੋਂ ਪਹਿਲਾਂ ਕਸ਼ਮੀਰ, ਫ਼ਿਰ ਪੰਜਾਬ, ਦਿੱਲੀ ਅਤੇ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਹੋਵੇਗਾ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸਹਿਯੋਗ ਮਿਲ ਰਿਹਾ ਹੈ। ਕੇਂਦਰ ਸਰਕਾਰ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੋਂ ਸਹਿਯੋਗ ਮੰਗਿਆ ਗਿਆ ਹੈ ਕਿਉਂਕਿ ਕਸ਼ਮੀਰੀ ਪੰਡਤਾਂ ਦੀ ਰੱਖਿਆ ਲਈ ਗੁਰੂ ਸਾਹਿਬ ਨੇ ਸ਼ਹਾਦਤ ਦਿੱਤੀ ਸੀ, ਇਸ ਲਈ ਇਸ ਦੀ ਸ਼ੁਰੂਆਤ ਕਸ਼ਮੀਰ ਤੋਂ ਕਰਨ ਦੀ ਯੋਜਨਾ ਹੈ।

## ਮਾਨ ਸਰਕਾਰ ਦੇ 3 ਸਾਲ ਪੂਰੇ

ਬੱਸ ਜ਼ਰੂਰਤ ਹੈ ਇਨ੍ਹਾਂ ਨੂੰ ਠੀਕ ਢੰਗ ਨਾਲ ਲਾਗੂ ਕਰਨ ਦੀ। ਕੇਂਦਰ ਸਰਕਾਰ ਨੂੰ ਵੀ ਚਾਹੀਦਾ ਹੈ ਕਿ ਉਹ ਪੰਜਾਬ ਵਿੱਚ ਆਪਣੀ ਵਿਰੋਧੀ ਪਾਰਟੀ ਦੀ ਸਰਕਾਰ ਹੋਣ ਕਰਕੇ ਇਸ ਨਾਲ ਮਤਰੇਈ ਮਾਂ ਵਾਲਾ ਸਲੂਕ ਨਾ ਕਰੇ, ਸਗੋਂ ਸੂਬਾ ਸਰਕਾਰ ਨਾਲ ਸਹਿਯੋਗ ਕਰੇ।

ਪੰਜਾਬ ਦੀ ਆਰਥਿਕਤਾ ਨੂੰ ਮੁੜ ਸੁਰਜੀਤ ਕਰਨ ਲਈ ਸਿਆਸਤ ਨੂੰ ਠੀਕ ਲੀਹਾਂ ’ਤੇ ਤੋਰਨਾ ਪਵੇਗਾ। ਇਸ ਲਈ ਸੰਸਥਾਗਤ ਢਾਂਚਾ ਠੀਕ ਕਰਨਾ, ਨਿਵੇਸ਼ ਲਈ ਹਾਂ-ਪੱਖੀ ਮਾਹੌਲ ਸਥਾਪਤ ਕਰਨਾ, ਟੈਕਸਾਂ ਦੀ ਠੀਕ ਉਗਰਾਹੀ ਕਰਨਾ, ਸਰਕਾਰੀ ਖਜ਼ਾਨੇ ਵਿੱਚ ਸਮੁੱਚੇ ਸੰਭਾਵਿਤ ਵਿੱਤੀ ਸਾਧਨ ਲਿਆਉਣਾ, ਜਨਤਕ ਵਿੱਤੀ ਸਾਧਨਾਂ ਦਾ ਢੁਕਵਾਂ ਉਪਯੋਗ, ਮੁਫ਼ਤਖੋਰੀਆਂ ਅਤੇ ਸਬਸਿਡੀਆਂ ਨੂੰ ਤਰਕਸ਼ੀਲ ਬਣਾਉਣਾ, ਕੇਂਦਰੀ ਸਕੀਮਾਂ ਤੋਂ ਵੱਧ ਤੋਂ ਵੱਧ ਫ਼ਾਇਦਾ ਚੁੱਕਣਾ, ਰੁਜ਼ਗਾਰ ਦੇ ਵੱਧ ਤੋਂ ਵੱਧ ਮੌਕੇ ਪੈਦਾ ਕਰਨੇ, ਖੇਤੀ ਖੇਤਰ ਅਤੇ ਲਘੂ ਅਤੇ ਛੋਟੇ ਉਦਯੋਗਾਂ ਦੀ ਉੱਨਤੀ ਲਈ ਢੁਕਵਾਂ ਮਾਹੌਲ ਤਿਆਰ ਕਰਨਾ, ਵਾਹਗਾ-ਅਟਾਰੀ ਬਾਰਡਰ ਰਾਹੀਂ ਵਪਾਰ ਵਧਾਉਣਾ ਆਦਿ ਕੁਝ ਜ਼ਰੂਰੀ ਪਹਿਲਕਦਮੀਆਂ ਦੀ ਜ਼ਰੂਰਤ ਹੈ। ਇਸ ਤੋਂ ਇਲਾਵਾ ਕਰਜ਼ੇ ਦੇ ਬੋਝ ਨੂੰ ਯੋਜਨਾਬੱਧ ਵਿਧੀ ਰਾਹੀਂ ਘਟਾਉਣਾ ਅਤੇ ਸਮੁੱਚੀ ਆਰਥਿਕਤਾ ਦਾ ਵਿਕਾਸ ਅਤਿਅੰਤ ਲਾਜ਼ਮੀ ਹੈ। ਇਸ ਲਈ ਲੋੜੀਂਦੀ ਸਿਆਸੀ ਇੱਛਾ ਸ਼ਕਤੀ ਅਤੇ ਦੂਰ-ਦ੍ਰਿਸ਼ਟੀ ਦਾ ਹੋਣਾ ਪਹਿਲੀ ਸ਼ਰਤ ਹੈ। ਪੰਜਾਬ ਵਿੱਚ ਨੀਤੀ-ਖੜੋਤ ਨੂੰ ਤੋੜਨਾ ਵੀ ਜ਼ਰੂਰੀ ਹੈ। ਦੇਸ਼ ਦੀ ਅੰਨ-ਸੁਰੱਖਿਆ ਅਤੇ ਰਾਸ਼ਟਰੀ ਸੁਰੱਖਿਆ ਵਿੱਚ ਅਹਿਮ ਭੂਮਿਕਾ ਨਿਭਾਉਣ ਦੇ ਮੱਦੇ-ਨਜ਼ਰ ਕੇਂਦਰ ਸਰਕਾਰ ਨੂੰ ਪੰਜਾਬ ਦੇ ਵਿਕਾਸ ਵੱਲ ਬਣਦਾ ਧਿਆਨ ਅਤੇ ਸਹਿਯੋਗ ਦੇਣ ਦੀ ਵੀ ਜ਼ਰੂਰਤ ਹੈ।

***

## ਦਮਦਮੀ ਟਕਸਾਲ, ਦਲ ਖ਼ਾਲਸਾ ਤੇ ਹੋਰ ਜਥੇਬੰਦੀਆਂ ਨੇ

ਮਤਿਆਂ ਨਾਲ ਇੱਕਜੁੱਟਤਾ ਵਿੱਚ ਖੜ੍ਹੇ ਹਾਂ। ਜੇ ਜਥੇਦਾਰਾਂ ਦਾ ਸਤਿਕਾਰ ਬਹਾਲ ਨਾ ਕੀਤਾ ਗਿਆ ਤਾਂ 28 ਮਾਰਚ ਨੂੰ ਤੇਜਾ ਸਿੰਘ ਸਮੁੰਦਰੀ ਹਾਲ ਦੇ ਬਾਹਰ ਸ਼੍ਰੋਮਣੀ ਕਮੇਟੀ ਦੇ ਕੀਤੇ ਜਾਣ ਵਾਲੇ ਘਿਰਾਓ ਵਿੱਚ ਸ਼ਮੂਲੀਅਤ ਕੀਤੀ ਜਾਵੇਗੀ।

ਦਲ ਖ਼ਾਲਸਾ ਦੇ ਮੁਖੀ ਪਰਮਜੀਤ ਸਿੰਘ ਨੇ ਨਵੇਂ ਜਥੇਦਾਰਾਂ ਦੀ ਨਿਯੁਕਤੀ ਦਾ ਵਿਰੋਧ ਕਰਦਿਆਂ ਸ਼੍ਰੋਮਣੀ ਕਮੇਟੀ ਮੁੱਖ ਦਫ਼ਤਰ ਦੇ ਮੁੱਖ ਗੇਟ ਸਾਹਮਣੇ ਆਪਣਾ ਖ਼ੂਨ ਵਹਾ ਕੇ ਵਿਰੋਧ ਪ੍ਰਦਰਸ਼ਨ ਕੀਤਾ। ਪਰਮਜੀਤ ਸਿੰਘ ਮੰਡ ਦੀ ਅਗਵਾਈ ਹੇਠ ਪਾਰਟੀ ਵਰਕਰ ਸ਼੍ਰੋਮਣੀ ਕਮੇਟੀ ਦੇ ਮੁੱਖ ਦਫ਼ਤਰ ਪਹੁੰਚੇ ਤੇ ਸਾਬਕਾ ਜਥੇਦਾਰ ਗਿਆਨੀ ਰਘਬੀਰ ਸਿੰਘ, ਗਿਆਨੀ ਹਰਪ੍ਰੀਤ ਸਿੰਘ ਤੇ ਗਿਆਨੀ ਸੁਲਤਾਨ ਸਿੰਘ ਨੂੰ ਬਹਾਲ ਕਰਨ ਦੀ ਮੰਗ ਕੀਤੀ। ਮੰਡ ਨੇ ਇੱਕ ਸਰਿੰਜ ਦੀ ਵਰਤੋਂ ਕਰ ਕੇ ਆਪਣੀ ਬਾਂਹ ਤੋਂ ਖ਼ੂਨ ਕੱਢਿਆ ਤੇ ਸ਼੍ਰੋਮਣੀ ਕਮੇਟੀ ਦਫ਼ਤਰ ਦੇ ਮੁੱਖ ਗੇਟ ਸਾਹਮਣੇ ਖ਼ੂਨ ਡੋਲ੍ਹ ਦਿੱਤਾ। ਪਰਮਜੀਤ ਸਿੰਘ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪ੍ਰਬੰਧ ਨੂੰ ਐੱਸ.ਜੀ.ਪੀ.ਸੀ. ਪ੍ਰਬੰਧ ਤੋਂ ਵੱਖਰਾ ਕੀਤਾ ਜਾਣਾ ਚਾਹੀਦਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਤੇ ਜਥੇਦਾਰ ਸਾਹਿਬਾਨ ਸ਼੍ਰੋਮਣੀ ਕਮੇਟੀ ਅਧੀਨ ਨਹੀਂ ਹਨ। ਜਿੱਥੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਵੱਖਰੀ ਪ੍ਰਭੂਸੱਤਾ ਹੈ, ਉੱਥੇ ਜਥੇਦਾਰਾਂ ਨੂੰ ਵੀ ਸੁਤੰਤਰ ਹੋਣਾ ਚਾਹੀਦਾ ਹੈ। ਉਨ੍ਹਾਂ ਅਕਾਲ ਤਖ਼ਤ ਸਾਹਿਬ ਦੇ ਪ੍ਰਬੰਧਨ ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਨ ਤੇ ਅਧਿਕਾਰ ਖੇਤਰ ਤੋਂ ਵੱਖ ਕਰਨ ਦੀ ਵੀ ਮੰਗ ਕੀਤੀ

ਦੂਜੇ ਪਾਸੇ ਅਕਾਲੀ ਲੀਡਰ ਅਤੇ ਸੁਖਬੀਰ ਬਾਦਲ ਦੇ ਬੇਹੱਦ ਕਰੀਬੀ ਮੰਨੇ ਜਾਂਦੇ ਪਰਮਬੰਸ ਸਿੰਘ ਬੰਟੀ ਰੋਮਾਣਾ ਨੇ ਟਕਸਾਲ ਮੁਖੀ ਬਾਬਾ ਹਰਨਾਮ ਸਿੰਘ ਧੁੰਮਾ ’ਤੇ ਨਿਸ਼ਾਨਾ ਸਾਧਦਿਆਂ ਕਿਹਾ ਸੀ ਕਿ ਪਹਿਲਾਂ ਨੀਲੀ ਪੱਗ ਤੇ ਗਲ ਵਿੱਚ ਪਰਨਾ ਪਾਉਂਦਾ ਸੀ, ਹਰ ਇੱਕ ਨੂੰ ਭਾਈ ਜੀ ਗੁਰੂ ਫ਼ਤਿਹ ਬੁਲਾਉਂਦਾ ਸੀ, ਭਗਵੀਂ ਪੱਗ ਤੇ ਭਗਵਾਂ ਪਰਨਾ ਗਲ ਵਿੱਚ ਹੁਣ ਸਰਕਾਰਾਂ ਦੇ, ਨਿੱਤ ਰੰਗ ਬਦਲਦੇ ਬਾਬੇ ਧੁੰਮੇ ਦੀਆਂ ਦਸਤਾਰਾਂ ਦੇ ਨਿੱਤ ਰੰਗ ਬਦਲਦੇ। ਫ਼ੇਰ ਇਸਦੇ ਨਾਲ ਹੀ ਉਹਨਾਂ ਲਿਖਿਆ ਕਿ ਕੀ ਚੜ੍ਹਦੇ ਸੂਰਜ ਨੂੰ ਸਲਾਮਾਂ ਕਰਨ ਵਾਲੇ ਯਾ ਹਵਾ ਦੇ ਰੁੱਖ ਮੁਤਾਬਿਕ ਆਪਣਾ ਸਟੈਂਡ ਬਦਲਣ ਵਾਲੇ ਲੋਕ ਪੰਥਕ ਆਗੂ ਕਹਾਉਣ ਦਾ ਯਾ ਦਮਦਮੀ ਟਕਸਾਲ ਵਰਗੀ ਮਹਾਨ ਜਥੇਬੰਦੀ ਦੀ ਅਗਵਾਈ ਕਰਨ ਦਾ ਹੱਕ ਰੱਖਦੇ ਨੇ ?

ਬਾਦਲ ਦਲ ਦੇ ਸੀਨੀਅਰ ਨੇਤਾ ਦਲਜੀਤ ਸਿੰਘ ਚੀਮਾ ਨੇ ਦੋਸ਼ ਲਗਾਇਆ ਕਿ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਸਿੱਖਾਂ ਦੇ ਵਿੱਚ ਖ਼ਾਨਾ-ਜੰਗੀ ਕਰਾਉਣ ਵਿੱਚ ਲੱਗੀਆਂ ਹੋਈਆਂ ਹਨ। ਉਨ੍ਹਾਂ ਨੇ ਕਿਹਾ ਕਿ ਇੱਕ ਸਾਜ਼ਿਸ਼ ਦੇ ਜ਼ਰੀਏ ਸਿੱਖਾਂ ਦੀਆਂ ਸੰਸਥਾਵਾਂ ’ਤੇ ਕਬਜ਼ਾ ਕਰਨ ਦੀਆਂ ਚਾਲਾਂ ਚੱਲੀਆਂ ਜਾ ਰਹੀਆਂ ਹਨ। ਉਹਨਾਂ ਕਿਹਾ ਕਿ ਸੂਬਾ ਤੇ ਕੇਂਦਰ ਦੋਵਾਂ ਸਰਕਾਰਾਂ ਨੂੰ ਬੀਤੇ ਸਮੇਂ ਤੋਂ ਸਬਕ ਸਿੱਖਣਾ ਚਾਹੀਦਾ ਹੈ।

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਸਰਨਾ ਦਮਦਮੀ ਟਕਸਾਲ ਨੂੰ ਕਿਹਾ ਕਿ, ਜਦੋਂ ਅਨੰਦਪੁਰ ਸਾਹਿਬ ਦੀ ਧਰਤੀ ’ਤੇ ਨਤਮਸਤਕ ਹੋਣ ਆਈ ਹੋਵੇ ਅਤੇ ਉਦੋਂ ਪੂਰਾ ਜ਼ੋਰ ਲਗਾਉਣ ਦੇ ਬਾਵਜੂਦ 200 ਲੋਕ ਵੀ ਨਾ ਪਹੁੰਚਣ ਇਸ ਤੋਂ ਇਹ ਗੱਲ ਸਾਫ਼ ਅਤੇ ਸਪੱਸ਼ਟ ਹੋ ਜਾਂਦੀ ਹੈ ਕਿ ਸਮੁੱਚੀ ਸਿੱਖ ਕੌਮ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਵੱਲੋਂ ਕੀਤੇ ਫ਼ੈਸਲੇ ਨੂੰ ਸਹੀ ਮੰਨਦੀ ਹੈ।

ਪੰਥਕ ਵਿਚਾਰਵਾਨਾਂ ਦਾ ਮੰਨਣਾ ਹੈ ਕਿ ਇਸ ਲੜਾਈ ਨੂੰ ਉਲਝਾਉਣ ਲਈ ਭਾਜਪਾ ਕੁਝ ਆਪਣੇ ਹੱਥਠੋਕੇ ਲੀਡਰਾਂ ਰਾਹੀਂ ਇਸ ਲੜਾਈ ਵਿੱਚ ਘੁਸਪੈਠ ਕਰ ਚੁੱਕੀ ਹੈ।

ਇਸ ਵੇਲੇ ਭਾਵੇਂ ਭਾਜਪਾ ਲੀਡਰਸ਼ਿਪ ਲਗਾਤਾਰ ਇਹ ਬਿਆਨ ਦੇ ਰਹੀ ਹੈ ਕਿ ਉਹ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਇਕੱਲੇ ਤੌਰ ’ਤੇ ਲੜ ਕੇ ਸਰਕਾਰ ਬਣਾਏਗੀ। ਪਰ ਪੰਜਾਬ ਦੀ ਸਥਿਤੀ ਦੇਸ਼ ਤੋਂ ਵੱਖਰੀ ਹੈ ਇਥੇ ਧਾਰਮਿਕ ਆਬਾਦੀ ਦਾ ਤਨਾਸਬ ਦੇਸ਼ ਵਾਂਗ 80-20 ਦਾ ਨਹੀਂ ਹੈ। ਇਸ ਲਈ ਇਹ ਸਾਫ਼ ਸਪੱਸ਼ਟ ਹੈ ਕਿ ਭਾਜਪਾ ਪੰਜਾਬ ਵਿੱਚ ਰਾਜ ਸੱਤਾ ’ਤੇ ਕਬਜ਼ਾ ਕਰਨ ਲਈ ਅਕਾਲੀ ਦਲ ਦੇ ਇਕ ਧੜੇ ਨਾਲ ਸਮਝੌਤਾ ਜ਼ਰੂਰ ਕਰੇਗੀ ਪਰ ਸੁਖਬੀਰ ਸਿੰਘ ਬਾਦਲ ਵਾਲੇ ਧੜੇ ਨਾਲ ਸਮਝੌਤਾ ਨਹੀਂ ਕਰੇਗੀ। ਦੂਸਰੀ ਧਿਰ ਦੇ ਕੁਝ ਨੇਤਾ ਸਪੱਸ਼ਟ ਇਸ਼ਾਰੇ ਵੀ ਦੇ ਚੁੱਕੇ ਹਨ ਕਿ ਉਨ੍ਹਾਂ ਦਾ ਭਾਜਪਾ ਨਾਲ ਸਮਝੌਤਾ ਹੋਣਾ ਤੈਅ ਹੈ। ਜਦੋਂ ਕਿ ਇਹ ਵੀ ਪੱਕਾ ਜਾਪਦਾ ਹੈ ਕਿ ਸੁਖਬੀਰ ਸਿੰਘ ਬਾਦਲ ਵਾਲਾ ਧੜਾ ਹਥਿਆਰ ਨਹੀਂ ਸੁੱਟੇਗਾ ਤੇ ਰਾਜ ਸੱਤਾ ਦੀ ਇਹ ਲੜਾਈ ਅਜੇ ਜਾਰੀ ਰਹੇਗੀ। ਵੈਸੇ ਇਹ ਸਿਰਫ਼ ਪੰਜਾਬ ਦੀ ਰਾਜਸੀ ਸੱਤਾ ਦੀ ਹੀ ਲੜਾਈ ਨਹੀਂ ਹੈ, ਸਗੋਂ ਇਹ ਸ਼੍ਰੋਮਣੀ ਕਮੇਟੀ ’ਤੇ ਕਬਜ਼ਾ ਬਣਾਈ ਰੱਖਣ ਅਤੇ ਕਬਜ਼ਾ ਕਰਨ ਦੀ ਵੀ ਲੜਾਈ ਹੈ। ਪਰ ਇਸ ਲੜਾਈ ਨਾਲ ਸਿੱਖਾਂ ਤੇ ਦਰਬਾਰ ਸਾਹਿਬ ਦਾ ਅਕਸ ਵਿਗੜ ਰਿਹਾ ਹੈ, ਕਿਉਂਕਿ ਕਿ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਅੱਗੇ ਧਰਨੇ ਮਾਰੇ ਜਾ ਰਹੇ ਹਨ। ਦੂਸਰਾ ਇਸ ਲੜਾਈ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਪਰੰਪਰਾ ਦਾ ਘਾਣ ਹੋ ਰਿਹਾ ਹੈ।

***

## ਅਮਰੀਕਾ ਵੱਲੋਂ ਵਿਦੇਸ਼ੀਆਂ ’ਤੇ

ਸਕਦੀ ਹੈ ਅਤੇ ਜਿਹੜੇ ਪ੍ਰਵਾਸੀਆਂ ਵੱਲੋਂ ਹੁਣ ਤੱਕ ਅਜਿਹਾ ਨਹੀਂ ਕੀਤਾ ਗਿਆ, ਉਹ ਜਲਦ ਤੋਂ ਜਲਦ ਇਹ ਪ੍ਰਕਿਰਿਆ ਪੂਰੀ ਕਰ ਲੈਣ।

ਨਵੇਂ ਨਿਯਮ 11 ਅਪ੍ਰੈਲ ਤੋਂ ਹੋਣਗੇ ਲਾਗੂ

ਰਜਿਸਟ੍ਰੇਸ਼ਨ ਕਰਨ ਵਾਲਿਆਂ ਨੂੰ ਸਬੰਧਿਤ ਦਸਤਾਵੇਜ਼ ਹਰ ਵੇਲੇ ਆਪਣੇ ਕੋਲ ਰੱਖਣ ਦਾ ਹੁਕਮ ਵੀ ਦਿੱਤਾ ਗਿਆ ਹੈ। ਇਮੀਗ੍ਰੇਸ਼ਨ ਮਾਹਰਾਂ ਨੇ ਕਿਹਾ ਕਿ ਟਰੰਪ ਸਰਕਾਰ ਪ੍ਰਵਾਸੀਆਂ ਨੂੰ ਡਰਾ ਕੇ ਵਾਪਸ ਭੇਜਣਾ ਚਾਹੁੰਦੀ ਹੈ। ਸਿਰਫ਼ ਇਥੇ ਹੀ ਬੱਸ ਨਹੀਂ ਪਿਛਲੇ ਦਿਨੀਂ ਟਰੰਪ ਸਰਕਾਰ ਵੱਲੋਂ ਸੀ.ਬੀ.ਪੀ. ਹੋਮ ਐਪ ਨੂੰ ਨਵਾਂ ਰੂਪ ਦਿੰਦਿਆਂ ਸੈਲਫ਼ ਡਿਪੋਰਟੇਸ਼ਨ ’ਤੇ ਜ਼ੋਰ ਦਿੱਤਾ ਗਿਆ। ਅਮਰੀਕਾ ਦੇ ਗ੍ਰਹਿ ਸੁਰੱਖਿਆ ਵਿਭਾਗ ਨੇ ਕਿਹਾ ਕਿ ਕੌਮੀ ਪੱਧਰ ’ਤੇ ਇਸ਼ਤਿਹਾਰਬਾਜ਼ੀ ਅਤੇ ਮੋਬਾਈਲ ਐਪ ’ਤੇ 200 ਮਿਲੀਅਨ ਡਾਲਰ ਖਰਚ ਕੀਤੇ ਜਾ ਰਹੇ ਹਨ। ਖੁਦ ਅਮਰੀਕਾ ਛੱਡ ਕੇ ਜਾਣ ਵਾਲਿਆਂ ਨੂੰ ਭਵਿੱਖ ਵਿੱਚ ਕਾਨੂੰਨੀ ਤਰੀਕੇ ਨਾਲ ਵਾਪਸੀ ਦਾ ਮੌਕਾ ਦੇਣ ਦਾ ਲਾਰਾ ਵੀ ਲਾਇਆ ਜਾ ਰਿਹਾ ਹੈ। ਹੁਣ ਤੱਕ ਨਵੇਂ ਰੂਪ ਵਾਲੀ ਐਪ ਨਾਲ ਸਬੰਧਤ ਇਸ਼ਤਿਹਾਰ ਨਿਊ ਜਰਸੀ, ਨਿਊਯਾਰਕ, ਕੈਲੇਫ਼ੋਰਨੀਆ ਅਤੇ ਫ਼ਲੋਰੀਡਾ ਵਿੱਚ ਪ੍ਰਕਾਸ਼ਤ ਅਤੇ ਪ੍ਰਸਾਰਤ ਕੀਤੇ ਜਾ ਰਹੇ ਹਨ। ਐਪ ਦਾ ਇੱਕ ਕੌਮਾਂਤਰੀ ਰੂਪ ਵੀ ਤਿਆਰ ਕੀਤਾ ਗਿਆ ਹੈ ਜੋ ਵਿਦੇਸ਼ੀ ਨਾਗਰਿਕਾਂ ਨੂੰ ਗੈਰਕਾਨੂੰਨੀ ਤਰੀਕੇ ਨਾਲ ਅਮਰੀਕਾ ਆਉਣ ਤੋਂ ਸਖ਼ਤੀ ਨਾਲ ਵਰਜਦੀ ਹੈ। ਦੱਸ ਦੇਈਏ ਕਿ ਅਮਰੀਕਾ ਸਰਕਾਰ ਦੀ ਇਹ ਕਾਰਵਾਈ ਅਜਿਹੇ ਸਮੇਂ ਸਾਹਮਣੇ ਆਈ ਹੈ ਜਦੋਂ ਕੈਨੇਡੀਅਨ ਐਲੂਮੀਨਮ ਅਤੇ ਸਟੀਲ ’ਤੇ 25 ਫ਼ੀਸਦੀ ਟੈਰਿਫ਼ ਲਾਗੂ ਹੋ ਚੁੱਕਾ ਹੈ ਅਤੇ ਕੈਨੇਡਾ ਵੱਲੋਂ ਵੀ ਅਮਰੀਕਾ ਤੋਂ ਆਉਣ ਵਾਲੀਆਂ 30 ਅਰਬ ਡਾਲਰ ਦੀਆਂ ਵਸਤਾਂ ’ਤੇ ਟੈਰਿਫ਼ ਲਾਗੂ ਕਰ ਦਿੱਤਾ ਗਿਆ ਹੈ।

***

## ਸੰਘੀ ਅਦਾਲਤ ਦੇ ਜੱਜ ਨੇ ਅਮਰੀਕੀ ਪ੍ਰਸ਼ਾਸਨ ਨੂੰ

ਬੋਅਸਬਰਗ ਨੇ ਬੀਤੇ ਦਿਨੀਂ ਏ.ਸੀ.ਐਲ.ਯੂ ਅਤੇ ਡੈਮੋਕਰੇਸੀ ਫਾਰਵਰਡ ਦੁਆਰਾ ਦਾਇਰ ਇੱਕ ਕੇਸ ਦੀ ਸੁਣਵਾਈ ਦੌਰਾਨ ਕਿਹਾ, ‘ਮੈਨੂੰ ਨਹੀਂ ਲੱਗਦਾ ਕਿ ਮੈਂ ਹੋਰ ਇੰਤਜ਼ਾਰ ਕਰ ਸਕਦਾ ਹਾਂ ਅਤੇ ਮੈਨੂੰ ਕਾਰਵਾਈ ਕਰਨੀ ਪਵੇਗੀ।’

ਉਸ ਫੈਸਲੇ ਤੋਂ ਕੁਝ ਘੰਟੇ ਪਹਿਲਾਂ ਟਰੰਪ ਨੇ 1798 ਦੇ ਏਲੀਅਨ ਐਨੀਮੀਜ਼ ਐਕਸ ਐਕਟ ਦੀ ਵਰਤੋਂ ਕਰਕੇ ਦਾਅਵਾ ਕੀਤਾ ਕਿ ਵੈਨੇਜ਼ੁਏਲਾ ਦਾ ਗੈਂਗ ਟ੍ਰੇਨ ਡੀ ਅਰਾਗੁਆ ਸੰਯੁਕਤ ਰਾਜ ਅਮਰੀਕਾ ’ਤੇ ਹਮਲਾ ਕਰ ਰਿਹਾ ਸੀ। ਇਹ ਐਕਟ ਰਾਸ਼ਟਰਪਤੀ ਨੂੰ ਵੱਡੇ ਪੱਧਰ ’ਤੇ ਦੇਸ਼ ਨਿਕਾਲੇ ਨੂੰ ਤੇਜ਼ ਕਰਨ ਲਈ ਨੀਤੀ ਅਤੇ ਕਾਰਜਕਾਰੀ ਕਾਰਵਾਈ ਦੇ ਸੰਬੰਧ ਵਿੱਚ ਵਿਆਪਕ ਅਧਿਕਾਰ ਦਿੰਦਾ ਹੈ। ਇਹ ਐਕਟ ਅਮਰੀਕੀ ਇਤਿਹਾਸ ਵਿੱਚ ਸਿਰਫ਼ ਤਿੰਨ ਵਾਰ ਵਰਤਿਆ ਗਿਆ ਹੈ ਅਤੇ ਉਹ ਵੀ ਸਿਰਫ਼ ਯੁੱਧ ਸਮੇਂ। ਪਹਿਲਾਂ ਇਸ ਦੀ ਵਰਤੋਂ ਦੂਜੇ ਵਿਸ਼ਵ ਯੁੱਧ ਦੌਰਾਨ ਕੀਤੀ ਗਈ ਸੀ। ਉਸ ਸਮੇਂ ਇਸਦੀ ਵਰਤੋਂ ਜਰਮਨ ਅਤੇ ਇਟਾਲੀਅਨ ਲੋਕਾਂ ਨੂੰ ਕੈਦ ਕਰਨ ਦੇ ਨਾਲ ਹੀ ਜਾਪਾਨੀ-ਅਮਰੀਕੀ ਨਾਗਰਿਕਾਂ ਨੂੰ ਸਮੂਹਿਕ ਨਜ਼ਰਬੰਦ ਕਰਨ ਲਈ ਵੀ ਕੀਤੀ ਗਈ ਸੀ।

***

## ਪੰਜ ਮੈਂਬਰੀ ਕਮੇਟੀ ਨੇ ਅਰਦਾਸ ਉਪਰੰਤ

ਸੱਚਾਈ ਹੈ ਕਿ ਸਿੱਖ ਇਤਿਹਾਸ ਵਿੱਚ ਅਜਿਹੇ ਅਨੇਕਾਂ ਹਵਾਲੇ ਹਨ ਕਿ ਜਦੋਂ ਕੌਮ ਇਕਜੁੱਟ ਹੋਈ ਤਾਂ ਇਸ ਨੂੰ ਅਨੇਕਾਂ ਲਾਭ ਹੋਏ ਤੇ ਸਾਨੂੰ ਇਤਿਹਾਸਕ ਤੱਥਾਂ ਤੋਂ ਸੇਧ ਲੈਣੀ ਚਾਹੀਦੀ ਹੈ।

ਉਨ੍ਹਾਂ ਦੱਸਿਆ ਕਿ ਸੰਸਦੀ ਬੋਰਡ ਤੇ ਜ਼ਿਲ੍ਹਾ ਅਬਜ਼ਰਵਰਾਂ ਨੇ ਭਰਤੀ ਮੁਹਿੰਮ ਦੀ ਸਮੀਖਿਆ ਕੀਤੀ ਅਤੇ ਮੈਂਬਰਸ਼ਿਪ ਭਰਤੀ ਫਾਰਮ ਜਮ੍ਹਾਂ ਕਰਵਾਉਣ ਦੀ ਤਰੀਕ 25 ਮਾਰਚ ਤੱਕ ਵਧਾ ਦਿੱਤੀ ਗਈ ਹੈ। ਡਾ. ਦਲਜੀਤ ਚੀਮਾ ਨੇ ਮਨਪ੍ਰੀਤ ਸਿੰਘ ਇਆਲੀ ਵੱਲੋਂ ਸਾਂਝਾ ਕੀਤਾ ਭਰਤੀ ਦਾ ਫਾਰਮ ਦਿਖਾਉਂਦਿਆਂ ਕਿਹਾ ਕਿ ਇਹ ਫਾਰਮ ਤੇ ਲੀਡਰ ਐਲਾਨ ਕਰ ਰਹੇ ਨੇ ਕਿ ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਹੋ ਰਹੀ ਹੈ ਪਰ ਫਾਰਮ ’ਤੇ ਸ਼੍ਰੋਮਣੀ ਅਕਾਲੀ ਦਲ ਪੂਰਾ ਸ਼ਬਦ ਹੀ ਨਹੀਂ ਹੈ. ਮੈਂਬਰਸ਼ਿਪ ਅਕਾਲੀ ਦਲ ਲਿਖਿਆ ਹੋਇਆ ਹੈ ਅਤੇ ਇਹ ਪਾਰਟੀ ਕਦੋਂ ਬਣੀ ? ਕਦੋਂ ਰਜਿਸਟਰ ਹੋਈ ? ਕਿੱਥੇ ਬਣੀ ? ਕਦੋਂ ਇਸਦਾ ਵਿਧਾਨ ਪਾਸ ਕੀਤਾ ਗਿਆ ? ਇਹ ਦੱਸੋ।

ਫਾਰਮ ’ਤੇ ਦਫ਼ਤਰ ਦਾ ਪਤਾ ਤੇ ਨੰਬਰ ਨਹੀਂ ਹੈ, ਲੋਕਾਂ ਤੋਂ ਆਧਾਰ ਕਾਰਡ ਸਮੇਤ ਸਾਰੀ ਜਾਣਕਾਰੀ ਮੰਗਦੇ ਨੇ ਪਰ ਆਪ ਕੁਝ ਨਹੀਂ ਦੱਸਿਆ, ਨਾ ਪਾਰਟੀ ਦਾ ਦਫਤਰ ਦਾ ਪਤਾ ਤੇ ਨਾ ਹੀ ਕੋਈ ਨੰਬਰ। ਉਹਨਾਂ ਪੁੱਛਿਆ ਕਿ ਜਿਹੜਾ ਪੈਸੇ ਇਕੱਠਾ ਕਰਨਾ ਹੈ ਉਹ ਕਿਸ ਖਾਤੇ ਵਿੱਚ ਜਾਵੇਗਾ ? ਉਹਨਾਂ ਕਿਹਾ ਕਿ ਪਰਚੀ ਥੱਲੇ ਲਿਖ ਦਿੱਤਾ ਕਿ 5 ਮੈਂਬਰੀ ਭਰਤੀ ਕਮੇਟੀ, ਇਹ ਕਿਸ ਨੇ ਬਣਾਈ ਹੈ ? ਇਹ ਵੀ ਦੱਸੋ। ਉਹਨਾਂ ਕਿਹਾ ਕਿ ਤੁਹਾਡੇ ਇਸੇ ਵਤੀਰੇ ਕਰਕੇ 2 ਟਾਪ ਦੇ ਮੈਂਬਰ 7 ਮੈਂਬਰੀ ਕਮੇਟੀ ਛੱਡ ਗਏ। ਉਹਨਾਂ ਕਿਹਾ ਕਿ ਅਸੀਂ ਇਕੱਠੇ ਹੋ ਕੇ ਅਕਾਲ ਤਖ਼ਤ ਸਾਹਿਬ ਸਾਰੇ ਸਬੂਤ ਅਤੇ ਦਸਤਾਵੇਜ ਲੈਕੇ ਗਏ ਸੀ ਕਿ ਅਸੀਂ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਹਰ ਹੁਕਮ ਪ੍ਰਵਾਨ ਕਰ ਲਿਆ ਪਰ ਬੇਨਤੀ ਹੈ ਕਿ ਦੇਸ਼ ਦੇ ਕਾਨੂੰਨ ਕਰਕੇ ਸਾਡੀ ਮਾਨਤਾ ਰੱਦ ਹੋ ਸਕਦੀ ਹੈ।

ਉਹਨਾਂ ਕਿਹਾ ਕਿ ਫੇਰ ਸਿੰਘ ਸਾਹਿਬ ਨੇ ਸਾਡੀ ਗੱਲ ਸਮਝ ਕੇ ਕਿਹਾ ਸੀ ਕਿ ਵਰਕਿੰਗ ਕਮੇਟੀ ਭਰਤੀ ਵਾਲਾ ਇਹ ਕੰਮ ਕਰ ਲਵੇ। ਉਹਨਾਂ ਇਯਾਲੀ ਧੜ੍ਹੇ ਨੂੰ ਕਿਹਾ ਕਿ ਅਸੀਂ ਅਕਾਲ ਤਖ਼ਤ ਤੋਂ ਨਹੀਂ ਭੱਜੇ ਸਗੋਂ ਇਹ ਤਾਂ ਜੰਮਣ ਤੋਂ ਪਹਿਲਾਂ ਹੀ ਭੱਜ ਗਏ। ਉਹਨਾਂ ਇਸ ਪਿੱਛੇ ਦਿੱਲੀ ਦੀਆਂ ਸ਼ਕਤੀਆਂ ਦੀ ਸ਼ਮੂਲੀਅਤ ਦੀ ਗੱਲ ਵੀ ਕੀਤੀ। ਅਖੀਰ ਵਿੱਚ ਉਹਨਾਂ ਕਿਹਾ ਕਿ ਤੁਸੀਂ ਇਹ ਤਰ੍ਹਾਂ ਦੀ ਜਾਅਲਸਾਜ਼ੀ ਅਤੇ 2 ਨੰਬਰ ਦਾ ਕੰਮ ਦਰਬਾਰ ਸਾਹਿਬ ਤੋਂ ਦੂਰ ਜਾ ਕੇ ਕਰੋ, ਕਿਰਪਾ ਕਰਕੇ ਇਸ ਧਰਤੀ ’ਤੇ ਇਹ ਸਭ ਨਾ ਕਰੋ।

***

## ਅਮਰੀਕਾ ਨੇ ਯੂਕ੍ਰੇਨ ਨਾਲ ਫ਼ੌਜੀ ਸਹਾਇਤਾ

ਉਹ ਇਹ ਪ੍ਰਸਤਾਵ ਰੂਸ ਨੂੰ ਪੇਸ਼ ਕਰਨਗੇ ਅਤੇ ‘ਗੇਂਦ ਹੁਣ ਰੂਸ ਦੇ ਪਾਲੇ ਵਿੱਚ ਹੈ’। ਉਨ੍ਹਾਂ ਇਹ ਵੀ ਕਿਹਾ ਕਿ ਅਮਰੀਕਾ ਅਤੇ ਯੂਕ੍ਰੇਨ, ਯੂਕ੍ਰੇਨ ਦੇ ਮਹੱਤਵਪੂਰਨ ਖਣਿਜ ਸਰੋਤਾਂ ਦੇ ਵਿਕਾਸ ਲਈ ਇੱਕ ਵਿਆਪਕ ਸਮਝੌਤੇ ਨੂੰ ਜਲਦੀ ਪੂਰਾ ਕਰਨ ਲਈ ਸਹਿਮਤ ਹੋਏ ਹਨ, ਜਿਸਨੂੰ ਟਰੰਪ ਪ੍ਰਸ਼ਾਸਨ ਯੂਕ੍ਰੇਨ ਦੀ ਲੰਬੇ ਸਮੇਂ ਦੀ ਖੁਸ਼ਹਾਲੀ ਅਤੇ ਸੁਰੱਖਿਆ ਲਈ ਮਹੱਤਵਪੂਰਨ ਸਮਝਦਾ ਹੈ। ਇਹ ਘਟਨਾਕ੍ਰਮ ਅਮਰੀਕਾ ਵੱਲੋਂ ਯੂਕਰੇਨ ’ਤੇ ਰੂਸ ਨਾਲ ਸ਼ਾਂਤੀ ਵਾਰਤਾ ਵਿੱਚ ਸ਼ਾਮਲ ਹੋਣ ਲਈ ਦਬਾਅ ਪਾਉਣ ਲਈ ਯੂਕ੍ਰੇਨ ਨਾਲ ਫ਼ੌਜੀ ਸਹਾਇਤਾ ਅਤੇ ਖੁਫ਼ੀਆ ਜਾਣਕਾਰੀ ਸਾਂਝੀ ਕਰਨ ਨੂੰ ਮੁਅੱਤਲ ਕਰਨ ਤੋਂ ਲਗਭਗ ਇੱਕ ਹਫ਼ਤੇ ਬਾਅਦ ਆਇਆ ਹੈ। ਹੁਣ, ਯੂਕ੍ਰੇਨ ਦੀ ਸਹਿਮਤੀ ਤੋਂ ਬਾਅਦ, ਅਮਰੀਕਾ ਨੇ ਇਸ ਪਾਬੰਦੀ ਨੂੰ ਹਟਾਉਣ ਦਾ ਫ਼ੈਸਲਾ ਕੀਤਾ ਹੈ।

ਸਾਂਝੇ ਬਿਆਨ ਦੇ ਅਨੁਸਾਰ, ਇਹ 30 ਦਿਨਾਂ ਦੀ ਜੰਗਬੰਦੀ ਆਪਸੀ ਸਹਿਮਤੀ ਨਾਲ ਵਧਾਈ ਜਾ ਸਕਦੀ ਹੈ ਅਤੇ ਇਹ ਰੂਸ ਦੀ ਪ੍ਰਵਾਨਗੀ ਅਤੇ ਇੱਕੋ ਸਮੇਂ ਲਾਗੂ ਕਰਨ ਦੇ ਅਧੀਨ ਹੈ। ਯੂਕ੍ਰੇਨ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਉਹ ਹਵਾਈ, ਸਮੁੰਦਰੀ ਅਤੇ ਜ਼ਮੀਨੀ ਹਮਲਿਆਂ ਸਮੇਤ ਸਾਰੀਆਂ ਫ਼ੌਜੀ ਗਤੀਵਿਧੀਆਂ ਨੂੰ ਬੰਦ ਕਰਨ ਲਈ ਤਿਆਰ ਹੈ, ਬਸ਼ਰਤੇ ਰੂਸ ਵੀ ਅਜਿਹਾ ਹੀ ਕਰੇ। ਯੂਕ੍ਰੇਨ ਦੇ ਵਿਦੇਸ਼ ਮੰਤਰੀ ਐਂਡਰੀ ਸਿਬੀਹਾ ਨੇ ਇਸਨੂੰ ਸ਼ਾਂਤੀ ਵੱਲ ਇੱਕ ਗੰਭੀਰ ਕਦਮ ਦੱਸਿਆ ਅਤੇ ਕਿਹਾ ਕਿ ਇਹ ਦੋਵਾਂ ਦੇਸ਼ਾਂ ਵਿਚਕਾਰ ਰਣਨੀਤਕ ਭਾਈਵਾਲੀ ਨੂੰ ਮਜ਼ਬੂਤ ਕਰੇਗਾ। ਇਸ ਵਿਕਾਸ ਤੋਂ ਬਾਅਦ, ਅੰਤਰਰਾਸ਼ਟਰੀ ਭਾਈਚਾਰਾ ਹੁਣ ਰੂਸ ਦੇ ਜਵਾਬ ’ਤੇ ਨਜ਼ਰ ਰੱਖ ਰਿਹਾ ਹੈ, ਜੋ ਇਸ ਪ੍ਰਸਤਾਵਿਤ ਜੰਗਬੰਦੀ ਅਤੇ ਸ਼ਾਂਤੀ ਵਾਰਤਾ ਵੱਲ ਅਗਲਾ ਕਦਮ ਨਿਰਧਾਰਤ ਕਰੇਗਾ।

***

## ਪਿਛਲੀਆਂ ਸਰਕਾਰਾਂ ਨੇ ਨਸ਼ੀਲੇ ਪਦਾਰਥਾਂ ਦੇ

ਕੇਜਰੀਵਾਲ ਨੇ ਪ੍ਰਭਾਵਿਤ ਪਰਿਵਾਰਾਂ ਦੀ ਪਛਾਣ ਕਰਨ ਅਤੇ ਢੁਕਵੇਂ ਇਲਾਜ ਨੂੰ ਯਕੀਨੀ ਬਣਾਉਣ ਲਈ ਰਾਜ ਵਿਆਪੀ ਡਰੱਗ ਜਨਗਣਨਾ ਦਾ ਵੀ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਭ੍ਰਿਸ਼ਟਾਚਾਰ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਭ੍ਰਿਸ਼ਟਾਚਾਰ ਨੂੰ ਅਸੰਭਵ ਬਣਾਉਣ ਲਈ ਸਿਸਟਮ ਵਿੱਚ ਬਦਲਾਅ ਕੀਤੇ ਜਾ ਰਹੇ ਹਨ।

ਭਗਵੰਤ ਮਾਨ ਨੇ ਬਾਦਲਾਂ ’ਤੇ ਸੇਧੇ ਨਿਸ਼ਾਨੇ

ਮੁੱਖ ਮੰਤਰੀ ਭਗਵੰਤ ਮਾਨ ਨੇ ਬਾਦਲਾਂ ਅਤੇ ਅਕਾਲੀ ਦਲ ’ਤੇ ਨਿਸ਼ਾਨਾ ਸੇਧਿਆ ਅਤੇ ਆਪਣੇ ਰਾਜ ਦੌਰਾਨ ਪੰਜਾਬ ਅਤੇ ਇਸ ਦੇ ਲੋਕਾਂ ਨਾਲ ਧੋਖਾ ਕਰਨ ਦਾ ਦੋਸ਼ ਲਗਾਏ। ਉਨ੍ਹਾਂ ਕਿਹਾ ਕਿ ਬਾਦਲਾਂ ਨੇ ਪੰਜਾਬ ਨੂੰ ਆਪਣੀ ਨਿੱਜੀ ਜਾਇਦਾਦ ਵਾਂਗ ਸਮਝਿਆ, ਰਾਜ ਨੂੰ ਆਰਥਿਕ ਅਤੇ ਸਮਾਜਿਕ ਤਬਾਹੀ ਵੱਲ ਧੱਕ ਦਿੱਤਾ। ਉਨ੍ਹਾਂ ਦੇ ਰਾਜ ਵਿੱਚ ਨਸ਼ਿਆਂ ਅਤੇ ਮਾਫ਼ੀਆ ਰਾਜ ਅੱਗੇ ਵਧਿਆ, ਜਿਸ ਨੇ ਅਣਗਿਣਤ ਪਰਿਵਾਰਾਂ ਨੂੰ ਤਬਾਹ ਕਰ ਦਿੱਤਾ। ਉਨ੍ਹਾਂ ਕਿਹਾ ਕਿ ਅਕਾਲੀ ਦਲ ਦਾ ਅੱਜ ਕੋਈ ਨੈਤਿਕ ਸਥਾਨ ਨਹੀਂ ਹੈ।






## ਨੱਕ ਤੱਕ ਆਇਆ ਬੁੱਢਾ ਦਰਿਆ

ਪ੍ਰਸ਼ਾਸਨ ਨੂੰ ਦਰਿਆ ਦੁਆਲੇ ਤਾਰ ਫ਼ੇਰ ਤੋਂ ਲਾਉਣ ਦੀ ਲੋੜ ਹੈ। ਇਸ ਤੋਂ ਪਹਿਲਾਂ 9.34 ਕਰੋੜ ਰੁਪਏ ਦੀ ਲਾਗਤ ਨਾਲ ਲਾਈ ਗਈ ਤਾਰ ਪਿਛਲੇ ਸਾਲ ਹੜ੍ਹਾਂ ਦੇ ਪਾਣੀ ਨਾਲ ਨੁਕਸਾਨੀ ਗਈ ਸੀ।

ਇਸ ਤੋਂ ਇਲਾਵਾ ਦਰਿਆ 'ਚ ਲੋਕਾਂ ਨੂੰ ਠੋਸ ਕੂੜਾ ਸੁੱਟਣ ਤੋਂ ਰੋਕਣ ਲਈ ਬੰਦੇ ਤਾਇਨਾਤ ਕਰਨ ਦੀ ਲੋੜ ਹੈ। ਇਸ ਵੇਲੇ, ਕੂੜਾ ਸੁੱਟਣ ਵਾਲਿਆਂ ਦਾ ਚਲਾਨ ਕਰਨ ਲਈ ਕੋਈ 'ਸੌਲਿਡ ਵੇਸਟ ਐਨਫੋਰਸਮੈਂਟ ਫ਼ੋਰਸ' ਮੌਜੂਦ ਨਹੀਂ ਹੈ। ਨਗਰ ਨਿਗਮ ਵੱਲੋਂ ਸਿੱਧਵਾਂ ਨਹਿਰ 'ਤੇ ਤਾਇਨਾਤ ਕੀਤੀ ਗਈ ਇਸੇ ਤਰ੍ਹਾਂ ਦੀ ਫ਼ੋਰਸ ਨੇ ਚਲਾਨਾਂ ਰਾਹੀਂ 26 ਲੱਖ ਰੁਪਏ ਕਮਾਇਆ ਹੈ ਜਦੋਂਕਿ ਕਰਮਚਾਰੀਆਂ ਦੀ ਤਨਖਾਹ 'ਤੇ ਸਿਰਫ਼ 7 ਲੱਖ ਰੁਪਏ ਖਰਚ ਕੀਤੇ ਗਏ। ਦੋ-ਤਿੰਨ ਤੈਰਦੇ 'ਗਾਰਬੇਜ ਬੈਰੀਅਰ-ਕਮ-ਕਨਵੇਅਰ' ਵੀ ਲਾਏ ਜਾਣੇ ਚਾਹੀਦੇ ਹਨ ਜੋ ਦਰਿਆ 'ਚ ਪੈਣ ਵਾਲੇ ਠੋਸ ਕੂੜੇ ਨੂੰ ਛਾਣ ਕੇ ਬਾਹਰ ਕੱਢ ਸਕਨ।

ਪ੍ਰਦੂਸ਼ਣ ਕਾਰਨ ਲੋਕਾਂ ਦੀ ਸਿਹਤ, ਉਨ੍ਹਾਂ ਦੇ ਆਰਥਿਕ ਤੇ ਮਨੋਵਿਗਿਆਨਕ ਨੁਕਸਾਨ ਜਾਂ ਕਹਿ ਲਈਏ ਕਿ ਹੌਲੀ-ਹੌਲੀ ਮੌਤ ਵੱਲ ਵਧਣ ਨੂੰ ਪ੍ਰਸ਼ਾਸਕੀ ਇਕਾਈਆਂ ਨਜ਼ਰਅੰਦਾਜ਼ ਨਹੀਂ ਕਰ ਸਕਦੀਆਂ। ਪ੍ਰਦੂਸ਼ਣ ਕਾਰਨ ਵਾਤਾਵਰਨ ਵਿਚ ਵੀ ਨਿਘਾਰ ਆਇਆ ਹੈ। ਸਮਾਂ ਆ ਗਿਆ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਬੁੱਢੇ ਦਰਿਆ ਨੂੰ ਸਾਫ਼ ਕਰਨ ਦੇ ਆਪਣੇ ਵਾਅਦੇ 'ਤੇ ਖ਼ਰੇ ਉਤਰਨ।

***

## ਅਮਰੀਕੀ ਨੀਤੀਆਂ ਦਾ ਭਾਰਤ

ਸਰਕਾਰੀ ਫ਼ੌਜੀ ਰਣਨੀਤੀਕਾਰਾਂ ਨੂੰ ਵੀ ਇਸ ਸੌਦੇ ਨੂੰ ਲੈ ਕੇ ਭਰੋਸਾ ਨਹੀਂ ਹੈ। ਇਸ ਜਹਾਜ਼ ਦੀ ਵਰਤੋਂ ਅਤੇ ਤਕਨੀਕ 'ਤੇ ਅਮਰੀਕਾ ਨੇ ਇੰਨੀਆਂ ਸਖ਼ਤ ਸ਼ਰਤਾਂ ਲਗਾਈਆਂ ਹੋਈਆਂ ਹਨ ਕਿ ਭਾਰਤ ਨੂੰ ਲੈਣੇ ਦੇ ਦੇਣੇ ਪੈ ਸਕਦੇ ਹਨ। ਸਾਡੀ ਹਵਾਈ ਸੈਨਾ ਮੁੱਦਤਾਂ ਤੋਂ ਨਵੇਂ ਜਹਾਜ਼ਾਂ ਦੇ ਸਕੁਐਡਰਨਾਂ ਲਈ ਤਰਸ ਰਹੀ ਹੈ, ਪਰ ਜਹਾਜ਼ ਜਿੰਨੇ ਮਹਿੰਗੇ ਹੋਣਗੇ, ਉਨ੍ਹਾਂ ਦੀ ਗਿਣਤੀ ਓਨੀ ਹੀ ਘੱਟ ਹੋਵੇਗੀ। ਕੀ ਭਾਰਤ ਟਰੰਪ ਦੇ ਇਨ੍ਹਾਂ ਪ੍ਰਸਤਾਵਾਂ ਨੂੰ ਮੰਨਣ ਤੋਂ ਇਨਕਾਰ ਕਰ ਸਕਦਾ ਹੈ ? ਇਸ ਦੀ ਸੰਭਾਵਨਾ ਨਾਂਹ ਦੇ ਬਰਾਬਰ ਹੈ।

ਟਰੰਪ-ਕਾਲੀਨ ਅਮਰੀਕਾ ਦੇ ਹਿੱਤਾਂ ਦੀ ਬਣਤਰ ਹੀ ਕੁਝ ਅਜਿਹੀ ਹੈ ਕਿ ਉਹ ਭਾਰਤ ਵਰਗੇ ਦੂਜੇ ਦੇਸ਼ਾਂ ਦੇ ਪੈਰ 'ਤੇ ਪੈਰ ਰੱਖ ਕੇ ਹੀ ਪੂਰੇ ਹੋ ਸਕਦੇ ਹਨ। ਭਾਰਤ ਨੂੰ ਕੁਝ ਤਾਂ ਅੰਦਾਜ਼ਾ ਸੀ, ਪਰ ਜਦੋਂ ਟਰੰਪ ਦੀਆਂ ਚਹੁੰਪਾਸੜ ਕਾਰਵਾਈਆਂ ਸ਼ੁਰੂ ਹੋਈਆਂ ਤਾਂ ਹੁਣ ਲੱਗ ਰਿਹਾ ਹੈ ਕਿ ਟਰੰਪ-ਕਾਲੀਨ ਦੁਨੀਆਂ ਸਾਡੇ ਅੰਦਾਜ਼ਿਆਂ ਤੋਂ ਬਹੁਤ ਵੱਖਰੀ ਸਾਬਿਤ ਹੋਣ ਜਾ ਰਹੀ ਹੈ।

***

## ਨਸ਼ਾ ਮੁਕਤ ਪੰਜਾਬ ਹੋਂਦ

ਕਾਲਜ ਦੀ ਪੜ੍ਹਾਈ ਵਿਚਾਲੇ ਛੱਡ ਉਹ ਕਾਲਜ ਫੀਸ ਤੇ ਟਿਊਸ਼ਨ ਦੇ ਪੈਸੇ ਲੈ ਕੇ ਹੈਰੋਇਨ ਪੀਂਦਾ ਰਿਹਾ। ਸਾਲ ਬਾਅਦ ਕਾਲਜ ਪ੍ਰਿੰਸੀਪਲ ਦੀ ਚਿੱਠੀ ਆਉਣ 'ਤੇ ਹੀ ਇਹ ਭੇਦ ਖੁੱਲ੍ਹਿਆ। ਘਬਰਾਹਟ ਵਿੱਚ ਉਸ ਦੀ ਮਾਂ ਤੋਂ ਘਾਤਕ ਗ਼ਲਤੀ ਹੋਈ। ਚਿੱਠੀ ਪੜ੍ਹਦਿਆਂ ਹੀ ਉਸ ਨੇ ਆਪਣੇ ਪੁੱਤ ਦਾ ਫ਼ੋਨ ਮਿਲਾਇਆ। ਉਦੋਂ ਉਹ ਆਪਣੇ ਹੀ ਸ਼ਹਿਰ ਦੇ ਬੱਸ ਅੱਡੇ 'ਤੇ ਉਤਰ ਰਿਹਾ ਸੀ। ਤਦ ਉਸ ਨੇ ਪ੍ਰਿੰਸੀਪਲ ਵੱਲੋਂ ਆਈ ਚਿੱਠੀ ਪੁੱਤ ਨੂੰ ਪੜ੍ਹ ਕੇ ਸੁਣਾ ਦਿੱਤੀ। ਇੱਕੋ ਗੱਲ ਹੀ ਉਸ ਨੇ ਚਿੱਠੀ ਤੋਂ ਬਾਹਰ ਆਖੀ ਸੀ ਕਿ ਚਿੱਠੀ ਪੜ੍ਹਦਿਆਂ ਹੀ ਤੇਰਾ ਪਿਓ ਤੇਰੇ ਕਾਲਜ ਗਿਆ ਹੋਇਆ ਹੈ। ਉਹ ਪਲ ਤੇ ਆਹ ਦਿਨ, ਉਹ ਨੌਜਵਾਨ ਕਦੇ ਘਰ ਵਾਪਸ ਨਹੀਂ ਆਇਆ। ਤਿੰਨ ਵਰ੍ਹੇ ਲੰਘ ਜਾਣ 'ਤੇ ਵੀ ਉਹ ਔਰਤ ਮਹੀਨੇ ਵਿੱਚ ਇੱਕ-ਅੱਧ ਵਾਰ ਆਪਣੇ ਪੁੱਤ ਨੂੰ ਲੱਭਣ ਕਾਲਜ ਜ਼ਰੂਰ ਜਾਂਦੀ ਹੈ। ਉਹ ਥੋੜ੍ਹੀ ਦੇਰ ਕਾਲਜ ਕੰਟੀਨ ਵਿੱਚ ਬੈਠਦੀ ਹੈ। ਸਟੱਡੀ ਰੂਮਜ਼ ਵਿੱਚ ਲੱਗੀਆਂ ਕਲਾਸਾਂ ਸ਼ੀਸ਼ਿਆਂ ਰਾਹੀਂ ਵੇਖਣ ਲਗਦੀ ਹੈ। ਛੁੱਟੀ ਹੋਣ 'ਤੇ ਕੁਝ ਵਿਦਿਆਰਥੀਆਂ ਤੋਂ ਆਪਣੇ ਪੁੱਤ ਬਾਰੇ ਪੁੱਛ-ਪੜਤਾਲ ਦਾ ਯਤਨ ਕਰਦੀ ਹੈ। ਵਾਪਸ ਮੁੜਦੀ ਹੋਈ ਉਹ ਕਾਲਜ ਦੇ ਮੁੱਖ ਗੇਟ 'ਤੇ ਖੜ੍ਹ ਕੇ ਹੱਥ ਜੋੜਦੀ ਹੈ ਤੇ ਸਿਰ ਝੁਕਾਉਂਦੀ ਹੈ। ਕੋਈ ਅਰਦਾਸ ਕਰਦੀ ਹੈ ਜਾਂ ਉਲਾਂਭਾ ਦਿੰਦੀ ਹੈ, ਉਸ ਦੇ ਬੋਲਾਂ ਬਾਰੇ ਕਿਸੇ ਨੂੰ ਕੁਝ ਵੀ ਪਤਾ ਨਹੀਂ ।

'ਮੈਂ ਜਾਇਆ ਪੂਰਨ ਭਗਤਾਂ ਨੂੰ,
ਅੱਜ ਸਾਂਭਿਓ ਮੇਰੇ ਵਕਤਾਂ ਨੂੰ।'

ਇੱਕ ਔਰਤ ਨਸ਼ੇ ਦੀਆਂ ਪੁੜੀਆਂ ਖ਼ਰੀਦ ਰਹੀ ਸੀ। ਉਸ ਦੀ ਦਿੱਖ ਤੋਂ ਇਹ ਬਹੁਤ ਅਜੀਬ ਲੱਗਿਆ। ਜਦ ਉਸ ਤੋਂ ਇਸ ਦੀ ਪੁੱਛਗਿੱਛ ਕੀਤੀ ਗਈ ਤਾਂ ਪਾਣੀ ਧਰਾਲ਼ਾਂ ਵਾਂਗ ਉਸਦੀਆਂ ਅੱਖਾਂ 'ਚੋਂ ਵਗ ਤੁਰਿਆ, 'ਮੇਰਾ ਪੁੱਤ ਨਸ਼ਿਆਂ 'ਤੇ ਲੱਗ ਗਿਆ ਹੈ। ਅਸੀਂ ਉਸਨੂੰ ਬਾਹਰ ਨਹੀਂ ਜਾਣ ਦਿੰਦੇ। ਹਰ ਤੀਜੇ-ਚੌਥੇ ਦਿਨ ਨਸ਼ਾ ਮੈਂ ਹੀ ਉਸ ਨੂੰ ਲਿਆ ਕੇ ਦਿੰਦੀ ਹਾਂ।' ਪੁੱਤਾਂ ਦੇ ਸਿਰੋਂ ਪਾਣੀ ਵਾਰ-ਵਾਰ ਪੀਂਦੀਆਂ ਮਾਵਾਂ ਜ਼ਿੰਦਗੀ ਦੇ ਕਿਸ ਮੁਕਾਮ 'ਤੇ ਜਾ ਖੜ੍ਹੀਆਂ ਹਨ ।

***

## ਨਸ਼ੇ ਦੇ ਚੱਕਰਵਿਊ ਫ਼ਸੀਆਂ

ਇਸ ਤੋਂ ਵੀ ਮਾਰੂ ਦੁਖਾਂਤ ਇਹ ਹੈ ਕਿ ਬਹੁਤ ਸਾਰੀਆਂ ਨੌਜਵਾਨ ਲੜਕੀਆਂ ਵੀ ਨਸ਼ੇ ਦੀ ਦਲਦਲ ਵਿੱਚ ਧਸ ਚੁੱਕੀਆਂ ਹਨ। ਅੰਮ੍ਰਿਤਸਰ ਵਿੱਚ ਨਸ਼ੇ ਵਿੱਚ ਧੁੱਤ ਕੁੜੀ ਦੀ ਵੀਡੀਓ ਵਾਇਰਲ ਹੋਈ ਸੀ। ਇਸ ਤਰ੍ਹਾਂ ਦੀਆਂ ਘਟਨਾਵਾਂ ਲੁਧਿਆਣਾ, ਪਟਿਆਲਾ, ਚੰਡੀਗੜ੍ਹ, ਮੋਹਾਲੀ ਤੇ ਬਠਿੰਡਾ ਆਦਿ ਸ਼ਹਿਰਾਂ ਵਿੱਚ ਸਾਹਮਣੇ ਆਈਆਂ ਹਨ। ਪੰਜਾਬ ਦੇ ਇੱਕ ਧਾਰਮਿਕ ਅਸਥਾਨ ਦੇ ਬਾਥਰੂਮ ਵਿੱਚੋਂ ਨਸ਼ੇ ਦੀ ਓਵਰਡੋਜ਼ ਦਾ ਸ਼ਿਕਾਰ ਹੋਈ ਮੁਟਿਆਰ ਦੀ ਲਾਸ਼ ਮਿਲੀ ਸੀ। ਤ੍ਰਾਸਦੀ ਇਹ ਵੀ ਹੈ ਕਿ ਉਹ ਪਹਿਲਾਂ-ਪਹਿਲ ਸ਼ੌਕ ਜਾਂ ਸੰਗਤ ਦੇ ਅਸਰ ਹੇਠ ਨਸ਼ਾ ਕਰਨ ਲੱਗ ਪੈਂਦੀਆਂ ਹਨ ਪਰ ਮਗਰੋਂ ਨਸ਼ੇ ਦੀ ਪੂਰਤੀ ਲਈ ਦੇਹ ਵਪਾਰ ਦੇ ਧੰਦੇ ਵਿੱਚ ਪੈ ਜਾਂਦੀਆਂ ਹਨ।

ਚੰਡੀਗੜ੍ਹ ਦੇ ਕੁਝ ਪੱਤਰਕਾਰਾਂ ਨੂੰ ਸੂਹ ਮਿਲਣ 'ਤੇ ਤਿੰਨ ਪੱਤਰਕਾਰ ਰਾਤ ਸਮੇਂ ਬੱਸ ਸਟੈਂਡ 'ਤੇ ਗਏ। ਉੱਥੇ ਉਨ੍ਹਾਂ ਨੇ ਤਿੰਨ ਕੁੜੀਆਂ ਨੂੰ ਵੇਖਿਆ ਜਿਨ੍ਹਾਂ ਨੇ ਮੂੰਹ ਢਕੇ ਹੋਏ ਸਨ। ਪੁੱਛਗਿੱਛ ਉਪਰੰਤ ਪਤਾ ਲੱਗਿਆ ਕਿ ਉਨ੍ਹਾਂ ਵਿਚੋਂ ਦੋ ਪੰਜਾਬਣਾਂ ਤੇ ਇੱਕ ਕਿਸੇ ਹੋਰ ਸਟੇਟ ਨਾਲ ਸਬੰਧਤ ਸੀ। ਉਨ੍ਹਾਂ ਪ੍ਰਗਟਾਵਾ ਕੀਤਾ ਕਿ ਉਹ ਨਸ਼ੇ ਦੀ ਲਪੇਟ ਵਿੱਚ ਆ ਗਈਆਂ ਹਨ। ਇੱਥੇ ਕਾਊਂਟਰ 'ਤੇ ਗਾਹਕਾਂ ਦੀ ਉਡੀਕ ਕਰ ਰਹੀਆਂ ਹਨ। ਚਿੱਟੇ ਦੀ ਖ਼ੁਰਾਕ ਜਾਂ ਨਕਦ ਰਾਸ਼ੀ ਦੇ ਕੇ ਗਾਹਕ ਉਨ੍ਹਾਂ ਨੂੰ ਲੈ ਕੇ ਜਾਂਦੇ ਹਨ। ਅਜਿਹੇ ਹੋਰ ਬਹੁਤ ਸਾਰੇ ਕੇਸ ਪੰਜਾਬ ਦੇ ਵੱਖ-ਵੱਖ ਥਾਵਾਂ 'ਤੇ ਧਿਆਨ ਵਿੱਚ ਆਏ ਹਨ ਜੋ ਵੱਡੀ ਚਿੰਤਾ ਦਾ ਵਿਸ਼ਾ ਹੈ। ਅੰਦਾਜ਼ਨ 1900 ਔਰਤਾਂ ਦਾ ਏਡਜ਼ ਪੀੜਤ ਹੋਣਾ ਗੰਭੀਰ ਮਸਲਾ ਹੈ। ਇਸ ਸਭ ਦੌਰਾਨ ਸੁਖਾਵਾਂ ਪਹਿਲੂ ਇਹ ਹੈ ਕਿ ਪੰਜਾਬ ਵਿੱਚ ਕਈ ਥਾਵਾਂ 'ਤੇ ਔਰਤਾਂ ਨਸ਼ਿਆਂ ਵਿਰੁੱਧ ਲਾਮਬੱਧ ਹੋਈਆਂ ਹਨ। ਉਹ ਜਿੱਥੇ ਨਸ਼ਿਆਂ ਦੀ ਦਲਦਲ ਵਿੱਚ ਧਸੀਆਂ ਔਰਤਾਂ ਨੂੰ ਮੁੱਖਧਾਰਾ ਵਿੱਚ ਲਿਆਉਣ ਲਈ ਯਤਨਸ਼ੀਲ ਹਨ, ਉੱਥੇ ਹੀ ਉਨ੍ਹਾਂ ਨੇ ਸਮਾਜ ਨੂੰ ਨਸ਼ਾ ਮੁਕਤ ਕਰਨ ਲਈ ਵੀ ਸਿਰਤੋੜ ਯਤਨ ਜਾਰੀ ਰੱਖੇ ਹੋਏ ਹਨ। ਹੱਥਾਂ ਵਿੱਚ ਡਾਂਗਾਂ ਫ਼ੜ ਕੇ ਉਹ ਨਸ਼ਾ ਤਸਕਰਾਂ ਨੂੰ ਵੰਗਾਰ ਰਹੀਆਂ ਹਨ। ਪੰਜਾਬ ਲਈ ਇਹ ਸ਼ੁਭ ਸੰਕੇਤ ਹੈ।

***

## ਖੇਤੀ ਦੇ ਡੂੰਘੇ ਹੋ ਰਹੇ ਆਰਥਿਕ ਸੰਕਟ ਨੂੰ

ਪਿੰਡ 'ਚ ਇੱਕ ਲੱਖ ਦੇ ਕਰੀਬ ਬੂਟੇ ਲਗਾਏ ਗਏ ਹਨ ਅਤੇ ਸਾਰੇ ਪਿੰਡ 'ਚ ਸਟਰੀਟ ਲਾਈਟਾਂ ਅਤੇ ਸਾਫ਼-ਸਫ਼ਾਈ ਦਾ ਚੰਗਾ ਪ੍ਰਬੰਧ ਕੀਤਾ ਗਿਆ ਹੈ।

**ਖੇਤੀ ਸਹਾਇਕ ਧੰਦੇ :** ਪੰਜਾਬ 'ਚ ਕਾਫ਼ੀ ਕਿਸਾਨਾਂ ਨੇ ਆਪਣੇ ਪੱਧਰ 'ਤੇ ਜਾਂ ਕੁਝ ਸੰਸਥਾਵਾਂ ਦੀ ਮਦਦ ਨਾਲ ਲਾਹੇਵੰਦ ਸਹਾਇਕ ਖੇਤੀ ਧੰਦਿਆਂ ਨੂੰ ਅਪਨਾ ਕੇ ਆਪਣੀ ਆਮਦਨ ਵਧਾ ਲਈ ਹੈ। ਇਨ੍ਹਾਂ 'ਚ ਡੇਅਰੀ ਦਾ ਧੰਦਾ ਸਭ ਤੋਂ ਵੱਧ ਲਾਹੇਵੰਦ ਅਤੇ ਪ੍ਰਚੱਲਿਤ ਹੈ। ਇਸ ਕੰਮ ਲਈ ਇੱਕ ਟਰੱਸਟ ਦੀ ਮਦਦ ਨਾਲ ਦੁੱਧ ਦੀ ਉਤਪਾਦਕਤਾ ਅਤੇ ਗੁਣਵੱਤਾ ਵਧਾਉਣ ਲਈ ਮੱਝਾਂ ਨੂੰ ਚੰਗੀ ਨਸਲ ਦੇ ਟੀਕੇ ਲਗਾਏ ਜਾਂਦੇ ਹਨ। ਕਾਫ਼ੀ ਕਿਸਾਨਾਂ ਨੇ ਸ਼ਹਿਦ ਦੀਆਂ ਮੱਖੀਆਂ, ਖੁੰਬਾਂ ਅਤੇ ਸਟ੍ਰਾਬੇਰੀ ਦੇ ਲਾਹੇਵੰਦ ਸਹਾਇਕ ਧੰਦੇ ਅਪਨਾ ਕੇ ਆਪਣੀ ਆਮਦਨ 'ਚ ਵਾਧਾ ਕਰ ਲਿਆ ਹੈ। ਅੰਤ 'ਚ ਕਿਹਾ ਜਾ ਸਕਦਾ ਹੈ ਪੰਜਾਬ ਖੇਤੀ ਦੇ ਡੂੰਘੇ ਹੋ ਰਹੇ ਆਰਥਿਕ ਸੰਕਟ ਨੂੰ ਲੰਮੇ ਅਤੇ ਛੋਟੇ ਸਮੇਂ ਦੀਆਂ ਬਹੁਪਰਤੀ ਨੀਤੀਆਂ ਰਾਹੀਂ ਹੱਲ ਕੀਤਾ ਜਾ ਸਕਦਾ ਹੈ।

## ਹਥਿਆਰ ਹੁਣ ਪੰਜਾਬੀਆਂ ਦੇ

ਕਿਰਾਇਆ ਹੀ ਬੋਝ ਬਣ ਜਾਂਦਾ ਹੈ। ਪਟਿਆਲਾ ਰੇਂਜ ਦੇ ਡੀ.ਆਈ.ਜੀ. ਮਨਦੀਪ ਸਿੰਘ ਸਿੱਧੂ ਦਾ ਕਹਿਣਾ ਸੀ ਕਿ ਸੂਬੇ ਵਿੱਚ ਸੁਰੱਖਿਆ ਨਾਲੋਂ ਲਾਇਸੈਂਸ ਦਾ ਸ਼ੌਕ ਜ਼ਿਆਦਾ ਭਾਰੂ ਹੈ।

ਪੰਜਾਬ ਯੂਨੀਵਰਸਿਟੀ ਦੇ ਸਮਾਜ ਸ਼ਾਸਤਰ ਵਿਭਾਗ ਦੇ ਚੇਅਰਪਰਸਨ ਡਾ. ਵਿਨੋਦ ਚੌਧਰੀ ਦਾ ਕਹਿਣਾ ਹੈ, ਪੰਜਾਬ, ਹਰਿਆਣਾ ਦੀ ਆਬਾਦੀ ਇਤਿਹਾਸਕ ਕਾਰਨਾਂ ਕਾਰਨ ਯੋਧਾ ਕੌਮ ਰਹੀ ਹੈ। ਵਿਦੇਸ਼ੀ ਹਮਲਾਵਰਾਂ ਕਾਰਨ ਇਥੇ ਬਚਾਅ ਲਈ ਹਮੇਸ਼ਾ ਹਥਿਆਰ ਰੱਖੇ ਜਾਂਦੇ ਹਨ। ਜ਼ਮੀਨਾਂ ਦੇ ਝਗੜਿਆਂ ਕਾਰਨ ਵੀ ਇਥੇ ਹਥਿਆਰ ਰੱਖੇ ਜਾਂਦੇ ਹਨ। ਜ਼ਿਮੀਦਾਰ ਪਰਿਵਾਰਾਂ ਦੀਆਂ ਔਰਤਾਂ, ਜਿਨ੍ਹਾਂ ਦੇ ਪਤੀ ਵਿਦੇਸ਼ਾਂ ਵਿੱਚ ਹਨ ਅਤੇ ਬੱਚੇ ਛੋਟੇ ਹਨ, ਉਨ੍ਹਾਂ ਲਈ ਵੀ ਹਥਿਆਰ ਜ਼ਰੂਰੀ ਹੈ।

****

## ਗੁਰੂ ਹਰਿਗੋਬਿੰਦ ਸਾਹਿਬ ਜੀ

ਗੁਰੂ ਜੀ ਜਦੋਂ ਕੁਰਖਸ਼ੇਸਤ ਤੋਂ ਕੀਰਤਪੁਰ ਜਾ ਰਹੇ ਸਨ। ਮੁਗਲ ਪਠਾਣ ਗੁਰੂ ਜੀ ਦੀ ਵਧਦੀ ਤਾਕਤ ਵੇਖ ਕੇ ਈਰਖਾ ਵਿੱਚ ਸਨ। ਉਹਨਾਂ ਨੇ ਗੁਰੂ ਜੀ ਨੂੰ ਖਰੜ ਵਿਖੇ ਘੇਰਨ ਦੀ ਵਿਉਂਤ ਬਣਾਈ। ਸਿੰਘ ਜੋ 1632 ਤੋਂ ਪਿੰਡ ਨੰਗਲ ਸਿੰਘੀਆਂ ਵਿਖੇ ਰਹਿ ਰਹੇ ਸਨ, ਨੂੰ ਖ਼ਬਰ ਮਿਲੀ ਤਾਂ ਉਹ ਗੁਰੂ ਜੀ ਦੀ ਰੱਖਿਆ ਅਤੇ ਸਤਿਕਾਰ ਲਈ ਮੁਗਲ ਪਠਾਣਾਂ ਵਿਰੁੱਧ ਜੰਗ ਵਿੱਚ ਉਤਰ ਆਏ। ਉਹ ਸਿੰਘ ਆਪਣੇ ਖ਼ੂਨ ਦੇ ਆਖਰੀ ਕਤਰੇ ਤੱਕ ਲੜੇ ਅਤੇ ਉਹਨਾਂ ਨੇ ਮੁਗਲਾਂ ਨੂੰ ਜੰਗ ਵਿੱਚ ਉਲਝਾਈ ਰੱਖਿਆ। ਉਹਨਾਂ ਗੁਰੂ ਜੀ ਦੇ ਲੰਘਣ ਲਈ ਰਸਤਾ ਸੁਰਖਿਅਤ ਬਣਾ ਦਿੱਤਾ। ਜਦੋਂ ਗੁਰੂ ਜੀ ਪਡਿਆਲਾ ਪਹੁੰਚੇ ਤਾਂ ਉਹਨਾਂ ਨੇ ਸ਼ਹੀਦਾਂ ਨੂੰ ਮੁਕਤੀ ਦਾ ਵਰ ਦਿੱਤਾ। ਸਿੰਘਾਂ ਦਾ ਹੱਥੀਂ ਸਸਕਾਰ ਕਰਕੇ ਗੁਰੂ ਜੀ ਬ੍ਰਾਹਮਣ ਮਾਜਰਾ ਵੱਲ ਚਲੇ ਗਏ। ਜਿਥੇ ਕਿ ਇੱਕ ਬ੍ਰਾਹਮਣ ਨੇ ਫਰਿਆਦ ਕੀਤੀ ਕਿ ਉਸ ਦੀ ਪਤਨੀ ਦਾ ਡੋਲਾ ਰੋਪੜ ਦੇ ਮੁਗਲ ਪਠਾਣ ਲੈ ਗਏ ਹਨ। ਸਿੰਘਾਂ ਨੇ ਉਹਨਾਂ ਦੀ ਰੱਖਿਆ ਵਿੱਚ ਮੁਗਲ ਪਠਾਣ ਨੂੰ ਭਜਾ ਦਿੱਤਾ। ਗੁਰੂ ਜੀ ਨੇ ਇਸ ਮੈਦਾਨ ਵਿੱਚ ਜਿੱਤ ਦਾ ਨਿਸ਼ਾਨ ਸਾਹਿਬ ਲਹਿਰਾਇਆ ਜਿਥੇ ਗੁਰਦੁਆਰਾ ਝੰਡਾ ਸਾਹਿਬ ਪਡਿਆਲਾ ਕੁਰਾਲੀ ਸੁਸ਼ੋਭਿਤ ਹੈ।

ਗੁਰੂ ਜੀ ਦਾ ਉਪਦੇਸ਼ ਹੈ ਕਿ ਸ਼ਬਦ ਗੁਰੂ ਦੇ ਗਿਆਨ ਨਾਲ ਕਰਮਕਾਡਾਂ, ਝੂਠੇ ਭਰਮਾਂ ਦੀ ਕੈਦ ਵਿਚੋਂ ਮੁਕਤ ਹੋਣਾ ਹੈ। ਉਹਨਾਂ ਰਾਮਸਰ ਬਿਬੇਕਸਰ ਨਾਉਂ ਦੇ ਸਰੋਵਰ ਬਣਾਏ। ਅੰਮ੍ਰਿਤਸਰ ਨੂੰ ਖ਼ੁਦਮੁਖ਼ਤਿਆਰ ਅਤੇ ਸੁਰੱਖਿਅਤ ਬਣਾਉਣ ਲਈ ਲੋਹਗੜ੍ਹ ਕਿਲਾ ਉਸਾਰਿਆ।

***

## ਖੇਤਰੀ ਦਲਾਂ ਲਈ ਚੁਣੌਤੀ

ਦਰਅਸਲ, ਖੇਤਰੀ ਪਾਰਟੀਆਂ ਦੇ ਸਾਹਮਣੇ ਸਭ ਤੋਂ ਵੱਡਾ ਸੰਕਟ ਇਸ ਗੱਲ ਤੋਂ ਪੈਦਾ ਹੋਇਆ ਹੈ ਕਿ ਭਾਜਪਾ ਨੇ ਖੇਤਰੀ ਬਿਰਤਾਂਤ ਨੂੰ ਲਗਭਗ ਤਬਾਹ ਕਰ ਦਿੱਤਾ ਹੈ। ਇਸਨੇ ਖੇਤਰੀ ਨੇਤਾਵਾਂ ਦੇ ਚਿਹਰੇ ਵੀ ਪ੍ਰਭਾਵਹੀਣ ਕਰ ਦਿੱਤੇ ਹਨ। ਉਹ ਰਾਸ਼ਟਰੀ ਮੁੱਦਿਆਂ 'ਤੇ ਸੂਬਾਈ ਚੋਣਾਂ ਵੀ ਲੜਦੀ ਹੈ। ਵਿਧਾਨ ਸਭਾ ਚੋਣਾਂ ਵਿੱਚ ਵੀ ਨਰਿੰਦਰ ਮੋਦੀ ਦਾ ਚਿਹਰਾ ਸਿਖਰ 'ਤੇ ਹੈ। ਇਨ੍ਹਾਂ ਰਾਹੀਂ, ਰਾਸ਼ਟਰੀ ਅਤੇ ਅੰਤਰਰਾਸ਼ਟਰੀ ਮੁੱਦਿਆਂ 'ਤੇ ਧਿਆਨ ਕੇਂਦਰਿਤ ਕੀਤਾ ਜਾਂਦਾ ਹੈ। ਭਾਰਤ ਨੂੰ ਵਿਸ਼ਵ ਲੀਡਰ ਬਣਾਉਣ ਲਈ ਸੂਬਾਈ ਚੋਣਾਂ ਲੜੀਆਂ ਜਾਂਦੀਆਂ ਹਨ। ਅਸੈਂਬਲੀ ਲਈ ਵੋਟਾਂ ਇਸ ਨਾਮ 'ਤੇ ਮੰਗੀਆਂ ਜਾਂਦੀਆਂ ਹਨ ਕਿ ਭਾਰਤ ਦੀ ਆਵਾਜ਼ ਦੁਨੀਆਂ ਵਿੱਚ ਸੁਣੀ ਜਾਵੇ। ਇਹ ਪ੍ਰਭਾਵ ਬਣਾਇਆ ਜਾਂਦਾ ਹੈ ਕਿ ਵਿਕਾਸ ਦੋਹਰੇ ਇੰਜਣ ਵਾਲੀ ਸਰਕਾਰ ਦੁਆਰਾ ਯਕੀਨੀ ਬਣਾਇਆ ਜਾਵੇਗਾ। ਪਹਿਲਾਂ, ਲੋਕ ਸਭਾ ਚੋਣਾਂ ਰਾਸ਼ਟਰੀ ਮੁੱਦਿਆਂ 'ਤੇ ਲੜੀਆਂ ਜਾਂਦੀਆਂ ਸਨ ਅਤੇ ਰਾਸ਼ਟਰੀ ਨੇਤਾਵਾਂ ਦਾ ਸਾਹਮਣਾ ਕਰਦੀਆਂ ਸਨ, ਜਦੋਂ ਕਿ ਰਾਜ ਚੋਣਾਂ ਖੇਤਰੀ ਮੁੱਦਿਆਂ 'ਤੇ ਲੜੀਆਂ ਜਾਂਦੀਆਂ ਸਨ ਅਤੇ ਰਾਜ ਨੇਤਾਵਾਂ ਦਾ ਸਾਹਮਣਾ ਕਰਦੀਆਂ ਸਨ। ਵਿਧਾਨ ਸਭਾ ਚੋਣਾਂ ਵਿੱਚ, ਸਥਾਨਕ ਪੱਧਰ ਦੇ ਮੁੱਦੇ ਮੁੱਖ ਚਰਚਾ ਵਿੱਚ ਸਨ। ਪਰ ਨਰਿੰਦਰ ਮੋਦੀ ਅਤੇ ਅਮਿਤ ਸ਼ਾਹ ਨੇ ਇਸਨੂੰ ਪੂਰੀ ਤਰ੍ਹਾਂ ਬਦਲ ਦਿੱਤਾ ਹੈ। ਕੁਝ ਅਪਵਾਦਾਂ ਨੂੰ ਛੱਡ ਕੇ, ਆਮ ਆਦਮੀ ਵੀ ਖੇਤਰੀ ਅਤੇ ਸਥਾਨਕ ਮੁੱਦਿਆਂ ਨੂੰ ਇੱਕ ਪਾਸੇ ਰੱਖ ਕੇ ਰਾਸ਼ਟਰੀ ਮੁੱਦਿਆਂ ਅਤੇ ਰਾਸ਼ਟਰੀ ਨੇਤਾਵਾਂ ਦੇ ਆਧਾਰ 'ਤੇ ਵੋਟ ਪਾ ਰਿਹਾ ਹੈ। ਸੋਸ਼ਲ ਮੀਡੀਆ ਇਸ ਵਿੱਚ ਵੱਡੀ ਭੂਮਿਕਾ ਨਿਭਾਉਂਦਾ ਹੈ ਅਤੇ ਭਾਜਪਾ ਇਸਦੀ ਵਰਤੋਂ ਵਿੱਚ ਸਭ ਤੋਂ ਮਾਹਿਰ ਖਿਡਾਰੀ ਹੈ। ਅਗਲੇ ਦੋ ਸਾਲਾਂ ਵਿੱਚ ਉੱਤਰ ਤੋਂ ਦੱਖਣ ਤੱਕ 11 ਰਾਜਾਂ ਵਿੱਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਬਹੁਤ ਸਾਰੇ ਖੇਤਰੀ ਆਗੂਆਂ ਦੇ ਭਵਿੱਖ ਦਾ ਫ਼ੈਸਲਾ ਕਰਨਗੀਆਂ।

***

## ਜਥੇਦਾਰ ਗੜਗੱਜ ਵੱਲੋਂ ਨਵੇਂ ਸਾਲ ਸੰਮਤ ਨਾਨਕਸ਼ਾਹੀ

ਉਨ੍ਹਾਂ ਕਿਹਾ ਕਿ ਗੁਰਬਾਣੀ ਅਨੁਸਾਰ ਇਹ ਚੇਤ ਦਾ ਮਹੀਨਾ ਗੋਵਿੰਦ ਦੀ ਅਰਾਧਨਾ ਕਰਨ ਦਾ ਸੁਨੇਹਾ ਦਿੰਦਾ ਹੈ। ਪਰਮਾਤਮਾ ਦੀ ਅਰਾਧਨਾ ਵਿੱਚ ਜੋ ਆਨੰਦ ਹੈ ਉਹ ਕਿਤੇ ਵੀ ਨਹੀਂ। ਅੱਜ ਨਵੇਂ ਸਾਲ ਦੇ ਆਗਮਨ ਮੌਕੇ ਸਾਨੂੰ ਇਸ ਗੱਲ ਵੱਲ ਧਿਆਨ ਕਰਨਾ ਚਾਹੀਦਾ ਹੈ ਕਿ ਜੋ ਲੋਕ ਆਪਣੇ ਧਰਮ, ਬੋਲੀ, ਸੱਭਿਆਚਾਰ, ਪਹਿਰਾਵੇ ਅਤੇ ਆਪਣੀ ਧਰਤੀ ਦੇ ਰਹਿਣ ਸਹਿਣ ਤੋਂ ਮੂੰਹ ਮੋੜ ਲੈਂਦੇ ਹਨ, ਸਮੇਂ ਦੀ ਭੀੜ ਵਿੱਚ ਗੁਆਚ ਜਾਂਦੇ ਹਨ। ਜਿਸ ਖੁਸ਼ੀ ਨਾਲ ਅਸੀਂ ਅੰਗ੍ਰੇਜ਼ੀ ਕਲੰਡਰ ਅਨੁਸਾਰ ਨਵਾਂ ਸਾਲ ਗੁਰੂ ਘਰਾਂ ਵਿੱਚ ਸ਼ਿਰਕਤ ਕਰਕੇ ਮਨਾਉਂਦੇ ਹਾਂ, ਸਾਨੂੰ ਆਪਣੇ ਇਸ ਨਵੇਂ ਸਾਲ ਨੂੰ ਉਸ ਨਾਲੋਂ ਵੀ ਵੱਧ ਅਕੀਦਤ ਅਤੇ ਭਾਵਨਾ ਨਾਲ ਮਨਾਉਣਾ ਚਾਹੀਦਾ ਹੈ।

ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਇਸ ਸਾਲ ਅਸੀਂ ਸ਼੍ਰਿਸ਼ਟ ਦੀ ਚਾਦਰ ਨੌਂਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਉਨ੍ਹਾਂ ਦੇ ਅਨਿੰਨ ਸਿੱਖ ਭਾਈ ਦਿਆਲਾ ਜੀ, ਭਾਈ ਸਤੀ ਦਾਸ ਜੀ, ਭਾਈ ਮਤੀ ਦਾਸ ਜੀ ਦਾ 350ਵਾਂ ਸ਼ਹੀਦੀ ਦਿਹਾੜਾ ਮਨਾ ਰਹੇ ਹਾਂ। ਇਸ ਸ਼ਤਾਬਦੀ ਦੀ ਮਹੱਤਤਾ ਉਦੋਂ ਹੋਰ ਵੀ ਵੱਧ ਜਾਂਦੀ ਹੈ ਜਦੋਂ ਸਿੱਖ ਪੰਥ ਅੱਜ ਵੀ ਮਨੁੱਖੀ ਅਧਿਕਾਰਾਂ ਦੇ ਹਨਨ ਖਿਲਾਫ਼ ਉਸੇ ਹੀ ਸ਼ਿੱਦਤ ਨਾਲ ਸੰਘਰਸ਼ਸ਼ੀਲ ਹੈ। ਅੱਜ ਸਾਡੇ ਜੁਝਾਰੂ ਸਿੰਘ ਲੰਮੇ ਸਮੇਂ ਤੋਂ ਹਕੂਮਤਾਂ ਦੇ ਬੰਦੀ ਖਾਨਿਆਂ ਵਿੱਚ ਕੈਦ ਹਨ, ਗੁਰੂ ਤੇਗ ਬਹਾਦਰ ਜੀ ਅਤੇ ਉਨ੍ਹਾਂ ਦੇ ਅਨਿੰਨ ਸਿੱਖਾਂ ਦੀਆਂ ਸ਼ਹਾਦਤਾਂ ਨੂੰ ਯਾਦ ਕਰਦਿਆਂ ਸਾਨੂੰ ਬੰਦੀ ਸਿੰਘਾਂ ਦੀ ਰਿਹਾਈ ਲਈ ਲਾਮਬੰਦ ਹੋਣਾ ਚਾਹੀਦਾ ਹੈ।

ਉਨ੍ਹਾਂ ਅੱਗੇ ਕਿਹਾ ਕਿ ਕਲਗੀਧਰ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ 350ਵਾਂ ਗੁਰਿਆਈ ਦਿਵਸ ਵੀ ਇਸੇ ਸਾਲ ਹੀ ਮਨਾਇਆ ਜਾ ਰਿਹਾ ਹੈ। ਇਸ ਸਬੰਧ ਵਿੱਚ ਅਨੰਦਪੁਰ ਸਾਹਿਬ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਪੰਥ ਦੀਆਂ ਸਮੂਹ ਜਥੇਬੰਦੀਆਂ ਵੱਲੋਂ ਸੰਗਤ ਦੇ ਸਹਿਯੋਗ ਨਾਲ ਵਿਸ਼ੇਸ਼ ਸਮਾਗਮ ਉਲੀਕੇ ਗਏ ਹਨ। ਉਨ੍ਹਾਂ ਕਿਹਾ ਕਿ ਅਨੰਦਾਂ ਦੀ ਪੁਰੀ ਸ੍ਰੀ ਅਨੰਦਪੁਰ ਸਾਹਿਬ ਤੋਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦਾ ਸੇਵਾਦਾਰ ਹੋਣ ਦੇ ਨਾਤੇ, ਉਹ ਸਭ ਸੰਗਤਾਂ ਨੂੰ, ਆਪਣੀ ਧਰਤੀ, ਵਿਰਸੇ ਅਤੇ ਧਰਮ ਦੀ ਖ਼ੂਬਸੂਰਤੀ ਨੂੰ ਦਰਸਾਉਂਦੇ ਨਵੇਂ ਨਾਨਕਸ਼ਾਹੀ ਸਾਲ ਸੰਮਤ 557 ਦੀ ਵਧਾਈ ਦਿੰਦੇ ਹਨ। ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਆਪਣੇ ਸੋਹਣੇ ਖ਼ਾਲਸਾ ਪੰਥ ਦੀ ਸਦੀਵੀ ਚੜ੍ਹਦੀ ਕਲਾ ਲਈ, ਤਨ ਮਨ ਧਨ ਨਾਲ ਸੇਵਾ ਕਰਨ ਦਾ ਬਲ ਬਖਸ਼ਣ।

ਸਿੱਖ ਕੌਮ ਦੇ ਜਰਨੈਲ ਜਥੇਦਾਰ ਅਕਾਲੀ ਫੂਲਾ ਸਿੰਘ ਦੇ ਸ਼ਹੀਦੀ ਦਿਹਾੜੇ ਮੌਕੇ ਉਨ੍ਹਾਂ ਨੂੰ ਯਾਦ ਕਰਦਿਆਂ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਸ਼ਹੀਦ ਕੌਮ ਦੇ ਨਾਇਕ ਅਤੇ ਯੋਧੇ ਹਨ। ਉਨ੍ਹਾਂ ਕਿਹਾ ਕਿ ਜੇਕਰ ਸਿੱਖਾਂ ਨੇ ਆਪਣੀ ਅਣਖ ਨੂੰ, ਗੈਰਤ ਨੂੰ ਕਾਇਮ ਰੱਖਣਾ ਹੈ ਤਾਂ ਇਤਿਹਾਸ ਨੂੰ ਚੇਤੇ ਰੱਖਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਸਿੱਖਾਂ ਨੂੰ ਅੱਜ ਜਥੇਦਾਰ ਅਕਾਲੀ ਫੂਲਾ ਸਿੰਘ ਜਿਹਾ ਨਿਸਚਾ ਅਰਦਾਸ ਵਿੱਚ ਰੱਖਣ ਦੀ ਲੋੜ ਹੈ, ਜਿਨ੍ਹਾਂ ਨੇ ਅਰਦਾਸ ਵਿੱਚ ਭਰੋਸਾ ਕਰਦਿਆਂ ਅਟਕ ਦਰਿਆ ਨੂੰ ਪਾਰ ਕੀਤਾ ਤੇ ਸਿੱਖਾਂ ਦੀ ਚੜ੍ਹਦੀ ਕਲਾ ਕੀਤੀ। ਉਨ੍ਹਾਂ ਕਿਹਾ ਕਿ ਅੱਜ ਵੀ ਖ਼ਾਲਸਾ ਪੰਥ ਦੇ ਸਾਹਮਣੇ ਬੜੀਆਂ ਚੁਣੌਤੀਆਂ ਹਨ ਅਤੇ ਇਨ੍ਹਾਂ ਚੁਣੌਤੀਆਂ ਨੂੰ ਨਜਿੱਠਣ ਲਈ ਸਾਨੂੰ ਇੱਕਜੁੱਟਤਾ ਨਾਲ ਗੁਰੂ ਦਰ ਉੱਤੇ ਆ ਕੇ ਅਰਦਾਸ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਦੁਨੀਆਂ ਦਾ ਕੋਈ ਅਟਕ ਸਿੱਖਾਂ ਉੱਤੇ ਰੋਕ ਨਹੀਂ ਲਗਾ ਸਕਦਾ ਜੇਕਰ ਅਸੀਂ ਬਾਣੀ ਤੇ ਬਾਣੇ ਦੇ ਨਾਲ ਜੁੜੇ ਹੋਵਾਂਗੇ। ਉਨ੍ਹਾਂ ਕਿਹਾ ਕਿ ਅੱਜ ਦੀ ਸਿੱਖ ਨੌਜਵਾਨੀ ਨੂੰ ਅਕਾਲੀ ਬਾਬਾ ਫੂਲਾ ਸਿੰਘ ਜੀ ਦੇ ਨਾਲ-ਨਾਲ ਹੋਰ ਸਿੱਖ ਸ਼ਹੀਦਾਂ ਤੇ ਸਾਹਿਬਜ਼ਾਦਿਆਂ ਨੂੰ ਆਪਣਾ ਨਾਇਕ ਮੰਨਦਿਆਂ ਉਨ੍ਹਾਂ ਨੂੰ ਆਪਣੇ ਚਿੱਤ ਵਿੱਚ ਰੱਖਣਾ ਚਾਹੀਦਾ ਹੈ, ਜਿਨ੍ਹਾਂ ਨੇ ਸਿੱਖ ਕੌਮ ਦੀ ਚੜ੍ਹਦੀ ਕਲਾ ਦੇ ਲਈ ਸ਼ਹਾਦਤਾਂ ਦਿੱਤੀਆਂ।

***

## ਸ੍ਰੀ ਹਰਿਮੰਦਰ ਸਾਹਿਬ ਵਿਖੇ ਸੋਨੇ ਦੇ

ਵਿੱਚ ਕਰਦਾ ਹੈ। ਸੇਵਕ ਜਥੇ ਵੱਲੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰਲੇ ਹਿੱਸੇ ਵਿੱਚ ਲੱਗੇ ਸੁਨਹਿਰੀ ਪੱਤਰਿਆਂ ਅਤੇ ਮੀਨਾਕਾਰੀ ਦੀ ਲੋੜ ਅਨੁਸਾਰ ਮੁਰੰਮਤ ਦਾ ਕਾਰਜ ਵੀ ਆਰੰਭਿਆ ਗਿਆ ਹੈ, ਜੋ ਨਿਰੰਤਰ ਚੱਲ ਰਿਹਾ ਹੈ। ਉਨ੍ਹਾਂ ਦੱਸਿਆ ਕਿ ਜਥੇ ਵੱਲੋਂ ਹਰ ਸਾਲ ਸੋਨੇ ਦੀ ਧੁਆਈ ਦਾ ਕਾਰਜ ਕੀਤਾ ਜਾਂਦਾ ਹੈ। ਇਸੇ ਤਹਿਤ ਹੀ ਇਸ ਵਾਰ ਵੀ ਸੰਗਤਾਂ ਸੋਨੇ ਦੀ ਧੁਆਈ ਦੀ ਸੇਵਾ ਵਾਸਤੇ ਵਿਸ਼ੇਸ਼ ਤੌਰ 'ਤੇ ਆਈਆਂ ਹਨ। ਉਨ੍ਹਾਂ ਦੱਸਿਆ ਕਿ ਇਹ ਸੇਵਾ ਕਰੀਬ 10-12 ਦਿਨ ਜਾਰੀ ਰਹੇਗੀ, ਜਿਸ ਤਹਿਤ ਪਾਵਨ ਅਸਥਾਨ ਦੇ ਬਾਹਰੀ ਹਿੱਸੇ 'ਤੇ ਲੱਗੇ ਸੋਨੇ ਦੀ ਧੁਆਈ ਕੁਦਰਤੀ ਢੰਗ ਨਾਲ ਕੀਤੀ ਜਾਵੇਗੀ। ਉਨ੍ਹਾਂ ਇਹ ਵੀ ਦੱਸਿਆ ਕਿ ਸੋਨੇ ਦੀ ਧੁਆਈ ਲਈ ਰੀਠੇ ਨੂੰ ਉਬਾਲ ਕੇ ਉਸ ਦਾ ਪਾਣੀ ਅਤੇ ਨਿੰਬੂ ਦਾ ਰਸ ਵਰਤਿਆ ਜਾਂਦਾ ਹੈ। ਇਹ ਬਿਲਕੁਲ ਕੁਦਰਤੀ ਤਰੀਕਾ ਹੈ ਅਤੇ ਇਸ ਵਿੱਚ ਕਿਸੇ ਵੀ ਰਸਾਇਣ ਦੀ ਵਰਤੋਂ ਨਹੀਂ ਕੀਤੀ ਜਾਂਦੀ। ਸੇਵਾ ਆਰੰਭ ਕਰਨ ਮੌਕੇ ਭਾਈ ਇੰਦਰਜੀਤ ਸਿੰਘ, ਭਾਈ ਗੁਰਦਿਆਲ ਸਿੰਘ, ਭਾਈ ਸੁਖਬੀਰ ਸਿੰਘ, ਭਾਈ ਇਕਬਾਲ ਸਿੰਘ ਸਮੇਤ ਸੰਗਤਾਂ ਮੌਜੂਦ ਸਨ।

***

## ਸ਼੍ਰੋਮਣੀ ਕਮੇਟੀ ਨੂੰ ਮਰਿਆਦਾ 'ਤੇ ਪਹਿਰਾ ਦੇਣਾ

ਪ੍ਰਗਟਾਵੇ ਦਾ ਅਧਿਕਾਰ ਦਿੰਦਾ ਹੈ, ਪਰੰਤੂ ਹਿਮਾਚਲ ਵਿੱਚ ਸਿੱਖ ਆਗੂ ਪ੍ਰਤੀ ਨਫ਼ਰਤ ਪੈਦਾ ਕਰਨੀ ਆਪਸੀ ਭਾਈਚਾਰਕ ਸਾਂਝ ਲਈ ਠੀਕ ਨਹੀਂ ਅਤੇ ਅਜਿਹੇ ਟਕਰਾਅ ਤੋਂ ਬਚਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਿੱਖਾਂ ਨੇ ਹਮੇਸ਼ਾ ਹੀ ਦੇਸ਼ ਦੀ ਤਰੱਕੀ ਵਾਸਤੇ ਯੋਗਦਾਨ ਪਾਇਆ ਹੈ ਅਤੇ ਦੇਸ਼ 'ਤੇ ਬਣੀ ਕਿਸੇ ਵੀ ਮੁਸੀਬਤ ਸਮੇਂ ਬਿਨ੍ਹਾਂ ਭੇਦ-ਭਾਵ ਹਰ ਧਰਮ ਦੇ ਲੋਕਾਂ ਦੀ ਸੇਵਾ ਕੀਤੀ ਹੈ। ਉਨ੍ਹਾਂ ਕਿਹਾ ਕਿ ਹਿਮਾਚਲ ਵਾਸੀਆਂ ਨੂੰ ਭੁੱਲਣਾ ਨਹੀਂ ਚਾਹੀਦਾ ਕਿ ਜੇਕਰ ਅੱਜ ਪੂਰਾ ਦੇਸ਼ ਅਜ਼ਾਦੀ ਦਾ ਨਿੱਘ ਮਾਣ ਰਿਹਾ ਹੈ ਤਾਂ ਉਹ ਸਿੱਖਾਂ ਦੀ ਵੱਡੀ ਭੂਮਿਕਾ ਦੀ ਬਦੌਲਤ ਹੈ। ਸਿੰਘ ਸਾਹਿਬ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵੀ ਹਦਾਇਤ ਕੀਤੀ ਕਿ ਇਹ ਮਾਮਲਾ ਹਿਮਾਚਲ ਪ੍ਰਦੇਸ਼ ਦੀ ਸਰਕਾਰ ਪਾਸ ਉਠਾਇਆ ਜਾਵੇ।

***

## ਹਰਜਿੰਦਰ ਸਿੰਘ ਧਾਮੀ ਨੇ ਮੁੜ ਸੰਭਾਲਿਆ

ਪੇਸ਼ੇਵਰਾਂ ਦੀ ਸਮਰਪਿਤ ਟੀਮ ਤੋਂ ਉੱਤਮ ਮਿਆਰੀ ਡਾਕਟਰੀ ਸੇਵਾਵਾਂ ਪ੍ਰਾਪਤ ਕਰਨ ਦੇ ਨਾਲ-ਨਾਲ ਹਸਪਤਾਲ ਵਿਚ ਬੀਤਨ ਵਾਲਾ ਸਮ੍ਹਾਂ ਵੀ ਸੌਖਾ ਬਤੀਤ ਹੋਵੇ। ਇਸ ਮੌਕੇ ਭਾਈ ਰਜਿੰਦਰ ਸਿੰਘ ਮਹਿਤਾ, ਬਲਦੇਵ ਸਿੰਘ ਕਲਿਆਣ, ਓਐੱਸਡੀ ਤੇ ਸਕੱਤਰ ਸਤਬੀਰ ਸਿੰਘ, ਡਾ. ਸ਼ਕੀਨ ਸਿੰਘ, ਡਾ. ਪੰਕਜ ਗੁਪਤਾ, ਡਾ. ਬਲਜੀਤ ਸਿੰਘ ਖੁਰਾਣਾ, ਡਾ. ਅਨੁਪਮਾ ਮਾਹਜਨ, ਅਮਨਦੀਪ ਸਿੰਘ, ਡਾ. ਸੰਗੀਤਾ ਪਾਹਵਾ, ਡਾ. ਅੰਤਰਪ੍ਰੀਤ ਕੌਰ, ਡਾ. ਸਾਹਿਬਾ ਕੁਕਰੇਜਾ, ਡਾ. ਗੁਰਸ਼ਰਨ ਸਿੰਘ, ਡਾ. ਜਸਕਰਨ ਸਿੰਘ, ਡਾ. ਭਾਨੂੰ ਭਾਰਦਵਾਜ ਆਦਿ ਹਾਜ਼ਰ ਸਨ।


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
MUDDA
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com